# ਗੁਰਮਤ ਚਾਨਣ

ਰਘਬੀਰ ਸਿੰਘ ਬੀਰ

# ਗੁਰਮਤ ਚਾਨਣ

ਰਘਬੀਰ ਸਿੰਘ 'ਬੀਰ'

ਆਤਮ ਸਾਇੰਸ ਟਰੱਸਟ

| | | |
|---|---|---|
| ਪਹਿਲੀ ਵਾਰ | - | 1947 |
| ਦੂਜੀ ਵਾਰ | - | 1958 |
| ਤੀਜੀ ਵਾਰ | - | 1966 |
| ਚੌਥੀ ਵਾਰ | - | 1980 |
| ਪੰਜਵੀਂ ਵਾਰ | - | 1994 |
| ਛੇਵੀਂ ਵਾਰ | - | 2007 |

ਭੇਟਾ 75/-

150/-

ਪ੍ਰਕਾਸ਼ਕ

ਆਤਮ ਸਾਇੰਸ ਟਰੱਸਟ

ਏ/1, ਕਾਲਿੰਦੀ ਕਲੋਨੀ, ਨਵੀਂ ਦਿੱਲੀ - 110065

# ਤੱਤਕਰਾ



+12

+12

# ਭੂਮਿਕਾ

ਸ੍ਰੀ ਗੁਰੂ ਗ੍ਰੰਥ ਜੀ ਵਿਚ ਅੱਖਰ 'ਚਾਨਣ' ਜਾਂ 'ਉਜਿਆਰਾ' ਬਹੁਤ ਥਾਂ ਤੇ ਵਰਤਿਆ ਹੈ। ਕੀ ਇਸ ਦਾ ਭਾਵ ਉਹ ਚਾਨਣ ਜਾਂ ਰੋਸ਼ਨੀ ਹੈ, ਜੋ ਸੂਰਜ ਜਾਂ ਇਨਸਾਨ ਦੇ ਬਣਾਏ ਲੈਂਪ ਜਾਂ ਅੱਗ ਬਾਲਣ ਉਤੇ ਪੈਦਾ ਹੁੰਦੀ ਹੈ? ਨਹੀਂ। ਏਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਖੇ ਬਹੁਤ ਜਗ੍ਹਾ ਵਰਤੇ ਅੱਖਰ 'ਅੰਧੇਰੇ' ਦੇ ਅਰਥ ਵੀ ਉਹ ਅੰਧੇਰਾ ਨਹੀਂ ਜੇਹੜਾ ਰਾਤ ਨੂੰ ਰੋਸ਼ਨੀ ਦੀ ਗੈਰਹਾਜ਼ਰੀ ਵਿਚ ਹੋ ਜਾਂਦਾ ਹੈ। ਅੰਧੇਰੇ ਵਿਚ ਤੁਰਨ ਵਾਲੇ ਨੂੰ ਰਸਤਾ ਨਜ਼ਰ ਨਹੀਂ ਆਉਂਦਾ, ਜਿਸ ਕਰ ਕੇ ਉਹ ਠੇਡੇ ਖਾਂਦਾ ਤੇ ਭਟਕਦਾ ਰਹਿੰਦਾ ਹੈ। ਆਤਮ ਮਾਰਗ ਉਤੇ ਚਲਣ ਵਾਲੇ ਦੇ ਭੁਲੇਖੇ, ਭਰਮ, ਸ਼ੰਕੇ ਵੀ ਉਸ ਨੂੰ ਭਟਕਾਂਦੇ ਅਤੇ ਸਫਲਤਾ ਨਾਲ ਅਗੇ ਵਧਣ ਤੋਂ ਰੋਕਦੇ ਹਨ। ਇਸ ਕਰਕੇ ਆਤਮ ਮਾਰਗ ਉਤੇ ਮਨ ਦੇ ਸ਼ੰਕੇ, ਭਰਮ ਜਾਂ ਭੁਲੇਖੇ ਇਸ ਮਾਰਗ ਦਾ ਅੰਧੇਰਾ ਜਾਂ ਧੁੰਧ ਅਖਵਾਂਦੇ ਹਨ। ਜਿਸ ਤਰ੍ਹਾਂ ਅੰਧੇਰੇ ਵਿਚ ਰੋਸ਼ਨੀ ਹੋ ਜਾਵੇ ਤਾਂ ਅੰਧੇਰਾ ਦੂਰ ਹੋ ਜਾਂਦਾ ਹੈ ਅਤੇ ਰਸਤਾ ਸਾਫ ਨਜ਼ਰ ਆਉਣ ਲਗ ਜਾਂਦਾ ਹੈ, ਉਸੇ ਤਰ੍ਹਾਂ ਮਾਰਗ ਉਤੇ ਭਰਮ, ਸ਼ੰਕੇ ਨਵਿਰਤ ਹੋ ਜਾਣ ਤਾਂ ਮੁਸਾਫਰ ਨੂੰ ਆਤਮਕ ਮਾਰਗ ਸਾਫ ਨਜ਼ਰ ਆਉਣ ਲਗ ਜਾਂਦਾ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਜੀ ਵਿਚ ਅੱਖਰ ਅੰਧੇਰੇ ਤੋਂ ਮੁਰਾਦ, ਮਨ ਦੇ ਭਰਮਾਂ, ਸ਼ੰਕਿਆਂ ਤੋਂ ਪੈਦਾ ਹੋਈ ਉਹ ਡਾਵਾਂਡੋਲ ਹਾਲਤ

ਹੈ ਜਿਸ ਵਿਚ ਜੀਵ ਅਨੇਕਾਂ ਜਨਮ ਭਟਕਦਾ ਫਿਰਦਾ ਹੈ ਅਤੇ 'ਚਾਨਣ' ਅੱਖਰ ਤੋਂ ਮੁਰਾਦ ਮਨ ਦੀ ਉਹ ਸੁਤੰਤਰ ਅਵਸਥਾ ਹੈ ਜਦ ਜੀਵ ਆਪਣੇ ਸਭ ਭਰਮਾਂ, ਸ਼ੰਕਿਆ ਤੇ ਭੁਲੇਖਿਆਂ ਤੋਂ ਅਜ਼ਾਦ ਹੋ ਜਾਵੇ।

*ਨਾਮ ਜਪਤ ਕੋਟ ਸੂਰ ਉਜਿਆਰਾ ਬਿਨਸਿਆ ਭਰਮ ਅੰਧੇਰਾ।*

ਇਸ ਵੇਲੇ ਪੜ੍ਹੇ ਲਿਖੇ ਗੁਰਸਿਖ ਪਛਮੀ ਨਾਸਕਤਾ ਅਤੇ ਮਾਦਾ ਪ੍ਰਸਤੀ ਦੀਆਂ ਲਹਿਰਾਂ ਦੇ ਅਸਰ ਹੇਠ ਆ ਕੇ, ਗੁਰੂ ਘਰ ਜਾਂ ਸ੍ਰੀ ਗੁਰੂ ਗ੍ਰੰਥ ਜੀ ਦੀ ਅਨਮੋਲ ਸਿਖਸ਼ਾ ਸਬੰਧੀ ਕਈ ਭੁਲੇਖਿਆਂ ਦਾ ਸ਼ਿਕਾਰ ਹੋ ਰਹੇ ਹਨ। 'ਗੁਰਮਤਿ ਚਾਨਣ' ਵਿਚ ਕੋਸ਼ਿਸ਼ ਕੀਤੀ ਗਈ ਹੈ ਕਿ ਸਿਖਾਂ ਦੇ ਪੜ੍ਹੇ ਲਿਖੇ ਅਤੇ ਵਿਚਾਰਵਾਨ ਤਬਕੇ ਨੂੰ ਗੁਰਮਤਿ ਦੇ ਅਸਲ ਆਸ਼ੇ ਤੋਂ ਜਾਣੂ ਕਰਾਕੇ ਉਹਨਾਂ ਦੇ ਸਾਹਮਣੇ ਆਤਮਕ ਮਾਰਗ ਦੀਆਂ ਮੰਜ਼ਲਾਂ ਸਾਫ ਕੀਤੀਆਂ ਜਾਣ।

ਗੁਰਮਤਿ ਚਾਨਣ 'ਆਤਮ ਸਾਇੰਸ' ਲਹਿਰ ਦੇ ਪਰਚਾਰ ਦੀ ਲੜੀ ਵਿਚ ਚੋਥੀ ਪੁਸਤਕ ਹੈ। ਇਸ ਤੋਂ ਪਹਿਲੇ 'ਬੰਦਗੀ ਨਾਮਾ' 'ਰਮਜ਼ੀ ਕਹਾਣੀਆਂ' ਅਤੇ 'ਸਿਮਰਨ ਮਹਿਮਾ' ਤਿੰਨ ਪੁਸਤਕਾਂ ਛਪ ਚੁਕੀਆਂ ਹਨ। ਜਿਸ ਪਿਆਰ ਤੇ ਉਤਸ਼ਾਹ ਨਾਲ ਉਕਤ ਤਿੰਨਾਂ ਪੁਸਤਕਾਂ ਦਾ ਸੁਆਗਤ ਕੀਤਾ ਗਿਆ ਹੈ, ਉਸ ਤੋ ਆਸ ਹੋ ਸਕਦੀ ਹੈ ਕਿ 'ਗੁਰਮਤਿ ਚਾਨਣ' ਨੂੰ ਵੀ ਗੁਰਸਿਖ ਦੁਨੀਆਂ ਪਰਵਾਨਗੀ ਦਾ ਦਰਜਾ ਬਖਸ਼ੇਗੀ।

ਕਲਕਤਾ
20-12-46

ਰਘਬੀਰ ਸਿੰਘ 'ਬੀਰ'

# ਪ੍ਰਾਕੱਥਨ

'ਆਤਮ ਸਾਇੰਸ' ਦੇ ਸੰਚਾਲਕ, ਗੁਰਮੁਖ, ਗੁਰਸਿਖ, ਨਾਮ-ਅਭਿਆਸੀ ਸ. ਰਘਬੀਰ ਸਿੰਘ ਜੀ 'ਬੀਰ' ਜੀ ਨੇ ਨਾਮ-ਅਭਿਆਸ ਦੀ ਨਿਰੰਤਰ ਸਾਧਨਾਂ ਰਾਹੀਂ ਉਸ ਪਰਮ ਪੱਦ ਦੀ ਪ੍ਰਾਪਤੀ ਕੀਤੀ ਜਿਸ ਦਾ ਜ਼ਿਕਰ ਗੁਰੂ ਅਰਜਨ ਦੇਵ ਜੀ ਨੇ ਸੂਹੀ ਰਾਗ ਵਿਚ ਨਿਮਨ ਸ਼ਬਦ ਵਿਚ ਕੀਤਾ ਹੈ -

*ਸੂਖ ਮਹਲ ਜਾ ਕੇ ਊਚ ਦੁਆਰੇ ॥*
*ਤਾ ਮਹਿ ਵਾਸਹਿ ਭਗਤ ਪਿਆਰੇ ॥ ੧ ॥*
*ਸਹਜ ਕਥਾ ਪ੍ਰਭ ਕੀ ਅਤਿ ਮੀਠੀ ॥*
*ਵਿਰਲੈ ਕਾਹੂ ਨੇਤ੍ਰਹੁ ਡੀਠੀ ॥ ੧ ॥ ਰਹਾਉ ॥*
*ਤਹ ਗੀਤ ਨਾਦ ਅਖਾਰੇ ਸੰਗਾ ॥*
*ਊਹਾ ਸੰਤ ਕਰਹਿ ਹਰਿ ਰੰਗਾ ॥ ੨ ॥*
*ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ ॥*
*ਸਾਚ ਨਾਮ ਕੀ ਅੰਮ੍ਰਿਤ ਵਰਖਾ ॥ ੩ ॥*
*ਗੁਹਜ ਕਥਾ ਇਹ ਗੁਰ ਤੇ ਜਾਣੀ ॥*
*ਨਾਨਕੁ ਬੋਲੈ ਹਰਿ ਹਰਿ ਬਾਣੀ ॥* *ਅੰਗ - 739*

ਨਾਮ-ਅਭਿਆਸੀਆਂ ਭਗਤਜਨਾਂ ਨੂੰ ਆਤਮਕ ਅਡੋਲਤਾ ਦੀ ਐਸੀ ਸਹਜਮਈ ਅਵਸਥਾ ਪ੍ਰਾਪਤ ਹੁੰਦੀ ਹੈ ਜਿਥੇ ਅਨੰਦ ਹੀ ਅਨੰਦ ਹੈ, ਜਿਥੇ ਮਾਇਕ ਵਿਚਾਰਾਂ ਦੀ ਕੋਈ ਪਹੁੰਚ ਨਹੀਂ, ਜਿਥੇ ਹਰ ਸਮੇਂ ਗੀਤ, ਸੰਗੀਤ ਅਤੇ ਨਾਦ ਹੋ ਰਹੇ ਹਨ। ਐਸੀ ਅਵਸਥਾ ਵਿਚ ਜਨਮ ਮਰਣ ਦਾ ਗੇੜ ਮੁੱਕ ਜਾਂਦਾ ਹੈ, ਐਸੀ ਸੰਤੁਲਤ

ਸਹਜ ਅਵਸਥਾ ਵਿਚ ਦੁਨਿਆਵੀ ਖੁਸ਼ੀਆਂ ਗ਼ਮੀਆਂ ਦਾ ਪ੍ਰਭਾਵ ਖਤਮ ਹੋ ਜਾਂਦਾ ਹੈ, ਸਦਾ ਆਤਮਿਕ ਅਨੰਦ ਦੀ ਨਾਮ-ਅੰਮ੍ਰਿਤ-ਵਰਖਾ ਹੁੰਦੀ ਰਹਿੰਦੀ ਹੈ। ਐਸੀ ਅਦਭੁਤ ਗੁਹਜ ਅਵੱਸਥਾ ਦਾ ਭੇਦ ਗੁਰੂ ਪਾਸੋਂ ਪ੍ਰਾਪਤ ਹੁੰਦਾ ਹੈ। 'ਬੀਰ' ਜੀ ਨੇ ਗੁਰੂ ਚਰਨਾਂ ਨਾਲ ਜੁੜ ਕੇ ਨਾਮ-ਸਿਮਰਨ ਦੀ ਕਮਾਈ ਕੀਤੀ, ਆਪ ਨਾਮ-ਅੰਮ੍ਰਿਤ ਨਾਲ ਸਰਸ਼ਾਰ ਹੋਏ ਤੇ ਇਸ ਅਨੰਦ ਨੂੰ ਗੁਰਸਿਖਾਂ ਨਾਲ ਅਤੇ ਸਰਬ ਮਨੁੱਖਤਾ ਨਾਲ ਸਾਂਝਾ ਕਰਨ ਦਾ ਬੀੜਾ ਚੁਕਿਆ। ਇਹ ਵੀ ਗੁਰੂ ਦੇ ਹੁਕਮ ਅਨੁਸਾਰ ਹੀ ਹੋਇਆ। ਐਸੇ ਗੁਰਸਿਖਾਂ ਲਈ ਗੁਰੂ ਘਰ ਵਿਚ ਕਿੰਨਾ ਪਿਆਰ ਤੇ ਸਤਿਕਾਰ ਹੈ -

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥* *ਅੰਗ - 306*

ਐਸੀ ਬਿਰਤੀ ਤੋਂ ਜਨਮ ਲਿਆ 'ਆਤਮ-ਸਾਇੰਸ' ਲਹਿਰ ਨੇ ਅਤੇ ਇਕ ਦਰਜਨ ਤੋਂ ਵੱਧ ਪੁਸਤਕਾਂ, ਜਿਵੇਂ 'ਸਿਮਰਨ ਮਹਿਮਾ', 'ਬੰਦਗੀਨਾਮਾ', 'ਸਰਬ ਰੋਗ ਕਾ ਅਉਖਧੁ ਨਾਮ', 'ਚੜ੍ਹਦੀ ਕਲਾ', 'ਰਮਜ਼ੀ ਕਹਾਣੀਆਂ' ਆਦਿ ਨੇ ਜਿਨ੍ਹਾਂ ਨੇ ਲੱਖਾਂ ਪ੍ਰਾਣੀਆਂ ਨੂੰ ਨਾਮ-ਸਿਮਰਨ ਨਾਲ ਜੋੜਿਆ, ਜੀਵਨ ਦੇ ਸਹੀ ਲਕਸ਼ ਦੀ ਪਹਿਚਾਣ ਕਰਵਾਈ, "ਵੈਰ, ਵਿਰੋਧ, ਕਾਮ, ਕ੍ਰੋਧ, ਮੋਹ, ਝੂਠ ਬਿਕਾਰ, ਮਹਾ ਲੋਭ ਧ੍ਰੋਹ" ਦੇ ਨਰਕੀ ਜੀਵਨ ਵਿਚੋਂ ਕਢ ਕੇ ਨਾਮ-ਅੰਮ੍ਰਿਤ ਦਾ ਆਤਮਿਕ ਅਨੰਦ ਅਤੇ ਵਿਗਾਸਮਈ ਜੀਵਨ ਬਖਸ਼ਿਆ।

'ਗੁਰਮਤ ਚਾਨਣ' ਇਸੇ ਕੜੀ ਦੀ ਇਕ ਹੋਰ ਮਹਾਨ ਰਚਨਾ ਹੈ, ਜਿਸ ਦਾ ਛੇਵਾਂ ਸੰਸਕ੍ਰਣ, ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀ ਸੁਧਾਈ ਉਪਰੰਤ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਅੰਗਾਂ ਦੇ ਹਵਾਲੇ ਦੇ ਕੇ, ਆਤਮ-ਸਾਇੰਸ ਟਰੱਸਟ ਆਪ ਜੀ ਸੁਹਿਰਦ ਪਾਠਕਾਂ ਨੂੰ ਭੇਟ ਕਰਨ ਦੀ ਖੁਸ਼ੀ ਲੈ ਰਿਹਾ ਹੈ। ਇਸ ਵਿਚ

ਗੁਰਮਤਿ ਦੇ ਬੁਨਿਆਦੀ ਸਿਧਾਂਤਾਂ ਨੂੰ ਬੜੀ ਸੁਖੈਨ ਬੋਲੀ ਰਾਹੀਂ ਗੁਰਬਾਣੀ ਅਤੇ ਇਤਿਹਾਸ ਦੇ ਪ੍ਰਸੰਗ ਦੇ ਕੇ ਸਪਸ਼ਟ ਕੀਤਾ ਗਿਆ ਹੈ। ਪੁਸਤੱਕ ਦੀ ਮਹਾਨਤਾ ਚੁਣੇ ਗਏ ਸਿਰਲੇਖਾਂ ਤੋਂ ਹੀ ਰੂਪਮਾਨ ਹੋ ਰਹੀ ਹੈ ਜਿਵੇਂ, 'ਗੁਰੂ ਘਰ ਵਿਚ ਦੋ ਅੰਮ੍ਰਿਤ', 'ਸਿਖ ਦਾ ਧਰਮ', 'ਬਖਸ਼ਿਸ਼', 'ਹੁਕਮ', 'ਮਨਮੁਖ ਦੀ ਦੁਨੀਆਂ', 'ਗੁਰਮੁਖ ਦੀ ਦੁਨੀਆਂ', 'ਸਰਬ ਨਿਵਾਸੀ ਸਦਾ ਅਲੇਪਾ', 'ਹਉਮੈ', 'ਪਾਪ ਪੁੰਨ', 'ਦੁਬਿਧਾ', 'ਮਨ', ਆਦਿ। ਲੇਖਕ ਦੀ ਵਿਦਵਤਾ, ਗੁਰਮਤਿ ਦੀ ਸੋਝੀ ਅਤੇ ਲਿਖਣ ਸ਼ੈਲੀ ਵਿਚ ਸਪਸ਼ਟਤਾ ਲਈ ਕੇਵਲ ਇਕ ਉਦਾਹਰਣ ਹੀ ਕਾਫੀ ਹੈ। 'ਮਨ' ਕੀ ਹੈ? ਅਤੇ ਸਰੀਰ, ਮਨ, ਬੁੱਧੀ ਅਤੇ ਆਤਮਾ ਦਾ ਆਪਸੀ ਕੀ ਸੰਬੰਧ ਹੈ? ਬੀਰ ਜੀ ਨੇ ਇਸ ਕਠਨ, ਗੰਭੀਰ ਅਤੇ ਅਹਿਮ ਵਿਸ਼ੇ ਨੂੰ ਜਿਸ ਸਰਲ ਅਤੇ ਸਪਸ਼ਟ ਢੰਗ ਨਾਲ ਦਰਸਾਇਆ ਹੈ, ਇਸ ਦੀ ਮਿਸਾਲ ਮਨੋਵਗਿਆਨਕ ਸਾਹਿਤਕ ਲਿਖਤਾਂ ਵਿਚ ਵੀ ਦੁਰਲੱਭ ਹੈ। ਆਪ ਜੀ ਲਿਖਦੇ ਹਨ, "ਮਨ ਕੀ ਹੈ?" "ਜੀਵ ਅਤੇ ਪਰਮਾਤਮਾ ਦੇ ਵਿਚਕਾਰ ਜੋ ਪੜਦਾ ਹੈ ਅਤੇ ਜਿਸ ਪੜਦੇ ਕਰ ਕੇ ਜੀਵ, ਪਰਮਾਤਮਾ ਤੋਂ ਵਿਛੜਿਆ ਬੈਠਾ ਹੈ ਉਹ ਜੀਵ ਦੀ ਆਪਣੇ ਅਸਲੇ, ਆਪਣੀ ਬੁਨਿਆਦ, ਆਪਣੇ ਆਪੇ, ਸਬੰਧੀ ਅਗਿਆਨਤਾ ਹੈ। ਇਸ ਅਗਿਆਨਤਾ ਨੂੰ ਧਰਮ ਗਰੰਥਾਂ ਵਿਚ ਜਿਥੇ ਹਉਮੈ, ਖੁਦੀ, ਅੰਧੇਰਾ, ਭੀਤ, ਪੜਦਾ, ਮਾਯਾ, ਬੰਧਨ, ਸੁਫਨਾ ਆਦਿਕ ਅੱਖਰ ਵਰਤ ਕੇ ਜ਼ਾਹਿਰ ਕੀਤਾ ਹੈ ਉਥੇ ਏਸੇ ਅਗਿਆਨਤਾ ਵਾਸਤੇ 'ਮਨ' ਦਾ ਅੱਖਰ ਵੀ ਘੜਿਆ ਹੈ। ਇਸ ਵਾਸਤੇ ਮਨ ਦਰਅਸਲ ਕੁਝ ਨਹੀਂ ਬਲਕਿ ਸਾਡੀ ਅਗਿਆਨਤਾ, ਸਾਡੇ ਭੁਲੇਖੇ, ਸਾਡੀ ਊਣਤਾ ਦਾ ਦੂਸਰਾ ਨਾਮ ਹੈ।

"ਜੇਕਰ 'ਮਨ' ਅਗਿਆਨਤਾ ਦਾ ਦੂਸਰਾ ਨਾਮ ਹੈ ਤਾਂ

ਅਗਿਆਨਤਾ ਨੂੰ ਸਮਝਿਆਂ ਮਨ ਦੀ ਵੀ ਸਮਝ ਆ ਜਾਵੇਗੀ। ਅਗਿਆਨਤਾ ਜੀਵ ਦੇ ਆਪਣੇ ਅਸਲੇ, ਆਪਣੇ ਮੁਢ, ਕਰਤਾਰ ਸਬੰਧੀ ਨਾਵਾਕਫੀਅਤ ਤੇ ਅਨਜਾਣਤਾ ਦਾ ਨਾਮ ਹੈ। ਅਗਿਆਨਤਾ ਜੀਵ ਦੇ ਖਿਆਲਾਂ ਵਿਚ ਪਰਵੇਸ਼ ਕਰਦੀ ਹੈ ਅਤੇ ਖਿਆਲਾਂ ਦਵਾਰਾ ਹੀ ਪਰਗਟ ਹੁੰਦੀ ਹੈ। ਇਸ ਲਈ ਸਾਡੇ ਖਿਆਲਾਤ ਦੇ ਮਜਮੂਏ (Sum total) ਨੂੰ ਅਗਿਆਨਤਾ ਜਾਂ 'ਮਨ' ਆਖਦੇ ਹਨ।"

ਸਭ ਕੁਝ ਹੁਕਮ ਅਤੇ ਭਾਣੇ ਵਿਚ ਹੋ ਰਿਹਾ ਹੈ। ਅੱਜ ਤੋਂ 35-40 ਵਰ੍ਹੇ ਪਹਿਲਾਂ ਦਾਸ ਨੂੰ ਬੀਰ ਜੀ ਦੇ ਦਰਸ਼ਨ ਅਤੇ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਸੀ। ਹੁਣ ਉਹ ਸਰੀਰ ਕਰਕੇ ਸਾਡੇ ਵਿਚ ਨਹੀਂ ਹਨ ਪਰ ਉਨ੍ਹਾਂ ਦੀ ਰੂਹਾਨੀ ਪ੍ਰੇਰਨਾ ਨੇ ਦਾਸ ਨੂੰ ਮੁੜ 'ਆਤਮ ਸਾਇੰਸ' ਅਤੇ ਡਗਸ਼ਈ ਪਬਲਿਕ ਸਕੂਲ ਨਾਲ ਜੋੜ ਦਿਤਾ। ਇਹ ਸਬੱਬ ਸ. ਅਮਰਜੀਤ ਸਿੰਘ, ਟਰੱਸਟੀ, ਰਾਹੀਂ ਸੰਭਵ ਹੋਇਆ। ਟਰੱਸਟ ਦੇ ਚੇਅਰਮੈਨ, ਸ. ਸਰਨ ਸਿੰਘ ਜੀ, ਆਈ. ਏ. ਐਸ. (ਰੀ.) ਅਤੇ ਸ. ਜਸਬੀਰ ਸਿੰਘ ਜੀ 'ਬੀਰ' ਦੀ ਸੁਹਿਰਦਤਾ ਅਤੇ ਅਥਾਹ ਪਿਆਰ ਨੇ 'ਬੀਰ' ਜੀ ਦੀਆਂ ਪੁਸਤਕਾਂ ਵਿਚ ਪ੍ਰਾਪਤ ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀ ਸੁਧਾਈ ਅਤੇ ਅੰਗਾਂ ਦੇ ਹਵਾਲੇ ਲਿਖਣ ਦਾ ਕਾਰਜ, ਅਤੇ ਨਾਲ ਹੀ ਪੁਸਤਕਾਂ ਦੇ ਅੰਗ੍ਰੇਜ਼ੀ ਅਨੁਵਾਦ ਕਰਵਾਉਣ ਦਾ ਮਹਾਨ ਕਾਰਜ ਦਾਸ ਨੂੰ ਸੌਂਪਿਆ।

ਗੁਰੂ ਕਿਰਪਾ ਸੱਦਕਾ ਹੁਣ ਤਕ ਰਮਜ਼ੀ ਕਹਾਣੀਆਂ, ਸਰਬ ਰੋਗ ਕਾ ਔਖਧ ਨਾਮੁ, ਸਿਮਰਨ ਮਹਿਮਾ, ਬੰਦਗੀਨਾਮਾ, ਚੜ੍ਹਦੀ ਕਲਾ ਅਤੇ ਸਾਡੇ ਵਿਚਾਰ ਦੇ ਨਵੇਂ ਸੰਸਕ੍ਰਣ ਪੰਜਾਬੀ ਅਤੇ ਅੰਗ੍ਰੇਜ਼ੀ ਵਿਚ ਤਿਆਰ ਹੋ ਚੁਕੇ ਹਨ ਅਤੇ ਛਪਾਈ ਅਧੀਨ ਹਨ। ਹੱਥਲੀ

ਪੁਸਤਕ 'ਗੁਰਮਤ ਚਾਨਣ' ਅਤੇ 'ਗੁਰਮੁਖ ਜੀਵਨ' ਦਾ ਅੰਗ੍ਰੇਜ਼ੀ ਅਨੁਵਾਦ ਹੋ ਰਿਹਾ ਹੈ। ਆਸ ਹੈ ਪੰਜਾਬੀ ਅਤੇ ਅੰਗ੍ਰੇਜ਼ੀ ਜਾਣਦੇ ਗੁਰਬਾਣੀ ਦੇ ਉਪਾਸ਼ਕ ਇਨ੍ਹਾਂ ਪੁੱਸਤਕਾਂ ਤੋਂ ਲਾਭ ਉਠਾ ਕੇ ਜੀਵਨ ਨੂੰ ਸੁਖੀ, ਸੁਹੇਲਾ ਅਤੇ ਅਨੰਦ ਭਰਪੂਰ ਬਣਾਉਣਗੇ।

(ਡਾ.) ਜਗਜੀਤ ਸਿੰਘ
ਪ੍ਰਿੰਸੀਪਲ (ਰੀ.)
ਕੋਠੀ ਨੰ. 25, ਫੇਜ਼ 7
ਸਾਹਿਬਜ਼ਾਦਾ ਅਜੀਤ ਸਿੰਘ ਨੱਗਰ-160061
ਫੋਨ - 0172-2228761

16-4-07

# ਗੁਰੂ ਘਰ ਵਿਚ ਦੋ ਅੰਮ੍ਰਿਤ

ਇਕ ਅੰਮ੍ਰਿਤ ਗੁਰਸਿਖ ਨੂੰ ਪਹਿਲੇ ਸਰਬ ਲੋਹ ਦੇ ਬਾਟੇ ਵਿਚ ਪਤਾਸਿਆਂ ਦੇ ਸ਼ਰਬਤ ਦੀ ਸ਼ਕਲ ਵਿਚ ਮਿਲਦਾ ਹੈ। ਇਹ ਅੰਮ੍ਰਿਤ ਪਹਿਲੇ ਪਹਿਲ ਜਦ ਮੈਂ ਪੀਤਾ ਤਾਂ ਇਸ ਵਿਚ ਵੀ ਡਾਹਢਾ ਸਵਾਦ ਆਇਆ। ਇਸ ਦੇ ਤਿਆਰ ਕਰਨ ਦੀ ਵਿਧੀ ਵਿਚ - ਖੰਡੇ ਦਾ ਜਲ ਵਿਚ ਫਿਰਨਾ, ਪੰਜਾਂ ਸ਼ਸਤਰਬੱਧ ਗੁਰਮੁਖ ਪਿਆਰਿਆਂ ਦਾ ਗੁਰਬਾਣੀ ਪੜ੍ਹਨਾ, ਮੇਰਾ ਇਕ ਗੋਡੇ ਨੂੰ ਨਵਾ ਕੇ ਬੈਠਣਾ, ਇਕ ਤੇਜ ਵਾਲੇ 'ਪਿਆਰੇ' ਦੇ ਹਥੋਂ ਅੰਮ੍ਰਿਤ ਦਾ ਬਾਟਾ ਮੂੰਹ ਨੂੰ ਲਗਾਨਾ, ਅੰਮ੍ਰਿਤ ਛਕਨਾ ਤੇ 'ਪਿਆਰੇ' ਦੇ ਮਗਰ ਮਗਰ ਆਖਣਾ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ' - ਇਕ ਪੁਰਾਤਨ ਸ਼ਾਨ ਸੀ, ਇਕ ਨਿਰਾਲਾਪਨ ਸੀ। ਮੈਂ ਮਹਿਸੂਸ ਕਰਦਾ ਸੀ, ਜਿਵੇਂ ਅਨੰਦਪੁਰ ਸਾਹਿਬ ਦੀਆਂ ਵਾਦੀਆਂ ਵਿਚ ਖਾਲਸਈ ਪਲਟਨਾਂ ਦੇ ਡੇਰੇ ਲਗੇ ਹੋਏ ਹਨ, ਤੇ ਗੁਰੂ ਗੋਬਿੰਦ ਸਿੰਘ ਸਾਹਿਬ ਮੈਨੂੰ ਆਪ ਅੰਮ੍ਰਿਤ ਛਕਾ ਰਹੇ ਹਨ ਅਤੇ ਮੈਂ ਮੁਰਦੇ ਤੋਂ ਜਿਉਂਦਾ, ਕਾਇਰ ਤੋਂ ਸੂਰਮਾ, ਗਿਦੜ ਤੋਂ ਸ਼ੇਰ ਬਣ ਰਿਹਾ ਹਾਂ। ਅੰਮ੍ਰਿਤ ਦੇ ਘੁਟ ਅੰਦਰ ਲੰਘਦੇ ਤਾਂ ਸੀਤਲਤਾ ਤੇ ਅਨੰਦ ਦੀਆਂ ਲਹਿਰਾਂ ਮੇਰੇ ਅੰਦਰ ਉਪਜਦੀਆਂ ਸਨ, ਮੈਂ ਖੁਸ਼ੀ ਨਾਲ ਬੇਸੁਧ ਹੋ ਰਿਹਾ ਸੀ।

ਇਸ ਘਟਨਾ ਮਗਰੋਂ ਮੈਂ ਕਈ ਦਿਨ ਬਿਲਕੁਲ ਮਸਤ ਰਿਹਾ, ਸਮਾਂ ਗੁਜ਼ਰਦਾ ਮੈਨੂੰ ਮਾਲੂਮ ਨਹੀਂ ਸੀ ਹੁੰਦਾ, ਕਿਸੇ ਨਵੀਂ ਦੁਨਿਆਂ ਦੀ ਸੈਰ ਸੀ। ਕੰਘੇ, ਕੜੇ, ਕਛ, ਕਿਰਪਾਨ, ਕੇਸਾਂ ਸਭ ਦੇ ਪਿਛੇ ਇਕ ਅਰਥ ਸੀ, ਜਿਸ ਨੂੰ ਮੇਰੀ ਮੁਦਤ ਤੋਂ ਸੁਤੀ ਰੂਹ, ਉਂਘਲਾਂਦੀ-ਉਂਘਲਾਂਦੀ ਸਮਝਣਾ ਚਾਹੁੰਦੀ ਸੀ, ਪਰ ਉਸ ਵੇਲੇ ਮੈਨੂੰ ਹੋਰ ਕੋਈ ਸਮਝ ਨਾ ਆਈ, ਸਿਵਾਏ ਇਸ ਗਲ ਦੇ ਕਿ ਮੈਂ ਆਪਣੇ ਆਪ ਨੂੰ ਕਿਸੇ ਖਾਸ ਅਰਥਾਂ ਵਿਚ ਅਕਾਲੀ, ਗੁਰੂ ਦਾ ਸਿੰਘ ਸਮਝਦਾ ਸੀ, 'ਵਾਹਿਗੁਰੂ' ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ' ਦਾ ਬੋਲ ਮੇਰੇ ਕੰਨਾ ਵਿਚ , ਦਿਲ ਵਿਚ, ਰਗ ਰਗ ਵਿਚ ਗੂੰਜਦਾ ਸੀ।

ਭਾਵੇਂ 'ਅੰਮ੍ਰਿਤ' ਦੀ ਸਾਰੀ ਮਰਯਾਦਾ ਮੈਨੂੰ ਡਾਢੀ ਚੰਗੀ ਲਗੀ ਅਤੇ ਇਸ ਵਿਚੋਂ ਡਾਢਾ ਵਸਮਾਦ ਆਇਆ, ਪਰ ਕੁਛ ਮਹੀਨਿਆਂ ਪਿਛੋਂ ਇਹ ਸਵਾਦ ਮਧਮ ਪੈਣਾ ਸ਼ੁਰੂ ਹੋ ਗਿਆ। ਮੈਂ ਰੁਖਾ-ਰੁਖਾ ਪਰਤੀਤ ਕਰਾਂ ਅਤੇ ਸੋਚਾਂ ਮੈਨੂੰ ਕੀ ਹੁੰਦਾ ਜਾ ਰਿਹਾ ਹੈ? ਕਿਸ ਅਸਮਾਨ ਤੇ ਚੜ੍ਹ ਕੇ ਫੇਰ ਨੀਵੇਂ ਗਿਰ ਰਿਹਾਂ ਹਾਂ? ਮੇਰੇ ਪਾਸ ਕੰਘਾ, ਕੜਾ, ਕਿਰਪਾਨ, ਕਛ, ਸਭ ਕੁਝ ਸਨ ਪਰ ਉਹ ਅੰਮ੍ਰਿਤ ਛਕਣ ਵੇਲੇ ਆਇਆ ਸਰੂਰ ਤੇ ਸਵਾਦ ਨਹੀਂ ਸੀ। ਕਿਸੇ ਕਿਸੇ ਵੇਲੇ ਮੈਨੂੰ ਐਸਾ ਪਰਤੀਤ ਹੋਵੇ ਜਿਵੇਂ ਕਿਸੇ ਮਦਾਰੀ ਨੇ ਇਹ ਬਾਹਰ ਦੀ ਰਹਿਤ ਦੇ ਖਡੌਣੇ ਦੇਣ ਵੇਲੇ ਮੈਨੂੰ ਕੋਈ ਇਲਾਹੀ ਬੂਟੀ ਪਿਲਾਈ ਸੀ, ਜਿਸ ਦਾ ਹੁਣ ਅਮਲ ਟੁਟ ਰਿਹਾ ਹੈ।

ਇਸ ਤੋਂ ਬਾਦ 'ਅੰਮ੍ਰਿਤ' ਛਕਣ ਵੇਲੇ ਆਇਆ ਸਰੂਰ ਸੁਪਨਾ ਜਿਹਾ ਜਾਪਣ ਲਗ ਪਿਆ ਅਤੇ ਹੌਲੀ ਹੌਲੀ ਸੁਪਨੇ ਵਾਂਗਰ ਭੁਲਦਾ ਗਿਆ, ਇਥੋਂ ਤਕ ਕਿ ਮੈਂ ਆਪਣੇ ਆਪ ਨੂੰ ਕਿਸੇ

ਘੁਪ ਹਨੇਰੀ ਤੇ ਅਥਾਹ ਖਡ ਵਿਚ ਡਿਗਿਆ ਪਰਤੀਤ ਕਰਦਾ ਸੀ, ਜਿਥੇ ਕਿ ਪਹਾੜ ਦੀ ਚੋਟੀ ਤੇ ਖਲੋ ਕੇ ਕਦੀ ਡਿਠਾ ਉਮੀਦ ਦਾ ਸਿਤਾਰਾ ਬਿਲਕੁਲ ਗ਼ਾਇਬ ਸੀ। ਪਰ ਮੈਨੂੰ ਨਾਲ ਹੀ ਇਹ ਮਹਿਸੂਸ ਕਰਕੇ ਕੁਝ ਹੌਸਲਾ ਤੇ ਤਸੱਲੀ ਆ ਜਾਂਦੀ ਸੀ ਕਿ ਇਸ ਅੰਧ ਅਵਸਥਾ ਵਿਚ ਵੀ ਗੁਰੂ ਘਰ ਤੋਂ ਬਖਸ਼ੀਆਂ ਦਾਤਾਂ ਕੰਘਾ, ਕੜਾ, ਕਛ, ਕਿਰਪਾਨ, ਕੇਸ ਮੇਰੇ ਨਾਲ ਹਨ, ਮੇਰੀਆਂ ਹਮਸਫਰ ਹਨ। ਮੈਂ ਇਹਨਾਂ ਨੂੰ ਕਿਸੇ ਅਜੀਬ ਤਰੀਕੇ ਨਾਲ ਆਪਣੇ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਚਾਲੇ ਇਕ ਕੜੀ ਜਾਂ ਲਿੰਕ (Link) ਸਮਝਦਾ ਸੀ। ਮੈਂ ਇਹਨਾਂ ਦੇ ਜ਼ਰੀਏ ਗੁਰੂ ਘਰ ਨਾਲ ਸਿਖਾਂ ਦੇ ਸ਼ਾਨਦਾਰ ਇਤਿਹਾਸ ਨਾਲ ਆਪਣਾ ਰਿਸ਼ਤਾ ਜੁੜਿਆ ਤੇ ਕਾਇਮ ਵੇਖਦਾ ਸੀ।

ਕਲਗੀਆਂ ਵਾਲੇ ਤੇ ਮੇਰੇ ਏਸ ਭਰੋਸੇ ਨੇ ਮੈਨੂੰ ਗੁਰਸਿਖੀ ਦੇ ਦਾਇਰੇ ਤੋਂ ਬਾਹਰ ਨਹੀਂ ਨਿਕਲਣ ਦਿਤਾ। ਰਛਿਆ ਵਾਸਤੇ ਕੀਤੀਆਂ ਮੇਰੀਆਂ ਅਰਦਾਸਾਂ ਬੜਾ ਫਲ ਲਿਆਉਂਦੀਆਂ ਰਹੀਆਂ। ਜੋ ਸਿਖ ਭਾਈ ਜੋਗਾ ਸਿੰਘ ਦੀ ਸਾਖੀ ਸਬੰਧੀ ਸ਼ਕ ਕਰਦੇ ਹਨ ਕਿ ਕਿਵੇਂ ਅਨੰਦਪੁਰ ਬੈਠੇ ਗੁਰੂ ਗੋਬਿੰਦ ਸਿੰਘ ਜੀ ਹੁਸ਼ਿਆਰਪੁਰ ਵਿਚ ਪਾਪ ਦੇ ਟੋਏ ਵਿਚ ਡਿਗਣ ਲਗੇ ਜੋਗਾ ਸਿੰਘ ਨੂੰ ਵੇਸਵਾ ਦੇ ਬੂਹੇ ਤੇ ਪਹਿਰੇਦਾਰ ਬਣ ਕੇ ਸਹਾਇਤਾ ਕਰ ਸਕਦੇ ਸੀ, ਉਹਨਾਂ ਦੀ ਸੇਵਾ ਵਿਚ ਮੈਂ ਆਪਣੀ ਹੱਡ-ਬੀਤੀ ਬਿਆਨ ਕਰਦਾ ਹਾਂ ਕਿ ਭਾਵੇਂ ਮੈਂ ਉਕਾ ਬੇਦਾਗ ਆਦਮੀ ਨਹੀਂ ਅਤੇ ਉਹ ਵੀ ਏਸ ਕਰ ਕੇ ਕਿ ਮੇਰਾ ਸਿਦਗ ਕਲਗੀਆਂ ਵਾਲੇ ਤੇ ਜੋਗਾ ਸਿੰਘ ਵਰਗਾ ਨਹੀਂ ਸੀ, ਪਰ ਮੈਨੂੰ ਪਾਪ ਤੋਂ ਬਚਾਣ ਵਿਚ ਮੇਰੇ ਕਲਗੀਆਂ ਵਾਲੇ ਦਾ ਹਥ ਏਸ ਕੜੇ, ਕਛੇ, ਕੇਸ, ਕਿਰਪਾਨ ਦੇ ਪਿਛੇ ਮੈਨੂੰ ਹਮੇਸ਼ਾ ਦਿਸਦਾ ਰਿਹਾ ਹੈ। ਮੈਨੂੰ ਮੇਰੀ ਦਾਹੜੀ ਕੇਸਾਂ ਨੇ ਕਈ ਵਾਰੀ ਝੂਠ

ਬੋਲਣ ਸਮੇਂ, ਐਸੀ ਸ਼ਰਮ ਦਿਲਾਈ ਹੈ, ਸਚ ਤੋਂ ਬੇਮੁਖ ਹੋਣ ਲਗੇ ਉਹ ਉਹ ਮੇਹਣੇ ਦਿਤੇ ਹਨ, ਜਿਨ੍ਹਾਂ ਨੂੰ ਸੁਣ ਕੇ ਮੇਰੇ ਲੂੰ ਕੰਡੇ ਖੜੇ ਹੋ ਜਾਂਦੇ ਸਨ ਅਤੇ ਦਿਲ ਡੁਬ ਮਰਨ ਨੂੰ ਕਰਦਾ ਸੀ। ਮੈਂ ਕੜੇ ਤੇ ਕੇਸਾਂ ਦੀ ਤੁਫੈਲ ਖੁਦ ਆਪ ਹੀ ਪਾਪਾਂ ਤੋਂ ਨਹੀਂ ਬਚਦਾ ਰਿਹਾ ਸਗੋਂ ਕਈ ਮਿਤਰਾਂ ਨੂੰ ਪਾਪਾਂ ਦੀ ਭਠੀ ਵਿਚ ਡਿਗਣੋਂ ਬਚਾ ਸਕਿਆ ਹਾਂ। ਮੈਂ ਧਰਮ ਦੇ ਉਸ ਹਿਸੇ ਨੂੰ ਜਿਸ ਨੂੰ ਬਾਹਰ ਦੀ ਰਹਿਣੀ ਬਹਿਣੀ ਸ਼ਰਾ ਕਹਿ ਕੇ ਪੁਕਾਰਿਆ ਜਾਂਦਾ ਹੈ ਅਤੇ ਜਿਸ ਦੇ ਬਰਖਿਲਾਫ ਅਨੇਕਾਂ ਇਤਰਾਜ਼ ਤੇ ਨੁਕਤਾਚੀਨੀਆਂ ਹੁੰਦੀਆਂ ਰਹਿੰਦੀਆਂ ਹਨ, ਅੰਦਰਲੀ ਆਤਮਕ ਤਰੱਕੀ ਦਾ ਸਹਾਈ ਸਮਝਦਾ ਹਾਂ। ਬਾਹਰ ਦੀ ਜਿੰਦਗੀ ਨੂੰ ਕਿਸੇ ਸੰਜਮ (Discipline) ਵਿਚ ਲਿਆਉਣ ਵਾਸਤੇ ਸ਼ਰਾ ਜਾਂ ਕਰਮ-ਕਾਂਡ ਕਾਫੀ ਮਦਦ ਕਰਦੀ ਹੈ। ਬਾਹਰ ਦਾ ਸੰਜਮੀ ਜੀਵਨ ਅੰਦਰਲੇ ਜੀਵਨ ਨੂੰ ਸੰਜਮੀ ਬਨਾਣ ਵਿਚ ਤਕੜਾ ਸਹਾਈ ਹੁੰਦਾ ਹੈ।

ਗਲਤੀ ਸਿਰਫ ਉਹਨਾਂ ਅਨਜਾਣ ਆਸਤਕਾਂ ਦੀ ਹੈ ਜੋ ਸ਼ਰਾ ਨੂੰ, ਰਹਿਤ ਨੂੰ, ਬਹਾਰ ਦੀ ਧਰਮ ਮਰਯਾਦਾ ਨੂੰ ਬਜਾਏ ਵਸੀਲਾ ਆਖਣ ਦੇ ਆਦਰਸ਼ ਜਾਂ ਨਿਸ਼ਾਨਾ ਆਖਣ ਲਗ ਜਾਂਦੇ ਹਨ। ਸ਼ਰਾ ਜਾਂ ਬਾਹਰ ਦੀ ਰਹਿਤ ਛਤ ਨਹੀਂ, ਪੌੜੀ ਹੈ। ਮੈਂ ਆਪਣੇ ਸਾਰੇ ਆਤਮਕ ਤਜਰਬੇ ਵਿਚ ਬਾਹਰ ਦੀ ਰਹਿਤ ਬਹਿਤ ਨੂੰ ਅੰਦਰਲੀ ਰਹਿਤ ਦਾ ਸਹਾਈ ਦੇਖਿਆ ਹੈ। ਜਦ ਸ਼ਰਾ ਨੂੰ ਸਭ ਕੁਝ ਸਮਝ ਲਿਆ ਜਾਵੇ ਤਾਂ ਇਹ ਮੁਰਦਾ ਲੋਥ ਬਣ ਜਾਂਦੀ ਹੈ, ਜਿਸ ਤੋਂ ਬਦਬੂ ਨਿਕਲ ਕੇ ਸਾਰੀ ਫਿਜ਼ਾ ਨੂੰ ਖਰਾਬ ਕਰ ਦੇਂਦੀ ਹੈ, ਪਰ ਜਦ ਇਸ ਨੂੰ ਜ਼ਰੀਆ, ਵਸੀਲਾ ਜਾਂ ਪੌੜੀ ਸਮਝਿਆ ਜਾਵੇ ਤਦ ਇਹ ਅੰਦਰਲੀਆਂ ਆਤਮਕ ਅਵਸਥਾਵਾਂ ਨੂੰ ਪੈਦਾ ਕਰਨ ਵਿਚ ਬੜੀ ਸਹਾਇਤਾ ਦੇਂਦੀ ਹੈ।

ਮੈਂ ਅੰਧ-ਵਿਸ਼ਵਾਸੀ ਅਤੇ ਆਪਣੇ ਆਪ ਨੂੰ ਧੋਖਾ ਦੇਣ ਵਾਲਾ ਆਦਮੀ ਕੁਦਰਤੀ ਤੌਰ ਤੇ ਨਹੀਂ, ਇਸ ਕਰ ਕੇ ਕਛ, ਕੜੇ ਤੇ ਕੇਸ ਤੋਂ ਪੌੜੀ ਦਾ ਕੰਮ ਲੈਂਦਾ ਹੋਇਆ ਹਮੇਸ਼ਾਂ ਆਪਣੇ ਸਾਹਮਣੇ ਅੰਦਰੋਂ ਉਸ ਅੰਮ੍ਰਿਤ ਨੂੰ ਲਭਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ ਜਿਸ ਸੰਬੰਧੀ ਗੁਰੂ ਅਮਰ ਦੇਵ ਜੀ ਨੇ ਆਖਿਆ ਹੈ -

*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ*
*ਸੁ ਅੰਮ੍ਰਿਤੁ ਗੁਰ ਤੇ ਪਾਇਆ ॥* *ਅੰਗ - 918*

ਗੁਰੂ ਨਾਨਕ ਦੇਵ ਦੇ ਘਰ ਵਿਚ ਦੋ 'ਅੰਮ੍ਰਿਤ' ਹਨ, ਇਕ ਬਾਹਰ ਦਾ ਅੰਮ੍ਰਿਤ, ਜੋ ਸਭ ਸਿਖ ਅੰਮ੍ਰਿਤ ਦੀ ਰਸਮ ਵੇਲੇ ਛਕਦੇ ਹਨ, ਦੂਸਰਾ ਅੰਦਰਲਾ ਅੰਮ੍ਰਿਤ ਜੋ ਗੁਰਸਿਖ ਨੂੰ ਆਪਣੇ ਅੰਦਰੋਂ ਅੰਮ੍ਰਿਤ ਦਾ ਖਜ਼ਾਨਾ ਲਭਣ ਉਤੇ ਪਰਾਪਤ ਹੁੰਦਾ ਹੈ। ਜਿਵੇਂ ਕਿਸੇ ਕਿਲੇ ਦੇ ਦੋ ਦਰਵਾਜ਼ੇ ਹੋਣ, ਇਕ ਬਾਹਰ ਦਾ ਜਿਥੇ ਪਹਿਰੇਦਾਰ ਰਹਿਣ ਅਤੇ ਦੂਸਰਾ ਅੰਦਰਲਾ ਜਿਸ ਅੰਦਰ ਪਾਤਸ਼ਾਹ ਅਤੇ ਉਸ ਦੇ ਦਰਬਾਰੀ ਰਹਿਣ। ਬਾਹਰ ਦਾ ਦਰਵਾਜ਼ਾ ਲੰਘਣ ਉਤੇ ਕਿਲੇ ਵਿਚ ਦਾਖਲ ਜ਼ਰੂਰ ਹੋ ਜਾਈਦਾ ਹੈ ਅਤੇ ਆਪਣੇ ਆਪ ਨੂੰ ਕਿਲੇ ਵਿਚ ਰਹਿਣ ਵਾਲਿਆਂ ਵਿਚ ਸ਼ੁਮਾਰ ਵੀ ਕਰ ਸਕੀਦਾ ਹੈ, ਪਰ ਕਿਲੇ ਵਿਚ ਰਹਿਣ ਵਾਲੇ ਪਾਤਸ਼ਾਹ ਦਾ ਦਰਸ਼ਨ, ਉਸ ਦੀ ਸੰਗਤ, ਉਸ ਦੀ ਖੁਸ਼ੀ ਤਦ ਪਰਾਪਤ ਹੁੰਦੀ ਹੈ ਜਦ ਕਿਲੇ ਦਾ ਦੂਸਰਾ ਦਰਵਾਜ਼ਾ ਵੀ ਲੰਘੀਏ। ਜਿਸ ਨੂੰ ਕਿਲੇ ਵਿਚ ਰਹਿਣ ਵਾਲਿਆਂ ਵਿਚ ਹੀ ਸ਼ੁਮਾਰ ਹੋਣ ਦੀ ਲੋੜ ਹੋਵੇ, ਉਹ ਤਾਂ ਕਿਲੇ ਦਾ ਪਹਿਲਾ ਦਰਵਾਜ਼ਾ ਲੰਘ ਕੇ ਹੀ ਸੰਤੁਸ਼ਟ ਹੋ ਸਕਦਾ ਹੈ, ਪਰ ਜਿਸ ਨੂੰ ਕਿਲੇ ਦੀ ਡਿਉਢੀ ਵਿਚ ਹੀ ਉਮਰ ਗੁਜ਼ਾਰਨੀ ਮੰਨਜ਼ੂਰ ਨਾ ਹੋਵੇ, ਉਹ ਕਿਲੇ ਦੇ ਦਰਵਾਜ਼ੇ ਨੂੰ ਲਭ ਕੇ ਉਸ ਥਾਣੀਂ ਅੰਦਰ ਜਾਣ ਦੀ ਕੋਸ਼ਿਸ਼ ਕਰਦਾ ਹੈ। ਇਸੇ ਤਰ੍ਹਾਂ ਗੁਰੂ ਨਾਨਕ ਜੀ ਦੇ ਘਰ

ਦੇ ਵੀ ਦੋ ਦਰਵਾਜ਼ੇ ਹਨ, ਪਤਾਸ਼ਿਆਂ ਵਾਲਾ ਅੰਮ੍ਰਿਤ ਛਕ ਕੇ ਸਿੱਖ ਗੁਰਸਿੱਖੀ ਦੇ ਦਾਇਰੇ ਵਿਚ ਜ਼ਰੂਰ ਸ਼ਾਮਲ ਹੋ ਸਕਦਾ ਹੈ, ਪਰ ਅਸਲ ਅਰਥਾਂ ਵਿਚ ਸਿੱਖ, ਗੁਰਮੁਖ, ਜਾਂ ਖਾਲਸਾ ਉਦੋਂ ਬਣਦਾ ਹੈ ਜਦੋਂ ਅੰਦਰਲੇ ਅੰਮ੍ਰਿਤ ਦੇ ਸੋਮੇ ਨੂੰ ਗੁਰੂ ਨਾਨਕ ਦੀ ਸਿਮਰਨ ਜੁਗਤੀ ਨਾਲ ਪਰਾਪਤ ਕਰੇ, ਉਸ ਵਿਚ ਤਾਰੀਆਂ ਲਾਂਦਾ ਲਾਂਦਾ ਅੰਤ ਆਪ ਅੰਮ੍ਰਿਤ ਰੂਪ ਹੋ ਜਾਵੇ। ਏਸ ਅੰਦਰਲੇ ਅੰਮ੍ਰਿਤ ਸੋਮੇ ਸਬੰਧੀ ਗੁਰੂ ਗਰੰਥ ਸਾਹਿਬ ਵਿਚ ਲਿਖਿਆ ਹੈ।

*ਅੰਦਰੁ ਅੰਮ੍ਰਿਤਿ ਭਰਪੂਰੁ ਹੈ ਚਾਖਿਆ ਸਾਦੁ ਜਾਪੈ ॥*
*ਜਿਨ ਚਾਖਿਆ ਸੇ ਨਿਰਭਉ ਭਏ ਸੇ ਹਰਿ ਰਸਿ ਧ੍ਰਾਪੈ ॥*

*ਅੰਗ - 1092*

# ਸਿੱਖ ਦਾ ਧਰਮ

*ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ ॥*
*ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ ॥*
*ਮਨਿ ਸੰਤੋਖੁ ਸਰਬ ਜੀਅ ਦਇਆ ॥*
*ਇਨ ਬਿਧਿ ਬਰਤੁ ਸੰਪੂਰਨ ਭਇਆ ॥*
*ਧਾਵਤ ਮਨੁ ਰਾਖੈ ਇਕ ਠਾਇ ॥*
*ਮਨੁ ਤਨੁ ਸੁਧੁ ਜਪਤ ਹਰਿ ਨਾਇ ॥*
*ਸਭ ਮਹਿ ਪੂਰਿ ਰਹੇ ਪਾਰਬ੍ਰਹਮ ॥*
*ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ ॥*

*ਅੰਗ - 299*

ਸਿੱਖ ਦਾ, ਜਗਿਆਸੂ ਦਾ, ਸੱਚ ਦੇ ਤਾਲਿਬ ਦਾ ਧਰਮ ਕੀ ਹੋਣਾ ਚਾਹੀਦਾ ਹੈ? ਇਸ ਸਵਾਲ ਦਾ ਜਵਾਬ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਨੇ ਗਉੜੀ ਰਾਗ ਵਿਚ ਬੜੇ ਸਪਸ਼ਟ ਤਰੀਕੇ ਤੇ ਆਸਾਨ ਅਖਰਾਂ ਵਿਚ ਦਿਤਾ ਹੈ ਅਤੇ ਸ਼ਬਦ ਦੇ ਅਖੀਰ ਵਿਚ ਲਿਖਿਆ ਹੈ ਕਿ ਗੁਰਸਿਖ ਦਾ ਇਹੀ ਅਟੱਲ ਧਰਮ ਹੈ।

ਦੁਨੀਆਂ ਦੇ ਦੂਸਰੇ ਧਰਮਾਂ ਅਤੇ ਸਿੱਖ ਧਰਮ ਵਿਚ ਇਕ ਵਡਾ ਫਰਕ ਇਹ ਹੈ ਕਿ ਜਿਥੇ ਦੂਸਰੇ ਧਰਮ ਗਰੰਥ ਉਹਨਾਂ ਜ਼ਬਾਨਾਂ ਵਿਚ ਲਿਖੇ ਗਏ ਹਨ, ਜੋ ਸਦੀਆਂ ਦੀਆਂ ਪੁਰਾਣੀਆਂ ਹੋਣ ਕਰ ਕੇ, ਅਜ ਕਲ ਬਿਲਕੁਲ ਨਹੀਂ ਬੋਲੀਆਂ ਜਾਂਦੀਆਂ ਅਤੇ ਵਰਤੋਂ ਵਿਚ ਨਾ ਆਉਣ ਕਰ ਕੇ ਜਿਨ੍ਹਾਂ ਨੂੰ ਆਮ ਲੋਕ ਨਹੀਂ ਸਮਝਦੇ,

ਉਥੇ ਸਿਖਾਂ ਦਾ ਧਰਮ ਗਰੰਥ ਉਹਨਾਂ ਦੀ ਆਪਣੀ ਮੌਜੂਦਾ, ਸਰਲ ਤੇ ਅਸਾਨ ਭਾਸ਼ਾ ਵਿਚ ਲਿਖਿਆ ਹੋਇਆ ਹੈ। ਇਸ ਦਾ ਸਭ ਤੋਂ ਵਡਾ ਫਾਇਦਾ ਇਹ ਹੈ ਕਿ ਹਰ ਸਿੱਖ ਆਪਣੇ ਗੁਰੂ ਦਾ ਪੈਗਾਮ ਆਪਣੇ ਧਰਮ ਗਰੰਥ ਵਿਚੋਂ ਬਗੈਰ ਕਿਸੇ ਵਿਚੋਲੇ ਦੇ, ਬਗੈਰ ਕਿਸੇ ਮਦਦ ਦੇ, ਆਪ ਸਮਝ ਸਕਦਾ ਹੈ। ਜਿਥੇ ਕੁਰਾਨ ਸ਼ਰੀਫ ਜਾਂ ਪਵਿਤਰ ਵੇਦ ਨੂੰ ਸਮਝਣ ਲਗਿਆਂ ਮੁਸਲਮਾਨ ਜਾਂ ਹਿੰਦੂ ਭਰਾਵਾਂ ਵਾਸਤੇ ਜ਼ਰੂਰੀ ਹੈ ਕਿ ਪੰਡਤਾਂ ਜਾਂ ਮੁਲਾਂ ਦੀ ਸਹਾਇਤਾ ਪਰਾਪਤ ਕਰਨ, ਉਥੇ ਸਿਖਾਂ ਵਾਸਤੇ ਇਹ ਜ਼ਰੂਰੀ ਨਹੀਂ ਕਿ ਗੁਰੂ ਗਰੰਥ ਸਾਹਿਬ ਦੇ ਉਪਦੇਸ਼ਾਂ ਨੂੰ ਸਮਝਣ ਵਾਸਤੇ ਉਹ ਕਿਸੇ ਭਾਈ ਜਾਂ ਗਰੰਥੀ ਦਾ ਆਸਰਾ ਤਕਣ।

ਸਚ ਦੇ ਖੋਜੀ ਵਾਸਤੇ ਇਹ ਇਕ ਬੜਾ ਜ਼ਰੂਰੀ ਸਵਾਲ ਬਣ ਜਾਂਦਾ ਹੈ ਕਿ ਆਪਣੇ ਪੈਗੰਬਰ, ਮੁਰਸ਼ਿਦ ਜਾਂ ਗੁਰੂ ਦੀ ਅਸਲ ਮਰਜ਼ੀ, ਅਸਲ ਉਪਦੇਸ਼ ਨੂੰ ਬਗੈਰ ਕਿਸੇ ਮਿਲਾਵਟ (Adultration) ਦੇ ਲਭ ਸਕੇ। ਸਿਖ ਧਰਮ ਵਿਚ ਇਹ ਮੁਸ਼ਕਲ ਬਹੁਤ ਹਦ ਤਕ ਪੈਦਾ ਨਹੀਂ ਹੁੰਦੀ। ਸਿਖ ਜੋ ਜਾਨਣਾ ਚਾਹੇ ਕਿ ਉਸ ਦਾ ਗੁਰੂ ਉਸ ਨੂੰ ਕਿਸ ਕਿਸਮ ਦੀ ਜ਼ਿੰਦਗੀ ਬਤੀਤ ਕਰਨ ਵਾਸਤੇ ਪਰੇਰਦਾ ਹੈ ਤਾਂ ਉਹ ਆਪਣੇ ਗੁਰੂ ਦੀ ਇਸ ਸਬੰਧ ਵਿਚ ਰਾਏ ਬਗੈਰ ਕਿਸੇ ਦੀ ਤਰਜਮਾਨੀ ਦੇ ਸਿਧੇ ਤੌਰ ਤੇ ਸ੍ਰੀ ਗੁਰੂ ਗਰੰਥ ਸਾਹਿਬ ਵਿਚੋਂ ਦੇਖ ਸਕਦਾ ਹੈ।

ਜਦ ਮੈਂ ਇਸ ਆਸ਼ੇ ਨਾਲ ਸ੍ਰੀ ਗੁਰੂ ਗਰੰਥ ਸਾਹਿਬ ਦੇ ਪਾਠ ਕਰਨੇ ਸ਼ੁਰੂ ਕੀਤੇ ਤਾਂ ਇਹ ਦੇਖ ਕੇ ਮੇਰੀ ਹੈਰਾਨੀ ਦੀ ਹੱਦ ਨਾ ਰਹੀ, ਕਿ ਸਿਖ ਧਰਮ ਉਸ ਧਰਮ ਨਾਲੋਂ ਜਿਸ ਦੀ ਫੋਟੋ ਉਪਦੇਸ਼ਕ, ਪਰਚਾਰਕ ਅਤੇ ਲੀਡਰ ਸਟੇਜਾਂ ਤੇ ਖਿਚਿਆ ਕਰਦੇ ਹਨ, ਬਿਲਕੁਲ ਹੀ ਵਖਰਾ ਹੈ। ਹੁਣ ਮੇਰਾ ਖਿਆਲ ਹੈ ਕਿ ਸਾਰੇ

ਮਜ਼ਹਬ ਆਪਣੀ ਅਸਲ ਸ਼ਕਲ ਵਿਚ ਉਹਨਾਂ ਤਸਵੀਰਾਂ ਨਾਲੋਂ ਜੋ ਕਿ ਉਹਨਾਂ ਦੇ ਉਪਾਸ਼ਕ ਸਟੇਜਾਂ ਤੇ ਖਿਚਦੇ ਹਨ, ਬਿਲਕੁਲ ਹੀ ਵਖਰੇ ਹਨ।

ਆਰੀਆ ਸਮਾਜੀ ਵਿਦਵਾਨ, ਸਨਾਤਨ ਧਰਮ ਦੇ ਪੰਡਤ, ਮੌਲਾਨਾ ਸ਼ਰੀਫ ਅਤੇ ਗਰੰਥੀ ਸਾਹਿਬ ਆਪਣੇ ਆਪਣੇ ਧਰਮਾਂ ਦੀਆਂ ਬਿਲਕੁਲ ਗਲਤ ਤਸਵੀਰਾਂ ਖਿਚ ਖਿਚ ਕੇ ਲੋਕਾਂ ਦੀ ਬਜਾਏ ਰਹਿਨੁਮਾਈ ਕਰਨ ਦੇ ਗਲਤ ਰਸਤੇ ਪਾ ਰਹੇ ਹਨ। ਧਰਮ ਤੋਂ ਦੁਨੀਆਂ ਦੀ ਨਫ਼ਰਤ ਦਾ ਵਡਾ ਕਾਰਨ ਉਸ ਦੇ ਅਨਜਾਣ ਉਪਦੇਸ਼ਕ ਹਨ।

ਗੁਰੂ ਗਰੰਥ ਸਾਹਿਬ ਵਿਚ ਸਿਵਾਏ ਅਕਾਲ ਪੁਰਖ, ਉਸ ਦੇ ਪਿਆਰ ਅਤੇ ਉਸ ਨੂੰ ਪਰਾਪਤ ਕਰਨ ਦੇ ਤਰੀਕਿਆਂ ਦੇ ਦੂਜੀ ਗਲ ਹੀ ਨਹੀਂ। ਅਕਾਲ ਪੁਰਖ ਨੂੰ ਸਮਝਣ ਦਾ ਸ਼ੌਕ ਗੁਰਸਿਖ ਦੀ ਜ਼ਿੰਦਗੀ ਦਾ ਆਦਰਸ਼ (Guiding passion) ਦਸਿਆ ਹੈ। ਅਜ ਕਲ ਆਮ ਲੀਡਰਾਂ ਤੇ ਪਰਚਾਰਕਾਂ ਦੀਆਂ ਤਕਰੀਰਾਂ ਵਿਚ ਵਾਹਿਗੁਰੂ ਦੀ ਪ੍ਰਾਪਤੀ ਦਾ ਜ਼ਿਕਰ ਤੇ ਇਕ ਪਾਸੇ, ਕਈ ਵਾਰੀ ਵਾਹਿਗੁਰੂ ਦਾ ਨਾਮ ਤਕ ਨਹੀਂ ਆਉਂਦਾ।

ਗੁਰੂ ਅਰਜਨ ਦੇਵ ਜੀ ਦਾ ਉਕਤ ਸ਼ਬਦ ਜਿਸ ਜੀਵਨ ਵਲ ਇਸ਼ਾਰਾ ਕਰਦਾ ਹੈ, ਉਸ ਜੀਵਨ ਦਾ ਜ਼ਿਕਰ ਤਕ ਅਜ ਸਿਖ ਸਟੇਜ ਤੇ ਨਹੀਂ ਹੁੰਦਾ। ਇਹੀ ਕਾਰਨ ਹੈ ਕਿ ਸਿੱਖ ਜੀਵਨ ਦਿਨ-ਬ-ਦਿਨ ਅਲੋਪ ਹੋ ਰਿਹਾ ਹੈ। ਸਿਖ ਲੀਡਰ ਜੋ ਸਿਖੀ ਜੀਵਨ ਤੋਂ ਖਾਲੀ ਹਨ, ਨੂੰ ਇਹ ਗਿਆਨ ਹੋਣਾ ਚਾਹੀਦਾ ਹੈ ਕਿ ਸਿੱਖ ਕੌਮ ਨੇ ਜੋ ਪਿਛੇ ਕੁਰਬਾਨੀਆਂ ਕੀਤੀਆਂ ਹਨ ਤਾਂ ਸਿੱਖੀ ਜੀਵਨ ਦੇ ਸਦਕੇ ਕੀਤੀਆਂ ਹਨ।

ਗੁਰੂ ਗਰੰਥ ਸਾਹਿਬ (ਜੋ ਕਿ ਸਿੱਖ ਕੌਮ ਦਾ ਮੰਨਿਆ ਹੋਇਆ ਗੁਰੂ ਹੈ) ਅਨੁਸਾਰ ਸਿਖੀ ਜੀਵਨ ਕੀ ਹੈ? ਉਹੋ ਜੋ ਗੁਰੂ ਗਰੰਥ ਜੀ ਦੇ ਹਰ ਪੰਨੇ ਤੇ ਅਤੇ ਹਰ ਪੰਨੇ ਦੀ ਹਰ ਸਤਰ ਵਿਚ, ਸਾਡੀ ਮਾਂ-ਬੋਲੀ ਅੰਦਰ, ਸਿਧੇ ਤੇ ਸਾਫ ਅੱਖਰਾਂ ਵਿਚ ਦਸਿਆ ਹੈ ਅਤੇ ਜੋ ਇਸ ਮਜ਼ਮੂਨ ਦਾ ਮੁਢਲਾ ਸ਼ਬਦ 'ਗਉੜੀ ਮਹਲਾ ੫' ਪਿਆ ਦਸਦਾ ਹੈ। 'ਮਨ ਨੂੰ ਸੰਤੋਖ ਵਿਚ ਲਿਆਵੇ, ਤੇ ਸਰਬ ਜੀਆਂ ਉਤੇ ਦਯਾ ਕਰੇ। ਮਨ ਦੀਆਂ ਤਰੰਗਾਂ (Thought waves) ਨੂੰ ਰੋਕੇ, ਮਨ ਨੂੰ ਇਕਾਗਰ (Concentrate) ਕਰੇ, ਇੰਦਰੀਆਂ (Sense organs) ਨੂੰ ਸਭ ਪਾਸਿਆਂ ਤੋਂ ਰੋਕ ਕੇ ਮਨ ਨੂੰ ਹਰੀ ਕੀਰਤਨ ਅਤੇ ਨਾਮ ਦੀ ਧੁਨੀ ਵਿਚ ਲਗਾਵੇ, ਇਸ ਧੁਨੀ ਵਿਚ ਐਸੇ ਲੀਨ ਹੋ ਜਾਵੇ ਕਿ ਆਪਣਾ ਆਪ ਭੁਲ ਜਾਵੇ ਅਤੇ ਹਰੀ ਹੀ ਹਰੀ ਦਿਸੇ। 'ਹਰੀ' ਹੀ ਹਰੀ ਸਭ ਤਰਫ ਤੋਂ ਸੁਣਾਈ ਦੇਵੇ। ਐਸਾ ਕਰਨ ਨਾਲ ਤਨ ਤੇ ਮਨ ਦੋਵੇਂ ਪਵਿਤਰ ਹੋ ਜਾਣਗੇ ਅਤੇ ਜਿਹੜਾ ਪਾਰਬ੍ਰਹਮ ਸਾਰੇ ਰਵਿਆ ਹੋਇਆ ਹੈ (ਜੋ ਬਹੁਤ ਸੂਖਸ਼ਮ ਹੋਣ ਕਰ ਕੇ ਸਾਨੂੰ ਨਹੀਂ ਦਿਸਦਾ) ਨਜ਼ਰ ਆਉਣ ਲਗ ਜਾਵੇਗਾ ਜਿਸ ਨਾਲ ਇਕ ਹੋ ਕੇ ਸਾਡੀ ਜਗਤ ਯਾਤਰਾ ਸਫਲ ਹੋ ਜਾਵੇਗੀ, ਅਤੇ ਅਸੀਂ ਰਬ ਜੀ ਵਰਗੇ ਪੂਰਨ ਤੇ ਸੁਖੀ ਹੁੰਦੇ ਜਾਵਾਂਗੇ।

# ਸੰਤ ਧੂੜੀ

ਸੰਤ ਦੇ ਪੈਰ ਦੀ ਧੂੜ ਅਤੇ ਜ਼ਮੀਨ ਤੇ ਪਈ ਧੂੜ ਵਿਚ ਜ਼ਾਤੀ ਤੌਰ ਤੇ ਕੋਈ ਫਰਕ ਨਹੀਂ ਹੁੰਦਾ, ਦੋਵੇਂ ਧੂੜਾਂ, ਧੂੜਾਂ ਹੀ ਹੁੰਦੀਆਂ ਹਨ, ਦੋਵਾਂ ਦੀ ਅਸਲੀਅਤ ਮਿੱਟੀ ਹੁੰਦੀ ਹੈ। ਜੇਹੜੇ ਲੋਕ ਸੰਤਾਂ ਦੇ ਪੈਰ ਦੀ ਧੂੜ ਨੂੰ ਏਸ ਵਾਸਤੇ ਮਥੇ ਤੇ ਲਗਾਂਦੇ ਹਨ ਕਿ ਉਹ ਧੂੜ ਨਹੀਂ, ਆਪਣੀ ਜ਼ਾਤੀ ਬਨਾਵਟ ਵਿਚ ਧੂੜ ਤੋਂ ਉਤੇ ਕੁਝ ਹੋਰ ਹੋ ਗਈ ਹੈ, ਉਹ ਗਲਤੀ ਕਰਦੇ ਹਨ। ਕਿਉਂਕਿ ਵਿਗਿਆਨਕ ਤੌਰ ਤੇ ਧੂੜ, ਧੂੜ ਹੀ ਹੈ ਭਾਵੇਂ ਉਹ ਹਨੇਰੀ ਦੀ ਸ਼ਕਲ ਵਿਚ ਉਡੇ, ਭਾਵੇਂ ਜ਼ਮੀਨ ਤੇ ਡਿਗੀ ਪਈ ਰਹੇ ਤੇ ਭਾਵੇਂ ਸੰਤਾਂ ਦੇ ਚਰਨਾਂ ਉਤੇ ਚਲਦਿਆਂ ਫਿਰਦਿਆਂ ਬੈਠ ਜਾਵੇ। ਹਰ ਹਾਲਤ ਵਿਚ ਧੂੜ ਧੂੜ ਹੈ।

ਫਿਰ ਸੰਤ ਦੀ ਧੂੜ ਦੀ ਗੁਰੂ ਗਰੰਥ ਸਾਹਿਬ ਅਤੇ ਹੋਰ ਪੁਰਾਤਨ ਗਰੰਥਾਂ ਵਿਚ ਇਤਨੀ ਮਹਿਮਾ ਕਿਉਂ ਲਿਖੀ ਹੈ? ਕੀ ਇਹ ਮਹਿਮਾਂ, ਮੁਬਾਲਗੇ ਦੇ ਤੌਰ ਤੇ ਜਾਂ ਸ਼ਇਰਾਨਾ ਹੈਸੀਅਤ ਵਿਚ ਹੈ, ਅਤੇ ਇਸ ਦੀ ਅਸਲੀ ਕੀਮਤ ਕੁਝ ਨਹੀਂ ਜਾਂ ਇਤਨੀ ਨਹੀਂ ਜਿਤਨੀ ਲਿਖੀ ਹੈ ਜਾਂ ਕਿ ਇਸ ਸਾਰੇ ਮਸਲੇ ਦੀ ਤਹਿ ਵਿਚ ਕੋਈ ਵਿਗਿਆਨਕ ਸਚਾਈ ਹੈ, ਕੋਈ ਆਤਮਕ ਰਮਜ਼ ਜਾਂ ਝਲਕ ਹੈ?

ਪੂਰਬੀ ਦੇਸਾਂ ਵਿਚ ਆਮ ਕਰ ਕੇ ਅਤੇ ਹਿੰਦੁਸਤਾਨ ਵਿਚ

ਖਾਸ ਕਰ ਕੇ, ਦੂਸਰੇ ਦੇ ਪੈਰਾਂ ਤੇ ਸਿਰ ਝੁਕਾਣਾ ਦਿਲ ਦੀ ਆਜਜ਼ੀ, ਬੇਬਸੀ, ਨਿਰਮਾਣਤਾ ਅਤੇ ਅਧੀਨਗੀ ਪਰਗਟ ਕਰਨ ਦਾ ਇਕ ਤਰੀਕਾ ਹੈ। ਜਦ ਦੋ ਆਦਮੀ ਲੜਦੇ ਹੋਣ ਤੇ ਇਕ ਦੂਸਰੇ ਤੇ ਭਾਰੂ ਹੋ ਜਾਵੇ ਤਾਂ ਹਾਰਿਆ ਹੋਇਆ ਜਿਤੇ ਹੋਏ ਦੇ ਪੈਰਾਂ ਤੇ ਸਿਰ ਰਖ ਦੇਂਦਾ ਹੈ ਅਤੇ ਇਸ ਤਰੀਕੇ ਨਾਲ ਆਪਣੀ ਹਾਰ ਅਤੇ ਜਿਤੇ ਹੋਏ ਦੀ ਜਿੱਤ ਨੂੰ ਤਸਲੀਮ ਕਰਦਾ ਹੈ। ਪੈਰਾਂ ਤੇ ਸਿਰ ਰਖਣ ਵਾਲਾ ਜਿਸ ਦੇ ਪੈਰਾਂ ਤੇ ਸਿਰ ਰਖੇ ਉਸ ਦੀ ਵਡਿਆਈ, ਤਾਕਤ, ਸਮਰਥਾ ਅਤੇ ਆਪਣੀ ਬੇਬਸੀ ਤੇ ਅਧੀਨਗੀ ਨੂੰ ਕਬੂਲਦਾ ਹੈ। ਪੈਰਾਂ ਤੇ ਸਿਰ ਰਖਣ ਵਾਲਾ ਆਪਣੇ ਦਿਲ ਦਾ ਭਾਵ ਕਿ ਮੈਂ ਤੇਰੀ ਸ਼ਰਨ ਵਿਚ ਆ ਗਿਆ ਹਾਂ, ਤੂੰ ਜਿਵੇਂ ਜਾਣੇ ਮੇਰੀ ਰਖਸ਼ਾ ਜਾਂ ਸਹਾਇਤਾ ਕਰ, ਆਪਣੇ ਸਿਰ ਨੂੰ ਦੂਜੇ ਦੇ ਪੈਰਾਂ ਤੇ ਰਖ ਕੇ ਪਰਗਟ ਕਰਦਾ ਹੈ।

ਕਿਸੇ ਦੇ ਪੈਰਾਂ ਉਤੇ ਹਾਰ ਖਾ ਕੇ ਸਿਰ ਰਖ ਦੇਣਾ, ਮਜਬੂਰੀ ਕਰ ਕੇ ਹੁੰਦਾ ਹੈ, ਜਿਵੇਂ ਯੁੱਧ ਵਿਚ ਹਾਰਿਆ ਹੋਇਆ ਆਪਣੀ ਜਾਨ ਬਚਾਣ ਪਿਛੇ ਆਪਣੇ ਵੈਰੀ ਦੇ ਪੈਰਾਂ ਤੇ ਆਜਜ਼ੀ ਤੇ ਅਧੀਨਗੀ ਵਜੋਂ ਸਿਰ ਰਖ ਦਿੰਦਾ ਹੈ। ਪਰ ਸੰਤ ਦੇ ਪੈਰਾਂ ਤੇ ਸਿਰ ਰਖ ਕੇ ਉਸ ਦੀ ਚਰਨ ਧੂੜ ਨੂੰ ਮਥੇ ਅਤੇ ਅਖੀਆਂ ਤੇ ਲਗਾਣਾ ਮਜਬੂਰੀ ਵਾਲੀ ਆਜਜ਼ੀ ਤੇ ਅਧੀਨਗੀ ਨਹੀਂ ਹੁੰਦੀ ਸਗੋਂ ਪਰਸੰਸਾ ਅਤੇ ਚਾਹ ਦੇ ਜਜ਼ਬੇ ਨੂੰ ਪਰਗਟ ਕਰਦਾ ਹੈ ਕਿ ਉਹ ਹੋਰ ਸਾਰੇ ਆਸਰੇ ਛਡ ਕੇ, ਆਪਣੀ ਖੁਸ਼ੀ ਨਾਲ ਸੰਤ ਦੀ ਸ਼ਰਨ ਅਤਿ ਆਜਜ਼ੀ ਤੇ ਅਧੀਨਗੀ ਨਾਲ ਇਸ ਲਈ ਆਇਆ ਹੈ ਕਿ ਸੰਤ ਉਸ ਦੀ ਬੇਬਸੀ ਤੇ ਤਰਸ ਕਰ ਕੇ ਉਸ ਨੂੰ ਆਤਮ ਮਾਰਗ ਉਤੇ ਟੁਰਨ ਵਿਚ ਸਹਾਇਤਾ ਦੇਵੇ।

ਇਸ ਵਿਚਾਰ ਅਨੁਸਾਰ ਮਹਾਤਮਾ ਜਾਂ ਸੰਤ ਜਨਾਂ ਪਾਸ ਜਾ ਕੇ ਉਹਨਾਂ ਦੀ ਇਜ਼ਤ ਅਤੇ ਆਪਣੇ ਦਿਲ ਦੀ ਨਿਰਮਾਣਤਾ

ਪਰਗਟ ਕਰਨ ਵਾਸਤੇ ਮਥਾ ਟੇਕਣ ਅਤੇ ਸੰਤ ਦੀ ਚਰਨ ਧੂੜ ਨੂੰ ਅਖਾਂ ਨਾਲ ਲਗਾਣ ਦੇ ਆਤਮਕ ਲਾਭ ਹਨ, ਕਿਉਂਕਿ ਐਸਾ ਕਰਨ ਨਾਲ ਨਾ ਕੇਵਲ ਆਪਣੀ ਨਿਰਮਾਣਤਾ ਹੀ ਪਰਗਟ ਹੁੰਦੀ ਹੈ ਸਗੋਂ ਸੰਤ ਦੇ ਦਿਲ ਵਿਚ ਤਰਸ ਦੀ ਲਹਿਰ ਤੇ ਸਹਾਇਤਾ ਦਾ ਉਤਸਾਹ ਵੀ ਪੈਦਾ ਹੁੰਦਾ ਹੈ।

ਆਤਮ-ਮਾਰਗ ਤੇ ਚਲਣ ਵਾਲੇ ਪੁਰਸ਼ਾਂ ਦਾ ਨਿਸ਼ਾਨਾ ਆਪਣੀ ਹਉਮੈ ਜਾਂ ਖੁਦੀ ਨੂੰ ਮਾਰਨਾ ਹੁੰਦਾ ਹੈ, ਇਸ ਵਾਸਤੇ ਸੰਤ ਦੇ ਚਰਨਾਂ ਤੇ ਮੱਥਾ ਟੇਕਿਆਂ, ਉਸ ਨੂੰ ਚੁੰਮਿਆਂ ਤੇ ਧੂੜੀ ਨੂੰ ਮਥੇ ਤੇ ਲਗਾਇਆਂ, ਹਉਮੈ ਕਮਜ਼ੋਰ ਤੇ ਮਨ ਨਿਰਮਾਣ ਹੁੰਦਾ ਹੈ। ਜਿਉਂ ਜਿਉਂ ਹਉਮੈ ਮਰੇ ਤੇਂ ਮਨ ਨਿਰਮਾਣ ਹੋਵੇ, ਅੰਤਰ ਆਤਮਾ ਤੋਂ ਸਰੂਰ ਜਾਂ ਆਤਮ ਰਸ ਨਿਕਲ ਕੇ ਗੁਰਸਿਖ ਨੂੰ ਨਿਹਾਲ ਕਰਦਾ ਹੈ। ਏਹੀ ਵਜ੍ਹਾ ਏ ਕਿ ਨਿਰਮਾਣਤਾ ਨਾਲ ਮਥਾ ਟੇਕਣ ਦੀ ਆਦਤ ਪਾਇਆਂ, ਮਥਾ ਟੇਕਣ ਵਾਲੇ ਨੂੰ, ਮਥਾ ਟੇਕਣ ਵੇਲੇ ਆਪਣੇ ਅੰਦਰ ਡਾਹਡਾ ਸੁਆਦ ਆਉਂਦਾ ਹੈ। ਡਾਕਟਰ ਇਕਬਾਲ ਨੇ ਆਪਣੀ ਕਵਿਤਾ ਵਿਚ ਇਸੇ ਆਤਮਕ ਰਸ ਵਲ ਇਸ਼ਾਰਾ ਕੀਤਾ ਹੈ ਜੋ ਕਿ ਸਿਖ ਨੂੰ ਮਥਾ ਟੇਕਣ ਵੇਲੇ ਆਉਂਦਾ ਹੈ। ਆਪ ਲਿਖਦੇ ਹਨ -

*ਅਗਰ ਕੁਛ ਆਸ਼ਨਾ ਹੋਤਾ*
*ਮਜ਼ਾਕੇ ਜਿੱਬਾ ਸਾਈ ਸੇ।*
*ਤੋ ਸੰਗੇ ਆਸਤੀਨੇ ਕਾਬਾ*
*ਜਾ ਮਿਲਤਾ ਜਬੀਨੋਂ ਸੇ।*

ਭਾਵ, ਜੇਕਰ ਕਾਬੇ ਦੀ ਦਹਿਲੀਜ਼ ਨੂੰ ਉਸ ਸਵਾਦ ਜਾਂ ਰਸ ਦਾ ਪਤਾ ਲਗ ਜਾਂਦਾ ਜੋ ਉਸ ਉਤੇ ਸਿਰ ਰਖ ਕੇ ਮਥਾ ਟੇਕਣ ਵਾਲੇ ਸ਼ਰਧਾਲੂਆਂ ਨੂੰ ਆਉਂਦਾ ਹੈ, ਤਾਂ ਉਹ ਪਥਰ ਦੀ ਦਹਿਲੀਜ਼ ਵਾਲੀ ਆਪਣੀ ਹਸਤੀ ਨੂੰ ਤਿਆਗ ਕੇ ਸ਼ਰਧਾਲੂਆਂ ਦਾ ਮਥਾ

ਜਾ ਬਣਦੀ। ਕਿਉਂਕਿ ਪੱਥਰ ਦੀ ਦਹਿਲੀਜ਼ ਪੱਥਰ ਦੀ ਹੀ ਰਹਿੰਦੀ ਹੈ ਐਪਰ ਸਾਰਾ ਸਵਾਦ ਉਸ ਉਤੇ ਨਿਮਰਤਾ ਨਾਲ ਝੁਕਣ ਵਾਲੇ ਮਥੇ ਹੀ ਲੈ ਜਾਂਦੇ ਹਨ।

ਝੁਕਣਾ, ਮਥਾ ਟੇਕਣਾ, ਚਰਨ ਧੂੜ ਮਥੇ ਨੂੰ ਲਗਾਣੀ ਸਭ ਐਸੇ ਜਿਸਮਾਨੀ ਕੰਮ ਹਨ ਜਿਨ੍ਹਾਂ ਦੇ ਨਾਲ ਦਿਲ ਵਿਚ ਨਿਮਰਤਾ, ਆਜਜ਼ੀ ਤੇ ਅਧੀਨਗੀ ਦੀਆਂ ਲਹਿਰਾਂ ਉਪਜਦੀਆਂ ਹਨ। ਏਹਨਾਂ ਲਹਿਰਾਂ ਦਾ ਉਪਜਣਾ ਆਤਮ-ਮਾਰਗ ਦੇ ਪਾਂਧੀ ਵਾਸਤੇ ਡਾਹਡਾ ਲਾਭਦਾਇਕ ਹੁੰਦਾ ਹੈ। ਅਸਲ ਵਿਚ ਇਹ ਲਹਿਰਾਂ ਹੀ ਜਰੂਰੀ ਹਨ। ਏਹਨਾਂ ਦੇ ਉਪਜਾਣ ਦੇ ਤਰੀਕੇ ਐਡੇ ਜ਼ਰੂਰੀ ਨਹੀਂ। ਜਦ ਇਹ ਲਹਿਰਾਂ ਕਿਸੇ ਹੋਰ ਤਰੀਕੇ ਵਿਚ ਪੈਦਾ ਹੋ ਜਾਣ ਤਾਂ ਓਹੀ ਤਰੀਕਾ ਆਤਮ-ਮਾਰਗ ਵਿਚ ਸਤਕਾਰ ਪਾ ਸਕਦਾ ਹੈ। ਮਿਸਾਲ ਦੇ ਤੌਰ ਤੇ ਚਰਨਾਂ ਤੇ ਮਥਾ ਟੇਕਣ ਦੀ ਈਸਾਈਆਂ ਵਿਚ ਰਸਮ ਨਹੀਂ। ਈਸਾਈ ਸੰਤਾਂ ਪਾਸ ਜਾ ਕੇ ਮਥਾ ਨਹੀਂ ਟੇਕਦੇ ਸਗੋਂ ਸਿਰ ਤੋਂ ਟੋਪੀ ਲਾਹ ਕੇ ਸਤਕਾਰ ਕਰਦੇ ਹਨ। ਈਸਾਈਂ ਧਰਮ ਵਿੱਚ ਟੋਪੀ ਲਾਹ ਕੇ ਗਰਦਨ ਨੂੰ ਜਰਾ ਝੁਕਾ ਦੇਣਾ ਹੀ ਦਿਲ ਵਿਚ ਆਜਜ਼ੀ ਤੇ ਨਿਮਰਤਾ ਦੀਆਂ ਲਹਿਰਾਂ ਪੈਦਾ ਕਰ ਦੇਂਦਾ ਹੈ।

ਇਸ ਵਾਸਤੇ ਜਿਸ ਮੁਲਕ ਦੇ ਮਹਾਤਮਾ ਪਾਸ ਜਾਓ ਉਸ ਮੁਲਕ ਦੀ ਮਰਯਾਦਾ ਅਨੁਸਾਰ, ਉਸ ਦਾ ਸਚੇ ਦਿਲੋਂ ਤੇ ਭਰੋਸੇ ਨਾਲ ਸਤਕਾਰ ਕਰਨ ਨਾਲ ਮਹਾਤਮਾ ਦੇ ਦਿਲ ਵਿਚ ਪਰਸੰਨਤਾ, ਤਰਸ ਤੇ ਸਹਾਇਤਾ ਕਰਨ ਦੇ ਜਜ਼ਬੇ ਪੈਦਾ ਹੋ ਸਕਦੇ ਹਨ।

ਜਦ ਤਕ ਪੰਜਾਬ ਵਿਚ ਮਥਾ ਟੇਕਣਾ, ਚਰਨ ਚੁੰਮਣੇ, ਨਿਰਮਾਣਤਾ ਤੇ ਅਧੀਨਗੀ ਦੇ ਨਿਸ਼ਾਨ ਮੰਨੇ ਜਾਣਗੇ (ਜਿਹਾ ਕਿ ਗੁਰੂ ਸਾਹਿਬਾਨ ਦੇ ਸਮੇਂ ਮੰਨੇ ਜਾਂਦੇ ਸਨ) ਤਦ ਤਕ ਗੁਰ ਸਿੱਖਾਂ ਦੇ ਸੰਤਾਂ ਪਾਸ ਜਾ ਕੇ ਅਧੀਨਗੀ ਨਾਲ ਮਥੇ ਟੇਕਣੇ ਤੇ ਚਰਨ ਧੂੜ ਲੈਣੀ ਸੰਤਾਂ ਦੀ ਪਰਸੰਨਤਾ ਉਪਜਾਣ ਵਿਚ ਸਫਲ ਹੁੰਦੇ

ਰਹਿਣਗੇ।

ਸਾਨੂੰ ਸਚੇ ਮਹਾਤਮਾ ਦੇ ਚਰਨਾਂ ਤੇ ਸਿਰ ਰਖਣ ਅਤੇ ਉਸ ਅਤਿ ਅਧੀਨਗੀ ਦੀ ਹਾਲਤ ਵਿਚ ਆਪਣੇ ਅੰਦਰੋਂ ਅਤਿ ਸੀਤਲਤਾ ਦੀਆਂ ਲਹਿਰਾਂ ਦੇ ਰਸ ਮਾਨਣ ਦਾ ਤਜਰਬਾ ਹੈ। ਇਸ ਲਈ ਅਸੀਂ ਵਿਸ਼ਵਾਸ ਰਖਦੇ ਹਾਂ ਕਿ ਗੁਰੂ ਗਰੰਥ ਜੀ ਅੰਦਰ ਇਸ ਭਾਵ ਦੇ ਲਿਖੇ ਸਭ ਮਹਾਂਵਾਕ ਸਚੇ ਹਨ।

*ਗੁਰਸਿਖਾਂ ਕੀ ਹਰਿ ਧੂੜਿ ਦੇਹਿ*
*ਹਮ ਪਾਪੀ ਭੀ ਗਤਿ ਪਾਂਹਿ ॥* *ਅੰਗ - 1424*

# ਵਰਦੀ ਦੀ ਲੋੜ

ਸਿਪਾਹੀ ਦੀ ਭਰਤੀ ਦਾ ਅਸਲ ਮਨੋਰਥ, ਸਮਾਂ ਆਉਣ ਉਤੇ ਉਸ ਦਾ ਦੁਸ਼ਮਣ ਨਾਲ ਲੜਨਾ, ਮਰਨਾ ਜਾਂ ਮਾਰਨਾ ਹੁੰਦਾ ਹੈ ਐਪਰ ਇਸ ਮਨੋਰਥ ਦੀ ਪੂਰਤੀ ਲਈ ਭਰਤੀ ਕਰਨ ਤੋਂ ਇਲਾਵਾ ਹੋਰ ਬਹੁਤ ਕੁਝ ਵੀ ਕੀਤਾ ਜਾਂਦਾ ਹੈ। ਭਰਤੀ ਕਰਨ ਤੋਂ ਪਹਿਲੇ ਸਿਪਾਹੀ ਦੀ ਜਿਸਮਾਨੀ ਸੇਹਤ ਚੰਗੀ ਤਰ੍ਹਾਂ ਦੇਖੀ ਜਾਂਦੀ ਹੈ। ਉਪਰੰਤ ਵਰਦੀ ਪਹਿਨਾਈ ਜਾਂਦੀ ਹੈ, ਕਵਾਇਦ ਸਿਖਾਈ ਜਾਂਦੀ ਹੈ, ਸ਼ਸਤਰ ਚਲਾਣ ਦਾ ਵਲ ਦਸਿਆ ਜਾਂਦਾ ਹੈ, ਦਿਨ ਰਾਤ ਦੂਸਰੇ ਸਿਪਾਹੀਆਂ ਵਿਚ ਰਖਿਆ ਜਾਂਦਾ ਹੈ, ਅਤੇ ਮੇਹਨਤ ਮੁੱਸ਼ਕਲ ਦੀ ਆਦਤ ਪਾਈ ਜਾਂਦੀ ਹੈ।

ਵਿਚਾਰਵਾਨ ਦੇ ਦਿਲ ਵਿਚ ਸਵਾਲ ਪੈਦਾ ਹੋ ਸਕਦਾ ਹੈ ਕਿ ਸਿਪਾਹੀ ਦੇ ਜਿਸਮਾਨੀ ਸੇਹਤ ਦਾ ਚੰਗਿਆਂ ਹੋਣਾ, ਉਸ ਨੂੰ ਕਵਾਇਦ ਕਰਨੀ ਆਉਣੀ, ਸ਼ਸਤਰ ਚਲਾਣੇ ਆਉਣੇ, ਮੇਹਨਤ ਦਾ ਆਦੀ ਹੋਣਾ ਤਾਂ ਜ਼ਰੂਰੀ ਜਾਪਦੇ ਹਨ ਕਿਉਂਕਿ ਇਹ ਸਭ ਸਿਪਾਹੀ ਦੇ ਅਸਲ ਮਨੋਰਥ 'ਲੜਾਈ ਕਰਨ' ਵਿਚ ਸਹਾਇਤਾ ਕਰਦੇ ਹਨ, ਸਿਪਾਹੀ ਨੂੰ ਚੰਗਾ ਤੇ ਪੂਰਾ ਸਿਪਾਹੀ ਬਨਾਣ ਵਿਚ ਮਦਦ ਦੇਂਦੇ ਹਨ, ਪਰ ਸਿਪਾਹੀ ਨੂੰ ਇਕ ਖਾਸ ਰੰਗ ਤੇ ਢੰਗ ਦੀ ਵਰਦੀ ਪਹਿਨਣੀ ਕਿਉਂ ਲਾਜ਼ਮੀ ਰਖੀ ਜਾਂਦੀ ਹੈ। ਇਸ ਦਾ ਸਿਪਾਹੀ ਦੇ ਅਸਲ ਲੜਨ ਮਰਨ ਦੇ ਪੇਸ਼ੇ ਨਾਲ ਕੀ ਸਬੰਧ ਹੈ?

ਜਦ ਇਸ ਮਾਮਲੇ ਦੀ ਖੋਜ ਚੰਗੀ ਤਰ੍ਹਾਂ ਕੀਤੀ ਜਾਵੇ ਤਾਂ ਪਤਾ ਲਗੇਗਾ ਕਿ ਵਰਦੀ ਕੇਵਲ ਉਸੇ ਸਿਪਾਹੀ ਲਈ ਹੀ ਜ਼ਰੂਰੀ ਨਹੀਂ ਸਮਝੀ ਜਾਂਦੀ ਜਿਸ ਨੇ ਸਮਾਂ ਆਉਣ ਉਤੇ ਦੁਸ਼ਮਣ ਦਾ ਸ਼ਸਤਰਾਂ ਨਾਲ ਮੁਕਾਬਲਾ ਕਰਨਾ ਹੈ, ਸਗੋਂ ਵਰਦੀ ਉਹਨਾਂ ਸਭ ਆਦਮੀਆਂ ਲਈ ਹੀ ਜ਼ਰੂਰੀ ਸਮਝੀ ਜਾਂਦੀ ਹੈ ਜਿਹੜੇ ਸਿਧੇ ਜਾਂ ਵਿੰਗੇ ਤਰੀਕੇ ਨਾਲ ਅਸਲੀ ਸਿਪਾਹੀਆਂ ਨੂੰ ਲੜਨ ਵਿਚ ਮਦਦ ਕਰਦੇ ਹਨ। ਸਿਪਾਹੀਆਂ ਨੂੰ ਇਕ ਥਾਂ ਤੋਂ ਦੂਜੀ ਥਾਂ ਲੈ ਜਾਣ ਵਾਲੀਆਂ ਲਾਰੀਆਂ ਦੇ ਡਰਾਈਵਰ ਨੂੰ ਵੀ ਵਰਦੀ ਪਹਿਨਣੀ ਜ਼ਰੂਰੀ ਹੈ, ਸਿਪਾਹੀਆਂ ਨੂੰ ਰਾਸ਼ਨ ਸਪਲਾਈ ਕਰਨ ਵਾਲੇ ਮਹਿਕਮੇ ਦੇ ਆਦਮੀਆਂ ਨੂੰ ਵੀ ਵਰਦੀ ਪਹਿਨਣੀ ਜ਼ਰੂਰੀ ਹੈ, ਸਿਪਾਹੀਆਂ ਨੂੰ ਜ਼ਖਮੀ ਹੋਣ ਦੀ ਹਾਲਤ ਵਿਚ ਮਲ੍ਹਮ-ਪਟੀ ਕਰਨ ਵਾਲੇ ਡਾਕਟਰਾਂ, ਨਰਸਾਂ ਆਦਿ ਸਭ ਲੋਕਾਂ ਲਈ ਵਰਦੀ ਪੈਹਨਣੀ ਜ਼ਰੂਰੀ ਹੈ। ਅਜ ਕਲ ਦੀਆਂ ਫ਼ੌਜਾਂ ਵਿਚ ਲੜਨ ਵਾਲੇ ਸਿਪਾਹੀਆਂ ਨਾਲੋਂ, ਉਹਨਾਂ ਦਾ ਉਤਲਾ ਖਿਆਲ ਰਖਣ ਵਾਲੇ ਆਦਮੀ ਬਹੁਤ ਹੁੰਦੇ ਹਨ ਪਰ ਵਰਦੀ ਸਭ ਵਾਸਤੇ ਜ਼ਰੂਰੀ ਸਮਝੀ ਜਾਂਦੀ ਹੈ।

ਵਰਦੀ ਦੀ ਮਹੱਤਤਾ ਇਥੇ ਹੀ ਖਤਮ ਨਹੀਂ, ਅੰਗਰੇਜ਼ਾਂ ਦਾ ਬਾਦਸ਼ਾਹ ਵੀ ਜਿਸ ਨੇ ਸ਼ਸਤਰ ਲੈ ਕੇ ਆਪ ਕਦੇ ਵੀ ਨਹੀਂ ਲੜਨਾ, ਜੰਗ ਦੇ ਦਿਨਾਂ ਵਿਚ, ਜਦ ਪਬਲਿਕ ਵਿਚ ਆਉਂਦਾ ਹੈ, ਵਰਦੀ ਪਹਿਨ ਕੇ ਆਉਂਦਾ ਹੈ। ਏਸੇ ਤਰ੍ਹਾਂ ਦੁਨੀਆਂ ਦੇ ਦੂਜੇ ਮੁਲਕਾਂ ਦੇ ਬਾਦਸ਼ਾਹ, ਡਿਕਟੇਟਰ, ਜਰਨੈਲ ਆਦਿ ਹਮੇਸ਼ਾ ਜ਼ਰੂਰੀ ਮੌਕਿਆਂ ਤੇ ਵਰਦੀ ਪਹਿਨਦੇ ਹਨ। ਵਰਦੀ ਦੀ ਰਸਮ ਕਿਉਂ ਇਤਨੀ ਜ਼ਰੂਰੀ ਸਮਝੀ ਜਾਂਦੀ ਹੈ? ਇਸ ਗਲ ਦਾ ਜੇ ਸਾਨੂੰ ਪਤਾ ਲਗ ਜਾਵੇ ਤਾਂ ਸਾਨੂੰ ਖਾਲਸੇ ਲਈ ਪੰਜਾਂ ਕਕਾਰਾਂ ਦੇ ਧਾਰਨ ਕਰਨ ਦੀ ਰਸਮ ਦੀ ਜ਼ਰੂਰਤ ਦਾ ਵੀ ਪਤਾ ਲਗ ਜਾਵੇਗਾ। ਕਿਉਂਕਿ

ਵਰਦੀ ਨਿਰੇ ਫੌਜੀ ਹੀ ਨਹੀਂ ਪਹਿਨਦੇ, ਸਗੋਂ ਇਹ ਸਭ ਜਥੇ ਬੰਦੀਆਂ ਵਿਚ ਭਾਵੇਂ ਉਹ ਰਾਜਸੀ ਹੋਣ ਭਾਵੇਂ ਧਾਰਮਕ, ਕਿਸੇ ਨ ਕਿਸੇ ਸ਼ਕਲ ਵਿਚ ਮੌਜੂਦ ਹੁੰਦੀ ਹੈ।

ਵਰਦੀ ਦੁਨੀਆਂ ਦੇ ਸ਼ੁਰੂ ਤੋਂ ਹੀ ਹਰ ਕਿਸਮ ਦੀ ਜਥੇਬੰਦੀ ਲਈ ਬੜੀ ਜ਼ਰੂਰੀ ਸਮਝੀ ਗਈ ਹੈ, ਵਰਦੀ ਤੋਂ ਬਗੈਰ ਕੋਈ ਜਥੇਬੰਦੀ ਕਾਇਮ ਨਹੀਂ ਰਹਿ ਸਕਦੀ। ਪਰ ਇਕ ਜਥੇਬੰਦੀ ਦੇ ਮਨੋਰਥ ਜਾਂ ਆਦਰਸ਼, ਦੂਸਰੇ ਉਹਨਾਂ ਮਨੋਰਥਾਂ ਜਾਂ ਆਦਰਸ਼ ਨੂੰ ਪੂਰਾ ਕਰਨ ਵਾਲੇ ਮੈਂਬਰ। ਆਦਰਸ਼ ਜਾਂ ਮਨੋਰਥ ਕਿਉਂਕਿ ਅਰੂਪ ਚੀਜ਼ਾਂ ਹਨ, ਇਹਨਾਂ ਨੂੰ ਦ੍ਰਿਸ਼ਟਮਾਨ ਦੁਨੀਆਂ ਵਿਚ ਕਿਸੇ ਅਸਥੂਲ ਤਰੀਕੇ ਵਿਚ ਜ਼ਾਹਿਰ ਨਹੀਂ ਕੀਤਾ ਜਾ ਸਕਦਾ, ਇਸ ਲਈ ਕਿਸੇ ਖਾਸ ਮਨੋਰਥ ਜਾਂ ਆਦਰਸ਼ ਨੂੰ ਪੂਰਾ ਕਰਨ ਵਾਲੇ ਮੈਂਬਰਾਂ ਨੂੰ ਦੂਸਰੇ ਇਨਸਾਨਾਂ ਨਾਲੋਂ ਨਖੇੜਨ ਲਈ, ਉਹਨਾਂ ਦੀ ਪੁਸ਼ਾਕ ਵਿਚ ਕੁਝ ਐਸੇ ਚਿੰਨ੍ਹ ਰਖੇ ਜਾਂਦੇ ਹਨ ਜਿਨ੍ਹਾਂ ਕਰਕੇ ਉਹ ਸਦਾ ਦੂਸਰੇ ਇਨਸਾਨਾਂ ਨਾਲੋਂ ਵਖਰੇ ਕੀਤੇ ਜਾ ਸਕਣ। ਦੂਸਰੇ ਅਰਥਾਂ ਵਿਚ ਬਾਹਰ ਦੀ ਵਰਦੀ ਜਾਂ ਚਿੰਨ੍ਹ ਇਨਸਾਨਾਂ ਦੇ ਅੰਦਰਲੇ ਜੀਵਨ ਆਦਰਸ਼ ਜਾਂ ਮਨੋਰਥਾਂ ਦੀ ਇਕ ਅਸਥੂਲ ਨਿਸ਼ਾਨੀ ਹੁੰਦੀ ਹੈ ਜਿਸ ਨਾਲ ਦੂਸਰੇ ਇਨਸਾਨਾਂ ਨਾਲੋਂ ਅੱਡ ਕੀਤੇ ਜਾ ਸਕਣ।

ਵਰਦੀ, ਇਨਸਾਨ ਦੇ ਅੰਦਰਲੇ ਸੂਖਸ਼ਮ ਅਤੇ ਅਰੂਪ ਖਿਆਲ, ਆਸ਼ੇ, ਨਿਸ਼ਚੇ ਤੇ ਆਦਰਸ਼ ਨੂੰ ਜ਼ਾਹਿਰ ਕਰਨ ਦਾ ਇਕ ਅਸਥੂਲ ਵਸੀਲਾ ਹੈ, ਜੋ ਹਰ ਇਕ ਜਥੇਬੰਦੀ ਵਾਸਤੇ ਕਿਸੇ ਨਾ ਕਿਸੇ ਸ਼ਕਲ ਵਿਚ ਧਾਰਨ ਕਰਨਾ ਜ਼ਰੂਰੀ ਹੈ ਤਾਕਿ ਉਸ ਦੇ ਮੈਂਬਰ ਆਮ ਲੋਕਾਂ ਵਿਚ ਰਲ ਗਡ ਕੇ ਸੌ ਫੀਸਦੀ ਇਕ ਨਾ ਹੋ ਜਾਣ (ਜੋ ਕਿ ਹੋਣੇ ਅਸੰਭਵ ਹਨ) ਤਦ ਤਕ ਇਨਸਾਨ ਦੇ ਅੰਦਰੂਨੀ ਖਿਆਲਾਂ ਤੇ ਆਦਰਸ਼ਾਂ ਨੂੰ ਜ਼ਾਹਿਰ ਕਰਨ ਲਈ ਕਿਸੇ ਨ ਕਿਸੇ ਸ਼ਕਲ ਵਿਚ ਵਰਦੀ ਜਾਂ ਕੋਈ ਬਾਹਰ ਦੇ ਅਸਥੂਲ ਚਿੰਨ੍ਹ ਸਦਾ

ਕਾਇਮ ਰਹਿਣਗੇ।

ਵਰਦੀ ਜਾਂ ਬਾਹਰ ਦੇ ਅਸਥੂਲ ਚਿੰਨ੍ਹ ਨਾ ਕੇਵਲ ਇਨਸਾਨ ਦੇ ਅੰਦਰਲੇ ਭਾਵਾਂ ਜਾਂ ਨਿਸਚਿਆਂ ਨੂੰ ਜ਼ਾਹਿਰ ਹੀ ਕਰਦੇ ਹਨ, ਇਹ ਸਗੋਂ ਉਹਨਾਂ ਨੂੰ ਕਾਇਮ ਰਖਣ ਅਤੇ ਮਜ਼ਬੂਤ ਬਨਾਣ ਵਿਚ ਵੀ ਸਹਾਇਤਾ ਦੇਂਦੇ ਹਨ। ਇਕ ਨਿਸਚੇ ਦੇ ਇਨਸਾਨਾਂ ਨੂੰ ਆਪਸ ਵਿਚ ਇਕਠੇ ਰਖਣ, ਉਹਨਾਂ ਵਿਚ ਪਰੇਮ, ਮਿਲਵਰਤਣ ਤੇ ਹਮਦਰਦੀ ਪੈਦਾ ਕਰਨ, ਉਹਨਾਂ ਨੂੰ ਇਕ ਲੜੀ ਵਿਚ ਪਰੋ ਕੇ ਤਾਕਤਵਰ ਬਨਾਣ ਵਿਚ ਵੀ ਵਰਦੀ ਜਾਂ ਬਾਹਰ ਦੇ ਚਿੰਨ੍ਹ ਅਤਿ ਲੋੜੀਂਦੀ ਚੀਜ਼ ਹੈ।

ਸਿੱਖ ਕੌਮ ਨੂੰ ਇਹ ਗਲ ਸਦਾ ਯਾਦ ਰਖਣੀ ਚਾਹੀਦੀ ਹੈ ਕਿ ਉਹਨਾਂ ਨੂੰ ਬੜੇ-ਬੜੇ ਬਿਖੜੇ ਤੇ ਭਿਆਨਕ ਸਮਿਆਂ ਵਿਚ ਸਹੀ ਸਲਾਮਤ ਰਖਣ ਵਾਲੇ ਕਾਰਨਾਂ ਵਿਚੋਂ ਉਹਨਾਂ ਦੇ ਕੇਸ, ਕੜੇ ਤੇ ਕਛਾ ਆਦਿ ਵੀ ਇਕ ਵਡੇ ਕਾਰਣ ਹਨ। ਜਿਥੇ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਤਾਲੀਮ ਜਾਂ ਗੁਰਬਾਣੀ ਨੇ ਸਿਖਾਂ ਦੇ ਕੌਮੀ ਸ਼ੀਰਾਜੇ ਨੂੰ ਸਦਾ ਬਚਾਇਆ ਹੈ ਉਥੇ ਸਿਖਾਂ ਦੀ ਬਾਹਰ ਦੀ ਵਰਦੀ ਜਾਂ ਪੰਜਾਂ ਕਕਾਰਾਂ ਨੇ ਵੀ ਸਿੱਖ ਕੌਮ ਨੂੰ ਕਾਇਮ ਰਖਣ ਵਿਚ ਤਕੜੀ ਸਹਾਇਤਾ ਕੀਤੀ ਹੈ। ਅਕਾਲੀਆਂ ਦੇ ਸਿਖੀ ਸਿਦਕ ਨੇ ਗੁਰਦੁਆਰਾ ਲਹਿਰ ਨੂੰ ਜੋ ਸਫਲਤਾ ਬਖਸ਼ੀ ਸੀ ਉਸ ਸਫਲਤਾ ਵਿਚ ਅਕਾਲੀਆਂ ਦੇ ਕਾਲੇ ਦਸਤਾਰੇ ਅਤੇ ਕ੍ਰਿਪਾਨ ਦਾ ਵੀ ਬਹੁਤ ਸਾਰਾ ਹਥ ਸੀ।

ਵਰਦੀ ਜਿਥੇ ਜਥੇਬੰਦੀ ਲਈ ਬੜੀ ਲਾਭਵੰਦ ਚੀਜ਼ ਹੈ ਉਥੇ ਅਗਰ ਇਸ ਦੀ ਸਹੀ ਪੋਜੀਸ਼ਨ ਨੂੰ ਨਾ ਸਮਝਿਆ ਜਾਵੇ ਜਾਂ ਇਸ ਦਾ ਨਾਜਾਇਜ਼ ਇਸਤੇਮਾਲ ਕੀਤਾ ਜਾਵੇ ਤਾਂ ਜਥੇਬੰਦੀ ਨੂੰ ਕਮਜ਼ੋਰ ਤੇ ਬਰਬਾਦ ਕਰਨ ਦਾ ਕਾਰਨ ਵੀ ਬਣ ਸਕਦੀ ਹੈ। ਇਨਸਾਨ ਦੇ ਇਤਿਹਾਸ ਨੇ ਵਰਦੀ ਦੇ ਚੰਗੇ ਤੇ ਮਾੜੇ ਦੋਵੇਂ ਪਹਿਲੂ ਸਾਬਤ

ਕੀਤੇ ਹਨ ਅਤੇ ਦਸਿਆ ਹੈ ਕਿ ਇਨਸਾਨ ਵਰਦੀ ਦਾ ਠੀਕ ਇਸਤੇਮਾਲ ਕਰਕੇ ਇਸ ਤੋਂ ਸਦਾ ਫਾਇਦਾ ਅਤੇ ਗਲਤ ਇਸਤੇਮਾਲ ਕਰਕੇ ਸਦਾ ਨੁਕਸਾਨ ਉਠਾਂਦਾ ਰਿਹਾ ਹੈ।

ਜਿਸ ਜਥੇਬੰਦੀ ਵਿਚ ਆਦਰਸ਼, ਅਸੂਲ ਅਤੇ ਮਨੋਰਥਾਂ ਦਾ ਦਰਜਾ ਬਾਹਰ ਦੀ ਵਰਦੀ ਤੋਂ ਉਚਾ ਰਖਿਆ ਜਾਵੇ, ਉਸ ਜਥੇਬੰਦੀ ਨੂੰ ਕਾਇਮ ਰਖਣ ਤੇ ਪਰਫੁਲਤ ਕਰਨ ਵਿਚ ਬਾਹਰ ਦੀ ਪੋਸ਼ਸ਼, ਰਹਿਤ ਮਰਯਾਦਾ ਜਾਂ ਵਰਦੀ ਸਹਾਇਦਾ ਦਿੰਦੀ ਹੈ। ਐਪਰ ਜਿਥੇ ਵਰਦੀ ਨੂੰ ਅਸੂਲਾਂ ਤੇ ਆਦਰਸ਼ ਦਾ ਰੁਤਬਾ ਦਿਤਾ ਜਾਵੇ ਜਾਂ ਆਦਰਸ਼ ਤੇ ਅਸੂਲਾਂ ਤੋਂ ਵੀ ਸਰੇਸ਼ਟ ਮੰਨਿਆ ਜਾਵੇ, ਉਥੇ ਏਹੋ ਵਰਦੀ ਜਾਂ ਬਾਹਰ ਦੀ ਪੋਸ਼ਸ਼ ਉਸ ਜਥੇਬੰਦੀ ਨੂੰ ਘੁਣ ਦੀ ਤਰ੍ਹਾਂ ਕਮਜ਼ੋਰ, ਖੋਖਿਆਂ ਤੇ ਬਰਬਾਦ ਕਰ ਦੇਂਦੀ ਹੈ।

ਅਨਜਾਣ ਆਸਤਕ ਨੇ ਵਰਦੀ ਜਾਂ ਬਾਹਰ ਦੀ ਰਹਿਤ ਬਹਿਤ ਦੀ ਸਹੀ ਪੁਜੀਸ਼ਨ ਨੂੰ ਨਾ ਸਮਝ ਕੇ ਧਰਮ (Religion) ਨੂੰ ਬੜਾ ਨੁਕਸਾਨ ਪਹੁੰਚਾਇਆ ਹੈ।

ਜਿਸ ਫੌਜ ਵਿਚ ਸਰੀਰਕ ਅਰੋਗਤਾ, ਸ਼ਸਤਰ ਵਿਦਿਆ ਕਵਾਇਦ ਦਾ ਤਾਂ ਖਿਆਲ ਨਾ ਕੀਤਾ ਜਾਵੇ ਪਰ ਸਿਪਾਹੀਆਂ ਦੀ ਵਰਦੀ ਉਤੇ ਹੀ ਸਾਰਾ ਜ਼ੋਰ ਦਿਤਾ ਜਾਵੇ, ਉਸ ਫੌਜ ਦੀ ਬਾਵਜੂਦ ਸੁਥਰੀ ਸਾਫ ਚਮਕੀਲੀ ਵਰਦੀ ਹੋਣ ਦੇ, ਫੌਜੀ ਦਰਿਸ਼ਟੀਕੋਣ ਤੋਂ ਕੋਈ ਕੀਮਤ ਨਹੀਂ। ਅਗਰ ਐਸੀ ਫੌਜ ਨੂੰ ਸ਼ਸਤਰ ਵਿਦਿਆ ਤੋਂ ਤਾਕ ਤੇ ਸਰੀਰਕ ਯੋਗਤਾ ਵਾਲੀ ਦੂਸਰੀ ਫ਼ੌਜ ਦੇ ਮੁਕਾਬਲੇ ਤੇ ਲੜਨ ਲਈ ਲਿਆਂਦਾ ਜਾਵੇ ਤਾਂ ਉਹ ਕੀ ਪੂਰੀਆਂ ਪਾਵੇਗੀ? ਏਸੇ ਤਰ੍ਹਾਂ ਧਾਰਮਕ ਜਥੇਬੰਦੀਆਂ ਦੀ ਤੈਹ ਵਿਚ ਰਖੇ ਗਏ ਅਸੂਲਾਂ ਅਤੇ ਆਦਰਸ਼ ਨੂੰ ਨਜ਼ਰ-ਅੰਦਾਜ਼ ਕਰਕੇ ਜਦ ਨਿਰੀ ਬਾਹਰ ਦੀ ਵਰਦੀ, ਸਰੀਰਕ ਰਹਿਤ ਮਰਯਾਦਾ ਦੀ ਮਾਨਤਾ ਹੋਣ ਲਗ ਜਾਵੇ ਤਦ ਧਾਰਮਕ ਜਥੇਬੰਦੀਆਂ ਵੀ ਉਸ ਫੌਜ ਦੀ

ਤਰ੍ਹਾਂ ਢੇਖੀਆਂ ਤੇ ਕਮਜ਼ੋਰ ਹੋ ਜਾਂਦੀਆਂ ਹਨ ਜਿਸ ਫੌਜ ਨੂੰ ਸ਼ਸਤਰ ਵਿਦਿਆ ਤਾਂ ਆਉਂਦੀ ਨਹੀਂ ਪਰ ਵਰਦੀ ਬੜੀ ਸਜੀਲੀ ਤੇ ਸਾਫ ਸੁਥਰੀ ਹੋਵੇ। ਅਗਰ ਮੁਕਾਬਲਾ ਕਰਨਾ ਪਵੇ ਤਾਂ ਉਹ ਫੌਜ ਜਿਸ ਪਾਸ ਕੋਈ ਵਰਦੀ ਨਹੀਂ ਪਰ ਸ਼ਸਤਰ ਵਿਦਿਆ ਤੋਂ ਪੂਰੀ ਜਾਣੂ ਹੈ, ਉਸ ਫੌਜ ਨਾਲੋਂ ਹਜ਼ਾਰ ਗੁਣਾ ਚੰਗੀ ਹੈ ਜਿਸ ਨੂੰ ਸ਼ਸਤਰ ਵਿਦਿਆ ਨਹੀਂ ਆਉਂਦੀ ਪਰ ਵਰਦੀ ਪਹਿਨਣ ਵਿਚ ਪੂਰਾ ਕਮਾਲ ਹਾਸਲ ਹੈ।

ਸਿੱਖ ਕੌਮ ਦੇ ਆਗੂਆਂ ਅਤੇ ਵਿਚਾਰਵਾਨਾਂ ਨੂੰ ਦੁਨੀਆਂ ਦੇ ਇਤਿਹਾਸ ਤੋਂ ਪੂਰਾ ਲਾਭ ਉਠਾਣਾ ਚਾਹੀਦਾ ਹੈ। ਏਹਨਾਂ ਦਾ ਸਭ ਤੋਂ ਵਡਾ ਫਰਜ਼ ਇਹ ਦੇਖਣਾ ਹੈ ਕਿ ਸਿੱਖਾਂ ਵਿਚ ਬਾਹਰ ਦੀ ਰਹਿਤ ਮਰਯਾਦਾ ਆਪਣੀ ਯੋਗ ਤੇ ਅਸਲੀ ਥਾਂ ਤੋਂ ਅਗੇ ਵਧ ਕੇ ਕਿਤੇ ਸਿਖਾਂ ਦੀ ਅੰਦਰੂਨੀ ਆਤਮਕ ਤੇ ਧਾਰਮਕ ਜਗ੍ਹਾ ਉਤੇ ਕਬਜ਼ਾ ਨਾ ਕਰ ਲਵੇ।

# ਇਛਿਆ ਰਹਿਤ ਅਵਸਥਾ

ਸ੍ਰੀ ਗੁਰੂ ਗਰੰਥ ਜੀ ਦੀ ਸਿਖਿਆ ਅਨੁਸਾਰ ਗੁਰਮੁਖ ਦਾ ਆਦਰਸ਼ ਆਸਾ-ਰਹਿਤ ਜਾਂ ਇਛਆ ਰਹਿਤ ਅਵਸਥਾ ਵਿਚ ਪਹੁੰਚਣਾ ਹੈ।

*ਆਸਾ ਵਿਚਿ ਅਤਿ ਦੁਖੁ ਘਣਾ ਮਨਮੁਖਿ ਚਿਤੁ ਲਾਇਆ ॥*
*ਗੁਰਮੁਖਿ ਭਏ ਨਿਰਾਸ ਪਰਮ ਸੁਖੁ ਪਾਇਆ ॥*

*ਅੰਗ - 1249*

ਪਰ ਗੁਰਮੁਖ ਤਦ ਤਕ ਨਿਰ-ਇਛਿਆ ਜਾਂ ਨਿਰ-ਆਸ ਨਹੀਂ ਹੋ ਸਕਦਾ ਜਦ ਤਕ ਉਸ ਨੂੰ ਇਸ ਅਵਸਥਾ ਦੀਆਂ ਖੂਬੀਆਂ ਜਾਂ 'ਪਰਮ ਸੁਖ' ਦਾ ਅਤੇ ਇਛਿਆ ਜਾਂ ਆਸਾ ਮਨਸ਼ਾ ਦੀ ਅਵਸਥਾ ਦੇ ਨੁਕਸਾਨ ਜਾਂ 'ਅਤਿ ਘਣੇ ਦੁਖ' ਦਾ, ਸੋਲਾਂ ਆਨੇ ਯਕੀਨ ਨਾ ਹੋ ਜਾਵੇ। ਇਸ ਯਕੀਨ ਨੂੰ ਪੈਦਾ ਕਰਨ ਲਈ ਗੁਰਮੁਖ ਨੂੰ ਕੀ ਕਰਨਾ ਚਾਹੀਦਾ ਹੈ? ਇਸ ਸਵਾਲ ਦੇ ਦੋ ਜਵਾਬ ਜਾਂ ਹਲ ਪੇਸ਼ ਕੀਤੇ ਜਾ ਸਕਦੇ ਹਨ।

ਪਹਿਲਾ: ਗੁਰਮੁਖ ਨੂੰ ਜਦ ਪਤਾ ਲਗ ਜਾਵੇ, ਕਿ ਨਿਰ-ਇਛਿਆ ਜਾਂ ਨਿਰ-ਆਸਾ ਹੋਣਾ ਇਨਸਾਨੀ ਤਜਰਬੇ ਦੀ ਸਭ ਤੋਂ ਵਡੀ ਅਵਸਥਾ ਹੈ ਤਾਂ ਉਸੇ ਵੇਲੇ ਤੋਂ ਇਛਿਆ ਕਰਨੀ ਛਡ ਦੇਵੇ, ਕਿਸੇ ਚੀਜ਼ ਦੀ ਖਾਹਿਸ਼ ਨਾ ਕਰੇ, ਕਿਸੇ ਸੁਖ ਨੂੰ ਨਾ ਚਾਹੇ,

ਦਿਲ ਵਿਚ ਜੋ ਇਛਿਆ ਉਪਜੇ ਉਸ ਨੂੰ ਉਥੇ ਹੀ ਬੰਦ ਕਰ ਦੇਵੇ, ਜਾਂ ਮਾਰ ਦੇਵੇ।

ਦੂਸਰਾ: 'ਨਿਰ ਇਛਿਆ, ਅਵਸਥਾ ਨੂੰ ਉੱਤਮ ਜਾਂ ਆਖਰੀ ਅਵਸਥਾ ਮੰਨਦਾ ਹੋਇਆ ਕੇਵਲ ਉਹਨਾਂ ਜ਼ਰੂਰਤਾਂ ਤੇ ਸੁਖਾਂ ਦੀ ਇਛਿਆ ਅਤੇ ਪਰਾਪਤੀ ਦੀ ਕੋਸ਼ਿਸ਼ ਕਰੇ, ਜਿਨ੍ਹਾਂ ਦੇ ਮਿਲਣ ਨਾਲ ਉਸ ਦੀ ਪਰਮਾਰਥ ਦੀ ਲਗਨ ਨਿਰਵਿਘਨ ਜਾਰੀ ਰਹਿ ਸਕੇ। ਇਛਿਆ ਦਾ ਦੀਵਾਨਾ ਇਛਿਆ ਦਾ ਗੁਲਾਮ ਵੀ ਨਾ ਹੋਵੇ ਔਪਰ ਇਛਿਆ ਦਾ ਉਕਾ ਤਿਆਗੀ ਵੀ ਨਾ ਬਣੇ, ਕੇਵਲ ਉਤਨੀ ਇਛਿਆ ਕਰੇ ਜਿਤਨੀ ਕਿ ਉਸ ਦੇ ਜੀਵਨ ਨੂੰ ਥੋੜ ਦੀ ਅਸ਼ਾਂਤੀ ਤੇ ਦੁਖਾਂ ਤੋਂ ਆਜ਼ਾਦ ਰਖ ਸਕੇ।

ਮੇਰੇ ਇਕ ਸਤਿਕਾਰਯੋਗ ਮਿਤਰ ਜੋ ਕਿ 'ਪਹਿਲੇ' ਤਰੀਕੇ ਜਾਂ ਹਲ ਦੇ ਪੱਖੀ ਜਾਪਦੇ ਹਨ, ਇਕ ਕ੍ਰਿਪਾ ਪੱਤਰ ਵਿਚ ਇੰਜ ਲਿਖਦੇ ਹਨ:

About desires, I quote the following from Ramakrishna. Needless to say that I agree with every word of it:

"A husbandman was watering a sugarcane field the whole day. After finishing his task he found that not a drop of water had entered the field, all water had flowed out through some distant rat-holes. Such is the state of that devotee who worships God, but at the same time cherishes in his heart worldly desires (of wealth, fame etc.) Though he may pray every day of his life, he will find it last that he has

made no progress whatever, his entire devotion has run to waste through the rat-holes of these desires."

You will see that God cannot be reflected by the mental lake if it be agitated by the wind of desires, if you want to find the Kingdom of Heaven, you must give up your own personal ego. If you give up your own personal ego you give up desire of material things.

ਉਲੱਥਾ:

ਇਛਿਆ ਸਬੰਧੀ ਮੈਂ ਹੇਠ ਲਿਖੀਆਂ ਸ੍ਰੀ ਰਾਮਾ ਕ੍ਰਿਸ਼ਨਾ ਦੀਆਂ ਉਚਾਰੀਆਂ ਸਤਰਾਂ ਭੇਜਦਾ ਹਾਂ, ਇਹ ਤਾਂ ਦਸਣ ਦੀ ਲੋੜ ਨਹੀਂ ਕਿ ਮੈਂ ਇਹਨਾਂ ਸਤਰਾਂ ਦੇ ਅੱਖਰ ਅੱਖਰ ਨਾਲ ਸਹਿਮਤ ਹਾਂ।

"ਇਕ ਕਿਸਾਨ ਆਪਣੇ ਗੰਨਿਆਂ ਦੇ ਖੇਤ ਨੂੰ ਸਾਰਾ ਦਿਨ ਪਾਣੀ ਦੇਂਦਾ ਰਿਹਾ, ਸਾਰਾ ਦਿਨ ਕੰਮ ਕਰਨ ਮਗਰੋਂ ਉਸ ਨੂੰ ਪਤਾ ਲਗਾ ਕਿ ਖੇਤ ਵਿੱਚ ਤਾਂ ਪਾਣੀ ਦੀ ਬੂੰਦ ਨਹੀਂ ਗਈ ਅਤੇ ਸਾਰਾ ਪਾਣੀ ਚੂਹਿਆਂ ਦੀਆਂ ਖੁਡਾਂ ਥਾਣੀਂ ਬਾਹਰ ਨਿਕਲਦਾ ਰਿਹਾ ਹੈ। ਏਸੇ ਤਰ੍ਹਾਂ ਹੀ ਉਸ ਪ੍ਰਭੂ ਦੇ ਭਗਤ ਦਾ ਹਾਲ ਹੈ ਜੋ ਰਬ ਦੀ ਬੰਦਗੀ ਕਰਦਿਆਂ ਦਿਲ ਵਿਚ ਦੁਨੀਆਂ ਦੀਆਂ ਖਾਹਿਸ਼ਾਂ (ਧਨ ਜਾਂ ਮਸ਼ਹੂਰੀ ਆਦਿ) ਰਖਦਾ ਹੈ। ਭਾਵੇਂ ਉਹ ਹਰ ਰੋਜ਼ ਪ੍ਰਾਰਥਨਾ ਕਰੇ ਉਸ ਨੂੰ ਅਖੀਰ ਪਤਾ ਲਗੇਗਾ ਕਿ ਉਸ ਦੀ ਆਤਮਕ ਤਰੱਕੀ ਉਕੀ ਨਹੀਂ ਹੋਈ ਅਤੇ ਉਸ ਦੀ ਸਾਰੀ ਭਗਤੀ ਇਛਿਆ ਰੂਪੀ ਖੁਡਾਂ ਥਾਣੀਂ ਜ਼ਾਇਆ ਹੁੰਦੀ ਰਹੀ ਹੈ।"

ਤੁਸੀਂ ਜਾਣਦੇ ਹੀ ਹੋ ਕਿ ਜਿਸ ਮਨ ਰੂਪੀ ਤਲਾ ਜਾਂ ਲੇਕ ਵਿਚ ਇਛਿਆ ਰੂਪੀ ਹਵਾ ਦੀਆਂ ਤਰੰਗਾਂ ਉਪਜਦੀਆਂ ਰਹਿਣ, ਉਸ ਵਿਚੋਂ ਵਾਹਿਗੁਰੂ ਦੀ ਝਲਕ ਨਜ਼ਰ ਨਹੀਂ ਆ ਸਕਦੀ।

ਤੁਹਾਨੂੰ ਆਪਣੀ ਹਉਮੈ (Ego) ਦਾ ਪੂਰਨ ਤਿਆਗ ਕਰਨਾ ਹੋਵੇਗਾ ਅਤੇ ਜੇਕਰ ਹਉਮੈ ਨਾ ਰਹੇ ਤਾਂ ਦੁਨਿਆਵੀ ਇਛਿਆ ਦਾ ਵੀ ਤਿਆਗ ਹੋ ਜਾਂਦਾ ਹੈ।

ਭਾਵੇਂ ਅਸੀਂ ਸ੍ਰੀ ਰਾਮਾ ਕ੍ਰਿਸ਼ਨਾ, ਬੰਗਾਲ ਦੇ ਪ੍ਰਸਿੱਧ ਮਹਾਤਮਾ ਦੀ ਦਿਲ ਵਿਚ ਬੜੀ ਇਜ਼ਤ ਰਖਦੇ ਹਾਂ, (ਆਪ ਦੀ ਤਸਵੀਰ ਸਾਡੇ ਕਮਰੇ ਦਾ ਸ਼ਿੰਗਾਰ ਹੈ) ਪਰ ਆਪ ਦੀ ਉਕਤ ਸਿਖਸ਼ਾ ਨੂੰ ਗੁਰੂ ਨਾਨਕ ਦੀ ਸਿਖਸ਼ਾ ਦੇ ਤੁਲ ਅਤੇ ਆਮ ਗੁਰਮੁਖਾਂ ਦੇ ਜੀਵਨ ਦਾ ਆਦਰਸ਼ ਨਹੀਂ ਸਮਝਦੇ। ਸ੍ਰੀ ਰਾਮਾ ਕ੍ਰਿਸ਼ਨਾ ਇਕ ਸੰਨਿਆਸੀ ਮਹਾਤਮਾ ਸਨ ਜਿਨ੍ਹਾਂ ਨੇ ਗ੍ਰਹਿਸਤ ਦੀ ਖੇਡ ਖੇਡੀ ਹੀ ਨਹੀਂ ਸੀ, ਅਤੇ ਇਸ ਕਰ ਕੇ ਇਸ ਦੀਆਂ ਮੁਸ਼ਕਲਾਂ ਤੋਂ ਚੰਗੀ ਤਰ੍ਹਾਂ ਵਾਕਿਫ ਨਹੀਂ ਸਨ। ਇਸ ਲਈ ਉਹਨਾਂ ਦੀ ਸਿਖਸ਼ਾ ਨੂੰ ਅਸੀਂ ਗੁਰਸਿਖਾਂ ਲਈ, ਜਿਨ੍ਹਾਂ ਦਾ ਆਦਰਸ਼ ਗ੍ਰਹਿਸਤ ਆਸ਼ਰਮ ਦੀਆਂ ਸਾਰੀਆਂ ਜ਼ਰੂਰੀ ਖੇਡਾਂ ਖੇਡਦੇ ਹੋਏ ਪੂਰਨਤਾ ਵਲ ਜਾਣਾ ਹੈ, ਲਾਭਵੰਦ ਨਹੀਂ ਸਮਝਦੇ। ਇਹ ਸਿਖਸ਼ਾ ਸਗੋਂ ਕਈ ਗੁਰਮੁਖਾਂ ਨੂੰ ਡਾਹਢੇ ਭੁਲੇਖੇ ਵਿਚ ਪਾ ਸਕਦੀ ਹੈ ਅਤੇ ਆਪਣੇ ਕਈ ਫਰਜ਼ਾਂ ਤੋਂ ਬੇਪਰਵਾਹ ਜਾਂ ਅਣਗਹਿਲਿਆਂ ਬਣਾ ਸਕਦੀ ਹੈ।

ਸ੍ਰੀ ਗੁਰੂ ਗ੍ਰੰਥ ਜੀ ਦੀ ਸਿਖਸ਼ਾ ਸਾਨੂੰ ਦੁਨਿਆਂਦਾਰੀ ਦੇ ਸਭ ਜ਼ਰੂਰੀ ਫਰਜ਼ ਨਿਭਾਂਦਿਆਂ ਹੋਇਆ ਆਪਣੀ ਅਸਲੀਅਤ, ਆਪਣੇ ਕਰਤਾਰ ਨੂੰ ਦੇਖਣ, ਮਿਲਣ, ਸਮਝਣ ਤੇ ਉਸ ਵਰਗਿਆਂ ਬਣ ਜਾਣ ਦੀ ਪਰੇਰਨਾ ਕਰਦੀ ਹੈ। ਦੁਨੀਆਂਦਾਰੀ ਜਾਂ ਗ੍ਰਹਿਸਤ ਦੇ ਸਾਰੇ

ਫਰਜ਼ ਪੂਰੇ ਤਦੋਂ ਹੋ ਸਕਦੇ ਹਨ ਜੇਕਰ ਇਹਨਾਂ ਫਰਜ਼ਾਂ ਨੂੰ ਪੂਰੇ ਕਰਨ ਵਾਸਤੇ ਜ਼ਰੂਰੀ ਸਾਮਾਨ ਕੋਲ ਹੋਣ। ਮੌਜੂਦਾ ਜ਼ਮਾਨੇ ਵਿਚ ਇਕ ਗੁਰਸਿਖ ਦੇ ਜੀਵਨ ਨੂੰ ਸੁਖੀ ਬਨਾਣ ਵਾਸਤੇ ਜ਼ਰੂਰੀ ਹੈ ਕਿ ਉਸ ਦਾ ਸਰੀਰ ਅਰੋਗ ਹੋਵੇ, ਉਸ ਦੇ ਇਸਤਰੀ ਬਾਲ ਬਚੇ ਤੰਦਰੁਸਤ, ਨੇਕ ਤੇ ਆਗਿਆਕਾਰ ਹੋਣ, ਉਸ ਦੇ ਘਰ ਵਿਚ ਉਸ ਦੀਆਂ ਜ਼ਰੂਰਤਾਂ ਪੂਰਿਆਂ ਕਰਨ ਵਾਸਤੇ ਦੌਲਤ ਹੋਵੇ ਅਤੇ ਇਹ ਦੌਲਤ ਇਤਨੀ ਹੋਵੇ ਕਿ ਰੋਜ਼ਾਨਾ ਲੋੜਾਂ ਪੂਰੀਆਂ ਕਰ ਕੇ ਗਰੀਬਾਂ ਮੁਥਾਜਾਂ ਨੂੰ ਦਾਨ ਵਜੋਂ ਦਿਤੀ ਜਾ ਸਕੇ।

ਉਸ ਦੀ ਸੁਸਾਇਟੀ ਵਿਚ ਇਜ਼ਤ ਤੇ ਸਤਿਕਾਰ ਹੋਵੇ, ਉਸ ਨੂੰ ਆਪਣੇ ਗੁਰਦੇਵ ਦੀ ਸਿਖਸ਼ਾ ਨੂੰ ਸਮਝਣ ਦਾ ਸਮਾਂ ਮਿਲੇ ਤੇ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿਚ ਉਸ ਸਿਖਸ਼ਾ ਨੂੰ ਕਮਾਣ ਦੇ ਮੌਕੇ ਮਿਲਣ। ਇਸ ਲਈ ਗੁਰੂ ਗਰੰਥ ਜੀ ਦੀ ਸਿਖਸ਼ਾ ਆਮ ਗੁਰਸਿਖਾਂ ਨੂੰ ਆਪਣੀਆਂ ਸਭ ਜ਼ਰੂਰਤਾਂ, ਸਭ ਲੋੜਾਂ (ਦੁਨਿਆਵੀ ਤੇ ਆਤਮਕ) ਅਕਾਲ ਪੁਰਖ ਪਾਸੋਂ ਮੰਗਣ ਦੀ ਸਿਫਾਰਸ਼ ਕਰਦੀ ਹੈ।

*ਮਾਨੁ ਮਾਂਗਉ ਤਾਨੁ ਮਾਂਗਉ ਧਨੁ ਲਖਮੀ ਸੁਤ ਦੇਹ ॥*

*ਅੰਗ - 1307*

*ਘਾਲਿ ਖਾਇ ਕਿਛੁ ਹਥਹੁ ਦੇਇ ॥* *ਅੰਗ - 1245*

*ਗੁਰਮੁਖਿ ਸਭ ਪਵਿਤੁ ਹੈ ਧਨੁ ਸੰਪੈ ਮਾਇਆ ॥*
*ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ ॥*
*ਜੋ ਹਰਿ ਨਾਮੁ ਧਿਆਇਦੇ ਤਿਨ ਤੋਟਿ ਨ ਆਇਆ ॥*

*ਅੰਗ - 1246*

ਅਸੀਂ ਐਸੇ ਮਿਤਰ ਦੇ ਚਰਨਾਂ ਵਿਚ ਜੋ ਹਰ ਪਰਕਾਰ ਦੀ 'ਇਛਿਆ ਕਰਨੀ' ਮਾੜਿਆਂ ਸਮਝਦੇ ਹਨ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੇਠਲੇ ਮਹਾਂਵਾਕ ਪੇਸ਼ ਕਰਦੇ ਹਾਂ। ਹਜ਼ੂਰ ਅਕਾਲ ਪੁਰਖ

ਪਾਸੋਂ ਜਿਥੇ ਇਹ ਮੰਗਦੇ ਹਨ ਕਿ:

*ਤੌਰ ਭਜਨ ਕੀ ਰਹੇ ਪਿਆਸਾ॥* (ਚੌਪਈ ਪਾ. 10)

ਉਥੇ ਨਿਝੱਕ ਏਹ ਵੀ ਮੰਗਦੇ ਹਨ -

*ਸੁਖੀ ਵਸੈ ਮੋਰੋ ਪਰਵਾਰਾ॥* (ਚੌਪਈ ਪਾ. 10)

ਸਾਡੇ ਖਿਆਲ ਅਨੁਸਾਰ ਦਿਲ ਵਿਚੋਂ ਦੁਨੀਆਂ ਦੇ ਸਾਧਾਰਣ ਸੁਖ ਚਾਹਣੇ ਐਪਰ ਮੂਹੋਂ ਇਸ ਲਈ ਉਹ ਸੁਖ ਵਾਹਿਗੁਰੂ ਪਾਸੋਂ ਨਾ ਮੰਗਣੇ, ਕਿਉਂਕਿ ਗੁਰੂ ਗਰੰਥ ਜੀ ਵਿਚ ਲਿਖਿਆ ਹੈ - 'ਵਿਣੁ ਤੁਧੁ ਹੋਰ ਜੇ ਮੰਗਣਾ ਸਿਰ ਦੁਖਾਂ ਦੇ ਦੁਖ' ਪੂਰੀ ਈਮਾਨਦਾਰੀ ਨਹੀਂ। ਵਾਹਿਗੁਰੂ ਨੂੰ ਸਾਡੇ ਲਫਜ਼ਾਂ ਜਾਂ ਮੂੰਹ ਤੋਂ ਬੋਲੇ ਅੱਖਰਾਂ ਨਾਲੋਂ ਸਾਡੇ ਦਿਲ ਦੀਆਂ ਲੁਕੀਆਂ ਤੈਹਾਂ ਵਿਚ ਉਪਜ ਰਹੇ ਖਿਆਲਾਂ ਦਾ ਛੇਤੀ ਪਤਾ ਲਗਦਾ ਹੈ। ਇਸ ਲਈ ਉਹ ਵਾਹਿਗੁਰੂ ਜੀ ਦੀ ਖੁਸ਼ੀ ਦਾ ਪਾਤਰ ਨਹੀਂ ਬਣ ਸਕਦਾ, ਜਿਸ ਦੇ ਮੂੰਹ ਤੋਂ ਕੁਝ ਹੋਰ ਨਿਕਲੇ ਅਤੇ ਦਿਲ ਤੋਂ ਕੁਝ ਹੋਰ। ਕਿਉਂਕਿ ਗੁਰੂ ਗਰੰਥ ਜੀ ਵਿਚ ਛੋਟੀ ਅਵਸਥਾ ਦੇ ਇਨਸਾਨ ਤੋਂ ਲੈ ਕੇ ਬ੍ਰਹਮ ਗਿਆਨੀ ਦੀ ਅਵਸਥਾ ਤਕ ਦੇ ਹਰ ਪਰਕਾਰ ਦੀ ਅਵਸਥਾ ਦੇ ਪਰਾਣੀ ਲਈ ਸਿਖਸ਼ਾ ਹੈ, ਇਸ ਲਈ ਹਰ ਸਿਖ ਨੂੰ ਆਪਣੀ ਅਵਸਥਾ ਦੇ ਮੁਤਾਬਿਕ ਉਪਦੇਸ਼ ਨੂੰ ਗ੍ਰਹਿਣ ਕਰਨ ਨਾਲ ਠੀਕ ਫਾਇਦਾ ਪਹੁੰਚ ਸਕਦਾ ਹੈ।

ਸੰਸਾਰ ਵਿਚ ਵਿਗਿਆਨ ਤੌਰ ਤੇ ਦੇਖਿਆ ਪਤਾ ਲਗਦਾ ਹੈ ਕਿ ਅਸਲ ਅਰਥਾਂ ਵਿਚ ਨਿਰ-ਇਛਿਆ ਸਵਾਏ ਕਰਤਾਰ ਦੇ ਹੋਰ ਕੋਈ ਨਹੀਂ। ਭਾਵੇਂ ਜਿਉਂ ਜਿਉਂ ਇਨਸਾਨ ਰੂਹਾਨੀ ਤਰੱਕੀ ਕਰਦਾ ਜਾਵੇ, ਤਿਉਂ ਤਿਉਂ ਉਸਦੀਆਂ ਖਾਹਿਸ਼ਾਂ ਘਟ ਅਤੇ ਸਾਦੀਆਂ ਹੁੰਦੀਆਂ ਜਾਂਦੀਆਂ ਹਨ, ਪਰ ਐਸੇ ਇਨਸਾਨ ਬਹੁਤ ਵਿਰਲੇ ਹੁੰਦੇ ਹਨ ਜਿਨ੍ਹਾਂ ਦੀਆਂ ਖਾਹਿਸ਼ਾਂ ਉਕੀਆਂ ਮਰ ਗਈਆਂ

ਹੋਣ ਜਾਂ ਮਰਨ ਦੀ ਅਵਸਤਾ ਦੇ ਨਜ਼ਦੀਕ ਪਹੁੰਚ ਗਈਆਂ ਹੋਣ। ਇਨਸਾਨਾਂ ਦੀ 95 ਫੀਸਦੀ ਤੋਂ ਵਧ ਗਿਣਤੀ ਖ਼ਾਹਿਸ਼ਾਂ ਦੇ ਦਾਇਰੇ ਵਿਚ ਜੀਵਨ ਬਤੀਤ ਕਰਦੀ ਦਿਸਦੀ ਹੈ। ਇਸ ਲਈ ਗੁਰਸਿਖਾਂ ਦੀ ਬਹੁ-ਗਿਣਤੀ ਨੂੰ ਇਛਿਆ ਸਬੰਧੀ ਦੂਸਰਾ ਜਵਾਬ ਜਾਂ ਹਲ ਜੋ ਅਸੀਂ ਇਸ ਲੇਖ ਦੇ ਸ਼ੁਰੂ ਵਿਚ ਲਿਖਿਆ ਹੈ ਜ਼ਿਆਦਾ ਲਾਭਵੰਦ ਸਾਬਤ ਹੋਵੇਗਾ।

ਇਸ ਸਬੰਧ ਵਿਚ ਗੁਰੂ ਗਰੰਥ ਜੀ ਦੀ ਸਿਖਿਆ ਦੀ ਪਰੇਰਨਾ ਜੋ ਸਾਡੀ ਸਮਝ ਵਿਚ ਆਈ ਹੈ ਏਹੋ ਹੈ ਕਿ ਗੁਰਸਿਖਾਂ ਨੂੰ ਮੰਦੀਆਂ ਵਾਸ਼ਨਾਵਾਂ ਦੇ ਤਿਆਗ ਦੀ ਹਮੇਸ਼ਾਂ ਕੋਸ਼ਿਸ਼ ਕਰਨੀ ਚਾਹੀਦੀ ਹੈ, ਸ਼ੁਭ ਵਾਸ਼ਨਾ ਨੂੰ ਹਮੇਸ਼ਾ ਧਾਰਨ ਕਰਨਾ ਚਾਹੀਦਾ ਹੈ, ਸ਼ੁਭ ਵਾਸ਼ਨਾਂ ਦੀ ਪਰਾਪਤੀ ਵਾਸਤੇ ਵਾਹਿਗੁਰੂ ਦੀ ਸਹਾਇਤਾ ਮੰਗਣੀ ਚਾਹੀਦੀ ਹੈ ਅਤੇ ਨਿਸਚੇ ਭਰੀਆਂ ਅਰਦਾਸਾਂ ਕਰਨੀਆਂ ਚਾਹੀਦੀਆਂ ਹਨ। ਵਾਹਿਗੁਰੂ ਸਭ ਇਛਿਆਵਾਂ ਪੂਰੀਆਂ ਕਰਨ ਦੇ ਸਮਰਥ ਹੈ, ਇਸ ਲਈ ਅਰਦਾਸ ਰਾਹੀਂ ਆਪਣੀਆਂ ਸਭ ਲੋੜਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ। ਖ਼ਾਹਿਸ਼ਾਂ ਨੂੰ ਸਦਾ ਘਟਾਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਪਰ ਜੇ ਲੋੜਾਂ ਜ਼ਰੂਰੀ ਹੋਣ ਉਹਨਾਂ ਨੂੰ ਵਾਹਿਗੁਰੂ ਤੋਂ ਨਿਧੜਕ ਹੋ ਕੇ ਮੰਗਣਾ ਚਾਹੀਦਾ ਹੈ।

ਗੁਰਮਤਿ ਵਿਚ ਜਿਥੇ ਮਾੜੀ ਇਛਿਆ ਦੇ ਤਿਆਗ ਤੇ ਜ਼ੋਰ ਹੈ ਉਥੇ ਚੰਗੀ ਤੇ ਸ਼ੁਭ ਇਛਿਆ ਧਾਰਨ ਕਰਨ ਦੀ ਖੁਲ੍ਹ ਹੈ। ਏਥੇ ਹੀ ਬਸ ਨਹੀਂ, ਗੁਰਮਤਿ ਵਿਚ ਆਖਰੀ ਟੀਸੀ ਨਿਰ-ਇਛਿਆ ਅਵਸਥਾ ਤਕ ਪਹੁੰਚਣ ਵਾਸਤੇ ਪਹਿਲੇ ਸ਼ੁਭ ਇਛਿਆ ਦੀ ਅਵਸਥਾ ਵਿਚੋਂ ਲੰਘਣਾ ਜ਼ਰੂਰੀ ਸਮਝਿਆ ਗਿਆ ਹੈ। ਨਿਰ-ਇਛਿਆ ਅਵਸਥਾ ਇਨਸਾਨੀ ਜੀਵਨ ਦੀ ਉਹ ਸਿਖਰ ਅਟਾਰੀ ਹੈ ਜਿਸ ਦੀਆਂ ਇਛਿਆ ਰਹਿਤ ਅਵਸਥਾ ਪਹਿਲੀਆਂ ਛਤਾਂ ਸ਼ੁਭ ਇਛਿਆ ਦੇ ਮਸਾਲੇ ਨਾਲ ਖੜੀਆਂ ਹੁੰਦੀਆਂ ਹਨ। ਜਿਵੇਂ ਮਕਾਨ

ਦੀ ਤੀਸਰੀ ਛੱਤ ਤਦ ਤਕ ਨਹੀਂ ਉਸਰ ਸਕਦੀ ਜਦ ਤਕ ਕਿ ਪਹਿਲੀ ਤੇ ਦੂਜੀ ਛੱਤ ਨਾ ਉਸਰ ਜਾਵੇ। ਤਿਵੇਂ ਨਿਰ-ਇਛਿਆ ਜਾਂ ਨਿਰ-ਆਸਾ ਅਵਸਥਾ ਵੀ ਉਦੋਂ ਤਕ ਪੈਦਾ ਹੋਣੀ ਅਸੰਭਵ ਹੈ ਜਦ ਤਕ ਕਿ ਗੁਰਸਿਖ ਸ਼ੁਭ ਇਛਿਆ ਜਾਂ ਆਸਾਂ ਦੀ ਅਵਸਥਾ ਦਾ ਪੂਰਾ ਤਜਰਬਾ ਕਰ ਕੇ ਤਾਕ ਨਾ ਹੋ ਜਾਵੇ ਅਤੇ ਉਸ ਨੂੰ ਸ਼ੁਭ ਇਛਿਆ ਤੇ ਥੋਥੇਪਨ ਦਾ ਵੀ ਚੰਗੀ ਤਰ੍ਹਾਂ ਪਤਾ ਨਾ ਲਗ ਜਾਵੇ। ਜਿਥੇ ਅਸੀਂ ਗੁਰਮੁਖ ਦੀ ਆਤਮ ਉਸਾਰੀ (Spiritual evolution) ਵਾਸਤੇ ਪਹਿਲੇ ਮਾੜੀਆਂ ਇਛਾਵਾਂ ਨੂੰ ਤਿਆਗਣਾ ਸ਼ੁਭ ਇਛਿਆ ਨੂੰ ਧਾਰਨ ਕਰਨਾ ਅਤੇ ਅਖੀਰ ਵਿਚ ਅਕਾਲ ਪੁਰਖ ਦੀ ਮਰਜ਼ੀ ਵਿਚ ਆਪਣਾ ਭਲਾ ਸਮਝ ਕੇ, ਉਸ ਦੇ ਭਾਣੇ ਜਾਂ ਹੁਕਮ ਵਿਚ ਰਾਜ਼ੀ ਰਹਿਣਾ, ਤਿੰਨ ਵਖੋ ਵਖਰੇ ਦਰਜੇ ਮੰਨਦੇ ਹਾਂ, ਉਥੇ ਅਸੀਂ ਪਹਿਲੇ ਦੋਹਾਂ ਦਰਜਿਆਂ ਦੇ ਹਾਸਲ ਕਰਨ ਤੋਂ ਬਗੈਰ ਤੀਸਰੇ 'ਭਾਣੇ' ਦੇ ਦਰਜੇ ਤਕ ਯਕਾ-ਯਕ ਪਹੁੰਚ ਜਾਣਾ ਸਖਤ ਕਠਨ ਅਤੇ ਬਹੁਤੀਆਂ ਹਾਲਤਾਂ ਵਿਚ ਅਸੰਭਵ ਸਮਝਦੇ ਹਾਂ। ਸਿਰਫ ਗੁਰੂ ਗਰੰਥ ਜੀ ਵਿਚੋਂ ਇਹੋ ਜਿਹੇ ਮਹਾਂਵਾਕ ਪੜ੍ਹ ਕੇ:

*ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥*
*ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥* *ਅੰਗ - 958*

ਆਪਣੇ ਆਪ ਨੂੰ ਨਿਰ-ਇਛਿਆ ਅਵਸਥਾ ਦਾ ਵਾਸੀ ਸਮਝ ਲੈਣਾ ਉਸੇ ਤਰ੍ਹਾਂ ਦੀ ਗਲਤੀ ਹੈ ਜਿਵੇਂ ਐਮ. ਏ. ਦੀਆਂ ਕਿਤਾਬਾਂ ਨੂੰ ਕਛੇ ਮਾਰ ਕੇ ਸਮਝ ਲੈਣਾ ਕਿ ਐਮ. ਏ. ਦੇ ਵਿਦਿਆਰਥੀ ਬਣ ਗਏ ਹਾਂ। ਐਸੀ ਗਲਤੀ ਵਿਚ ਅਸੀਂ ਬਹੁਤ ਸਾਰੇ ਨੇਕ ਨੀਅਤ ਗੁਰਸਿਖ ਵੀ ਫਸੇ ਵੇਖੇ ਹਨ। ਉਹਨਾਂ ਨੇ 'ਨਿਰ-ਇਛਿਆ' ਅਵਸਥਾ ਦੀ ਪਵਿਤਰ ਗਰੰਥ ਜਾਂ ਮਹਾਤਮਾ ਪਾਸੋਂ ਉਪਮਾ ਸੁਣ ਕੇ, ਬਗੈਰ ਆਪਣੀ ਵਰਤਮਾਨ ਅਵਸਥਾ ਦੇ ਜਾਨਣ ਦੇ ਆਪਣੇ ਆਪ ਨੂੰ ਨਿਰ-ਇਛਿਆ ਮੰਨਣਾ ਸ਼ੁਰੂ ਕਰ

ਦਿਤਾ ਹੈ। ਐਸੇ ਮਿਤਰ ਬੜੀ ਦੁਬਿਧਾ ਦਾ ਸ਼ਿਕਾਰ ਦੇਖੇ ਗਏ ਹਨ। ਉਹਨਾਂ ਦਾ ਮਨ ਚਾਹੁੰਦਾ ਹੈ ਕਿ ਉਹ ਅਰੋਗ ਰਹਿਣ, ਉਨ੍ਹਾਂ ਦੀ ਉਲਾਦ ਬੀਮਾਰੀ ਤੋਂ ਬਚੇ, ਉਹਨਾਂ ਨੂੰ ਬਾਇਜ਼ੱਤ ਗੁਜ਼ਰਾਨ ਮਿਲਦੀ ਰਹੇ ਐਪਰ ਉਹਨਾਂ ਦਾ ਭੁਲੇਖਾ ਜਾਂ ਆਪਣੇ ਸਬੰਧੀ ਗਲਤ ਅੰਦਾਜ਼ਾ ਉਨ੍ਹਾਂ ਨੂੰ ਟਪਲਾ ਲਗਾਂਦਾ ਹੈ ਕਿ ਆਪ ਭਾਣੇ ਦੇ ਹਾਮੀ ਹੋ, ਕੋਈ ਇਛਿਆ ਨਾ ਕਰੋ, ਕੋਈ ਅਰਦਾਸ ਨਾ ਕਰੋ, ਜੋ 'ਹੁਕਮ' ਹੋਵੇ ਉਹੋ ਠੀਕ ਹੈ। ਪਰ ਕਿਉਂਕਿ ਉਹਨਾਂ ਦੀ ਆਤਮਕ ਅਵਸਥਾ ਇਤਨੀ ਉਚੀ ਨਹੀਂ ਹੁੰਦੀ ਕਿ ਭਾਣੇ ਵਿਚ ਜਾਂ ਰਜ਼ਾ ਵਿਚ, ਬਿਲਕੁਲ ਰਾਜ਼ੀ ਰਹਿ ਸਕਣ, ਇਸ ਲਈ ਉਹਨਾਂ ਦੇ ਮਨ ਵਿਚ ਬਜਾਏ ਸ਼ਾਂਤੀ ਦੇ ਸਗੋਂ ਦੁਬਿਧਾ ਤੇ ਅਸ਼ਾਂਤੀ ਦੇਖੀ ਜਾਂਦੀ ਹੈ।

ਸਭ ਜ਼ਰੂਰਤਾਂ ਅਕਾਲ ਪੁਰਖ ਦੀ ਸ਼ਕਤੀ ਰਾਹੀਂ ਪੂਰੀਆਂ ਕਰਨ ਵਾਲੇ ਗੁਰਸਿਖ ਦਾ ਭਰੋਸਾ ਵਾਹਿਗੁਰੂ ਤੇ ਵਧਦਾ ਜਾਂਦਾ ਹੈ ਕਿ ਮੇਰੇ ਨਾਲੋਂ ਮੇਰਾ ਕਰਤਾਰ, ਮੇਰਾ ਜ਼ਿਆਦਾ ਖੈਰ ਖੁਆਹ ਤੇ ਦਰਦੀ ਹੈ, ਇਸ ਲਈ ਉਸ ਦੀ ਮਰਜ਼ੀ 'ਤੇ ਹੀ ਕਿਉਂ ਨਾ ਸਭ ਕੁਝ ਛਡਿਆ ਜਾਏ? ਐਸਾ ਗੁਰਮੁਖ ਜਦ ਇਛਿਆ ਦੀ ਅਵਸਥਾ ਵਿਚ ਰਹੇਗਾ ਤਦੋਂ ਵੀ ਬੜਾ ਕਾਮਯਾਬ ਤੇ ਸੁਖੀ ਰਹੇਗਾ ਅਤੇ ਜਦ ਭਾਣੇ ਜਾਂ ਹੁਕਮ ਦੀ ਅਵਸਥਾ ਵਿਚ ਖੇਡੇਗਾ ਤਦ ਵੀ ਅਡੋਲ ਤੇ ਦਰਿੜ੍ਹ ਹੋ ਕੇ 'ਰਜ਼ਾ ਵਿਚ ਰਾਜ਼ੀ' ਰਹਿ ਸਕੇਗਾ।

## ਨਿਰ-ਇਛਿਆ ਬਣਨ ਦਾ ਤਰੀਕਾ:

ਗੁਰਮਤਿ ਵਿਚ ਨਿਰ-ਇਛਿਆ ਅਵਸਥਾ ਤਕ ਪਹੁੰਚਣ ਦਾ ਇਕ ਬੜਾ ਸਹਿਲ ਤੇ ਚੰਗਾ ਤਰੀਕਾ ਦਸਿਆ ਗਿਆ ਹੈ, ਜਿਸ

ਨੂੰ ਵਰਤ ਕੇ ਗੁਰਮੁਖ ਸੰਸਾਰਕ ਜੀਵਨ ਸਬੰਧੀ ਸਭ ਜ਼ਰੂਰੀ ਲੋੜਾਂ ਪੂਰੀਆਂ ਕਰਦਾ ਹੋਇਆ ਸੁਤੇ ਸਿਧ ਨਿਰ-ਇਛਿਆ ਅਵਸਥਾ ਵਿਚ ਟਿਕਦਾ ਜਾਂਦਾ ਹੈ। ਇਹ ਤਰੀਕਾ ਹੈ 'ਨਾਮ ਸਿਮਰਨ ਦਾ ਅਭਿਆਸ'। ਨਾਮ ਦੇ ਅਭਿਆਸ ਨਾਲ ਗੁਰਮੁਖ ਅੰਦਰਲੇ ਰਸਾਂ ਦੇ ਸੋਮੇ ਨਾਲ ਜੁੜਨ ਦਾ ਆਦੀ ਹੋ ਜਾਂਦਾ ਹੈ। ਉਸ ਸੋਮੇ ਨਾਲ ਜੁੜਿਆਂ ਗੁਰਮੁਖ ਨੂੰ ਅਸਰਚਜ, ਇਲਾਹੀ ਰਸ ਦਾ ਸਵਾਦ ਆਉਣ ਲਗ ਜਾਂਦਾ ਹੈ। ਇਹ ਸਵਾਦ ਆਪਣੀ ਖਿਚ ਵਿਚ ਇਤਨਾ ਤੀਬਰ ਹੁੰਦਾ ਜਾਂਦਾ ਹੈ ਕਿ ਗੁਰਮੁਖ ਨੂੰ ਅੰਦਰਲੇ ਰਸ ਵਰਗਾ ਸਵਾਦ ਬਾਹਰ ਦੇ ਕਿਸੇ ਪਦਾਰਥ ਵਿਚ ਨਹੀਂ ਦਿਸਦਾ। ਬਾਹਰ ਦੇ ਵਡੇ ਤੋਂ ਵਡੇ ਰਸ, ਅੰਦਰਲੇ ਸਵਾਦ ਦੇ ਮੁਕਾਬਲੇ ਵਿਚ ਹੇਚ ਪ੍ਰਤੀਤ ਹੁੰਦੇ ਹਨ। ਐਸੇ ਨਾਮ ਅਭਿਆਸੀ ਗੁਰਮੁਖ ਦੀ ਬਾਹਰ ਦੇ ਸੁਖਾਂ ਦੀ ਇਛਿਆ ਕੁਦਰਤੀ ਤੌਰ ਤੇ ਘਟਦੀ ਜਾਂਦੀ ਹੈ।

*ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥*

*ਅੰਗ - 324*

ਇਛਿਆ ਦਾ ਅਸੂਲ ਹੈ ਕਿ ਜਿਥੋਂ ਘੱਟ ਲਾਭ ਜਾਂ ਸਵਾਦ ਆਵੇ ਉਥੋਂ ਹਟ ਕੇ ਜਿਥੋਂ ਜ਼ਿਆਦਾ ਲਾਭ ਜਾਂ ਸਵਾਦ ਆਵੇ ਉਸ ਪਾਸੇ ਲਗ ਜਾਂਦੀ ਹੈ। ਜਦ ਅਭਿਆਸੀ ਨੂੰ ਬਾਹਰ ਦੇ ਸਭ ਸੁਖ, ਦੌਲਤ, ਇੱਜ਼ਤ, ਪਰਿਵਾਰ ਆਦਿ ਨਾਲੋਂ ਵਡਾ, ਆਪਣੇ ਅੰਦਰੋਂ ਮਹਾਂ ਸੁਖ ਜਾਂ ਮਹਾਂ ਰਸ ਲਭ ਪਵੇ ਤਾਂ ਉਸ ਦੀ ਇਛਿਆ ਆਪੇ ਹੀ ਬਾਹਰਲੇ ਪਦਾਰਥਾਂ ਤੋਂ ਉਚਾਟ ਹੋ ਕੇ ਅੰਦਰਲੇ ਪਦਾਰਥ ਵਲ ਲਗ ਜਾਂਦੀ ਹੈ। ਪਰ ਇਹ ਅਵਸਥਾ ਨਾਮ ਕਮਾਈ ਦੇ ਬਾਅਦ, ਬਾਹਰ ਦੇ ਰਸਾਂ ਨਾਲੋਂ ਅੰਦਰਲੇ ਰਸ ਨੂੰ ਜ਼ਿਆਦਾ ਚੰਗਾ ਤੇ ਲਾਭਵੰਦ ਦੇਖਣ ਮਗਰੋਂ ਆਪੇ ਸਹਿਜ ਸੁਭਾ ਪਰਗਟ ਹੁੰਦੀ ਹੈ। ਇਸ ਨੂੰ ਗੈਰ ਕੁਦਰਤੀ ਤਰੀਕਿਆਂ ਨਾਲ, ਹਠ, ਜ਼ਿਦ ਜਾਂ ਆਪਣੇ

ਆਪ ਨੂੰ ਦੁਖ ਕਲੇਸ਼ ਦੇ ਕੇ, ਪੈਦਾ ਕਰ ਸਕਣਾ ਅਸੰਭਵ ਹੈ। ਜਿਵੇਂ ਦਰਖਤ ਸਮਾਂ ਪਾ ਕੇ ਮੌਲਦਾ ਤੇ ਫਲਦਾ ਹੈ, ਓਵੇਂ 'ਨਾਮ ਸਿਮਰਨ' ਵੀ ਸਮਾਂ ਪਾ ਕੇ ਮੌਲਦਾ ਤੇ ਫਲਦਾ ਹੈ। ਉਦੋਂ ਤਕ ਗੁਰਮੁਖ ਨੂੰ ਆਪਣੀਆਂ ਬਾਹਰ ਦੀਆਂ ਖੇਡਾਂ ਪੂਰੇ ਸ਼ੌਕ ਨਾਲ ਖੇਡਣੀਆਂ ਚਾਹੀਦੀਆਂ ਹਨ। ਗੁਰੂ ਨਾਨਕ ਦੀ ਤਾਲੀਮ ਨੂੰ ਸਮਝਣ ਤੇ ਕਮਾਣ ਵਾਲੇ ਪੁਰਸ਼ਾਂ ਸਬੰਧੀ ਹੀ ਕਿਹਾ ਗਿਆ ਹੈ।

*ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥* *ਅੰਗ - 293*

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥*
*ਅੰਗ - 522*

# ਬਖਸ਼ਿਸ਼

ਬਖਸ਼ਿਸ਼ ਵਾਹਿਗੁਰੂ ਦੇ ਸੁਭਾ ਦਾ ਇਕ ਅੰਗ ਹੈ, ਜਿਥੇ ਵਾਹਿਗੁਰੂ ਸਰਬ ਸ਼ਕਤੀਮਾਨ ਹੈ, ਸਰਬ ਪ੍ਰਤਿਪਾਲਕ ਹੈ, ਨਿਰਭੈ ਤੇ ਨਿਰਵੈਰ ਹੈ, ਉਥੇ ਬਖਸ਼ਿੰਦ ਵੀ ਹੈ, ਔਗੁਣਾਂ ਨੂੰ ਬਖਸ਼ਣ ਦੇ ਸਮਰਥ ਵੀ ਹੈ।

*ਪਤਿਤ ਉਧਾਰਣ ਹਰਿ ਬਿਰਦੁ ਤੁਮਾਰਾ ਰਾਮ ॥* *ਅੰਗ - 546*

*ਪ੍ਰਭਿ ਅਪਨਾ ਬਿਰਦੁ ਸਮਾਰਿਆ ॥*
*ਹਮਰਾ ਗੁਣੁ ਅਵਗੁਣੁ ਨ ਬੀਚਾਰਿਆ ॥* *ਅੰਗ - 622*

*ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ ॥*
*ਅੰਗ - 713*

ਐਪਰ, ਵਾਹਿਗੁਰ ਦੇ ਸੁਭਾ ਦੇ 'ਬਖਸ਼ਣ' ਵਾਲੇ ਅੰਗ ਨੂੰ ਆਮ ਲੋਕੀ ਗਲਤ ਸਮਝਦੇ ਹਨ, ਉਹਨਾਂ ਦੇ ਖਿਆਲ ਅਨੁਸਾਰ ਜੇਕਰ ਵਾਹਿਗੁਰੂ ਔਗੁਣਾਂ ਨੂੰ ਵਿਚਾਰਦਾ ਹੀ ਨਹੀਂ ਅਤੇ ਜਦ ਉਸ ਦੀ ਸ਼ਰਨ ਜਾਵੋ ਤਦ ਹੀ ਬਖਸ਼ ਦਿੰਦਾ ਹੈ, ਤਾਂ ਫਿਰ ਔਗੁਣ ਛਡਣ ਦੀ ਕੀ ਲੋੜ ਹੈ? ਰੋਜ਼ ਵਾਹਿਗੁਰੂ ਦੀ ਸ਼ਰਨ ਚਲੇ ਜਾਵੋ ਤੇ ਪਿਛਲੇ ਦਿਨ ਦੇ ਕੀਤੇ ਪਾਪ, ਕਸੂਰ ਬਖਸ਼ਵਾ ਆਵੋ। ਐਸਾ ਪੁਰਸ਼ ਔਗੁਣਾਂ ਦੇ ਤਿਆਗ ਕਰਨ ਦੀ ਥਾਂ ਕੇਵਲ ਉਹਨਾਂ ਨੂੰ ਬਖਸ਼ਾਉਣ ਦਾ ਹੀ ਪੁਰਸ਼ਾਰਥ ਕਰਦੇ ਹਨ। ਉਹਨਾਂ ਦੇ ਖਿਆਲ ਅਨੁਸਾਰ ਜਿਵੇਂ ਇਸ਼ਨਾਨ ਕੀਤਿਆਂ ਪਿਛਲੇ ਦਿਨ ਦੀ ਸਾਰੀ ਮੈਲ

ਉਤਰ ਜਾਂਦੀ ਹੈ, ਓਵੇਂ ਵਾਹਿਗੁਰੂ ਦੀ ਸ਼ਰਨ ਗਿਆਂ ਪਿਛਲੇ ਦਿਨ ਦੇ ਕੀਤੇ ਪਾਪ ਉਤਰ ਜਾਂਦੇ ਜਾਂ ਬਖਸ਼ੇ ਜਾਂਦੇ ਹਨ। ਗੁਰਦੁਆਰਿਆਂ ਵਿਚ ਰੋਜ਼ ਜਾਣ ਵਾਲੇ ਮਿਤਰਾਂ ਦੀ ਚੋਖੀ ਗਿਣਤੀ ਇਸ ਖਿਆਲ ਨਾਲ ਗੁਰਦੁਆਰਿਆਂ ਵਿੱਚ ਜਾਂਦੀ ਹੈ ਅਤੇ ਏਹੀ ਕਾਰਨ ਹੈ ਕਿ ਐਸੇ ਮਿਤਰਾਂ ਵਿਚੋਂ ਬਹੁਤਿਆਂ ਦੀ ਗੁਰਦੁਆਰੇ ਦੇ ਅੰਦਰ ਤੇ ਗੁਰਦੁਆਰੇ ਤੋਂ ਬਾਹਰ ਦੀ ਜ਼ਿੰਦਗੀ ਵਿਚ ਜ਼ਮੀਨ ਅਸਮਾਨ ਦਾ ਫਰਕ ਹੁੰਦਾ ਹੈ। ਜੇਕਰ ਐਸੇ ਮਿਤ੍ਰ ਵਰ੍ਹਿਆਂ ਭਰ ਜੋੜੇ ਝਾੜ ਝਾੜ ਕੇ ਅਤੇ ਗੁਰੂ ਗਰੰਥ ਜੀ ਅਗੇ ਨਕ ਰਗੜ ਰਗੜ ਕੇ ਆਪਣੇ ਆਪ ਅੰਦਰ ਕੋਈ ਆਤਮਕ ਤਬਦੀਲੀ ਜਾਂ ਅਰਸ਼ੀ ਹੁਲਾਰਾ ਨਾ ਵੇਖਣ ਤਾਂ ਉਹਨਾਂ ਨੂੰ ਹੈਰਾਨ ਨਹੀਂ ਹੋਣਾ ਚਾਹੀਦਾ।

ਇਸ ਕਿਸਮ ਦੀ ਭੁਲ ਵਾਹਿਗੁਰੂ ਦੇ ਸੁਭਾ ਦੀ ਨਾਵਾਕਫੀ ਕਰ ਕੇ ਹੁੰਦੀ ਹੈ। ਵਾਹਿਗੁਰੂ ਬਖਸ਼ਿੰਦ ਜ਼ਰੂਰ ਹੈ ਪਰ ਨਾਲ ਹੀ ਉਹ

*ਘਟ ਘਟ ਕੇ ਪਟ ਪਟ ਕੀ ਜਾਨਤ* (ਚੌਪਈ ਪਾ. 10)

ਉਹ ਸਭ ਦੀਆਂ ਨੀਯਤਾਂ ਦੇ ਦਿਲ ਨੂੰ ਵੀ ਜਾਣਦਾ ਹੈ। ਉਹ ਉਸੇ ਆਦਮੀ ਨੂੰ ਬਖਸ਼ਦਾ ਹੈ ਜਿਸ ਦੇ ਦਿਲ ਵਿਚ ਪਿਛਲੇ ਔਗੁਣਾਂ, ਪਾਪਾਂ ਵਿਕਾਰਾਂ ਤੋਂ ਪੂਰੀ ਘ੍ਰਿਣਾ ਅਤੇ ਅਗੇ ਲਈ ਔਗੁਣਾਂ ਦੇ ਤਿਆਗ ਦਾ ਪੱਕਾ ਇਰਾਦਾ ਪੈਦਾ ਹੋ ਗਿਆ ਹੋਵੇ। ਜੋ ਆਦਮੀ ਆਪਣੀਆਂ ਕਮਜ਼ੋਰੀਆਂ ਨੂੰ ਇਹ ਕਹਿ ਕੇ:

*ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥* ਅੰਗ - 61

ਦਰੁਸਤ ਸਮਝਦਾ ਹੈ ਅਤੇ ਨਾਲ ਹੀ ਬਖਸ਼ੇ ਜਾਣ ਦੀ ਦਿਲ ਵਿਚ ਆਸ ਰਖਦਾ ਹੈ, ਉਸਦੀ ਮੁਰਾਦ ਪੂਰੀ ਨਹੀਂ ਹੋ ਸਕੇਗੀ।

ਰੱਬੀ ਦਰਬਾਰ ਵਿਚ ਬਖਸ਼ਿਆ ਕੇਵਲ ਉਹ ਜਾਂਦਾ ਹੈ ਜੋ ਆਪਣੀ ਸਾਰੀ ਇਨਸਾਨੀ ਤਾਕਤ ਆਪਣੇ ਨਫਸ ਨਾਲ ਲੜਨ

ਵਿਚ ਤੇ ਆਪਣੇ ਔਗੁਣਾਂ ਤੋ ਛੁਟਕਾਰਾ ਪਾਣ ਵਿਚ ਵਰਤਣ ਲਈ ਤਿਆਰ ਹੋਵੇ। ਵਾਹਿਗੁਰੂ ਦੀ ਦਰਗਾਹ ਵਿਚ 'ਕਾਇਰਾਂ' ਜਾਂ 'ਹਾਰ ਮੰਨੇ ਹੋਏ' ਪੁਰਸ਼ਾਂ ਦੀ ਪੁਛ ਨਹੀਂ ਹੁੰਦੀ, ਉੱਥੇ ਉਸੇ ਦੀ ਸੁਣੀ ਜਾਂਦੀ ਹੈ ਜੋ ਆਪਣੇ ਆਪ ਨੂੰ ਸੁਧਾਰਨ ਲਈ ਆਪਣੇ ਲਹੂ ਦਾ ਆਖਰੀ ਕਤਰਾ ਡੋਹਲਣ ਲਈ ਤਿਆਰ ਹੋਵੇ ਅਤੇ ਜਿਸ ਨੂੰ ਆਪਣੀ ਅਖੀਰੀ ਜਿਤ ਉਤੇ ਭਰੋਸਾ ਹੋਵੇ।

ਵਾਹਿਗੁਰੂ ਦੀ ਹਜ਼ੂਰੀ ਵਿਚ ਜਦ ਵੀ ਨਿਰਮਾਣ ਹੋ ਕੇ ਆਪਣੇ ਔਗੁਣਾਂ ਦੀ ਬਖਸ਼ਿਸ਼ ਵਾਸਤੇ ਪ੍ਰਾਰਥਨਾ ਕਰੀਏ, ਉਦੋਂ ਹੀ ਜ਼ਰੂਰ ਬਖਸ਼ੇ ਜਾਈਦਾ ਹੈ ਪਰ ਜੇ ਔਗੁਣ ਫੇਰ ਨਾ ਕਰੀਏ ਤਾਂ। ਅਗਰ ਔਗੁਣ ਫੇਰ ਉਸੇ ਤਰ੍ਹਾਂ ਕਰਦੇ ਰਹੀਏ ਤਾਂ ਵਾਹਿਗੁਰੂ ਦੀ ਬਖਸ਼ਿਸ਼ ਦਾ ਕਾਨੂੰਨ ਅਮਲ ਵਿਚ ਆਉਂਦਾ ਹੀ ਨਹੀਂ। ਜਿਵੇਂ ਨਫੀ ਤੇ ਜਮ੍ਹਾ ਦੀਆਂ ਤਾਰਾਂ ਮਿਲਣ ਉਤੇ ਬਿਜਲੀ ਪੈਦਾ ਹੁੰਦੀ ਹੈ, ਉਵੇਂ ਭੁਲਾਂ ਬਖਸ਼ਵਾ ਕੇ ਮੁੜ ਭੁਲਾਂ ਨਾ ਕਰਨ ਨਾਲ ਹੀ ਬਖਸ਼ਿਸ਼ ਦਾ ਅਸੂਲ ਕੰਮ ਕਰਦਾ ਹੈ।

*ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥*

*ਅੰਗ - 624*

ਉਹ ਵੀ ਤਦ ਹੀ ਬਖਸ਼ੇ ਜਾਂਦੇ ਹਨ ਜਦ ਅਗੇ ਲਈ ਔਗੁਣਾਂ ਤੋਂ ਬਚ ਕੇ ਸਚੇ ਮਾਰਗ ਉਤੇ ਚਲਣ ਲਗ ਪੈਣ। ਉਹਨਾਂ ਨੂੰ ਬਖਸ਼ਿਸ਼ ਉਸੇ ਔਸਤ ਵਿਚ ਮਿਲਦੀ ਹੈ ਜਿਸ ਔਸਤ ਨਾਲ ਉਹ ਅਗੇ ਨੂੰ ਔਗੁਣ ਨਾ ਕਰਨ ਵਿਚ ਸਫਲ ਹੋਵਣ। ਜਿਥੇ ਵਾਹਿਗੁਰੂ ਬਖਸ਼ਿੰਦ ਹੈ ਉਥੇ ਉਹ ਨਿਆਂਕਾਰੀ ਜਾਂ ਇਨਸਾਫ ਕਰਨ ਵਾਲਾ ਵੀ ਹੈ। ਉਸ ਦਾ ਇਨਸਾਫ, ਬਖਸ਼ਸ਼ ਵੇਲੇ ਵੀ ਚਲਦਾ ਰਹਿੰਦਾ ਹੈ ਅਤੇ ਬਖਸ਼ਿਸ਼ ਦਾ ਅਸੂਲ ਇਨਸਾਫ ਵੇਲੇ ਕੰਮ ਕਰਦਾ ਰਹਿੰਦਾ ਹੈ। ਵਾਹਿਗੁਰੂ ਦੇ ਇਨਸਾਫ ਦਾ ਮਨੋਰਥ ਇਨਸਾਨ ਨੂੰ

ਸੁਧਾਰਨਾ ਹੈ ਅਤੇ ਇਸ ਮਨੋਰਥ ਦੀ ਪੂਰਤੀ ਲਈ ਜੇ ਸਜ਼ਾ ਵੀ ਦੇਣੀ ਪਵੇ ਤਾਂ ਦਿਤੀ ਜਾਂਦੀ ਹੈ। ਜੇ ਇਨਸਾਨ ਘਟ ਸਜ਼ਾ ਨਾਲ ਨਾ ਸੁਧਰੇ ਉਸ ਨੂੰ ਵਧੇਰੇ ਕਰੜੀ ਸਜ਼ਾ ਦੇਣ ਦੀ ਜ਼ਰੂਰਤ ਪੈਂਦੀ ਹੈ, ਪਰ ਜੋ ਇਨਸਾਨ ਆਪਣੇ ਔਗੁਣ ਤੋਂ ਆਪ ਹੀ ਤੰਗ ਆ ਜਾਵੇ ਅਤੇ ਔਗੁਣਾਂ ਤੋ ਛੁਟਕਾਰਾ ਪਾਉਣ ਲਈ ਹਰ ਇਕ ਸੰਭਵ ਪੁਰਸ਼ਾਰਥ ਕਰਨ ਲਈ ਰਾਜ਼ੀ ਹੋਵੇ, ਉਸ ਨੂੰ ਸਜ਼ਾ ਦੇਣ ਦੀ ਕੋਈ ਲੋੜ ਨਹੀਂ ਰਹਿੰਦੀ। ਐਸੇ ਪੁਰਸ਼ ਨੂੰ ਬਖਸ਼ਣ ਨਾਲ ਇਨਸਾਫ ਦਾ ਘਰ ਵੀ ਪੂਰਾ ਰਹਿੰਦਾ ਹੈ ਅਤੇ ਬਖਸ਼ਿਸ਼ ਦਾ ਵੀ। ਰਬੀ ਇਨਸਾਫ ਦਾ ਮਨੋਰਥ ਇਨਸਾਨ ਨੂੰ ਸੁੱਧਾਰਨਾ ਜਾਂ ਔਗੁਣਾਂ ਤੋਂ ਰਹਿਤ ਕਰਨਾ ਹੈ, ਅਗਰ ਉਹ ਬਖਸ਼ਿਸ਼ ਨਾਲ ਹੀ ਸੌਰ ਜਾਵੇ ਤਾਂ ਹੋਰ ਕਿਸੇ ਕਰੜੇ ਤਰੀਕੇ ਦੇ ਵਰਤਣ ਦੀ ਲੋੜ ਨਹੀਂ ਰਹਿੰਦੀ।

ਬਖਸ਼ਿਸ਼ ਸਬੰਧੀ ਵਿਚਾਰ ਕਰਨ ਲਗਿਆਂ ਇਹ ਸਵਾਲ ਪੈਦਾ ਹੁੰਦਾ ਹੈ ਕਿ ਕਰਮ ਤੇ ਨਿਯਮਾਂ ਅਨੁਸਾਰ ਨਿਸਾਨ ਨੂੰ ਕਰਮ ਕਰ ਕੇ ਉਹਨਾਂ ਦਾ ਫਲ ਅਵਸ਼ ਹੀ ਭੋਗਣਾ ਪੈਂਦਾ ਹੈ, ਮਾੜੇ ਕਰਮਾਂ ਦਾ ਫਲ ਮਾੜਾ ਅਤੇ ਚੰਗੇ ਕਰਮਾਂ ਦਾ ਫਲ ਚੰਗਾ - ਤਾਂ ਫਿਰ ਮਾੜੇ ਕਰਮਾਂ ਜਾਂ ਔਗੁਣਾਂ ਦੀ ਬਖਸ਼ਿਸ਼ ਕਿਵੇਂ ਹੋ ਸਕਦੀ ਹੈ? ਏਥੇ ਵੀ ਇਹੀ ਯਾਦ ਰਖਣਾ ਚਾਹੀਦਾ ਹੈ ਕਿ ਕਰਮ ਥਿਊਰੀ ਵਿਚ ਵੀ ਡੂੰਘੀ ਨਜ਼ਰ ਨਾਲ ਦੇਖਿਆ ਅਕਾਲ ਪੁਰਖ ਦਾ ਆਸ਼ਾ ਇਨਸਾਨ ਨੂੰ ਸੁਧਾਰਨਾ ਅਤੇ ਕਿਸੇ ਵੇਲੇ ਕਰਮਾਂ ਦੇ ਚੱਕਰ ਤੋਂ ਆਜ਼ਾਦ ਕਰਨਾ ਦਿਸੇਗਾ। ਜਦ ਇਨਸਾਨ ਨੂੰ ਚੰਗੇ ਕਰਮ ਦਾ ਫਲ ਸੁਖ ਅਤੇ ਮਾੜੇ ਕਰਮ ਦਾ ਫਲ ਦੁਖ ਦੀ ਸ਼ਕਲ ਵਿਚ ਭੁਗਤਣਾ ਪਵੇ ਤਾਂ ਉਸ ਅੰਦਰ ਵਾਹਿਗੁਰੂ ਵਲੋਂ ਰਖੀ ਵਿਚਾਰ ਸ਼ਕਤੀ ਉਸ ਨੂੰ ਹੌਲੇ ਹੌਲੇ ਮਾੜੇ ਕਰਮਾਂ ਤੋਂ ਰੋਕ ਕੇ ਚੰਗੇ ਕਰਮਾਂ ਵਲ ਲਿਆਉਂਦੀ ਜਾਵੇਗੀ, ਏਥੋਂ ਤਕ ਕਿ ਇਕ ਦਿਨ ਉਹ ਇਨਸਾਨ

ਮਾੜੇ ਕਰਮਾਂ ਦਾ ਉਕਾ ਤਿਆਗ ਕਰ ਕੇ ਪੂਰਨ ਤੌਰ ਤੇ ਸੁਧਰ ਜਾਵੇਗਾ। ਹੋਣਾ ਤਾਂ ਅੰਤ ਵਿਚ ਇਹੋ ਕੁਝ ਸਾਰੇ ਇਨਸਾਨਾਂ ਨਾਲ ਹੈ, ਪਰ ਜੋ ਗੁਰੂ ਪੀਰਾਂ ਦੀ ਸ਼ਰਨ ਆ ਜਾਣ ਉਹਨਾਂ ਨੂੰ ਉਕਤ ਲੰਬੇ ਗੇੜੇ ਵਿਚੋਂ ਲੰਘਣ ਦੀ ਤੇ ਜੁਗਾਂ ਜੁਗਾਤਰਾਂ ਤਕ ਉਡੀਕਣ ਦੀ ਲੋੜ ਨਹੀਂ ਰਹਿੰਦੀ। ਉਹ ਕਰਮ ਚੱਕਰ ਵਿਚੋਂ ਗੁਰੂ ਦੀ ਅਗਵਾਈ, ਆਪਣੀ ਮੇਹਨਤ ਤੇ ਵਾਹਿਗੁਰੂ ਦੀ ਕਿਰਪਾ ਨਾਲ ਛੇਤੀ ਨਿਕਲ ਜਾਂਦੇ ਹਨ। ਉਹਨਾਂ ਦੇ ਮੰਦੇ ਕਰਮਾਂ ਦਾ ਫਲ ਉਹਨਾਂ ਦੇ ਸ਼ੁਭ ਕਰਮਾਂ ਵਿਚ ਅਵਲ ਤਾਂ ਬਿਲਕੁਲ ਜ਼ਾਇਆ ਜਾਂ ਖਪਤ ਹੋ ਜਾਂਦਾ ਹੈ ਪਰ ਜੇ ਕੁਝ ਰਹਿ ਵੀ ਜਾਵੇ ਤਾਂ ਕਿਸੇ ਬੇ-ਮਲੂਮੇ ਤਰੀਕੇ ਵਿਚ ਭੁਗਤਿਆ ਜਾਂਦਾ ਹੈ। ਇਸ ਸਬੰਧ ਵਿਚ ਗੁਰੂ ਘਰ ਅੰਦਰ ਇਕ ਬੜੀ ਵਿਚਾਰ ਭਰੀ ਤੇ ਸਿਖਿਆਦਾਇਕ ਸਾਖੀ ਹੈ।

ਗੁਰੂ ਅਰਜਨ ਦੇਵ ਜੀ ਪਾਸ ਇਕ ਰਾਜਾ ਡਾਹਢੇ, ਨਿਰਮਾਣਤਾ ਅਤੇ ਸਿਦਕ ਭਰੇ ਦਿਲ ਨਾਲ ਆਇਆ ਕਿ ਜੇ ਪਿਛਲੇ ਪਾਪ ਬਖਸ਼ੇ ਜਾਣ ਤਾਂ ਅਗੋ ਨੂੰ ਉਹ ਗੁਰਮੁਖਾਂ ਦਾ ਜੀਵਨ ਬਤੀਤ ਕਰੇ। ਜਦ ਉਹ ਗੁਰੂ ਜੀ ਦੇ ਦਰਬਾਰ ਦੇ ਨਜ਼ਦੀਕ ਪਹੁੰਚਿਆ ਤਾਂ ਰਾਗੀ ਇਹ ਗੁਰਵਾਕ ਪੜ੍ਹ ਰਹੇ ਸਨ:

*ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥*

*ਅੰਗ - 937*

ਜਦ ਰਾਜੇ ਨੇ ਉਕਤ ਗੁਰਵਾਕ ਸੁਣਿਆਂ ਤਾਂ ਠਠੰਬਰ ਕੇ ਖਲੋ ਗਿਆ, ਅਤੇ ਸੋਚਣ ਲਗਾ ਕਿ ਜੇ ਲੇਖਾਂ ਤੋਂ ਜਾਂ ਪਿਛਲੇ ਕਰਮਾਂ ਦੇ ਫਲ ਭੁਗਤਣ ਤੋਂ ਬਗੈਰ ਕੋਈ ਨਹੀਂ ਬਚ ਸਕਦਾ ਤਾਂ ਫਿਰ ਮੇਰੇ ਏਥੇ ਆਉਣ ਦਾ ਕੀ ਫਾਇਦਾ ਸੀ? ਏਥੇ ਤਾਂ ਮੈਂ ਪਿਛਲੇ ਮੰਦੇ ਕਰਮਾਂ ਸਬੰਧੀ ਬਖਸ਼ਿਸ਼ ਲੈਣ ਆਇਆ ਸੀ ਪਰ ਏਥੇ ਵੀ

ਉਹੋ ਪੁਰਾਣੀ ਗਲ ਕਹੀ ਜਾ ਰਹੀ ਹੈ ਕਿ ਲੇਖ ਨਹੀਂ ਮਿਟ ਸਕਦੇ, ਪਿਛਲੇ ਕਰਮਾਂ ਦਾ ਫਲ ਭੋਗਣ ਤੋਂ ਬਗੈਰ ਕੋਈ ਨਹੀਂ ਰਹਿ ਸਕਦਾ। ਰਾਜੇ ਨੇ ਵਾਪਸ ਮੁੜ ਜਾਣਾ ਚਾਹਿਆ ਪਰ ਨਾਲ ਦੇ ਸਾਥੀਆਂ ਨੇ ਆਖਿਆ ਕਿ ਇਤਨੀ ਦੂਰੋਂ ਆਏ ਹੋ, ਏਥੋਂ ਦਾ ਸਭ ਕੁਝ ਦੇਖ ਕੇ ਹੀ ਪਰਤਣਾ ਉਚਿਤ ਹੈ, ਇਸ ਲਈ ਰਾਜਾ ਕੁਝ ਚਿਰ ਠਹਿਰਣ ਲਈ ਮੰਨ ਗਿਆ।

ਗੁਰੂ ਦਰਬਾਰ ਵਿਚ ਭਾਵੇਂ ਰਾਜਾ ਰੋਜ਼ ਜਾਂਦਾ ਪਰ ਉਸ ਦੇ ਮਨ ਵਿਚ ਡਾਹਢੀ ਨਿਰਾਸਤਾ ਸੀ ਕਿ ਗੁਰੂ ਘਰ ਵਿਚ ਆ ਕੇ ਵੀ ਮੇਰੀ ਮੁਰਾਦ ਪੂਰੀ ਨਾ ਹੋਈ। ਇਕ ਦਿਨ ਗੁਰੂ ਅਰਜਨ ਦੇਵ ਜੀ ਰਾਜੇ ਨੂੰ ਆਪਣੇ ਨਾਲ ਬਾਹਰ ਸੈਰ ਕਰਨ ਲੈ ਗਏ। ਅੰਮ੍ਰਿਤਸਰ ਤੋਂ ਦਸ ਬਾਰਾਂ ਕੋਹਾਂ ਉਤੇ ਜਾ ਕੇ ਇਕ ਪਿੰਡ ਆਇਆ ਜਿਸ ਦੇ ਬਾਹਰ ਇਕ ਚੰਡਾਲ ਦੀ ਚਿਤਾ ਜਲ ਰਹੀ ਸੀ ਅਤੇ ਚਿਤਾ ਦੇ ਕੋਲ ਕੁਛ ਚੰਡਾਲ ਇਸਤ੍ਰੀਆਂ ਪੁਰਸ਼ ਬੱਚੇ ਬੈਠੇ ਰੋ ਰਹੇ ਸੀ। ਰਾਜੇ ਨੂੰ ਦੇਖ ਕੇ ਉਹਨਾਂ ਸਾਰਿਆਂ ਨੇ ਆ ਕੇ ਉਸਦੇ ਦਵਾਲੇ ਘੇਰਾ ਪਾ ਲਿਆ ਅਤੇ ਬੱਚੇ ਆਖਣ ਲਗੇ ਸਾਡਾ ਪਿਤਾ ਆ ਗਿਆ ਹੈ, ਇਸ੍ਤ੍ਰੀ ਆਖਣ ਲਗੀ ਮੇਰਾ ਪਤੀ ਜਿਉ ਪਿਆ ਹੈ ਅਤੇ ਰਿਸ਼ਤੇਦਾਰ ਵੀ ਹੈਰਾਨੀ ਨਾਲ ਆਖਣ ਲਗੇ ਕਿ ਏਹ ਸਾਡਾ ਰਿਸ਼ਤੇਦਾਰ ਹੈ ਜੋ ਕਲ ਮਰ ਗਿਆ ਸੀ। ਰਾਜਾ ਬੜਾ ਹੈਰਾਨ ਸੀ, ਗੁਰੂ ਸਾਹਿਬ ਵਲ ਤਕ ਤਕ ਕੇ ਸ਼ਰਮਿੰਦਾ ਹੋ ਰਿਹਾ ਸੀ। ਗੁਰੂ ਸਾਹਿਬ ਦੇ ਉਹਨਾਂ ਚੰਡਾਲਾਂ ਦੇ ਟੱਬਰ ਨੂੰ ਯਕੀਨ ਦਵਾਣ ਉਤੇ ਕਿ ਉਹ ਤਾਂ ਅਮਕੇ ਦੇਸ਼ ਦਾ ਰਾਜਾ ਹੈ ਅਤੇ ਅੰਮ੍ਰਿਤਸਰ ਦਰਸ਼ਨਾਂ ਲਈ ਆਇਆ ਹੋਇਆ ਹੈ, ਰਾਜੇ ਦੀ ਉਥੋਂ ਖਲਾਸੀ ਤਾਂ ਹੋ ਗਈ ਪਰ ਥੋੜੀ ਦੂਰ ਜਾ ਕੇ ਰਾਜੇ ਨੇ ਗੁਰੂ ਮਹਾਰਾਜ ਅਗੇ ਹਥ ਜੋੜ ਕੇ ਆਖਿਆ ਕਿ ਮਹਾਰਾਜ, ਭਾਵੇਂ ਤੁਸੀਂ ਮੈਨੂੰ ਇਹਨਾਂ ਚੰਡਾਲਾਂ

ਪਾਸੋਂ ਜ਼ਰੂਰ ਛੁੜਾ ਲਿਆਏ ਹੋ ਪਰ ਆਖਦੇ ਇਹ ਜੋ ਕੁਝ ਸੀ, ਬਿਲਕੁਲ ਸੱਚ ਸੀ। ਮੈਂ ਕਲ ਰਾਤ ਸੁਫਨੇ ਵਿਚ ਭੰਗੀ ਦੇ ਘਰ ਜਨਮ ਲੀਤਾ, ਵਡਾ ਹੋ ਕੇ ਇਕ ਭੰਗਣ ਨਾਲ ਵਿਆਹ ਕਰਾਇਆ ਜਿਸ ਤੋਂ ਕਈ ਬੱਚੇ ਪੈਦਾ ਹੋਏ। ਅਖੀਰ ਮੈਂ ਬੁਢਾ ਹੋ ਗਿਆ ਅਤੇ ਕੁਝ ਚਿਰ ਬਿਮਾਰ ਰਹਿ ਕੇ ਮਰ ਗਿਆ। ਮੇਰੇ ਸਾਕ ਮੇਰੇ ਮਰਨ ਉਤੇ ਮੈਨੂੰ ਸਾੜ ਗਏ। ਜਦ ਮੇਰੇ ਸੁਫਨੇ ਦੇ ਸਰੀਰ ਨੂੰ ਅੱਗ ਦਾ ਸੇਕ ਲਗਾ ਤਾਂ ਮੇਰੀ ਅੱਖ ਖੁਲ੍ਹ ਗਈ ਅਤੇ ਮੈਂ ਪਰਤੀਤ ਕੀਤਾ ਕਿ ਇਹ ਭੰਗੀ ਦਾ ਜਨਮ ਮੈਂ ਸੁਫਨੇ ਵਿਚ ਬਤੀਤ ਕੀਤਾ ਹੈ। ਅਜ ਜਦ ਆਪ ਦੇ ਨਾਲ ਬਾਹਰ ਆਇਆ ਤਾਂ ਜਿਉਂ ਜਿਉਂ ਇਸ ਪਿੰਡ ਦੇ ਨੇੜੇ ਆਉਂਦਾ ਤਾਂ ਮੈਨੂੰ ਇਹੀ ਭਾਸਦਾ ਕਿ ਰਾਤ ਦੇ ਸੁਫਨੇ ਵਿਚ ਰਹਿ ਚੁਕੇ ਆਪਣੇ ਪਿੰਡ ਦੇ ਨੇੜੇ ਆ ਰਿਹਾ ਹਾਂ। ਜਦ ਇਹਨਾਂ ਲੋਕਾਂ ਨੇ ਮੈਨੂੰ ਆ ਕੇ ਘੇਰਿਆ ਤਾਂ ਮੈਂ ਸਭ ਨੂੰ ਪਛਾਣ ਰਿਹਾ ਸੀ ਅਤੇ ਦਿਲੋਂ ਜਾਣਦਾ ਸੀ ਕਿ ਇਹ ਸਾਰੇ ਮੇਰੇ ਸੁਫਨੇ ਵਿਚ ਬਤੀਤ ਹੋਏ ਭੰਗੀ ਦੇ ਜਨਮ ਦੇ ਸਾਥੀ ਹਨ।

ਇਸ ਵੇਲੇ ਗੁਰੂ ਅਰਜਨ ਦੇਵ ਜੀ ਨੇ ਉਸ ਰਾਜੇ ਨੂੰ ਸਮਝਾਇਆ ਕਿ ਭਾਵੇਂ ਕਰਮਾਂ ਦਾ ਫਲ ਅਵੱਸ਼ ਭੋਗਣਾ ਪੈਂਦਾ ਹੈ ਪਰ ਜਿਥੇ ਕਿਸੇ ਸਚੇ ਦਿਲੋਂ ਪਸਚਾਤਾਪ ਕਰਨ ਵਾਲੇ ਨੂੰ ਬਖਸ਼ਿਸ਼ ਦੀ ਦਾਤ ਮਿਲ ਜਾਵੇ ਉਥੇ ਉਸ ਦੇ ਮੰਦੇ ਕਰਮਾਂ ਦੇ ਫਲ ਕਿਸੇ ਬੇ-ਮਾਲੂਮ ਤਰੀਕੇ ਵਿਚ ਭੁਗਤੇ ਜਾਂਦੇ ਹਨ। ਹਜ਼ੂਰ ਨੇ ਆਖਿਆ ਕਿ ਰਾਜਾ ਤੈਨੂੰ ਆਪਣੇ ਔਗੁਣਾਂ ਜਾਂ ਮੰਦੇ ਕਰਮਾਂ ਦਾ ਫਲ ਭੁਗਤਣ ਲਈ ਸਚੀ ਮੁਚੀ ਭੰਗੀ ਦਾ ਜਨਮ ਲੈਣਾ ਪੈਣਾ ਸੀ, ਪਰ ਕਿਉਂਕਿ ਤੇਰੇ ਦਿਲ ਵਿਚ ਮੰਦੇ ਕਰਮਾਂ ਸਬੰਧੀ ਸਚੀ ਘਿਰਣਾ ਤੇ ਪਸਚਾਤਾਪ ਸੀ ਇਸ ਲਈ ਤੈਨੂੰ ਬਖਸ਼ਿਸ਼ ਦੀ ਦਾਤ ਮਿਲੀ ਅਤੇ ਇਸ ਦਾਤ ਦਾ ਸਦਕਾ ਤੇਰਾ ਆਉਣ ਵਾਲਾ ਲੰਬਾ

ਭੰਗੀ ਦਾ ਜਨਮ ਕੇਵਲ ਸੁਫਨੇ ਵਿਚ ਹੀ ਕਟਿਆ ਗਿਆ। ਹੁਣ ਤੂੰ ਗੁਰਮੁਖ ਹੈਂ, ਜਾਹ ਅਗੇ ਨੂੰ ਗੁਰਮੁਖਾਂ ਵਾਲਾ ਜੀਵਨ ਬਤੀਤ ਕਰਦਾ ਰਹੀਂ ਤਾਂਕਿ ਬਖਸ਼ਿਸ਼ ਦਾ ਅਸੂਲ ਤੈਨੂੰ ਸਦਾ ਨਿਹਾਲ ਕਰਦਾ ਰਹੇ।

ਵਾਹਿਗੁਰੂ ਬਖਸ਼ਿੰਦ ਹੈ ਪਰ ਉਹ ਉਸਨੂੰ ਬਖਸ਼ਦਾ ਹੈ ਜਿਸ ਨੇ ਅਗਲੀ ਜ਼ਿੰਦਗੀ ਗੁਰਮੁਖਾਂ ਵਾਲੀ ਬਤੀਤ ਕਰਨੀ ਹੋਵੇ।

*ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥*

*ਅੰਗ - 624*

# ਇਖਲਾਕ (ਨਿਰਮਲ ਕਰਮ) ਅਤੇ ਧਰਮ

ਪਛਮੀ ਦੇਸ਼ਾਂ ਦੇ ਧਰਮ ਵਿਰੁਧ ਪ੍ਰਾਪੇਗੰਡੇ ਦੇ ਅਸਰ ਹੇਠ ਆਏ ਕਈ ਮਿਤਰਾਂ ਦਾ ਖਿਆਲ ਹੈ ਕਿ ਇਨਸਾਨ ਦੇ ਕਰਮ ਨਿਰਮਲ ਹੋਣੇ ਚਾਹੀਦੇ ਹਨ, ਇਖਲਾਕ ਉਚਾ ਹੋਣਾ ਚਾਹੀਦਾ ਹੈ, ਇਸ ਤੋਂ ਇਲਾਵਾ ਉਸ ਨੂੰ ਵਾਹਿਗੁਰੂ ਦੀ ਹਸਤੀ ਵਿਚ ਯਕੀਨ ਰਖਣ ਦੀ, ਧਾਰਮਕ ਜੀਵਨ ਬਤੀਤ ਕਰਨ ਦੀ ਲੋੜ ਨਹੀਂ।

ਇਸ ਖਿਆਲ ਦੇ ਅਸਰ ਹੇਠ ਕਿਉਂਕਿ ਅਜ ਕਲ ਦੇ ਪੜ੍ਹੇ ਲਿਖੇ ਸਜਣ ਵਧੇਰੇ ਕਰਕੇ ਆ ਰਹੇ ਹਨ, ਇਸ ਲਈ ਇਸ ਲੇਖ ਵਿਚ ਸੰਖੇਪ ਤੌਰ ਤੇ ਦਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਉਚੇ ਦਰਜੇ ਦੇ ਇਖਲਾਕ ਨੂੰ ਕਾਇਮ ਰਖਣ ਵਾਸਤੇ ਕਿਉਂ ਰਬ ਵਿਚ ਵਿਸ਼ਵਾਸ ਅਤੇ ਧਾਰਮਕ ਜੀਵਨ ਦੀ ਸਖਤ ਜ਼ਰੂਰਤ ਹੈ?

ਨਿਰਮਲ ਕਰਮਾਂ ਜਾਂ ਉਚੇ ਇਖਲਾਕ ਦੀ ਸਿਖਿਆ ਇਨਸਾਨ ਨੂੰ ਬਹੁਤੀ ਕਰਕੇ ਧਾਰਮਕ ਆਗੂਆਂ, ਵਲੀਆਂ ਪੈਗੰਬਰਾਂ, ਰਿਸ਼ੀਆਂ, ਮਹਾਤਮਾਵਾਂ ਪਾਸੋਂ ਹੀ ਮਿਲੀ ਹੈ। ਸਚ ਨਾਲ ਪਿਆਰ ਪਾਣਾ, ਆਪਣੇ ਹਮਸਾਏ ਨਾਲ ਆਪਣੇ ਵਰਗਾ ਵਰਤਾਉ ਕਰਨਾ, ਸਭ ਜੀਵਾਂ ਵਿਚ ਉਸੇ ਪ੍ਰਮਾਤਮਾ ਨੂੰ ਦੇਖਣਾ ਜੋ ਆਪਣੇ ਆਪ ਅੰਦਰ ਹੈ, ਬੁਰੇ ਨਾਲ ਭਲਾਈ ਕਰਨੀ, ਬਦਲਾ ਨਾ ਲੈਣਾ ਸਗੋਂ ਬਖਸ਼ ਦੇਣਾ, ਵੇਖ ਕੇ ਅਣਡਿਠਾ ਕਰਨਾ, ਇਹ ਉਚੇ ਦਰਜੇ

ਦਾ ਇਖਲਾਕ ਪਹਿਲੇ ਪਹਿਲ ਇਨਸਾਨ ਨੂੰ ਕੇਵਲ ਧਾਰਮਕ ਆਗੂਆਂ ਦੇ ਉਪਦੇਸ਼ਾਂ ਤੋਂ ਮਿਲਿਆ ਹੈ।

ਇਹ ਧਾਰਮਕ ਆਗੂ ਜਾਂ ਆਤਮਦਰਸ਼ੀ ਮਹਾਤਮਾ ਵਾਹਿਗੁਰੂ ਦੀ ਹਸਤੀ ਵਿਚ ਵਿਸ਼ਵਾਸ ਰਖਦੇ ਹਨ। ਇਹਨਾਂ ਦੇ ਉਪਦੇਸ਼ਾਂ ਦੀ ਬੁਨਿਆਦ ਸਭ ਜੀਆਂ-ਜੰਤਾਂ ਵਿਚ ਵਾਹਿਗੁਰੂ ਪਰਮ-ਆਤਮਾ ਦੀ ਵਿਆਪਕਤਾ ਸੀ। ਜਦ ਸਭ ਅੰਦਰ ਇਕੋ ਪਰਮਾਤਮਾ ਹੈ ਤਾਂ ਇਕ ਮਨੁਖ ਦੂਸਰੇ ਮਨੁੱਖ ਨਾਲ ਕਿਉਂ ਧੋਖਾ, ਵੈਰ-ਵਿਰੋਧ ਕਰੇ, ਜਦ ਸਭ ਜੀਅ ਜੰਤ ਦੀ ਵਾਹਿਗੁਰੂ ਪਾਲਨਾ ਕਰਦਾ ਹੈ ਤਾਂ ਇਕ ਮਨੁਖ ਦੂਸਰੇ ਮਨੁਖ ਦੀਆਂ ਚੀਜ਼ਾਂ ਕਿਉਂ ਚੁਰਾਵੇ, ਕਿਉਂ ਖੋਹਵੇ। ਇਸ ਤਰੀਕੇ ਨਾਲ ਨਿਰਮਲ ਕਰਮਾਂ ਜਾਂ ਉਚ ਇਖਲਾਕ ਦੀ ਹੋਂਦ ਵਜੂਦ ਵਿਚ ਆਈ। ਪਰ ਜੇਕਰ ਵਾਹਿਗੁਰੂ ਦੀ ਹੋਂਦ ਜਾਂ ਹਸਤੀ ਵਿਚ ਵਿਸ਼ਵਾਸ ਨਾ ਰਹੇ ਤਾਂ ਇਨਸਾਨ ਨੂੰ ਨਿਰਮਲ ਕਰਮ ਕਰਨ ਵਾਸਤੇ ਕੋਈ ਖਾਸ ਪ੍ਰੇਰਨਾ ਨਹੀਂ ਰਹੇਗੀ। ਉਹ ਕਿਉਂ ਆਪਣੇ ਹਮਸਾਏ ਨਾਲ ਆਪਣੇ ਵਰਗਾ ਪਿਆਰ ਕਰੇ? ਉਹ ਕਿਉਂ ਨਾ ਦੂਸਰਿਆਂ ਨੂੰ ਲੁਟ ਕੇ ਧੋਖਾ ਦੇ ਕੇ ਆਪ ਅਮੀਰ ਬਣੇ? ਉਹ ਕਿਉਂ ਗਰੀਬਾਂ ਨੂੰ ਦਾਨ ਦੇਵੇ? ਕਿਉਂ ਨਾ ਆਪਣਾ ਰੁਪਿਆ ਆਪਣੀ ਔਲਾਦ ਵਾਸਤੇ ਸਾਂਭ ਕੇ ਰਖੇ? ਜੇਕਰ ਰਬ ਦੀ ਹੋਂਦ ਵਿਚ ਇਨਸਾਨ ਦਾ ਵਿਸ਼ਵਾਸ ਨਾ ਰਹੇ ਤਾਂ ਆਪ ਕੁਰਬਾਨੀ ਕਰਕੇ ਦੂਸਰਿਆਂ ਦੇ ਭਲੇ ਲਈ ਸਭ ਇਨਸਾਨੀ ਕੋਸ਼ਿਸ਼ਾਂ ਖਤਮ ਹੋ ਜਾਣਗੀਆਂ - ਦਯਾ, ਦਾਨ, ਕੁਰਬਾਨੀ, ਸੇਵਾ, ਉਪਕਾਰ ਸਭ ਦੈਵੀ ਗੁਣ ਅਲੋਪ ਹੋ ਜਾਣਗੇ। ਰਬ ਵਿਚ ਯਕੀਨ ਤੇ ਰਬੀ ਇਲਮ ਦਾ ਸ਼ੁਭ ਕਰਮਾਂ ਜਾਂ ਇਖਲਾਕ ਨਾਲ ਬੜਾ ਗੂੜ੍ਹਾ ਸਬੰਧ ਹੈ, ਇਕ ਬੁਨਿਆਦ ਹੈ ਦੂਸਰਾ ਇਮਾਰਤ। ਜਿਨ੍ਹਾਂ ਦੇਸਾਂ ਵਿਚ ਰਬ ਅਤੇ ਧਰਮ ਵਿਰੁਧ ਪ੍ਰਚਾਰ ਹੋਇਆ ਹੈ ਉਥੇ ਇਨਸਾਨ ਦੀਆਂ ਰੁਚੀਆਂ ਵਧੇਰੇ

ਬੇ-ਰਹਿਮ ਤੇ ਖੁਦਗਰਜ਼ ਹੋ ਗਈਆਂ ਹਨ। ਐਸੇ ਦੇਸ਼ਾਂ ਦੇ ਵਾਸੀ ਆਪਣੇ ਦੇਸ਼ ਜਾਂ ਆਪਣੇ ਖਿਆਲਾਂ ਉਤੋਂ ਸਾਰੀ ਦੁਨਿਆਂ ਨੂੰ ਵਾਰਨ ਵਾਸਤੇ ਬੇ-ਸਬਰ ਹਨ। ਅਗਰ ਈਮਾਨਦਾਰੀ ਤੇ ਸਚਾਈ ਨਾਲ ਦੇਖਿਆ ਜਾਵੇ ਤਾਂ ਦੁਨੀਆਂ ਵਿਚ ਜਿਤਨੇ ਨੇਕ ਤੇ ਨਿਰਮਲ ਕਰਮ ਹੋਏ ਜਾਂ ਹੁੰਦੇ ਹਨ, ਉਹ ਬਹੁਤ ਕਰਕੇ ਧਰਮ ਦੀ ਪ੍ਰੇਰਨਾ ਕਰਕੇ ਹੋਏ ਜਾਂ ਹੁੰਦੇ ਹਨ। ਜੇਹੜੇ ਲੋਕ ਇਹ ਆਖਦੇ ਹਨ ਕਿ ਧਰਮ ਦੇ ਨਾਮ ਉਤੇ ਦੁਨੀਆਂ ਵਿਚ ਬੜੇ ਬੜੇ ਅਤਿਆਚਾਰ ਵੀ ਹੋਏ ਹਨ, ਉਹ ਇਹ ਨਹੀਂ ਜਾਣਦੇ ਕਿ ਧਰਮ ਦੇ ਨਾਮ ਉਤੇ ਅਤਿਆਚਾਰ ਧਰਮ ਦੀ ਉਚ ਤਾਲੀਮ ਦਾ ਨਤੀਜਾ ਨਹੀਂ ਸਨ, ਸਗੋਂ ਅਤਿਆਚਾਰ ਕਰਨ ਵਾਲਿਆਂ ਦੀ, ਧਰਮ ਦੀ ਸਿਖਸ਼ਾ ਤੋਂ ਬੇਮੁਖੀ ਤੇ ਉਹਨਾਂ ਦੀ ਆਪਣੀ ਨੀਵੀਂ ਫਿਤਰਤ ਦੀ ਪਰੇਰਨਾ ਕਰਕੇ ਸਨ। ਅਗਰ ਔਰੰਗਜ਼ੇਬ ਨੇ ਧਰਮ ਦੀ ਆੜ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਤਾਂ ਇਹ ਇਸਲਾਮ ਦੀ ਤਾਲੀਮ ਦਾ ਨਤੀਜਾ ਨਹੀਂ ਸੀ, ਉਹ ਔਰੰਗਜ਼ੇਬ ਦੀ ਆਪਣੀ ਨੀਵੀਂ ਫਿਤਰਤ ਦਾ ਨਤੀਜਾ ਸੀ, ਜਿਸ ਦੇ ਅਧੀਨ ਹੋ ਕੇ ਉਸ ਨੇ ਆਪਣੇ ਬਾਪ ਨੂੰ ਕੈਦ ਕੀਤਾ ਤੇ ਸਕੇ ਭਰਾਵਾਂ ਨੂੰ ਤਸੀਹੇ ਦੇ ਦੇ ਕੇ ਮਰਵਾਇਆ। ਜਿਨ੍ਹਾਂ ਦੇਸ਼ਾਂ ਵਿਚ ਅਜ ਕਲ ਧਰਮ ਦਾ ਪਰਭਾਉ ਨਹੀਂ ਉਥੇ ਅਤਿਆਚਾਰ ਬੰਦ ਨਹੀਂ ਹੋਏ ਸਗੋਂ ਇਨਸਾਨ ਦੀ ਨੀਵੀਂ ਫਿਤਰਤ ਨੇ ਆਪਣੇ ਵਿਸ਼ਵਾਸ ਵਾਸਤੇ ਕਈ ਨਵੇਂ ਬਹਾਨੇ ਲਭ ਕੇ ਵਧੇਰੇ ਅਤਿਆਚਾਰ ਕਰਨੇ ਅਰੰਭ ਦਿਤੇ ਹਨ।

ਇਨਸਾਨ ਦੀ ਫਿਤਰਤ ਆਪਣੇ ਆਪ ਵਿਚ ਖੁਦਗਰਜ਼ ਤੇ ਕਮੀਨੀ ਹੈ। ਰਬ ਦਾ ਪਿਆਰ ਧਰਮ ਦੀ ਪਰੇਰਨਾ, ਇਨਸਾਨ ਦੀ ਨੀਵੀਂ ਫਿਤਰਤ ਨੂੰ ਮਨ ਆਈਆਂ ਗਲਾਂ ਕਰਨੋਂ ਰੋਕਦੀ ਤੇ ਨੇਕੀ, ਤਿਆਗ ਅਤੇ ਕੁਰਬਾਨੀ ਕਰਨ ਵਾਸਤੇ ਉਭਾਰਦੀ ਹੈ। ਅਗਰ

ਵਾਹਿਗੁਰੂ ਵਿਚ ਯਕੀਨ ਨਾ ਰਹੇ, ਧਰਮ ਨਾਲ ਪਿਆਰ ਨਾ ਰਹੇ ਤਾਂ ਇਨਸਾਨ ਵਾਸਤੇ ਨੇਕੀ ਤਿਆਗ ਤੇ ਕੁਰਬਾਨੀ ਬੇਲੋੜੀਆਂ ਤੇ ਬੇਮਤਲਬੀਆਂ ਗਲਾਂ ਰਹਿ ਜਾਂਦੀਆਂ ਹਨ। ਰਬ ਵਿੱਚ ਯਕੀਨ ਅਤੇ ਧਰਮ ਦੀ ਪ੍ਰੇਰਨਾ ਦੇ ਨਾ ਹੋਣ ਨਾਲ ਇਨਸਾਨ ਦੇ ਨਿਰਮਲ ਕਰਮ ਜਾਂ ਇਖਲਾਕ ਬੜੀ ਨੀਵੀਂ ਸਤਾ ਤੇ ਉਤਰ ਆਉਂਦੇ ਹਨ, ਇਨਸਾਨ ਅਤੇ ਹੈਵਾਨ ਵਿਚ ਕੋਈ ਫਰਕ ਨਹੀਂ ਰਹਿੰਦਾ।

ਜੇਹੜੇ ਮਿਤਰ ਆਖਦੇ ਹਨ ਕਿ ਵਾਹਿਗੁਰੂ ਦੇ ਖਿਆਲ ਜਾਂ ਵਾਹਿਗੁਰੂ ਦੀ ਸਾਇੰਸ ਨੂੰ ਛਡ ਕੇ ਇਨਸਾਨਾਂ ਦਾ ਇਖਲਾਕ ਜਾਂ ਨਿਰਮਲ ਕਰਮ ਉਚੇ ਦਰਜੇ ਤੇ ਰਹਿ ਸਕਦੇ ਹਨ, ਉਹ ਦੁਧ ਤੋਂ ਬਗੈਰ ਮਖਣ ਕਢ ਸਕਣ ਵਾਲੀ ਭੁਲ ਕਰਦੇ ਹਨ। ਜਿਵੇਂ ਦੁਧ ਤੋਂ ਬਗੈਰ ਖਾਲਸ ਮਖਣ ਨਹੀਂ ਨਿਕਲ ਸਕਦਾ ਉਸੇ ਤਰ੍ਹਾਂ ਰਬ ਦੀ ਹਸਤੀ ਅਤੇ ਰਬ ਦੀ ਸਾਇੰਸ (ਧਰਮ) ਤੋਂ ਬਗੈਰ ਦੁਨੀਆਂ ਵਿਚ ਨਿਰੋਲ ਤੇ ਬੇਗਰਜ਼ ਨੇਕੀ ਤੇ ਇਖਲਾਕ ਦਾ ਕਾਇਮ ਰਖਣਾ ਅਸੰਭਵ ਹੋਵੇਗਾ। ਰਬ ਅਤੇ ਧਰਮ ਦਾ ਸਹਾਰਾ ਨੇਕੀ ਅਤੇ ਇਖਲਾਕ ਲਈ ਥੰਮ ਹੈ ਜਿਸਦੇ ਬਗੈਰ ਨੇਕੀ ਜਾਂ ਇਖਲਾਕ ਉਚੀ ਸਤਹ ਤੇ ਨਹੀਂ ਰਹਿ ਸਕਦੇ।

ਹੇਠਲੀਆਂ ਮਿਸਾਲਾਂ ਸਾਡੇ ਉਪਰਲੇ ਖਿਆਲ ਨੂੰ ਵਧੇਰੇ ਸਪਸ਼ਟ ਕਰਨ ਵਿਚ ਸਹਾਈ ਹੋਣਗੀਆਂ। ਫਰਜ਼ ਕਰੋ ਇਕ ਐਸਾ ਆਦਮੀ ਹੈ ਜਿਸ ਨੂੰ ਰਬ ਦਾ ਕੁਝ ਗਿਆਨ ਨਹੀਂ ਅਤੇ ਆਤਮਾ ਦੀ ਸਾਇੰਸ (ਧਰਮ) ਦਾ ਕੋਈ ਪਤਾ ਨਹੀਂ, ਜਾਂ ਉਹ ਰਬ ਤੇ ਧਰਮ ਵਿਚ ਯਕੀਨ ਨਹੀਂ ਰਖਦਾ। ਇਸ ਦੇ ਉਲਟ ਉਹ ਇਨਸਾਨੀਅਤ ਜਾਂ ਇਖਲਾਕ ਦਾ ਹਾਮੀ ਏ ਅਤੇ ਨੇਕੀ ਜਾਂ ਸ਼ੁਭ ਕਰਮ ਕੇਵਲ ਇਨਸਾਨੀਅਤ ਦੇ ਖਿਆਲ ਨਾਲ ਹੀ ਕਰਨੇ ਚਾਹੁੰਦਾ ਹੈ। ਐਸਾ ਆਦਮੀ ਨੂੰ ਜੇਕਰ ਕਿਸੇ ਦਾ ਪੰਜ ਸੌ ਰੁਪਿਆ ਮਾਰਨ ਦਾ ਮੌਕਾ

ਮਿਲੇ ਤਾਂ ਉਹ ਆਪਣੇ ਖਿਆਲਾਂ ਦੀ ਇਜ਼ੱਤ ਕਰਦਾ ਹੋਇਆ ਸੰਭਵ ਹੈ ਕਿ ਨਾ ਮਾਰੇ ਤੇ ਆਪਣੇ ਇਖਲਾਕ ਤੇ ਕਾਇਮ ਰਹੇ। ਪਰ ਜੇਕਰ ਉਸਨੂੰ ਕਿਸੇ ਦਾ ਪੰਜਾਹ ਹਜ਼ਾਰ ਰੁਪਿਆ ਮਾਰਨ ਦਾ ਮੌਕਾ ਮਿਲੇ ਅਤੇ ਇਹ ਧਰਵਾਸ ਹੋਵੇ ਕਿ ਫੜਿਆ ਨਹੀਂ ਜਾਵੇਗਾ ਤਾਂ ਉਸਦਾ ਇਖਲਾਕ ਜ਼ਰੂਰ ਥਿੜਕ ਜਾਵੇਗਾ। ਐਪਰ ਜੇ ਉਸ ਨੂੰ ਕਿਸੇ ਦਾ ਪੰਜਾਹ ਲਖ ਰੁਪਿਆ ਮਾਰਨ ਦਾ ਮੌਕਾ ਮਿਲੇ ਅਤੇ ਨਾਲ ਹੀ ਇਹ ਤਸੱਲੀ ਹੋਵੇ ਕਿ ਉਸ ਤੋਂ ਬਗੈਰ ਹੋਰ ਕਿਸੇ ਨੂੰ ਪਤਾ ਨਹੀਂ ਲਗਣਾ ਕਿ ਉਸ ਨੇ ਕਿਸੇ ਦਾ ਪੰਜਾਹ ਲਖ ਰੁਪਿਆ ਮਾਰ ਲੀਤਾ ਹੈ ਤਾਂ ਉਸ ਦੇ ਇਖਲਾਕ ਦਾ ਗਿਰ ਜਾਣਾ ਯਕੀਨੀ ਹੈ। ਸੌ ਵਿਸਵੇ ਉਹ ਜ਼ਰੂਰ ਪੰਜਾਹ ਲਖ ਰੁਪਿਆ ਹਜ਼ਮ ਕਰ ਜਾਵੇਗਾ। ਜੇਕਰ ਐਸੇ ਆਦਮੀ ਨੂੰ ਸਚ ਬੋਲਣ ਵਿਚ ਥੋੜੀ ਤਕਲੀਫ ਸਹਾਰਨੀ ਪਵੇ ਤਾਂ ਸ਼ਾਇਦ ਉਹ ਸਚ ਬੋਲਿਆਂ ਤਕਲੀਫ ਸਹਾਰਨੀ ਪਸੰਦ ਕਰੇ ਪਰ ਜੇ ਐਸੇ ਆਦਮੀ ਨੂੰ ਸਚ ਬੋਲਿਆਂ ਵਧੇਰੇ ਤਕਲੀਫ ਤੇ ਸਰੀਰਕ ਪੀੜ ਸਹਾਰਨੀ ਪਵੇ ਤਾਂ ਸੌ ਵਿਸਵੇ ਐਸਾ ਆਦਮੀ ਝੂਠ ਬੋਲ ਕੇ ਸਰੀਰਕ ਕਸ਼ਟ ਤੋਂ ਬਚੇਗਾ। ਸਾਡੇ ਕਥਨ ਦਾ ਭਾਵ ਇਹੀ ਹੈ ਕਿ ਪਰਮਾਤਮਾ ਦੇ ਗਿਆਨ ਤੋਂ ਵਿਹੂਣੇ ਪੁਰਸ਼ ਦਾ ਇਖਲਾਕ ਕਿਸੇ ਹਦ ਤਕ ਹੀ ਹੁੰਦਾ ਹੈ, ਲਾਹੱਦ ਜਾ ਪੂਰਨ ਨਹੀਂ ਹੋ ਸਕਦਾ, ਕਿਤੇ ਨਾ ਕਿਤੇ ਜਾ ਕੇ ਜ਼ਰੂਰ ਡਿਗ ਪਵੇਗਾ। ਇਸ ਦੇ ਉਲਟ ਆਤਮਕ ਗਿਆਨੀ ਦਾ ਇਖਲਾਕ ਲਾਹੱਦ ਦਰਜੇ ਤੇ ਖੇਡਦਾ ਹੈ। ਗੁਰੂ ਗੋਬਿੰਦ ਸਿੰਘ ਜੀ ਪਾਸੋਂ ਜਦ ਗੁਰੂ ਤੇਗ ਬਹਾਦਰ ਜੀ ਦੇ ਕਾਤਲ ਦੇ ਪੁਤਰ ਬਹਾਦਰ ਸ਼ਾਹ ਨੇ ਮਦਦ ਮੰਗੀ ਤਾਂ ਆਪ ਦੇ ਇਖਲਾਕ ਨੇ 'ਸ਼ਰਨ ਪਰੇ ਕੀ ਲਾਜ' ਰਖਣ ਲਈ ਆਪ ਨੂੰ ਮਜਬੂਰ ਕੀਤਾ। ਜਦ ਆਪ ਨੇ ਦਾਰਾ ਨੂੰ ਆਪਣੇ ਤੀਰ ਨਾਲ ਮਾਰ ਕੇ, ਬਹਾਦਰ ਸ਼ਾਹ ਨੂੰ ਜਿਤ ਦਿਲਾਈ ਤਾਂ ਉਸ ਵਕਤ ਦਿੱਲੀ ਦਾ ਤਖਤ ਆਪ ਦੇ

ਕਦਮਾਂ ਵਿਚ ਹਾਜ਼ਰ ਸੀ, ਅਗਰ ਆਪ ਚਾਹੁੰਦੇ ਤਾਂ ਬਹਾਦਰ ਸ਼ਾਹ ਨੂੰ ਉਸ ਦੇ ਬਾਪ ਦੇ ਪਾਪਾਂ ਦਾ ਬਦਲਾ ਦੇ ਕੇ, ਦਿੱਲੀ ਦੇ ਤਖਤ ਤੇ ਆਪ ਬੈਠ ਕੇ ਹਿੰਦੁਸਤਾਨ ਦੇ ਸ਼ਹਿਨਸ਼ਾਹ ਬਣ ਸਕਦੇ ਸੀ, ਜਾਂ ਆਪਣੇ ਕਿਸੇ ਸਿਖ ਨੂੰ ਦਿੱਲੀ ਦਾ ਪਾਤਸ਼ਾਹ ਥਾਪ ਸਕਦੇ ਸੀ, ਪਰ ਆਪ ਦਾ ਇਖਲਾਕ ਕਿਉਂਕਿ ਆਤਮ ਗਿਆਨ ਦੀ ਨੀਂਹ ਤੇ ਖੜਾ ਸੀ, ਇਸ ਵਾਸਤੇ ਹਿੰਦੁਸਤਾਨ ਦੀ ਸ਼ਹਿਨਸ਼ਾਹੀ ਮਿਲਣ ਦੀ ਉਮੀਦ ਉਤੇ ਵੀ ਨਾ ਡੋਲਿਆ। ਆਪ ਨੂੰ ਉਸ ਪਾਰਬ੍ਰਹਮ ਪਰਮ-ਆਤਮਾ ਦੀ ਪ੍ਰਾਪਤੀ ਸੀ ਜਿਸ ਵਿਚੋਂ ਕਰੋੜਾਂ ਪਾਤਸ਼ਾਹੀਆਂ ਨਿਤ ਉਤਪੰਨ ਹੁੰਦੀਆਂ ਤੇ ਮੁੜ ਲੀਨ ਹੁੰਦੀਆਂ ਰਹਿੰਦੀਆਂ ਹਨ, ਜਿਸ ਦੇ ਇਸ਼ਾਰੇ ਵਿਚ ਅਨੇਕਾਂ ਬ੍ਰਹਿਮੰਡ ਰਚੇ ਜਾਂਦੇ ਤੇ ਲੀਨ ਹੁੰਦੇ ਰਹਿੰਦੇ ਹਨ, ਇਸ ਲਈ ਐਸੇ ਸੰਸਾਰ ਦੀ ਪਤਾਸ਼ਾਹੀ ਆਪਣੇ ਇਖਲਾਕ, ਆਪਣੇ ਆਦਰਸ਼ ਤੋਂ ਨਹੀਂ ਸੀ ਗਿਰਾ ਸਕਦੀ। ਏਸੇ ਗੁਰੂ ਦੀ ਸਿਖਸ਼ਾ ਅਨੁਸਾਰ ਤਿਆਰ ਹੋਇਆ ਭਾਈ ਮਨੀ ਸਿੰਘ ਆਪਣੇ ਬੰਦ ਬੰਦ ਕਟਵਾਣ ਵੇਲੇ ਕਾਤਲ ਵਲ ਤਕ ਕੇ ਮੁਸਕਰਾ ਕੇ ਆਖ ਸਕਦਾ ਸੀ ਕਿ 'ਤੈਨੂੰ ਤੇਰੇ ਮਾਲਕ ਨੇ ਮੇਰੇ ਬੰਦ ਬੰਦ ਜੁਦਾ ਕਰਨ ਦਾ ਹੁਕਮ ਦਿਤਾ ਹੈ, ਮੇਰੀਆਂ ਉਂਗਲਾਂ ਦੇ ਪੋਟਿਆਂ ਨੂੰ ਛਡ ਕੇ ਹਥਾਂ ਨੂੰ ਕਟਣਾ, ਤੇਰੀ ਈਮਾਦਾਰੀ ਵਿਚ ਫਰਕ ਲਿਆਵੇਗਾ। ਉਂਗਲਾਂ ਦੇ ਪੋਟਿਆਂ ਤੋਂ ਕਟਣਾ ਸ਼ੁਰੂ ਕਰ ਤਾਕਿ ਤੂੰ ਮਾਲਕ ਦਾ ਇਮਾਨਦਾਰ ਨੌਕਰ ਅਖਵਾ ਸਕੇਂ। ਭਾਈ ਸਾਹਿਬ ਦੇ ਇਖਲਾਕ ਦਾ ਇਹ ਅਰਸ਼ ਜਿਡਾ ਉਚਾ ਦਰਜਾ ਕੇਵਲ ਇਸ ਕਰਕੇ ਸੀ ਕਿ ਆਪ ਨੂੰ ਸਰੀਰ ਦੀ ਚਾਰ ਦੀਵਾਰੀ ਤੋਂ ਪਰੇ ਰਹਿਣ ਵਾਲੇ ਪਾਰਬ੍ਰਹਮ ਅਕਾਲ ਪੁਰਖ ਦਾ ਗਿਆਨ ਸੀ ਜਿਸ ਵਿਚੋਂ ਨਿਤ ਅਰਬਾਂ ਖਰਬਾਂ ਸ਼ਰੀਰ ਉਪਜਦੇ ਅਤੇ ਲੀਨ ਹੁੰਦੇ ਰਹਿੰਦੇ ਹਨ, ਜਿਸ ਨੂੰ ਮੌਤ ਪੋਹ ਨਹੀਂ ਸਕਦੀ।'

ਅਗਰ ਕੋਈ ਮਿਤਰ ਰਬ ਅਤੇ ਰਬ ਦੇ ਗਿਆਨ (ਧਰਮ) ਤੋਂ

ਮੁਨਕਰ ਹੋ ਕੇ ਆਪਣਾ ਇਖਲਾਕ ਕਿਸੇ ਹਦ ਤਕ ਕਾਇਮ ਰਖ ਵੀ ਸਕਦਾ ਹੈ ਤਾਂ ਉਸ ਨੂੰ ਐਸਾ ਕਰਨ ਵਿਚ ਕੋਈ ਖੁਸ਼ੀ ਨਹੀਂ ਹੁੰਦੀ। ਜੇ ਐਸਾ ਆਦਮੀ ਆਪਣੀ ਜੇ ਦੋ ਹਜ਼ਾਰ ਦੀ ਜਾਇਦਾਦ ਵਿਚੋਂ ਅਧੀ ਗਰੀਬ ਭਰਾਵਾਂ ਨੂੰ ਦੇ ਦੇਵੇ ਤਾਂ ਉਸ ਨੂੰ ਆਪਣੀ ਬਾਕੀ ਦੀ ਇਕ ਹਜ਼ਾਰ ਦੀ ਜਾਇਦਾਦ ਨਾਲ ਹੀ ਆਪਣਾ ਨਿਰਬਾਹ ਕਰਨਾ ਪਵੇਗਾ ਜਿਸ ਕਰਕੇ ਉਸ ਨੂੰ ਗਰੀਬਾਂ ਲਈ ਆਪਣੀ ਕੀਤੀ ਕੁਰਬਾਨੀ ਸਦਾ ਯਾਦ ਆਉਂਦੀ ਰਹੇਗੀ। ਪਰ ਜੇਕਰ ਉਸ ਨੂੰ ਆਪਣੇ ਅਤੇ ਆਪਣੇ ਗਰੀਬ ਭਰਾਵਾਂ ਵਿਚ ਇਕ ਆਤਮਾ ਦਿਸ ਪਵੇ ਤਾਂ ਉਹ ਆਪਣੀ ਅਧੀ ਜਾਇਦਾਦ ਗਰੀਬਾਂ ਨੂੰ ਦੇ ਕੇ ਕੋਈ ਕੁਰਬਾਨੀ ਕੀਤੀ ਨਹੀਂ ਸਮਝੇਗਾ ਸਗੋਂ ਉਹਨਾਂ ਨੂੰ ਸੁਖੀ ਦੇਖ ਕੇ ਉਤਨਾ ਹੀ ਖੁਸ਼ ਹੋਵੇਗਾ ਜਿਤਨਾ ਕਿ ਉਹ ਆਪਣੇ ਉਤੇ ਓਹੋ ਰੁਪਿਆ ਖਰਚ ਕਰਕੇ ਖੁਸ਼ ਹੋ ਸਕਦਾ ਸੀ। ਉਹ ਦੂਸਰੇ ਦੇ ਦਿਲ ਨੂੰ ਖੁਸ਼ ਕਰਕੇ ਉਹੋ ਪਰਸੰਨਤਾ ਹਾਸਲ ਕਰ ਸਕਦਾ ਹੈ, ਜਿਹੜੀ ਪਰਸੰਨਤਾ ਕਿ ਉਹ ਆਪਣੇ ਦਿਲ ਨੂੰ ਖੁਸ਼ ਕਰਕੇ।

ਐਸਾ ਉਚ ਦਰਜੇ ਦਾ ਇਖਲਾਕ ਜਿਸ ਦੀ ਕੋਈ ਹਦ ਨਾ ਹੋਵੇ, ਜਿਸ ਨੂੰ ਨਿਭਾਂਦਿਆਂ ਆਦਮੀ ਸਦਾ ਖੁਸ਼ ਤੇ ਪਰਸੰਨ ਰਹੇ, ਕੇਵਲ ਆਤਮ ਗਿਆਨ ਦੀਆਂ ਨੀਹਾਂ ਉਤੇ ਉਸਰ ਕੇ ਹੀ ਕਾਇਮ ਰਹਿ ਸਕਦਾ ਹੈ। ਆਤਮ ਗਿਆਨ ਤੋਂ ਵਿਹੂਣਾ ਇਖਲਾਕ ਸਦਾ ਹਦਬੰਦੀ ਵਿਚ ਰਹੇਗਾ, ਸਦਾ ਕੁਰਬਾਨੀ ਦਾ ਅਹਿਸਾਸ ਦਿਵਾਂਦਾ ਰਹੇਗਾ, ਜਿਸ ਕਰਕੇ ਉਹ ਸਦਾ ਖੁਸ਼ਕ ਤੇ ਰੁਖਾ ਪਰਤੀਤ ਹੋਵੇਗਾ।

ਸ਼ੁਭ ਕਰਮਾਂ ਜਾਂ ਉਚ ਇਖਲਾਕ ਅਤੇ ਰੱਬ ਜਾਂ ਰੱਬ ਦੀ ਸਾਇੰਸ (ਧਰਮ) ਦਾ ਇਕ ਹੋਰ ਬੜਾ ਸਬੰਧ ਇਹ ਹੈ ਕਿ ਸ਼ੁਭ ਗਿਆਨੀ ਪੁਰਸ਼ ਨੂੰ ਹਿੰਦੁਸਤਾਨ ਦੀ ਪਾਤਸ਼ਾਹੀ ਤਾਂ ਕੀ ਸਾਰੇ ਕਰਮ ਜਾਂ ਉਚਾ ਇਖਲਾਕ ਉਸ ਇਨਸਾਨ ਨੂੰ ਸੁਤੇ ਸਿਧ ਵਾਹਿਗੁਰੂ

ਵਲ ਲਿਆਂਦਾ, ਜਾਂ ਉਸਦੇ ਮਨ ਨੂੰ ਵਾਹਿਗੁਰੂ ਦੇ ਚਰਨਾਂ ਵਿਚ ਜੋੜਦਾ ਹੈ। ਧਰਮ ਸ਼ੁਭ ਕਰਮਾਂ ਨੂੰ ਉਪਜਾਂਦਾ ਹੈ, ਸ਼ੁਭ ਕਰਮ ਧਰਮ ਨੂੰ ਪਕਿਆਂ ਕਰਦੇ ਅਤੇ ਵਾਹਿਗੁਰੂ ਨਾਲ ਜੋੜਦੇ ਹਨ, ਇਕ ਦਾ ਦੂਸਰੇ ਤੇ ਅਸਰ ਹੁੰਦਾ ਹੈ ਅਤੇ ਇਕ ਦੂਸਰੇ ਨੂੰ ਪਕਿਆਂ ਕਰਦਾ ਹੈ। ਗੁਰੂ ਗਰੰਥ ਜੀ ਵਿਚ ਤਾਂ ਲਿਖਿਆ ਹੈ ਕਿ ਸ਼ੁਭ ਕਰਮ ਹੁੰਦੇ ਹੀ ਉਹ ਹਨ ਜੇਹੜੇ ਗੁਰਸਿਖ ਦੇ ਮਨ ਨੂੰ ਰੱਬ ਵਲ ਮੋੜਨ, ਤੇ

*ਕਰਮ ਕਰਤੂਤਿ ਬੇਲਿ ਬਿਸਥਾਰੀ ਰਾਮ ਨਾਮੁ ਫਲੁ ਹੂਆ ॥*

*ਅੰਗ - 351*

ਸ਼ੁਭ ਕਰਮਾਂ ਦੀ ਕਸੌਟੀ ਇਹੋ ਹੈ ਕਿ ਉਹ ਵਾਹਿਗੁਰੂ ਦੇ ਨਾਮ ਵਲ ਲਿਜਾਣ। ਵਾਹਿਗੁਰੂ ਦਾ ਨਾਮ ਹੀ ਸ਼ੁਭ ਕਰਮ ਨਾਮੀ ਵੇਲ ਦਾ ਅਸਲ ਫਲ ਹੈ।

# ਹੁਕਮ

'ਹੁਕਮ' ਦੇ ਆਮ ਤੌਰ ਤੇ ਅਰਥ 'ਕਿਸੇ ਦੀ ਮਰਜ਼ੀ ਅਤੇ ਉਸ ਮਰਜ਼ੀ ਨੂੰ ਮਨਵਾਉਣ ਦੀ ਸ਼ਕਤੀ ਹੁੰਦੇ ਹਨ।' ਜਦ ਮਾਲਕ ਨੌਕਰ ਨੂੰ ਕੋਈ ਹੁਕਮ ਦਿੰਦਾ ਹੈ ਤਾਂ ਉਸ ਤੋਂ ਮਾਲਕ ਦੀ ਮਰਜ਼ੀ ਵੀ ਪਰਗਟ ਹੁੰਦੀ ਹੈ ਅਤੇ ਜੇਕਰ ਨੌਕਰ ਮਾਲਕ ਦੀ ਮਰਜ਼ੀ ਅਨੁਸਾਰ ਕੰਮ ਨਾ ਕਰੇ ਤਾਂ ਉਸ ਮਰਜ਼ੀ ਨੂੰ ਅਮਲੀ ਤੌਰ ਤੇ ਮੰਨਵਾਉਣ ਦੀ ਸਮਰਥਾ ਵੀ ਜ਼ਾਹਿਰ ਹੁੰਦੀ ਹੈ। ਏਸੇ ਤਰ੍ਹਾਂ ਜਦ ਅਸੀਂ ਆਖਦੇ ਹਾਂ ਕਿ ਸਾਡੇ ਦੇਸ਼ ਤੇ ਰਾਜੇ ਜਾਂ ਗੌਰਮਿੰਟ ਦਾ ਹੁਕਮ ਹੈ ਕਿ ਕੋਈ ਸ਼ਖਸ਼ ਚੋਰੀ ਨਾ ਕੇਰ ਤਾਂ ਸਾਡਾ ਭਾਵ ਇਹ ਹੁੰਦਾ ਹੈ ਕਿ ਗੌਰਮਿੰਟ ਦੀ ਮਰਜ਼ੀ ਹੈ ਕਿ ਉਸ ਦੇ ਰਾਜ ਵਿਚ ਕੋਈ ਚੋਰੀ ਨਾ ਹੋਵੇ ਪਰ ਜੇ ਕੋਈ ਸ਼ਖਸ਼ ਚੋਰੀ ਕਰਨ ਦੀ ਦਲੇਰੀ ਜਾਂ ਗਲਤੀ ਕਰੇ ਤਾਂ ਉਸ ਨੂੰ ਸਜ਼ਾ ਦੇ ਕੇ ਚੋਰੀ ਕਰਨੋਂ ਬੰਦ ਕਰਨ ਦੀ ਗੌਰਮਿੰਟ ਪਾਸ ਤਾਕਤ ਵੀ ਹੈ।

ਹੁਕਮ ਦੇਣ ਵਾਲਾ ਜਿਉਂ ਜਿਉਂ ਵਡਾ ਤੇ ਜ਼ਿੰਮੇਵਾਰ ਹੁੰਦਾ ਜਾਵੇ, ਤਿਉਂ ਤਿਉਂ ਉਸ ਦੀ ਮਰਜ਼ੀ ਜਾਂ ਹੁਕਮ, ਐਸੇ ਨਿਯਮਾਂ ਜਾਂ ਕਾਨੂੰਨਾਂ ਦੀ ਸ਼ਕਲ, ਧਾਰਦਾ ਜਾਂਦਾ ਹੈ ਜਿਸ ਨਾਲ ਵਧ ਤੋਂ ਵਧ ਲੋਕਾਂ ਦੀ ਭਲਾਈ ਹੋਵੇ। ਕਿਸੇ ਰਾਜੇ ਜਾਂ ਗੌਰਮਿੰਟ ਦੀ ਤਾਕਤ ਜਾਂ ਵਡਿਆਈ ਦਾ ਅੰਦਾਜ਼ਾ ਕੇਵਲ ਇਸ ਗਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਸ ਦੇ ਹੁਕਮ ਜਾਂ ਕਾਨੂੰਨ ਸਰਬਤ ਦੀ

ਭਲਾਈ ਵਾਲੇ ਹਨ ਕਿ ਨਹੀਂ ਅਤੇ ਉਹਨਾਂ ਕਾਨੂੰਨਾਂ ਨੂੰ ਨਾ ਮੰਨਣ ਵਾਲਿਆਂ ਨੂੰ ਡੰਨ ਦੇਣ ਦੀ ਗਵਰਨਮੈਂਟ ਪਾਸ ਸ਼ਕਤੀ ਹੈ ਕਿ ਨਹੀਂ।

ਵਾਹਿਗੁਰੂ ਜੋ ਕਿ ਰਾਜਿਆਂ ਦਾ ਰਾਜਾ ਅਤੇ ਸਰਦਾਰਾਂ ਦਾ ਸਰਦਾਰ ਹੈ, ਜਿਸ ਦੀ ਗੌਰਮਿੰਟ ਜਾਂ ਕੁਦਰਤ, ਕੁਲ ਸੰਸਾਰ, ਖੰਡਾਂ ਬ੍ਰਹਿਮੰਡਾਂ ਤਕ ਫੈਲੀ ਹੋਈ ਹੈ, ਉਸ ਵਾਹਿਗੁਰੂ ਦਾ ਹੁਕਮ ਜਾਂ ਮਰਜ਼ੀ ਵੀ ਕੁਲ ਜਹਾਨ ਅਤੇ ਜਹਾਨ ਦੇ ਕੁਲ ਜੀਅ ਜੰਤ ਵਾਸਤੇ ਇਕੋ ਜਿਹੇ ਇਨਸਾਫ, ਇਕੋ ਜਿਹੀ ਭਲਾਈ ਵਾਲੇ ਕਾਨੂੰਨਾਂ ਜਾਂ ਨਿਯਮਾਂ ਦੀ ਸ਼ਕਲ ਵਿਚ ਪਰਗਟ ਹੋ ਰਹੀ ਹੈ। ਇਸ ਖਿਆਲ ਦੀ ਪੁਸ਼ਟੀ ਗੁਰੂ ਗਰੰਥ ਜੀ ਵਿਚ ਬਹੁਤ ਥਾਵਾਂ ਤੇ ਹੁੰਦੀ ਹੈ।

*ਹਰਿ ਕਾ ਏਕੁ ਅਚੰਭਉ ਦੇਖਿਆ ਮੇਰੇ ਲਾਲ ਜੀਉ*
*ਜੋ ਕਰੇ ਸੁ ਧਰਮ ਨਿਆਏ ਰਾਮ ॥* ਅੰਗ - 541

*ਪੂਰਾ ਨਿਆਉ ਕਰੇ ਕਰਤਾਰੁ ॥* ਅੰਗ - 199

*ਤੂੰ ਸਚਾ ਆਪਿ ਨਿਆਉ ਸਚੁ ਤਾ ਡਰੀਐ ਕੇਤੁ ॥* ਅੰਗ - 84

ਸ੍ਰੀ ਗੁਰੂ ਗਰੰਥ ਜੀ ਵਿਖੇ ਗੁਰਮੁਖ ਦਾ ਸਭ ਤੋਂ ਵੱਡਾ ਦਰਜਾ ਆਪਣੇ ਜੀਵਨ ਨੂੰ ਵਾਹਿਗੁਰੂ ਦੀ ਹੁਕਮ ਅਨੁਸਾਰ ਬਤੀਤ ਕਰਨਾ ਦਸਿਆ ਹੈ ਪਰ ਕਈ ਸਿੱਖਾਂ ਨੂੰ 'ਹੁਕਮ' ਅੱਖਰ ਦੇ ਅਰਥ ਸਮਝਣ ਵਿਚ ਦਿੱਕਤ ਪੇਸ਼ ਆਉਂਦੀ ਹੈ। ਇਹ ਲੇਖ ਇਸ ਦਿੱਕਤ ਨੂੰ ਕਿਸੇ ਹਦ ਤਕ ਦੂਰ ਕਰਨ ਦੇ ਖਿਆਲ ਨਾਲ ਲਿਖਿਆ ਗਿਆ ਹੈ। ਵਾਹਿਗੁਰੂ ਦਾ ਹੁਕਮ ਨਿਯਮ ਰੂਪ ਅਤੇ ਸਰਬ ਦੀ ਭਲਾਈ ਵਾਲਾ ਹੁੰਦਾ ਹੈ। ਇਸ ਹੁਕਮ ਨੂੰ ਜੋ ਨਾ ਮੰਨੇ ਉਸ ਨੂੰ ਦੁਖ ਤੇ ਨਿਰਾਸਤਾ ਦੀ ਸ਼ਕਲ ਵਿਚ ਹੁਕਮ ਤੋਂ ਅਣਗਹਿਲੀ ਦੀ ਸਜਾ ਭੁਗਤਣੀ ਪੈਂਦੀ ਹੈ। ਇਹ ਸਜ਼ਾ ਵਾਹਿਗੁਰੂ ਨਹੀਂ ਦੇਂਦਾ ਸਗੋਂ ਉਸ ਦੀ ਹੁਕਮ ਅਦੂਲੀ ਦੀ ਅਤੇ ਉਸ ਦੇ ਹੁਕਮ ਤੋਂ ਸਾਡੀ ਅਨਜਾਣਤਾ, ਸਾਡੀ ਬੇਪ੍ਰਵਾਹੀ ਦੀ ਸਾਨੂੰ ਸਜ਼ਾ ਮਿਲਦੀ ਹੈ। ਜਦ

ਅਸੀਂ ਵਾਹਿਗੁਰੂ ਦੇ ਹੁਕਮ ਅਨੁਸਾਰ ਜੀਵਨ ਬਤੀਤ ਕਰੀਏ ਤਾਂ ਸਾਡਾ ਜੀਵਨ ਉਚਾ ਹੋ ਜਾਣ ਕਰ ਕੇ ਸੁਖ ਤੇ ਖੁਸ਼ੀ ਦੀ ਸ਼ਕਲ ਵਿਚ ਬਦਲ ਜਾਂਦਾ ਹੈ।

ਵਾਹਿਗੁਰੂ ਦੇ 'ਹੁਕਮ' ਦਾ ਅਰਥ ਵਾਹਿਗੁਰੂ ਦੇ ਬਣਾਏ ਨਿਯਮ ਅਤੇ ਉਹਨਾਂ ਤੋਂ ਬੇਪਰਵਾਹੀ ਕਰਨ ਵਾਲੇ ਨੂੰ ਦੁਖ ਦੀ ਸ਼ਕਲ ਵਿਚ ਸਜ਼ਾ ਦੇ ਕੇ ਆਪਣੇ ਨਿਯਮਾਂ ਨੂੰ ਮੰਨਵਾਉਣ ਦੀ ਸਮਰਥਾ ਹੈ। ਇਹਨਾਂ ਅਰਥਾਂ ਦੀ ਰੌਸ਼ਨੀ ਵਿਚ ਗੁਰਬਾਣੀ ਦੇ ਅਰਥ ਬੜੇ ਸਾਫ ਹੋ ਜਾਂਦੇ ਹਨ, ਜਿਹਾ ਕਿ:

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥*
*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ਅੰਗ - 1*

ਸਵਾਲ - ਸਚਿਆਰਾ ਕਿਵੇਂ ਹੋਈਏ ਅਤੇ ਝੂਠ ਦੀ ਕੰਧ ਜਾਂ ਪੜਦਾ ਕਿਵੇਂ ਹਟੇ?

ਜਵਾਬ - ਗੁਰੂ ਨਾਨਕ ਜੀ ਦੇ ਖਿਆਲ ਵਿਚ ਇਸ ਦਾ ਇਲਾਜ ਵਾਹਿਗੁਰੂ ਦੇ ਹੁਕਮ ਜਾਂ ਨਿਯਮਾਂ ਦੀ ਪਾਲਨਾ ਵਿਚ ਜਾਂ ਉਹਨਾਂ ਨਿਯਮਾਂ ਦੇ ਅਨੁਸਾਰ ਜੀਵਨ ਬਤੀਤ ਕਰਨਾ ਹੈ।

*ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥*
*ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥*
*ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥*
*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥*
*ਅੰਗ - 1*

ਕਾਦਰ ਜਾਂ ਵਾਹਿਗੁਰੂ ਦੇ ਨਿਯਮਾਂ ਅਨੁਸਾਰ, ਆਕਾਰ ਬਣਦੇ ਹਨ। ਇਹ ਨਿਯਮ ਆਮ ਇਨਸਾਨਾਂ ਦੀ ਸਮਝ ਵਿਚ ਨਹੀਂ ਆ ਸਕਦੇ। ਜੀਵ ਵੀ ਵਾਹਿਗੁਰੂ ਦੇ ਨਿਯਮਾਂ ਅਨੁਸਾਰ ਪੈਦਾ ਹੁੰਦੇ ਅਤੇ ਜੀਵਾਂ ਨੂੰ ਵਡਿਆਈ ਵੀ ਵਾਹਿਗੁਰੂ ਦੇ ਨਿਯਮਾਂ ਅਨੁਸਾਰ ਜੀਵਨ

ਬਤੀਤ ਕਰਨ ਨਾਲ ਮਿਲਦੀ ਹੈ। ਵਾਹਿਗੁਰੂ ਦੇ ਨਿਯਮਾਂ ਅਨੁਸਾਰ ਜੀਵਨ ਬਤੀਤ ਕਰਨ ਨਾਲ ਉਤਮ ਅਤੇ ਨਿਯਮਾਂ ਦੇ ਉਲਟ ਜੀਵਨ ਬਤੀਤ ਕਰਨ ਨਾਲ ਨੀਚ ਹੋ ਜਾਈਦਾ ਹੈ। ਉਤਮ ਬਣਿਆਂ ਸੁਖ ਅਤੇ ਨੀਚ ਬਣਿਆਂ ਦੁਖ ਭੋਗੀਦਾ ਹੈ। ਹੁਕਮ ਜਾਂ ਵਾਹਿਗੁਰੂ ਦੇ ਕਾਨੂੰਨ ਜਾਂ ਨਿਯਮਾਂ ਨੂੰ ਸਮਝ ਕੇ ਗੁਰਸਿਖ ਆਜ਼ਾਦ (ਬਖਸ਼ਿਆ ਜਾਂਦਾ ਹੈ) ਹੋ ਜਾਂਦਾ ਹੈ ਅਤੇ ਨਿਯਮਾਂ ਨੂੰ ਨਾ ਸਮਝ ਕੇ ਜਨਮ ਜਨਮਾਂਤਰਾਂ ਵਿਚ ਭਉਂਦਾ ਰਹਿੰਦਾ ਹੈ। ਐਸਾ ਕੋਈ ਨਹੀਂ ਜਿਹੜਾ ਵਾਹਿਗੁਰੂ ਦੇ ਨਿਯਮਾਂ ਜਾਂ ਕਾਨੂੰਨ ਦੀ ਹੱਦ ਤੋਂ ਬਾਹਰ ਹੋਵੇ। ਸਭ (ਖੰਡ ਬ੍ਰਹਿਮੰਡ ਜੀਅ ਜੰਤ) ਵਾਹਿਗੁਰੂ ਦੇ ਕਾਨੂੰਨਾਂ ਦੀ ਹਦ ਦੇ ਅੰਦਰ ਹਨ। ਜੇਹੜਾ ਵਾਹਿਗੁਰੂ ਦੇ ਹੁਕਮ ਜਾਂ ਨਿਯਮਾਂ ਨੂੰ ਸਮਝ ਜਾਂਦਾ ਹੈ ਉਸ ਨੂੰ ਸੰਸਾਰ ਵਿਚ ਹਰ ਚੀਜ਼ ਵਾਹਿਗੁਰੂ ਦੇ ਨਿਯਮਾਂ ਵਿਚ ਬਧੀ ਕੰਮ ਕਰਦੀ ਨਜ਼ਰ ਆਵੇਗੀ ਅਤੇ ਨਿਯਮਾਂ ਤੋਂ ਬਾਹਰ ਕੋਈ ਆਪਣੀ ਮਰਜ਼ੀ ਨਾਲ ਕੰਮ ਕਰਦਾ ਨਹੀਂ ਦਿਸੇਗਾ।

*ਹੁਕਮੁ ਸਾਹਿਬ ਕਾ ਸੇਵਕ ਮਨਿ ਭਾਇਆ ॥*
*ਸੋਈ ਕਮਾਵੈ ਜੋ ਸਾਹਿਬ ਭਾਵੈ*
*ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ ॥* *ਅੰਗ - 101*

ਵਾਹਿਗੁਰੂ ਦੇ ਕਾਨੂੰਨ ਜਾਂ ਨਿਯਮਾਂ ਅਨੁਸਾਰ ਜੀਵਨ ਬਤੀਤ ਕਰਨਾ ਵਾਹਿਗੁਰੂ ਦੇ ਸੇਵਕਾਂ ਨੂੰ ਬੜਾ ਚੰਗਾ ਲਗਦਾ ਹੈ। ਉਹ ਓਹੀ ਕੰਮ ਕਰਦੇ ਹਨ ਜੋ ਵਾਹਿਗੁਰੂ ਨੂੰ ਭਾਂਵਦੇ ਹਨ ਜਾਂ ਜੋ ਵਾਹਿਗੁਰੂ ਦੇ ਰਚੇ ਨਿਯਮਾਂ ਅਨੁਸਾਰ ਹੁੰਦੇ ਹਨ। ਵਾਹਿਗੁਰੂ ਦੇ ਨਿਯਮਾਂ ਅਨੁਸਾਰ ਜੀਵਨ ਬਤੀਤ ਕਰਨ ਨਾਲ ਸੇਵਕ ਅੰਦਰ ਦੇ (ਆਤਮਕ) ਅਤੇ ਬਾਹਰ ਦੇ ਪਦਾਰਥਕ ਸਭ ਨਿਯਮਾਂ ਦਾ ਮਾਹਿਰ ਹੋ ਜਾਂਦਾ ਹੈ।

*ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ ॥*

*ਪੁੰਨਵੰਤਿ ਨਾਨਕ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ ॥*

*ਅੰਗ - 156*

ਜੋ ਆਦਮੀ ਵਾਹਿਗੁਰੂ ਦੇ ਰਚੇ ਨਿਯਮਾਂ ਦੇ ਉਲਟ ਜੀਵਨ ਬਤੀਤ ਕਰਦਾ ਹੈ, ਉਸ ਦਾ ਤਨ ਤੇ ਮਨ ਸਦਾ ਅਸ਼ਾਂਤ ਤੇ ਦੁਖੀ ਰਹਿਣਗੇ। ਪਰ ਜੇਕਰ ਉਹ ਵਾਹਿਗੁਰੂ ਦੇ ਨਿਯਮਾਂ ਨੂੰ ਸਮਝ ਕੇ ਉਹਨਾਂ ਅਨੁਸਾਰ ਜੀਵਨ ਬਤੀਤ ਕਰਨ ਲਗ ਜਾਵੇ ਤਾਂ ਉਸ ਨੂੰ ਦਿਨ ਰਾਤ ਸੁਖ ਮਿਲਣੇ ਸ਼ੁਰੂ ਹੋ ਜਾਣਗੇ।

*ਆਇਆ ਹੁਕਮੁ ਪਾਰਬ੍ਰਹਮ ਕਾ*
*ਛੋਡਿ ਚਲਿਆ ਏਕ ਦਿਹਾੜੇ ॥*

*ਅੰਗ - 380*

ਜਦ ਵਾਹਿਗੁਰੂ ਦੇ ਨਿਯਮਾਂ ਅਨੁਸਾਰ ਸਰੀਰ ਦੀ ਕਿਰਿਆ ਦੇ ਖਤਮ ਹੋਣ ਦਾ ਸਮਾਂ ਆ ਜਾਵੇ ਤਾਂ ਜੀਵ ਆਪਣੇ ਸਰੀਰ ਨੂੰ ਹੋਰ ਇਕ ਦਿਨ ਵਾਸਤੇ ਕਾਇਮ ਨਹੀਂ ਰਖ ਸਕਦਾ।

*ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥*
*ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥*

*ਅੰਗ - 400*

ਜਦ ਤਕ ਆਦਮੀ ਵਾਹਿਗੁਰੂ ਦੇ ਨਿਯਮਾਂ ਤੋ ਅਨਜਾਣ ਰਹਿੰਦਾ ਹੈ, ਭੁਲਾਂ ਕਰਦਾ ਤੇ ਉਹਨਾਂ ਦੀ ਸਜ਼ਾ ਭੁਗਤ ਕੇ ਦੁਖੀ ਹੁੰਦਾ ਹੈ। ਪਰ ਜਿਸ ਵੇਲੇ ਗੁਰੂ ਨੂੰ ਮਿਲ ਕੇ ਵਾਹਿਗੁਰੂ ਦੇ ਨਿਯਮਾਂ ਤੋਂ ਜਾਣੂ ਹੋ ਜਾਵੇ ਅਤੇ ਉਹਨਾਂ ਨਿਯਮਾਂ ਅਨਸੁਾਰ ਜੀਵਨ ਬਤੀਤ ਕਰਨ ਲਗ ਜਾਵੇ ਤਾਂ ਉਹ ਉਸੇ ਵੇਲੇ ਤੋਂ ਸੁਖੀ ਹੋਣਾ ਸ਼ੁਰੂ ਹੋ ਜਾਂਦਾ ਹੈ।

ਗੁਰਸਿੱਖ ਨੂੰ ਜਦ ਇਹ ਪਤਾ ਲਗ ਜਾਵੇ ਕਿ ਗੁਰੂ ਸਾਹਿਬ ਦੀ ਵਾਹਿਗੁਰੂ ਦੇ 'ਹੁਕਮ' ਤੋਂ ਮੁਰਾਦ ਆਮ ਤੌਰ ਤੇ ਵਾਹਿਗੁਰੂ ਦੇ ਕਾਨੂੰਨ ਜਾਂ ਨਿਯਮਾਂ ਦੀ ਹੁੰਦੀ ਹੈ ਤਾਂ ਉਸ ਦੇ ਦਿਲ ਵਿਚ ਕੁਦਰਤੀ ਤੌਰ ਤੇ ਇਹ ਸਵਾਲ ਪੈਦਾ ਹੋਵੇਗਾ ਕਿ ਵਾਹਿਗੁਰੂ ਦੇ

ਬਣਾਏ ਕਿਹੜੇ ਐਸੇ ਕਾਨੂੰਨ ਜਾਂ ਨਿਯਮ ਹਨ ਜਿਨ੍ਹਾਂ ਦੀ ਪਾਲਨਾ ਕਰ ਕੇ ਸਿੱਖ ਵਾਹਿਗੁਰੂ ਦੀ ਬਣਾਈ ਰਚਨਾ ਦਾ ਸਰਦਾਰ ਬਣ ਜਾਵੇ ਅਤੇ ਵਾਹਿਗੁਰੂ ਦੀ ਪਰਸੰਨਤਾ ਦਾ ਪਾਤਰ ਹੋ ਜਾਵੇ? ਕਿਉਂਕਿ ਵਾਹਿਗੁਰੂ ਜੀ ਰਚਨਾ, ਵਾਹਿਗੁਰੂ ਦੇ ਹੁਕਮ ਜਾਂ ਨਿਯਮਾਂ ਅਨੁਸਾਰ ਬਣਾਈ ਗਈ ਹੈ, ਇਸ ਕਰ ਕੇ ਵਾਹਿਗੁਰੂ ਦੇ ਹੁਕਮ ਜਾਂ ਕਾਨੂੰਨ, ਵਾਹਿਗੁਰੂ ਦੀ ਰਚਨਾ ਦੀ ਖੋਜ ਵਿਚੋਂ ਹੀ ਲਭ ਸਕਦੇ ਹਨ। ਸਿਤਾਰਿਆਂ ਦੀ ਹਰਕਤ ਨੂੰ ਗੌਹ ਕਰ ਕੇ ਵੇਖਣ ਨਾਲ ਇਨਸਾਨ ਨੇ ਸਿਤਾਰਿਆਂ ਸਬੰਧੀ ਵਾਹਿਗੁਰੂ ਦੇ ਬਹੁਤ ਸਾਰੇ ਕਾਨੂੰਨ ਜਾਂ ਨਿਯਮ ਦਰਿਆਫ਼ਤ ਕਰ ਲਏ, ਜਿਨ੍ਹਾਂ ਤੋਂ ਲਾਭ ਉਠਾ ਕੇ ਇਨਸਾਨ ਨੇ ਜੰਤਰੀਆਂ ਬਣਾ ਲਈਆਂ, ਸੂਰਜ ਤੇ ਚੰਦਰਮਾਂ ਦੇ ਗ੍ਰਹਿਣ ਦੇ ਵਕਤ ਮਾਲੂਮ ਕਰ ਲਏ। ਸਿਤਾਰਿਆਂ ਦੀ ਗਰਦਸ਼ ਦਾ ਜੋ ਸਾਡੀ ਧਰਤੀ ਤੇ ਪਰਭਾਵ ਪੈਂਦਾ ਹੈ ਅਤੇ ਜੋ ਇਸ ਧਰਤੀ ਤੇ ਪੈਦਾ ਹੋਣ ਵਾਲੀਆਂ ਬੇਜਾਨ ਤੇ ਜਾਨਦਾਰ ਚੀਜ਼ਾਂ (ਧਾਤਾਂ, ਸਬਜ਼ੀਆਂ ਪੌਦੇ ਅਤੇ ਇਨਸਾਨ) ਤੇ ਅਸਰ ਹੁੰਦਾ ਹੈ, ਉਸ ਸਬੰਧੀ ਵੀ ਇਨਸਾਨ ਨੇ ਬਹੁਤ ਕੁਝ ਦਰਿਆਫ਼ਤ ਕਰ ਲਿਆ ਹੈ। ਇਸੇ ਤਰ੍ਹਾਂ ਇਨਸਾਨ ਨੇ ਕੁਦਰਤ ਦੇ ਜਿਸ ਮਹਿਕਮੇ ਵਲ, ਖੋਜ ਦਾ ਰੁਖ ਮੋੜਿਆ ਉਸੇ ਮਹਿਕਮੇ ਵਿਚ ਲੁਕੇ ਕਰਤਾਰ ਦੇ ਹੁਕਮ ਜਾਂ ਨਿਯਮਾਂ ਦਾ ਕਾਫੀ ਪਤਾ ਲਾ ਲਿਆ।

ਸਿਤਾਰਿਆਂ ਦੀ ਵਿਦਿਆ (Astronomy), ਧਾਤਾਂ ਦੀ ਵਿਦਿਆ (Chemistry), ਜਾਨਵਰਾਂ ਦੀ ਵਿਦਿਆ (Zoology), ਦਰਖਤਾਂ ਦੀ ਵਿਦਿਆ (Botony), ਆਵਾਜ਼ ਦੀ ਵਿਦਿਆ ਜਾਂ ਸੰਗੀਤ ਵਿਦਿਆ (Music), ਇਨਸਾਨੀ ਜਿਸਮ ਦੀ ਵਿਦਿਆ (Biology), ਇਨਸਾਨ ਦੀਆਂ ਬੀਮਾਰੀਆਂ ਦੀ ਵਿਦਿਆ (Science of medicines), ਇਨਸਾਨ ਦੇ ਸੁਭਾਓ ਜਾਂ ਫਿਤਰਤ ਦੀ ਵਿਦਿਆ (Psychology), ਇਨਸਾਨ ਦੀ ਆਤਮਾ ਦੀ ਵਿਦਿਆ

(Religion or Science of Soul), ਆਦਿ ਅਨੇਕ ਪਰਕਾਰ ਦੀਆਂ ਵਿਦਿਆਵਾਂ, ਸੰਸਾਰ ਰਚਨਾ ਨੂੰ ਵਖਰੇ ਵਖਰੇ ਦ੍ਰਿਸ਼ਟੀਕੋਣ ਤੋਂ ਖੋਜ ਕਰ ਕੇ ਇਸ ਰਚਨਾ ਦੀ ਤਹਿ ਵਿਚ ਲੁਕੇ ਕਰਤਾਰ ਦੇ ਹੁਕਮ ਜਾਂ ਨਿਯਮਾਂ ਨੂੰ ਸਮਝਣ ਦੀ ਇਨਸਾਨੀ ਕੋਸ਼ਿਸ਼ ਦਾ ਫਲ ਜਾਂ ਨਤੀਜਾ ਕਹੀਆਂ ਜਾ ਸਕਦੀਆਂ ਹਨ।

ਉਤੇ ਦਸੀਆਂ ਵਿਦਿਆਵਾਂ ਰਾਹੀਂ ਕਰਤਾਰ ਦੀ ਰਚਨਾ ਦੀ ਖੋਜ ਦੇ ਨਤੀਜੇ ਨਿਯਮਾਂ ਜਾਂ ਕਾਨੂੰਨਾਂ ਦੀ ਸ਼ਕਲ ਵਿਚ ਹੀ ਇਨਸਾਨ ਨੂੰ ਮਿਲੇ ਹਨ, ਜਿਸ ਤੋਂ ਇਨਸਨ ਨੂੰ ਯਕੀਨ ਹੋ ਗਿਆ ਹੈ ਕਿ ਕਰਤਾਰ ਦੀ ਕੋਈ ਗਲ ਵੀ ਨਿਯਮ ਜਾਂ ਅਸੂਲਾਂ ਦੀ ਸ਼ਕਲ ਤੋਂ ਬਾਹਰ ਨਹੀਂ ਹੁੰਦੀ। ਜਿਸ ਵਿਦਿਆ ਦੇ ਅਸੂਲਾਂ ਨੂੰ ਇਨਸਾਨ ਚੰਗੀ ਤਰ੍ਹਾਂ ਵਰਤੋਂ ਵਿਚ ਲਿਆ ਸਕੇ, ਉਸ ਵਿਦਿਆ ਵਿਚ ਹੀ ਕਰਤਾਰ ਉਸ ਨੂੰ ਸੁਖ, ਸਤਿਕਾਰ ਤੇ ਖੁਸ਼ੀ ਦਿਵਾਉਂਦਾ ਹੈ, ਉਸ ਵਿਦਿਆ ਵਿਚ ਹੀ ਉਹ ਮਸ਼ਹੂਰ ਤੇ ਪੂਰਨ ਹੋ ਜਾਂਦਾ ਹੈ।

ਐਪਰ ਸਿਵਾਏ ਆਪਣੀ ਆਤਮਾ ਦੀ ਵਿਦਿਆ (Spiritualism) ਦੇ ਹੋਰ ਸਭ ਪਰਕਾਰ ਦੀ ਵਿਦਿਆ ਇਨਸਾਨ ਨੂੰ ਪੂਰਨ ਸੰਤੁਸ਼ਟ ਤੇ ਸੁਖੀ ਬਨਾਣ ਵਿਚ ਊਣੀ ਸਾਬਤ ਹੋਈ ਹੈ। ਆਤਮਾ ਦੀ ਵਿਦਿਆ ਤੋਂ ਬਗੈਰ ਇਨਸਾਨ ਭਾਵੇਂ ਹੋਰ ਸਾਰੀਆਂ ਵਿਦਿਆਵਾਂ ਕਿਉਂ ਨਾ ਜਾਣ ਲਵੇ, ਉਸ ਨੂੰ ਸਚੀ ਖੁਸ਼ੀ ਅਨੰਦ ਤੇ ਸੰਤੋਖ ਨਹੀਂ ਆ ਸਕਦਾ। ਇਸੇ ਕਰ ਕੇ ਸ੍ਰੀ ਗੁਰੂ ਗਰੰਥ ਜੀ ਵਿਚ ਗੁਰੂ ਨਾਨਕ ਅਤੇ ਹੋਰ ਗੁਰੂ ਸਾਹਿਬਾਨ ਅਤੇ ਹਿੰਦੁਸਤਾਨ ਦੇ ਪ੍ਰਸਿੱਧ ਭਗਤਾਂ ਫਕੀਰਾਂ ਅਤੇ ਸੰਤਾਂ ਦੇ ਆਤਮਕ ਅਤੇ ਇਖਲਾਕੀ ਤਜਰਬੇ ਅਤੇ ਇਖਲਾਕ (morality) ਅਤੇ ਆਤਮਾ ਦੇ ਨਿਯਮ ਜਾਂ ਅਸੂਲ ਦਰਜ ਹਨ। ਗੁਰੂ ਗਰੰਥ ਜੀ ਵਿਚ ਜਿਥੇ ਅਕਾਲ ਪੁਰਖ ਦੇ ਹੁਕਮ ਅਨਸੁਰਾ ਜੀਵਨ ਬਤੀਤ ਕਰਨ ਦੀ

ਸਿਫਾਰਸ਼ ਹੈ, ਉਸ ਤੋਂ ਆਮ ਤੌਰ ਤੇ ਮੁਰਾਦ ਅਕਾਲ ਪੁਰਖ ਦੇ ਰਚੇ ਆਤਮਕ ਅਸੂਲਾਂ ਜਾਂ ਨਿਯਮਾਂ ਅਨੁਸਾਰ ਜੀਵਨ ਬਤੀਤ ਕਰਨ ਦੀ ਮੁਰਾਦ ਹੈ। ਮਸਲਨ ਕਰਤਾਰ ਦਾ ਨਿਯਮ ਹੈ ਕਿ ਸੰਸਾਰ ਵਿਚ ਸਿਵਾਏ ਆਤਮਾ ਦੀ ਅਸਲੀਅਤ ਦੇ ਹੋਰ ਕੋਈ ਚੀਜ਼ ਅਸਥਿਰ ਜਾਂ ਇਕੋ ਹਾਲਤ ਵਿਚ ਨਾ ਰਹੇ। ਇਸ ਨਿਯਮ ਅਨੁਸਾਰ ਸੰਸਾਰ ਵਿਚ ਕੋਈ ਚੀਜ਼ ਆਪਣੀ ਹਾਲਤ ਵਿਚ ਹਮੇਸ਼ਾਂ ਇਕੋ ਜਹੀ ਨਹੀਂ ਰਹਿ ਸਕਦੀ। ਸੰਸਾਰ ਦੀ ਹਰ ਚੀਜ਼ ਸੂਰਜ ਤੋਂ ਲੈ ਕੇ ਜ਼ੱਰੇ ਤਕ ਪੱਥਰ, ਨਬਾਤਾਤ, ਜਾਨਵਰ, ਪਰਿੰਦੇ, ਇਨਸਾਨ, ਸਾਰੀ ਰਚਨਾ ਤੇ ਰਚਨਾ ਦਾ ਹਰ ਇਕ ਹਿਸਾ ਹਮੇਸ਼ਾਂ ਤਬਦੀਲੀ ਦੀ ਹਾਲਤ ਵਿਚ ਰਹਿੰਦਾ ਹੈ। ਕਰਤਾਰ ਦੇ ਇਸ ਨਿਯਮ ਨੂੰ ਸਮਝਣ ਵਾਲਾ ਗੁਰਮੁਖ, ਸੰਸਾਰ ਵਿਚ ਰਹਿੰਦਾ ਹੋਇਆ ਸੰਸਾਰ ਦੀਆਂ ਸਭ ਚੀਜ਼ਾਂ ਨੂੰ ਜਾਇਜ਼ ਤਰੀਕੇ ਵਿਚ ਵਰਤਦਾ ਹੋਇਆ ਕਿਸੇ ਚੀਜ਼ ਨੂੰ ਸਦੀਵੀ ਜਾਂ ਹਮੇਸ਼ਾਂ ਰਹਿਣ ਵਾਲੀ ਨਹੀਂ ਸਮਝਦਾ, ਨਾ ਹੀ ਕਿਸੇ ਚੀਜ਼ ਨਾਲ ਪਿਆਰ ਪਾਉਂਦਾ ਹੈ। ਉਹ ਆਪਣੇ ਸਾਕ ਸਨਬੰਧੀਆਂ, ਆਪਣੇ ਬਾਲ ਬੱਚੇ, ਇਸਤ੍ਰੀ, ਮਿੱਤਰਾਂ, ਦੋਸਤਾਂ ਨਾਲ ਮਿਲ ਕੇ ਜੀਵਨ ਨੂੰ ਲਾਭਵੰਦ ਤੇ ਪਰਸੰਨ ਬਨਾਣ ਦੀ ਕੋਸ਼ਿਸ ਤਾਂ ਕਰਦਾ ਹੈ ਪਰ ਜਦ ਉਸੇ ਦੇ ਸਾਕ ਸਨਬੰਧੀਆਂ ਵਿਚੋਂ ਕੋਈ ਵਿਛੜ ਜਾਵੇ ਤਾਂ ਉਸ ਵੇਲੇ ਉਦਾਸ ਤੇ ਨਿਰਾਸ ਨਹੀਂ ਹੁੰਦਾ, ਸਗੋਂ ਕਰਤਾਰ ਦੇ ਮੁਢਲੇ ਨਿਯਮ ਅਗੇ ਸਿਰ ਝੁਕਾਂਦਾ, ਵਿਛੋੜੇ ਵੇਲੇ ਆਪਣੀ ਸੁਰਤ ਨੂੰ ਡਿਗਣ ਨਹੀਂ ਦਿੰਦਾ, ਅਤੇ ਕਰਤਾਰ ਨਾਲ ਇਕ ਸੁਰਤੀ ਪੈਦਾ ਕਰ ਕੇ, ਕਰਤਾਰ ਜਾਂ ਆਤਮਾ ਵਾਂਗਰ ਅਡੋਲ ਰਹਿੰਦਾ ਹੈ।

ਜਿਥੇ ਗੁਰੂ ਨਾਨਕ ਦੇ ਘਰ (ਗੁਰੂ ਗਰੰਥ ਜੀ) ਵਿਚ ਦੁਨੀਆਂ ਦੀਆਂ ਹੋਰ ਵਿਦਿਆਵਾਂ ਨੂੰ ਹਾਸਲ ਕਰਨ ਦੀ ਮਨਾਹੀ ਨਹੀਂ ਉਥੇ ਆਪਣੀ ਆਤਮਾ ਦੀ ਵਿਦਿਆ ਹਾਸਲ ਕਰਨ ਉਤੇ ਖਾਸ ਜ਼ੋਰ

ਹੈ। ਕਰਤਾਰ ਦੇ ਬਣਾਏ ਆਤਮਕ ਨਿਯਮਾਂ ਜਾਂ ਹੁਕਮ ਨੂੰ ਸਮਝਣ ਤੇ ਵਰਤੋਂ ਵਿਚ ਲਿਆਉਣ ਵਾਲਾ ਪੁਰਸ਼ ਭਾਵੇਂ ਸੰਸਾਰ ਦੀਆਂ ਹੋਰ ਵਿਦਿਆ ਨਾ ਵੀ ਜਾਣਦਾ ਹੋਵੇ, ਸੁਖੀ, ਸੰਤੁਸ਼ਟ ਤੇ ਸਫਲ ਜੀਵਨ ਬਤੀਤ ਕਰ ਸਕਦਾ ਹੈ, ਪਰ ਆਤਮਕ ਨਿਯਮਾਂ ਤੋਂ ਅਨਜਾਣ ਪੁਰਸ਼ ਜਾਂ ਆਤਮਕ ਨਿਯਮਾਂ ਨੂੰ ਜਾਣ ਕੇ, ਉਹਨਾਂ ਨੂੰ ਵਰਤੋਂ ਵਿਚ ਨਾ ਲਿਆਉਣ ਵਾਲਾ ਪੁਰਸ਼ ਭਾਵੇਂ ਸੰਸਾਰ ਦੀਆਂ ਹੋਰ ਸਭ ਵਿਦਿਆਵਾਂ ਵਿਚ ਪਰਪੱਕ ਵੀ ਹੋ ਜਾਵੇ ਉਸ ਨੂੰ ਸ਼ਾਂਤੀ, ਸੰਤੋਖ ਤੇ ਸੁਖ ਪ੍ਰਾਪਤ ਨਹੀਂ ਹੋਵੇਗਾ। ਇਨਸਾਨ ਦੀਆਂ ਰੁਚੀਆਂ ਵਿਚ ਕਿਉਂਕਿ ਸੁਖ ਦੀ ਤਲਾਸ਼ ਭਰਪੂਰ ਹੈ ਇਸ ਕਰ ਕੇ ਇਨਸਾਨ ਦੇ ਸੁਖੀ ਹੋਣ ਲਈ ਜ਼ਰੂਰੀ ਹੈ ਕਿ ਉਹ ਆਪਣੀ ਆਤਮਾ ਅੰਦਰ ਰਖੇ ਗਏ ਕਰਤਾਰ ਦੇ ਹੁਕਮ ਜਾਂ ਨਿਯਮਾਂ ਤੋਂ ਪੂਰਾ ਜਾਣੂ ਹੋ ਕੇ ਉਹਨਾਂ ਨਿਯਮਾਂ ਨੂੰ ਵਰਤੋਂ ਵਿਚ ਲਿਆਉਣ ਦੀ ਦਲੇਰੀ ਵੀ ਰਖਦਾ ਹੋਵੇ।

# ਤੀਰਥ

ਤੀਰਥ ਉਹ ਅਸਥਾਨ ਹੁੰਦਾ ਹੈ ਜਿਸ ਨਾਲ ਕਿਸੇ ਮਹਾਂਪੁਰਸ਼, ਅਵਤਾਰ, ਪੈਗੰਬਰ ਦੀ ਯਾਦ ਸੰਬੰਧਤ ਹੋਵੇ। ਹਰ ਦੇਸ਼ ਵਿਖੇ ਉਥੋਂ ਦੇ ਮਹਾਂਪੁਰਸ਼ਾਂ ਦੀ ਯਾਦ ਨਾਲ ਸੰਬੰਧ ਰਖਣ ਵਾਲੇ ਅਸਥਾਨ ਪਾਏ ਜਾਂਦੇ ਹਨ। ਹਰ ਦੇਸ਼ ਵਿਖੇ ਇਹਨਾਂ ਅਸਥਾਨਾਂ ਦਾ ਪਬਲਿਕ ਦੇ ਦਿਲ ਵਿਚ ਇਜ਼ਤ ਤੇ ਸਤਿਕਾਰ ਹੁੰਦਾ ਹੈ ਅਤੇ ਦੂਰੋਂ ਨੇੜਿਓਂ ਲੋਕੀਂ ਇਹਨਾਂ ਅਸਥਾਨਾਂ ਦੇ ਦਰਸ਼ਨ ਕਰਨ ਜਾਂਦੇ ਹਨ।

ਸਿੱਖ ਕੌਮ ਅੰਦਰ ਵੀ ਬਹੁਤ ਸਾਰੇ ਤੀਰਥ ਹਨ, ਜਿਨ੍ਹਾਂ ਦਾ ਕਿਸੇ ਗੁਰੂ ਜਾਂ ਕਿਸੇ ਧਰਮ ਲਈ ਹੋਏ ਸ਼ਹੀਦ ਦੀ ਯਾਦ ਨਾਲ ਸੰਬੰਧ ਹੈ। ਸਿੱਖ ਵੀ ਦੂਰੋਂ ਨੇੜਿਓਂ ਆਪਣੇ ਤੀਰਥਾਂ ਦੇ ਦਰਸ਼ਨ ਕਰਨ ਲਈ ਜਾਂਦੇ ਰਹਿੰਦੇ ਹਨ ਅਤੇ ਕਈ ਮੌਕਿਆਂ ਤੇ ਸਿੱਖ ਤੀਰਥਾਂ ਤੇ ਦਰਸ਼ਨ ਕਰਨ ਲਈ ਆਈਆਂ ਸੰਗਤਾਂ ਦੀ ਬੜੀ ਭੀੜ ਹੋ ਜਾਂਦੀ ਹੈ। ਐਸੇ ਸਮਿਆਂ ਤੇ ਲੋਕਾਂ ਦੀ ਭਲਾਈ ਨੂੰ ਮੁਖ ਰਖ ਕੇ ਸੰਤ, ਮਹਾਤਮਾ, ਗੁਣੀ-ਗਿਆਨੀ, ਪਰਚਾਰਕ ਵੀ ਤੀਰਥਾਂ ਤੇ ਪਹੁੰਚਦੇ ਅਤੇ ਲੋਕਾਂ ਨੂੰ ਧਰਮ ਦਾ ਅਸਲ ਅਤੇ ਉਚਾ ਪਾਸਾ ਦਰਸਾਣ ਦੀ ਕੋਸ਼ਿਸ਼ ਕਰਦੇ ਹਨ। ਤੀਰਥ ਤੇ ਆਏ ਲੋਕਾਂ ਦੇ ਦਿਲਾਂ ਵਿਚ ਆਮ ਤੌਰ ਤੇ ਸ਼ਰਧਾ ਭਗਤੀ ਦਾ ਵਧੇਰੇ ਜਜ਼ਬਾ ਹੋਣ ਕਰ ਕੇ ਉਹਨਾਂ ਤੇ ਕੀਤੇ ਪ੍ਰਚਾਰ ਦਾ ਡੂੰਘਾ ਅਸਰ ਹੁੰਦਾ ਹੈ।

ਗੁਰੂ ਘਰ ਵਿਚ ਤੀਰਥਾਂ ਦੀ ਖਾਸ ਮਹਤਤਾ ਹੈ, ਸਿੱਖਾਂ ਦੀ ਅਰਦਾਸ ਵਿਚ ਰੋਜ਼ ਦੋਹਰਾਇਆ ਜਾਂਦਾ ਹੈ, 'ਖਾਲਸੇ ਜੀ ਕੋ ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਕੇ ਦਰਸ਼ਨ ਅਸ਼ਨਾਨ, ਝੰਡੇ ਬੁੰਗੇ ਜੁਗੋ ਜੁਗ ਅਟਲ।' ਸਿਖਾਂ ਨੇ ਆਪਣੇ ਤੀਰਥਾਂ ਨੂੰ ਕਾਇਮ ਰਖਣ ਵਾਸਤੇ ਬੇਸ਼ੁਮਾਰ ਕੁਰਬਾਨੀਆਂ ਕੀਤੀਆਂ ਹਨ ਅਤੇ ਸਿਖਾਂ ਦੇ ਤੀਰਥਾਂ ਨੇ ਸਿੱਖ ਕੌਮ ਨੂੰ ਕਾਇਮ ਅਤੇ ਇਕੱਠੇ ਰਖਣ ਵਿਚ ਬੜੀ ਸਹਾਇਤਾ ਕੀਤੀ। ਸਿੱਖ ਤੀਰਥ ਸਿੱਖਾਂ ਦੀਆਂ ਪਿਛਲੀਆਂ ਬਹਾਦਰੀਆਂ ਕੁਰਬਾਨੀਆਂ ਅਤੇ ਧਰਮ ਪਿਆਰ ਦੀਆਂ ਨਿਸ਼ਾਨੀਆਂ ਹਨ। ਸਿੱਖਾਂ ਦੇ ਤੀਰਥ ਸਿੱਖ ਇਤਿਹਾਸ ਨੂੰ ਸਦਾ ਅੱਖਾਂ ਅਗੇ ਲਿਆ ਕੇ ਸਿੱਖਾਂ ਵਿਚ ਸੂਰਬੀਰਤਾ ਕੁਰਬਾਨੀ ਅਤੇ ਆਪਣੇ ਗੁਰੂਆਂ ਵਲੋਂ ਸ਼ੁਰੂ ਕੀਤੇ ਹੋਏ ਮਿਸ਼ਨ ਨੂੰ ਸਫਲ ਬਨਾਣ ਦੇ ਉਚੇ ਜਜ਼ਬੇ ਕਾਇਮ ਰਖਦੇ ਹਨ। ਇਸ ਲਈ ਸਿੱਖ ਕੌਮ ਲਈ ਆਪਣੇ ਤੀਰਥਾਂ, ਗੁਰਧਾਮਾਂ, ਗੁਰਦਵਾਰਿਆਂ ਨੂੰ ਚੰਗੀ ਹਾਲਤ ਵਿਚ ਅਤੇ ਚੰਗੇ ਪਰਬੰਧ ਹੇਠ ਰਖਣਾ ਕੌਮੀ ਜਥੇਬੰਦੀ ਅਤੇ ਉਨਤੀ ਦੇ ਦ੍ਰਿਸ਼ਟੀਕੋਣ ਤੋਂ ਜ਼ਰੂਰੀ ਹੈ। ਪਰ ਜਿਹੜਾ ਸਿੱਖ ਕੇਵਲ ਤੀਰਥਾਂ ਤੇ ਜਾਣ ਜਾਂ ਤੀਰਥਾਂ ਦੇ ਦਰਸ਼ਨ ਕਰਨ ਜਾਂ ਤੀਰਥਾਂ ਤੇ ਇਸ਼ਨਾਨ ਕਰਨ ਨੂੰ ਹੀ ਗੁਰਸਿੱਖੀ ਦਾ ਮਨੋਰਥ ਸਮਝੇ ਉਸ ਦੀ ਅਗਵਾਈ ਲਈ ਗੁਰੂ ਗਰੰਥ ਜੀ ਵਿਚ ਤੀਰਥ ਦੇ ਅਸਲ ਅਰਥ, ਗੁਰਸਿੱਖੀ ਦਾ ਅਸਲ ਨਿਸ਼ਾਨਾ, ਬੜੇ ਸਾਫ ਤੇ ਅਸਾਨ ਅਖਰਾਂ ਵਿਚ ਦਰਸਾਇਆ ਗਿਆ ਹੈ। ਤੀਰਥਾਂ ਦੇ ਦਰਸ਼ਨ ਅਤੇ ਉਥੇ ਇਸ਼ਨਾਨ ਕਰਨ ਨੂੰ ਆਪਣੀ ਕਲਿਆਣ ਜਾਂ ਆਪਣਾ ਆਤਮਕ ਭਲਾ ਸਮਝਣ ਵਾਲੇ ਸਿੱਖ ਨੂੰ ਗੁਰੂ ਗਰੰਥ ਜੀ ਇਞ ਸਮਝਾਂਦੇ ਹਨ:

*ਤੀਰਥ ਨਾਇ ਨ ਉਤਰਸਿ ਮੈਲੁ ॥*
*ਕਰਮ ਧਰਮ ਸਭਿ ਹਉਮੈ ਫੈਲੁ ॥* *ਅੰਗ - 890*

*ਜੇਤੇ ਰੇ ਤੀਰਥ ਨਾਏ ਅਹੰਬੁਧਿ ਮੈਲੁ ਲਾਏ*

*ਘਰ ਕੋ ਠਾਕੁਰੁ ਇਕੁ ਤਿਲੁ ਨ ਮਾਨੈ ॥* ਅੰਗ - 687

*ਹੋਮ ਜਗ ਸਭਿ ਤੀਰਥਾ ਪੜ੍ਹਿ ਪੰਡਿਤ ਥਕੇ ਪੁਰਾਣ ॥*
*ਬਿਖੁ ਮਾਇਆ ਮੋਹੁ ਨ ਮਿਟਈ ਵਿਚਿ ਹਉਮੈ ਆਵਣੁ ਜਾਣੁ ॥*
ਅੰਗ - 1417

*ਖਟੁ ਸਾਸਤ ਬਿਚਰਤ ਮੁਖਿ ਗਿਆਨਾ ॥*
*ਪੂਜਾ ਤਿਲਕੁ ਤੀਰਥ ਇਸਨਾਨਾ ॥*
*ਨਿਵਲੀ ਕਰਮ ਆਸਨ ਚਉਰਾਸੀਹ*
*ਇਨ ਮਹਿ ਸਾਂਤਿ ਨ ਆਵੈ ਜੀਉ ॥* ਅੰਗ - 98

ਗੁਰੂ ਗਰੰਥ ਜੀ ਦਾ ਉਪਦੇਸ਼ ਗੁਰਸਿੱਖ ਨੂੰ ਸਮਝਾਂਦਾ ਹੈ ਕਿ ਤੇਰਾ ਅਸਲ ਮਨੋਰਥ, ਆਪਣੇ ਮਨ ਨੂੰ ਪਵਿਤਰ ਕਰਨਾ ਹੈ। ਸਰੀਰ ਨੂੰ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਾਣ ਨਾਲ ਤੇਰਾ ਮਨ ਪਵਿਤਰ ਨਹੀਂ ਹੁੰਦਾ, ਸਗੋਂ ਇਸ ਨੂੰ ਇਹ ਹੰਕਾਰ ਹੋ ਜਾਂਦਾ ਹੈ ਕਿ ਮੈਂ ਤੀਰਥਾਂ ਤੇ ਹੋ ਆਇਆ ਹਾਂ, ਮੈਂ ਬੜਾ ਚੰਗਾ ਹੋ ਗਿਆ ਹਾਂ। ਇਹ ਹੰਕਾਰ ਮਨ ਨੂੰ ਸਗੋਂ ਮੈਲਾ ਤੇ ਮੋਟਾ ਬਣਾਂਦਾ ਹੈ, ਇਸ ਲਈ ਮਨ ਨੂੰ ਪਵਿਤਰ ਕਰਨ ਵਾਲਾ ਤੀਰਥ ਹੋਰ ਹੈ। ਉਹ ਕਿਹੜਾ ਤੀਰਥ ਹੈ? ਇਸ ਦਾ ਪਤਾ ਗੁਰੂ ਗਰੰਥ ਜੀ ਇੰਝ ਦੇਂਦੇ ਹਨ:

*ਗੁਰ ਸਾਗਰੋ ਰਤਨਾਗਰੁ ਤਿਤੁ ਰਤਨ ਘਣੇਰੇ ਰਾਮ ॥*
*ਕਰਿ ਮਜਨੋ ਸਪਤ ਸਰੇ ਮਨ ਨਿਰਮਲ ਮੇਰੇ ਰਾਮ ॥*
ਅੰਗ - 437

*ਨਾਨਕ ਗੁਰ ਸਮਾਨਿ ਤੀਰਥੁ ਨਹੀ ਕੋਈ ਸਾਚੇ ਗੁਰ ਗੋਪਾਲਾ ॥*
ਅੰਗ - 437

*ਕਰਿ ਸੰਗਤਿ ਤੂ ਸਾਧ ਕੀ ਅਠਸਠਿ ਤੀਰਥ ਨਾਉ ॥*
*ਜੀਉ ਪ੍ਰਾਣ ਮਨੁ ਤਨੁ ਹਰੇ ਸਾਚਾ ਏਹੁ ਸੁਆਉ ॥* ਅੰਗ - 48

*ਸਤਸੰਗਤਿ ਕੀ ਰੇਣੁ ਮੁਖਿ ਲਾਗੀ ਕੀਏ ਸਗਲ ਤੀਰਥ ਮਜਨੀਠਾ ॥*
ਅੰਗ - 1212

*ਨਿਰਮਲੁ ਨਾਵਣੁ ਨਾਨਕਾ ਗੁਰੁ ਤੀਰਥੁ ਦਰੀਆਉ ॥*

*ਅੰਗ - 1411*

*ਅਠਸਠਿ ਤੀਰਥ ਮਜਨੁ ਕੀਆ ਸਤਸੰਗਤਿ ਪਗ ਨਾਏ ਧੂਰਿ ॥*

*ਅੰਗ - 1198*

*ਸਤਿਗੁਰੁ ਪੁਰਖੁ ਅੰਮ੍ਰਿਤ ਸਰੁ ਵਡਭਾਗੀ ਨਾਵਹਿ ਆਇ ॥*

*ਅੰਗ - 40*

ਗੁਰੂ ਗਰੰਥ ਸਾਹਿਬ ਦੀ ਸਿਖਸ਼ਾ ਅਨੁਸਾਰ ਸਭ ਤੋਂ ਚੰਗਾ ਤੇ ਵਡਾ ਤੀਰਥ ਗੁਰੂ ਦੀ ਸੰਗਤ, ਸਾਧ ਸੰਗਤ, ਸਤਿ ਸੰਗਤ ਹੈ। ਪਰ ਏਥੇ ਵੀ ਸਿੱਖ ਨੂੰ ਟਪਲਾ ਲਗ ਸਕਦਾ ਹੈ। ਉਹ ਗੁਰੂ ਦੇ ਪਾਸ ਰਹਿਣਾ ਜਾਂ ਸਾਧੂ ਦੀ ਸੇਵਾ ਕਰਨੀ ਹੀ ਗੁਰੂ ਜਾਂ ਸਾਧੂ ਦੀ ਸੰਗਤ ਸਮਝਣ ਦਾ ਭੁਲੇਖਾ ਖਾ ਸਕਦਾ ਹੈ। ਉਸ ਨੂੰ ਗੁਰੂ ਗਰੰਥ ਜੀ ਹਰ ਚੰਗੀ ਤਰ੍ਹਾਂ ਸਮਝਾਂਦੇ ਹਨ ਕਿ ਗੁਰੂ ਦੀ ਸੰਗਤ ਜਾਂ ਸਾਧ ਸੰਗਤ ਦੇ ਅਸਲ ਕੀ ਅਰਥ ਹਨ:

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*

*ਅੰਗ - 982*

ਗੁਰੂ ਗਰੰਥ ਜੀ ਦੀ ਤਾਲੀਮ ਅਨੁਸਾਰ ਗੁਰੂ ਦਾ ਬਚਨ, ਗੁਰੂ ਦਾ ਉਪਦੇਸ਼, ਸਾਧੂ ਦੀ ਸਿਖਸ਼ਾ ਹੀ ਗੁਰੂ ਦੀ ਸੰਗਤ, ਸਾਧੂ ਦੀ ਸੰਗਤ ਹੁੰਦੀ ਹੈ। ਗੁਰੂ ਗਰੰਥ ਜੀ ਦੀ ਸਿਖਸ਼ਾ ਅਨੁਸਾਰ, ਗੁਰੂ ਦੇ, ਸੰਤ ਦੇ, ਸਾਧੂ ਦੇ ਉਪਦੇਸ਼ ਨੂੰ ਸਮਝਣਾ, ਕਮਾਣਾ ਅਤੇ ਉਸ ਅਵਸਤਾ ਤੇ ਪਹੁਚੰਣਾ, ਜਿਥੇ ਗੁਰੂ ਜਾਂ ਸੰਤ ਦਾ ਉਪਦੇਸ਼ ਪਹੁੰਚਾਣਾ ਚਾਹੁੰਦਾ ਹੈ, ਅਸਲ ਗੁਰਸਿੱਖੀ ਹੈ। ਗੁਰੂ ਗਰੰਥ ਜੀ ਦਾ ਉਪਦੇਸ਼ ਜੋ ਕਿ ਸਭ ਗੁਰੂ ਸਾਹਿਬਾਨ ਦਾ ਅਤੇ ਹਿੰਦੁਸਤਾਨ ਦੇ ਸਭ ਉਚ ਕੋਟੀ ਦੇ ਸੰਤਾਂ ਮਹਾਤਮਾਵਾਂ ਦਾ ਉਪਦੇਸ਼ ਹੈ, ਗੁਰਸਿੱਖ ਨੂੰ ਉਸ ਦੇ ਜਨਮ ਲੈਣ ਦਾ ਮਨੋਰਥ, ਅਕਾਲ ਪੁਰਖ ਨੂੰ ਮਿਲ ਕੇ ਉਸ ਨੂੰ ਸਮਝਣਾ, ਅਕਾਲ ਪੁਰਖ ਨੂੰ ਸਮਝ ਕੇ ਤੇ ਉਸ ਦਾ

ਨਾਮ ਜਪ ਕੇ ਉਸ ਵਰਗਿਆਂ ਬਨਣਾ ਜਾਂ ਅਕਾਲ ਰੂਪ ਹੋ ਕੇ ਅਕਾਲ ਪੁਰਖ ਵਿਚ ਸਮਾ ਜਾਣਾ, ਦਰਸਾਂਦਾ ਹੈ। ਇਸ ਅਖੀਰੀ ਅਵਸਥਾ ਦੇ ਯੋਗ ਬਨਣ ਵਾਸਤੇ ਗੁਰੂ ਗਰੰਥ ਜੀ ਗੁਰਸਿੱਖ ਦਸਾਂ ਨਵ੍ਹਾਂ ਦੀ ਕਮਾਈ ਕਰ ਕੇ ਆਪਣਾ ਨਿਰਬਾਹ ਕਰਨ, ਆਪਣੀ ਦਸਾਂ ਨਵ੍ਹਾਂ ਦੀ ਕਮਾਈ ਵਿਚੋਂ ਦਸਵੰਧ ਗੁਰੂ ਦੇ ਨਿਮਿੱਤ ਕਢਣ, ਗੁਰਬਾਣੀ ਨੂੰ ਪੜ੍ਹਨ ਸਮਝਣ ਤੇ ਕਮਾਣ ਅਤੇ ਨਾਮ ਅਭਿਆਸ ਦੇ ਜ਼ਰੀਏ ਆਪਣੇ ਅੰਦਰੋਂ ਤੀਰਥਾਂ ਦੇ ਤੀਰਥ, ਸੁਖ ਸਾਗਰ ਅਕਾਲ ਪੁਰਖ ਨੂੰ ਲਭ ਕੇ ਉਸ ਵਿਚ ਨਿਵਾਸ ਕਰਦੇ ਕਰਦੇ ਉਸ ਵਿਚ ਸਮਾਂ ਜਾਣ ਦੀ ਸਿਫਾਰਿਸ਼ ਕਰਦੇ ਹਨ। ਗੁਰੂ ਗਰੰਥ ਜੀ ਦੀ ਸਿਖਸ਼ਾ ਅਨੁਸਾਰ ਸਭ ਤੋਂ ਉਤਮ, ਸਭ ਤੋਂ ਨਿਰਮਲ, ਸਭ ਤੋਂ ਵਡਾ ਤੀਰਥ ਗੁਰਸਿੱਖ ਦਾ ਆਪਣੇ ਅੰਦਰੋਂ ਨਾਮ ਕਮਾਈ ਨਾਲ ਅਕਾਲ ਪੁਰਖ ਨੂੰ ਲੱਭ ਕੇ ਉਸ ਵਿਚ ਤਾਰੀਆਂ ਲਾਣਾ ਅਤੇ ਅਕਾਲ ਪੁਰਖ ਰੂਪ ਹੋ ਜਾਣਾ ਹੈ:

*ਅਠਸਠਿ ਤੀਰਥ ਹਰਿ ਨਾਮੁ ਹੈ ਕਿਲਵਿਖ ਕਾਟਣਹਾਰਾ ॥*
*ਅੰਗ - 1009*

*ਸਬਦਿ ਮਰੈ ਸੋਈ ਜਨੁ ਪੂਰਾ ॥*
*ਸਤਿਗੁਰੁ ਆਖਿ ਸੁਣਾਏ ਸੂਰਾ ॥* *ਅੰਗ - 1046*

*ਕਾਇਆ ਅੰਦਰਿ ਅੰਮ੍ਰਿਤ ਸਰੁ*
*ਸਾਚਾ ਮਨੁ ਪੀਵੈ ਭਾਇ ਸੁਭਾਈ ਹੇ ॥* *ਅੰਗ - 1046*

*ਨਾਮੁ ਲੈਤ ਸਗਲ ਪੁਰਬਾਇਆ ॥*
*ਨਾਮੁ ਲੈਤ ਅਠਸਠਿ ਮਜਨਾਇਆ ॥ ੧ ॥*
*ਤੀਰਥੁ ਹਮਰਾ ਹਰਿ ਕੋ ਨਾਮੁ ॥*
*ਗੁਰਿ ਉਪਦੇਸਿਆ ਤਤੁ ਗਿਆਨੁ ॥* *ਅੰਗ - 1142*

*ਹਰਿ ਨਾਮਿ ਨਾਵੈ ਸੋਈ ਜਨੁ ਨਿਰਮਲੁ*
*ਫਿਰਿ ਮੈਲਾ ਮੂਲਿ ਨ ਹੋਈ ॥*
*ਨਾਮ ਬਿਨਾ ਸਭੁ ਜਗੁ ਹੈ ਮੈਲਾ*

*ਦੂਜੈ ਭਰਮਿ ਪਤਿ ਖੋਈ ॥* ਅੰਗ - 1234

*ਖਿਨੁ ਪਲੁ ਹਰਿ ਨਾਮੁ ਮਨਿ ਵਸੈ*
*ਸਭ ਅਠਸਠਿ ਤੀਰਥ ਨਾਇ ॥* ਅੰਗ - 87

ਇਹਨਾਂ ਗੁਰਵਾਕਾਂ ਅਨੁਸਾਰ ਨਾਮ ਜਪਣਾ ਅਤੇ ਨਾਮ ਜਾਪ ਤੋਂ ਉਪਜੇ ਮਹਾਂ ਰਸ ਨੂੰ ਪੀਣਾ ਸਾਰੇ ਇਕੱਠੇ ਤੀਰਥਾਂ ਦਾ ਇਸ਼ਨਾਨ ਹੈ। ਆਮ ਤੀਰਥਾਂ ਤੇ ਨਹਾਤਿਆਂ ਸਰੀਰ ਦੀ ਮੈਲ ਲਥਦੀ ਹੈ ਪਰ ਨਾਮ ਰਸ ਦੇ ਤੀਰਥ ਵਿਚ ਨਹਾਤਿਆਂ ਮਨ ਨਿਰਮਲ ਹੁੰਦਾ ਹੈ ਅਤੇ ਇਸ ਦੀ ਜਨਮ ਜਨਮ ਦੀ ਅਗਿਆਨਤਾ ਦੀ ਮੈਲ ਲਥਦੀ ਹੈ। ਨਾਮ ਰਸ ਵਿਚ ਨਹਾਣ ਵਾਲਾ ਗੁਰਸਿੱਖ ਹੌਲੇ ਹੌਲੇ ਨਾਮੀ, ਵਾਹਿਗੁਰੂ ਅਕਾਲ ਪੁਰਖ ਤਕ ਅਪੜ ਜਾਂਦਾ ਹੈ ਅਤੇ ਆਪਣੇ ਰਹਿਣ ਲਈ, ਤੀਰਥਾਂ ਦਾ ਤੀਰਥ ਅਕਾਲ ਪੁਰਖ ਲਭ ਲੈਂਦਾ ਹੈ। ਇਸ ਤੋਂ ਅਗੇ ਅਤੇ ਇਸ ਤੋਂ ਵਡਾ ਹੋਰ ਕੋਈ ਤੀਰਥ ਨਹੀਂ:

*ਹਰਿ ਸਰੁ ਸਾਗਰੁ ਨਿਰਮਲੁ ਸੋਈ ॥*
*ਸੰਤ ਚੁਗਹਿ ਨਿਤ ਗੁਰਮੁਖਿ ਹੋਈ ॥* ਅੰਗ - 128

*ਹਰਿ ਸਰਿ ਵਸੈ ਹਉਮੈ ਮਾਰਿ ॥* ਅੰਗ - 129

*ਅਠਸਠਿ ਤੀਰਥ ਤਿਸੁ ਸੰਗਿ ਰਹਹਿ*

*ਜਿਨ ਹਰਿ ਹਿਰਦੈ ਰਹਿਆ ਸਮਾਇ ॥* ਅੰਗ - 491

*ਹਰਿ ਸਰਿ ਤੀਰਥਿ ਜਾਣਿ ਮਨੂਆ ਨਾਇਆ ॥* ਅੰਗ - 1286

# ਦੇਹਧਾਰੀ ਗੁਰੂ

ਭਾਵੇਂ ਮੈਂ ਉਹਨਾਂ ਗੁਰਸਿੱਖਾਂ ਨੂੰ ਵੀ ਸਤਿਕਾਰ ਦੀ ਨਿਗਾਹ ਨਾਲ ਦੇਖਦਾ ਹਾਂ ਜਿਨ੍ਹਾਂ ਦੇ ਵਿਚਾਰ ਅਨੁਸਾਰ ਆਤਮਕ ਅਗਵਾਈ ਵਾਸਤੇ ਦੇਹਧਾਰੀ ਗੁਰੂ ਦਾ ਹੋਣਾ ਜ਼ਰੂਰੀ ਹੈ, ਪਰ ਮੈਂ ਆਪ ਉਸ ਸ਼ਰੇਣੀ ਦੇ ਸਿੱਖਾਂ ਵਿਚੋਂ ਹਾਂ ਜਿਨ੍ਹਾਂ ਦੇ ਖਿਆਲ ਵਿਚ ਗੁਰੂ ਗਰੰਥ ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਜੀ ਵਲੋਂ ਗੁਰਿਆਈ ਦਿਤੇ ਜਾਣ ਦਾ ਫੈਸਲਾ ਆਉਣ ਵਾਲੇ ਸਾਰੇ ਗੁਰਸਿੱਖਾਂ ਦੀਆਂ ਆਤਮਕ ਲੋੜਾਂ ਦਾ ਖਿਆਲ ਰਖ ਕੇ ਕੀਤਾ ਗਿਆ ਸੀ। ਜੇਕਰ ਆਤਮਕ ਤਰੱਕੀ ਵਾਸਤੇ ਦੇਹਧਾਰੀ ਗੁਰੂ ਦਾ ਹੋਣਾ ਜ਼ਰੂਰੀ ਹੁੰਦਾ ਤਾਂ ਗੁਰੂ ਗੋਬਿੰਦ ਸਿੰਘ ਜੀ ਗੁਰੂ ਗਰੰਥ ਸਾਹਿਬ ਨੂੰ ਗੁਰਆਈ ਨਾ ਦੇਂਦੇ ਅਤੇ ਸਿੱਖ ਕੌਮ ਦੀ ਆਤਮਕ ਅਗਵਾਈ ਦਾ ਕੋਈ ਹੋਰ ਪਰਬੰਧ ਕਰ ਜਾਂਦੇ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਾਲੋਂ ਸਿੱਖਾਂ ਦੀਆਂ ਆਤਮਕ ਲੋੜਾ ਨੂੰ ਵਧੇਰੇ ਚੰਗੀ ਤਰ੍ਹਾਂ ਜਾਨਣ ਵਾਲਾ ਹੋਰ ਕੌਣ ਹੋ ਸਕਦਾ ਸੀ। ਗੁਰੂ ਗੋਬਿੰਦ ਸਿੰਘ ਜੀ ਮਹਰਾਜ ਦਾ ਗੁਰੂ ਦੇ ਮਸਲੇ ਸਬੰਧੀ ਆਪਣਾ ਉਹੋ ਨਿਸਚਾ ਸੀ ਜਿਹੜਾ ਕਿ ਪਹਿਲੇ ਨੌਆਂ ਗੁਰੂਆਂ ਦਾ ਸੀ? ਆਪ ਇਨਸਾਨ ਦਾ ਅਸਲ ਗੁਰੂ ਅਕਾਲ ਪੁਰਖ ਵਾਹਿਗੁਰੂ ਹੀ ਮੰਨਦੇ ਸਨ।

*ਆਦਿ ਅੰਤ ਏਕੈ ਅਵਤਾਰਾ॥*
*ਸੋਈ ਗੁਰੂ ਸਮਝੀਓ ਹਮਾਰਾ॥*

*ਨਿਮਸਕਾਰ ਤਿਸਹੀ ਕੋ ਹਮਾਰੀ ॥*
*ਸਗਲ ਪ੍ਰਜਾ ਜਿਨ ਆਪ ਸਵਾਰੀ ॥* (ਚੌਪਈ)

ਗੁਰੂ ਮਸਲੇ ਸਬੰਧੀ ਪਹਿਲੇ ਨੌਆਂ ਗੁਰੂਆਂ ਦਾ ਨਿਸਚਾ ਵੀ ਇਸ ਪਰਕਾਰ ਸੀ। ਜੀਵ ਤਾ ਅਸਲ ਗੁਰੂ ਵਾਹਿਗੁਰੂ ਹੁੰਦਾ ਹੈ।

*ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ ॥*
*ਆਠ ਪਹਰ ਨਾਨਕ ਗੁਰ ਜਾਪਿ ॥* ਅੰਗ - 387

*ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥*
*ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥*
ਅੰਗ - 759

*ਜਾ ਕਉ ਤੂ ਰਾਖਹਿ ਰਖਨਹਾਰ ॥*
*ਸਤਿਗੁਰੂ ਮਿਲਾਵਹਿ ਕਰਹਿ ਸਾਰ ॥* ਅੰਗ - 1169

*ਗੁਰ ਕੀ ਮਹਿਮਾ ਬੇਦ ਨ ਜਾਣਹਿ ॥*
*ਤੁਛ ਮਾਤ ਸੁਣਿ ਸੁਣਿ ਵਖਾਣਹਿ ॥*
*ਪਾਰਬ੍ਰਹਮ ਅਪਰੰਪਰ ਸਤਿਗੁਰ ਜਿਸੁ ਸਿਮਰਤ ਮਨੁ ਸੀਤਲਾਇਣਾ ॥*
ਅੰਗ - 1078

ਵਾਹਿ ਦੀ ਪਰੇਰਨਾ ਤੇ ਕ੍ਰਿਪਾਲਤਾ ਦਵਾਰਾ ਹੀ ਜੀਵ ਨੂੰ ਦੁਨੀਆਂ ਵਿਚ ਗੁਰੂ ਦਾ ਮਿਲਾਪ ਹੁੰਦਾ ਹੈ।

*ਨਦਰਿ ਕਰੇ ਤਾ ਸਤਿਗੁਰੁ ਮਿਲੈ ॥*
*ਪ੍ਰਣਵਤਿ ਨਾਨਕੁ ਭਵਜਲੁ ਤਰੈ ॥* ਅੰਗ - 354

*ਹਰਿ ਕ੍ਰਿਪਾ ਕਰੇ ਸਤਿਗੁਰੁ ਮਿਲਾਏ ॥* ਅੰਗ - 365

*ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ ॥*
*ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ॥*
ਅੰਗ - 465

*ਨਾਨਕ ਸੋ ਪ੍ਰਭੁ ਸਦਾ ਧਿਆਈਐ*
*ਜਿਨਿ ਮੇਲਿਆ ਸਤਿਗੁਰੁ ਕਿਰਪਾ ਧਾਰਿ ॥* ਅੰਗ - 1135

ਗੁਰੂ ਸਾਹਿਬ ਦਾ ਨਿਰਾ ਇਹ ਹੀ ਵਿਸ਼ਵਾਸ ਨਹੀਂ ਸੀ ਕਿ ਜੀਵ ਦਾ ਅਸਲ ਗੁਰੂ 'ਵਾਹਿਗੁਰੂ' ਹੁੰਦਾ ਹੈ, ਅਤੇ ਵਾਹਿਗੁਰੂ ਦੀ ਕਿਰਪਾਲਤਾ ਨਾਲ ਦੁਨੀਆਂ ਵਿਚ ਸਤਿਗੁਰੂ ਮਿਲਦਾ ਹੈ ਸਗੋਂ ਇਹ ਵੀ ਨਿਸਚਾ ਸੀ ਕਿ ਜੀਵ ਨੂੰ ਗੁਰੂ ਦੇ ਉਪਦੇਸ਼ ਸਮਜਣ ਤੇ ਕਮਾਣ ਦੀ ਸ਼ਕਤੀ ਵੀ ਕਰਤਾਰ ਦੀ ਕਿਰਪਾ ਨਾਲ ਹੀ ਕਰਤਾਰ ਪਾਸੋਂ ਮਿਲਦੀ ਹੈ।

*ਕਰਿ ਕ੍ਰਿਪਾ ਗੋਬਿੰਦ ਦੀਆ ਗੁਰ ਗਿਆਨੁ ਬੁਧਿ ਬਿਬੇਕ ॥*

*ਅੰਗ - 501*

ਗੁਰੂ ਸਾਹਿਬਾਨ ਦੇ ਗੁਰੂ ਦੇ ਮਸਲੇ ਸਬੰਧੀ ਉਪਰ ਦਸੇ ਨਿਸਚੇ ਅਨੁਸਾਰ ਸਿੱਖ ਦਾ ਅਸਲ ਗੁਰੂ ਅਕਾਲ ਪੁਰਖ ਹੁੰਦਾ ਹੈ ਜਿਸ ਦੀ ਕਿਰਪਾ ਅਤੇ ਪਰੇਰਨਾ ਨਾਲ ਸਿੱਖ ਨੂੰ ਮਾਨਸ ਤੋਂ ਦੇਵਤਾ ਦੀ ਪਦਵੀ ਤਕ ਪਹੁੰਚਾਣ ਲਈ ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਪੂਰਨ ਗੁਰੂ ਮਿਲੇ ਜਿਨ੍ਹਾਂ ਦੀ ਸਾਰੀ ਸਿਖਸ਼ਾ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਹੈ। ਇਸ ਲਈ ਗੁਰੂ ਗਰੰਥ ਸਾਹਿਬ ਸਿੱਖਾਂ ਦੀ ਪੂਰਨ ਅਗਵਾਈ ਕਰ ਸਕਦੇ ਹਨ।

ਸ਼ੰਕਾ ਪੈਦਾ ਹੋ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਸਾਰੇ ਗੁਰੂ ਦੇਹਧਾਰੀ ਸਨ, ਉਹਨਾਂ ਦੀ ਜਗ੍ਹਾ ਗੁਰੂ ਗਰੰਥ ਸਾਹਿਬ ਕਿਵੇਂ ਲੈ ਸਕਦੇ ਹਨ? ਉਹ ਦੇਹਧਾਰੀ ਜਿਉਂਦੇ ਜਾਗਦੇ, ਬੋਲਦੇ ਗੁਰੂ ਸਨ ਐਪਰ ਗੁਰੂ ਗਰੰਥ ਸਾਹਿਬ ਜੀ ਵਿਚ ਇਹ ਸਿਫਤਾਂ ਨਹੀਂ। ਇਹ ਸ਼ੰਕਾ ਫੌਰਨ ਰਫਾ ਹੋ ਜਾਵੇਗਾ ਜਦ ਅਸੀਂ ਵਿਚਾਰੀਏ ਕਿ 'ਗੁਰੂ' ਗੁਰੂ ਦਾ ਸਰੀਰ ਨਹੀਂ ਹੁੰਦਾ, ਗੁਰੂ ਦਾ ਉਪਦੇਸ਼ ਜਾਂ ਉਸ ਦੇ ਬਚਨ ਹੁੰਦੇ ਹਨ। ਗੁਰੂ ਦੇ ਸਰੀਰ ਦਾ ਸਤਿਕਾਰ ਕੇਵਲ ਇਸ ਲਈ ਹੁੰਦਾ ਹੈ ਕਿ ਉਸ ਵਿਚੋਂ ਗੁਰੂ ਦੇ ਬਚਨ ਜਾਂ ਉਪਦੇਸ਼ ਨਿਕਲਦੇ ਹਨ।

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥*

*ਅੰਗ - 982*

*ਸਤਿਗੁਰ ਬਚਨੁ ਬਚਨੁ ਹੈ ਨੀਕੋ ਗੁਰ ਬਚਨੀ ਅੰਮ੍ਰਿਤੁ ਪਾਵੈਗੋ ॥*

*ਅੰਗ - 1311*

ਕਿਉਂਕਿ ਗੁਰੂ ਗਰੰਥ ਸਾਹਿਬ ਜੀ ਵਿਚ ਗੁਰੂਆਂ ਦੇ ਪਵਿੱਤਰ ਉਪਦੇਸ਼, ਉਹਨਾਂ ਦੇ ਆਤਮਕ ਤਜਰਬੇ, ਵਾਹਿਗੁਰੂ ਨੂੰ ਮਿਲਣ ਦੇ ਸਭ ਰਸਤੇ ਅਤੇ ਸਿੱਖ ਲਈ ਉਚੀ ਤੋਂ ਉਚੀ ਆਤਮਕ ਅਵਸਥਾ ਤਕ ਪੁਹੰਚਣ ਲਈ ਪੂਰੀ ਰਹਿਨੁਮਾਈ ਦਰਜ ਹੈ, ਇਸ ਲਈ ਗੁਰੂ ਗਰੰਥ ਸਾਹਿਬ ਜੀ ਸਿੱਖਾਂ ਦੇ ਪੂਰਨ ਗੁਰੂ ਹੋ ਸਕਦੇ ਹਨ।

ਇਹ ਗਲ ਠੀਕ ਹੈ ਕਿ ਗੁਰੂ ਗਰੰਥ ਜੀ ਵਿਚ ਦਰਜ ਉਪਦੇਸ਼ਾਂ ਨੂੰ ਚੰਗੀ ਤਰ੍ਹਾਂ ਸਮਝਣ ਤੇ ਕਮਾਣ ਵਿਚ ਸਿੱਖਾਂ ਨੂੰ ਮੁਸ਼ਕਲਾਂ ਜਾਂ ਦਿਕਤਾਂ ਪੇਸ਼ ਆ ਸਕਦੀਆਂ ਹਨ, ਜਿਨ੍ਹਾਂ ਨੂੰ ਆਪਣੇ ਤੋਂ ਉਚੇਰੀ ਆਤਮਕ ਅਵਸਥਾ ਦੇ ਸਿੱਖਾਂ ਪਾਸੋਂ ਰਫਾ ਕਰਾ ਲੈਣਾ ਚਾਹੀਦਾ ਹੈ।

ਗੁਰੂ ਗਰੰਥ ਜੀ ਵਿਚ ਨਾਮ ਜਪਣ ਵਾਲੇ ਗੁਰਮੁਖਾਂ ਦਾ ਥਾਂ ਥਾਂ ਤੇ ਜ਼ਿਕਰ ਆਉਂਦਾ ਹੈ ਜਿਨ੍ਹਾਂ ਦੀ ਬੜੀ ਮਹਿਮਾਂ ਲਿਖੀ ਹੈ। ਸਿੱਖਾਂ ਨੂੰ ਜਿਥੇ ਕੋਈ ਆਤਮਕ ਮੁਸ਼ਕਲ ਜਾਂ ਰੁਕਾਵਟ ਆਵੇ ਉਥੇ ਗੁਰੂ ਗਰੰਥ ਜੀ ਦੀ ਸਿਖਸ਼ਾ ਨੂੰ ਕਮਾਣ ਵਾਲੇ ਤੇ ਉਚ ਆਤਮਕ ਮੰਡਲਾਂ ਵਿਚ ਵਿਚਰਨ ਵਾਲੇ ਗੁਰਸਿੱਖਾਂ, ਗੁਰਮੁਖਾਂ ਪਾਸੋਂ ਮਦਦ ਲੈ ਲੈਣੀ ਚਾਹੀਦੀ ਹੈ। ਇਹਨਾਂ ਗੁਰਮੁਖਾਂ ਦੀ ਸਿੱਖ ਜਿਤਨੀ ਵੀ ਇੱਜ਼ਤ ਕਰ ਸਕਣ, ਕਰਨ, ਐਪਰ ਗੁਰੂ ਪਦਵੀ ਕੇਵਲ ਗੁਰੂ ਸਾਹਿਬਾਨ ਜਾਂ ਉਹਨਾਂ ਦੇ ਉਪਦੇਸ਼ਾਂ ਦੇ ਸੰਗ੍ਰਹਿ ਗੁਰੂ ਗਰੰਥ ਜੀ ਨੂੰ ਹੀ ਸ਼ੋਭਦਾ ਹੈ।

ਜਿਸ ਤਰ੍ਹਾਂ ਕਾਲਜਾਂ ਵਿਚ ਵਖੋ ਵਖਰੇ ਲਿਖਾਰੀਆਂ ਦੀਆਂ ਰਚਿਤ ਪੁਸਤਕਾਂ ਨੂੰ ਪਰੋਫੈਸਰ ਪੜ੍ਹਾਂਦੇ ਹਨ, ਵਿਦਿਆਰਥੀ ਉਨ੍ਹਾਂ ਪੁਸਤਕਾਂ ਸਬੰਧੀ ਆਪਣੀਆਂ ਸਾਰੀਆਂ ਦਿਕਤਾਂ ਤੇ ਮੁਸ਼ਕਲਾਂ ਪਰੋਫੈਸਰਾਂ ਤੋਂ ਸਾਫ ਕਰਾਂਦੇ ਹਨ ਪਰ ਪਰੋਫੈਸਰ ਉਹਨਾਂ ਪੁਸਤਕਾਂ ਦੇ ਪਰਚਾਰਕਾਂ ਤੋਂ ਵਧ ਹੋਰ ਕੋਈ ਹੈਸੀਅਤ ਨਹੀਂ ਰਖਦੇ। ਉਹ ਆਪਣੇ ਆਪ ਨੂੰ ਉਹਨਾਂ ਪੁਸਤਕਾਂ ਦੇ ਲਿਖਾਰੀਆਂ ਦੇ ਤੁਲ ਨਹੀਂ ਸਮਝਦੇ। ਏਸੇ ਤਰ੍ਹਾਂ ਸਿੱਖ ਧਰਮ ਇਕ ਕਾਲਜ ਦੀ ਤਰ੍ਹਾਂ ਹੈ ਜਿਸ ਵਿਚ ਗੁਰੂ ਗਰੰਥ ਸਾਹਿਬ ਇਕ ਟੈਕਸਟ ਬੁਕ ਹੈ। ਉਚੀਆਂ ਕਮਾਈਆਂ ਕਰਨ ਵਾਲੇ ਸਿਮਰਨ ਅਭਿਆਸੀ, ਗੁਰਮੁਖ, ਟੀਚਰ ਜਾਂ ਪਰੋਫੈਸਰ ਹਨ ਅਤੇ ਆਮ ਸਿੱਖ ਵਿਦਿਆਰਥੀ ਹਨ। ਗੁਰਮੁਖ, ਨਾਮ ਅਭਿਆਸੀ ਗੁਰੂ ਗਰੰਥ ਜੀ ਦੀ ਸਿਖਸ਼ਾ ਦਾ ਪਰਚਾਰ ਕਰਦੇ ਹਨ ਪਰ ਉਹ ਆਪਣੇ ਆਪ ਨੂੰ ਗੁਰੂ ਗਰੰਥ ਜੀ ਦੇ ਕਰਤਿਆਂ ਦੀ ਤੁਲਨਾ ਨਹੀਂ ਦੇਂਦੇ। ਮੈਂ ਇਸ ਨਿਸਚੇ ਨਾਲ ਜਦ ਵੀ ਮੈਨੂੰ ਜ਼ਰੂਰਤ ਪੈਂਦੀ ਰਹੀ ਹੈ, ਸਿੱਖ ਕੌਮ ਦੇ ਸੰਤਾਂ ਮਹਾਤਮਾਂ, 'ਗੁਰਮੁਖਾਂ' ਵਿਦਵਾਨਾਂ ਪਾਸ ਪਹੁੰਚ ਕੇ ਆਪਣੀ ਅਵਸਥਾ ਅਨੁਸਾਰ ਸਿਖਸ਼ਾ ਜਾਂ ਅਗਵਾਈ ਹਾਸਲ ਕਰਦਾ ਰਿਹਾ ਹਾਂ। ਭਾਵੇਂ ਮੇਰਾ ਦਿਲ ਸੰਤਾਂ, ਨਾਮ ਅਭਿਆਸੀਆਂ ਗੁਰਮੁਖਾਂ ਸਬੰਧੀ ਸ਼ਰਧਾ ਤੇ ਸਤਿਕਾਰ ਨਾਲ ਭਰਪੂਰ ਰਹਿੰਦਾ ਹੈ ਪਰ ਮੈਂ ਕਿਸੇ ਨੂੰ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜਾਂ ਗੁਰੂ ਗਰੰਥ ਜੀ ਦਾ ਦਰਜਾ ਨਹੀਂ ਦੇਂਦਾ।

## ਦੇਹਧਾਰੀ ਗੁਰੂ ਧਾਰਨ ਦੇ ਨੁਕਸ ਜਾਂ ਨੁਕਸਾਨ

1) ਸੰਸਾਰ ਵਿਚ ਗੁਰੂ ਨਾਨਕ ਦੇਵ ਵਰਗੇ ਪੂਰਨ ਤੇ ਜਗਤ ਗੁਰੂ ਕਦੀ ਕਦੀ ਆਉਂਦੇ ਹਨ। ਆਮ ਤੌਰ ਤੇ ਸੰਸਾਰ ਦੇ ਚੰਗੇ ਤੋਂ ਚੰਗੇ ਮਹਾਂਪੁਰਸ਼ ਵੀ ਕਿਸੇ ਨ ਕਿਸੇ ਪਾਸਿਉਂ ਜ਼ਰੂਰ ਊਣੇ ਹੁੰਦੇ

ਹਨ। ਐਸਾ ਪੁਰਸ਼ਾਂ ਨੂੰ ਗੁਰੂ ਧਾਰਨ ਕਰਨ ਨਾਲ ਜਦ ਉਹਨਾਂ ਦੀਆਂ ਊਣਤਾਈਆਂ ਦਾ ਸਿੱਖ ਨੂੰ ਪਤਾ ਲਗ ਜਾਵੇ ਤਾਂ ਉਸ ਦੇ ਸ਼ਰਧਾ ਤੇ ਭਰੋਸੇ ਵਿਚ ਫਰਕ ਆ ਜਾਣਾ ਜ਼ਰੂਰੀ ਹੈ। ਜਦ ਸਿੱਖ ਦੀ ਸ਼ਰਧਾ ਤੇ ਭਰੋਸਾ ਗੁਰੂ ਘਰ ਵਿਚ ਘਟ ਜਾਵੇ ਤਾਂ ਇਹ ਸਿੱਖ ਤੇ ਗੁਰੂ ਦੋਹਾਂ ਵਾਸਤੇ ਹਾਨੀਕਾਰਕ ਹੁੰਦਾ ਹੈ।

2) ਆਮ ਤੌਰ ਤੇ ਦੇਖਿਆ ਗਿਆ ਹੈ ਕਿ ਹਰ ਇਕ ਸੰਤ ਜਾਂ ਗੁਰਮੁਖ ਉਸੇ ਆਤਮਕ ਅਵਸਥਾ ਤਕ ਕਿਸੇ ਦੀ ਮਦਦ ਜਾਂ ਰਹਿਨੁਮਾਈ ਕਰ ਸਕਦਾ ਹੈ ਜਿਸ ਆਤਮਕ ਅਵਸਥਾ ਤਕ ਉਸ ਦੀ ਅਪਣੀ ਪਹੁੰਚ ਹੋਵੇ। ਜੇ ਐਸੇ ਸੰਤ ਜਾਂ ਗੁਰਮੁਖ ਨੂੰ ਅਸੀਂ ਗੁਰੂ ਧਾਰਨ ਕਰ ਲਈਏ ਤਾਂ ਜਿਸ ਅਵਸਥਾ ਦਾ ਉਹ ਸੰਤ ਹੈ ਉਥੋਂ ਤਕ ਪਹੁੰਚ ਕੇ ਸਾਡੀ ਅਗਲੀ ਅਗਵਾਈ ਬੰਦ ਹੋ ਜਾਵੇਗੀ। ਉਸ ਵੇਲੇ ਜੇ ਅਸੀਂ ਹੋਰ ਕੋਈ ਉਚੀ ਆਤਮਕ ਅਵਸਥਾ ਦਾ ਗੁਰੂ ਲੱਭਣਾ ਚਾਹੀਏ ਤਾਂ ਐਸਾ ਨਹੀਂ ਹੋ ਸਕੇਗਾ। ਗੁਰੂ ਨੂੰ ਇਕ ਵਾਰੀ ਧਾਰਨ ਕਰ ਕੇ ਉਸ ਨੂੰ ਜਵਾਬ ਦੇ ਜਾਣਾ ਤੇ ਆਪਣੀ ਆਤਮਕ ਅਵਸਥਾ ਦੇ ਬਦਲਣ ਨਾਲ ਗੁਰੂ ਬਦਲਣੇ ਚੰਗੇ ਨਹੀਂ ਲਗਦੇ। ਜਿਵੇਂ ਦੁਨਿਆਵੀ ਤਾਲੀਮ ਹਾਸਲ ਕਰਨ ਵੇਲੇ ਸਾਡੇ ਹਰ ਜਮਾਤ ਮਗਰੋਂ ਉਸਤਾਦ ਬਦਲਦੇ ਰਹਿੰਦੇ ਹਨ। ਏਸੇ ਤਰ੍ਹਾਂ ਆਤਮਕ ਵਿਦਿਆ ਹਾਸਲ ਕਰਨ ਵੇਲੇ ਵੀ ਸਿੱਖ ਨੂੰ ਕਈ ਆਤਮਕ ਅਵਸਥਾਵਾਂ ਜਾਂ ਜਮਾਤਾਂ ਵਿਚੋਂ ਲੰਘਣਾਂ ਪੈਂਦਾ ਹੈ। ਜਿਸ ਤਰ੍ਹਾਂ ਦੁਨਿਆਵੀ ਵਿਦਿਆ ਹਾਸਲ ਕਰਨ ਵੇਲੇ ਪਹਿਲੀ ਜਮਾਤ ਅਤੇ ਐਮ. ਏ. ਦੀ ਜਮਾਤ ਦੇ ਮਾਸਟਰਾਂ ਦੇ ਦਿਮਾਗਾਂ ਦੀ ਹਾਲਤ ਵਿਚ ਬੜਾ ਫਰਕ ਹੁੰਦਾ ਹੈ ਅਤੇ ਐਸੇ ਉਸਤਾਦ ਬਹੁਤ ਘਟ ਮਿਲਦੇ ਹਨ ਜੋ ਪਹਿਲੀ ਅਤੇ ਐਮ. ਏ. ਦੀ ਜਮਾਤ ਨੂੰ ਇਕੋ ਯੋਗਤਾ ਨਾਲ ਪੜ੍ਹਾ ਸਕਣ, ਇਸੇ ਤਰ੍ਹਾਂ ਆਤਮਕ ਕਾਲਜ ਵਿਖੇ ਵੀ

ਪਹਿਲੀ ਅਵਸਥਾ ਅਤੇ ਅਖੀਰਲੀ ਅਵਸਥਾ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੁੰਦਾ ਹੈ ਅਤੇ ਐਸਾ ਗੁਰੂ ਲੱਭਣਾ ਜੋ ਪਹਿਲੀ ਅਵਸਥਾ ਦੇ ਸਿੱਖ ਅਤੇ ਅਖੀਰਲੀ ਆਤਮਕ ਅਵਸਥਾ ਦੇ ਸਿੱਖ ਨੂੰ ਇਕੋ ਜੈਸੀ ਯੋਗਤਾ ਅਤੇ ਸਫਲਤਾ ਨਾਲ ਮਦਦ ਦੇ ਸਕੇ, ਜੇਕਰ ਅਸੰਭਵ ਨਹੀਂ ਤਾਂ ਸਖਤ ਮੁਸ਼ਕਲ ਜ਼ਰੂਰੀ ਹੈ।

3) ਪਹਿਲੇ ਪਹਿਲ ਸਿੱਖ ਨੂੰ ਪਤਾ ਲਗਣਾ ਮੁਸ਼ਕਲ ਹੁੰਦਾ ਹੈ ਕਿ ਜਿਹੜਾ ਗੁਰੂ ਉਹ ਧਾਰਨ ਕਰਨ ਲਗਾ ਹੈ ਉਹ ਉਸ ਦੀ ਸ਼ੁਰੂ ਤੋਂ ਲੈ ਕੇ ਅਖੀਰ ਤਕ ਯੋਗਤਾ ਤੇ ਸਫਲਤਾ ਨਾਲ ਅਗਵਾਈ ਕਰ ਸਕੇਗਾ? ਪਹਿਲੇ ਪਹਿਲ ਸਿੱਖ ਪੂਰਨ ਗੁਰੂ ਨੂੰ ਪਛਾਨਣ ਦੇ ਬਿਲਕੁਲ ਅਸਮਰੱਥ ਹੁੰਦਾ ਹੈ ਕਿ ਅਨੇਕਾਂ ਸਿਧੇ ਸਾਦੇ ਸ਼ਰਧਾਲੂ ਸਿੱਖਾਂ ਨੂੰ ਧੋਖੇਬਾਜ਼ ਅਤੇ ਦੰਭੀ ਗੁਰੂ ਉਂਗਲਾਂ ਤੇ ਨਚਾਂਦੇ ਤੇ ਲੁਟਦੇ ਰਹਿੰਦੇ ਹਨ।

ਮੈਂ ਇਸ ਗਲ ਤੋਂ ਅਨਜਾਣ ਨਹੀਂ ਕਿ ਗੁਰੂ ਗਰੰਥ ਜੀ ਵਿਚ ਕਈ ਮਹਾਂਵਾਕ ਐਸਾ ਹਨ ਜੋ ਚੰਗੀ ਉਚੀ ਆਤਮਕ ਅਵਸਥਾ ਦੇ ਨਾਮ ਕਮਾਈ ਕਰਨ ਵਾਲੇ ਹੀ ਸਮਝਾ ਸਕਦੇ ਹਨ ਐਪਰ ਉਹਨਾਂ ਨੂੰ ਗੁਰਸਿੱਖ ਜਾਂ ਗੁਰਮੁਖ ਹੀ ਸਮਝਣਾ ਚਾਹੀਦਾ ਹੈ, ਗੁਰੂ ਬਨਾਣ ਦੀ ਲੋੜ ਨਹੀਂ ਹੁੰਦੀ।

ਜਿਹੜਾ ਸੰਤ ਜਾਂ ਗੁਰਮੁਖ ਕਿਸੇ ਸਿੱਖ ਦੀ ਓਦੋਂ ਤਕ ਮਦਦ ਕਰਨ ਵਾਸਤੇ ਤਿਆਰ ਨ ਹੋਵੇ ਜਦ ਤਕ ਕਿ ਸਿੱਖ ਉਸ ਨੂੰ ਗੁਰੂ ਧਾਰਨ ਨਾ ਕਰ ਲਵੇ, ਉਸ ਸੰਤ ਜਾਂ ਗੁਰਮੁਖ ਦੀ ਪਰਵਾਹ ਨਹੀਂ ਕਰਨੀ ਚਾਹੀਦੀ। ਵਾਹਿਗੁਰੂ ਉਤੇ ਭਰੋਸਾ ਰਖ ਕੇ ਉਡੀਕਣਾ ਚਾਹੀਦਾ ਹੈ। ਕਰਤਾਰ ਜ਼ਰੂਰ ਕਿਸੇ ਐਸੇ ਸੰਤ ਜਾਂ ਗੁਰਮੁਖ ਦਾ ਮੇਲ ਕਰਾਵੇਗਾ ਜਿਹੜਾ ਬਗੈਰ ਗੁਰੂ ਬਣੇ ਹੀ ਸਿੱਖ ਦੀ ਆਤਮਕ

ਮਦਦ ਕਰੇ। ਜਿਸ ਸੰਤ ਨੂੰ ਗੁਰੂ ਬਣਨ ਦੀ ਲਾਲਸਾ ਹੋਵੇ ਉਸ ਨੂੰ ਊਣਿਆਂ ਸਮਝੋ। ਗੁਰੂ ਨਾਨਕ ਪੂਰਨ ਗੁਰੂ ਸਨ ਪਰ ਕਦੀ ਕਿਸੇ ਨੂੰ ਉਪਦੇਸ਼ ਦੇਣ ਲਗਿਆਂ ਇਹ ਸ਼ਰਤ ਪੇਸ਼ ਨਹੀਂ ਸਨ ਕਰਦੇ ਕਿ ਮੈਨੂੰ ਪਹਿਲੋਂ ਗੁਰੂ ਧਾਰਨ ਕਰੋ ਫੇਰ ਉਪਦੇਸ਼ ਦੇਵਾਂਗਾ। ਹਜ਼ੂਰ ਜਿਥੇ ਜਿਥੇ ਜਾਂਦੇ ਸਨ ਬਗੈਰ ਕਿਸੇ ਸ਼ਰਤ ਦੇ ਨਾਮ ਉਪਦੇਸ਼ ਦੇ ਛਿਟੇ ਦਿੰਦੇ ਜਾਂਦੇ ਸਨ। ਏਹੋ ਹਾਲ ਸਾਰੇ ਗੁਰੂ ਸਾਹਿਬਾਨ ਦਾ ਸੀ। ਮੈਂ ਗੁਰੂ ਸਾਹਿਬ ਦਾ ਸਿੱਖ ਹੁੰਦਿਆਂ ਹੋਇਆਂ ਅੱਜ ਕਲ ਵੀ ਕਈ ਮਹਾਤਮਾਵਾਂ ਪਾਸ ਪਹੁੰਚ ਕੇ ਉਹਨਾਂ ਤੋਂ ਆਤਮਕ ਲਾਭ ਉਠਾਏ ਹਨ ਪਰ ਉਹਨਾਂ ਕਦੀ ਇਹ ਸ਼ਰਤ ਨਹੀਂ ਸੀ ਲਗਾਈ ਕਿ ਸਾਨੂੰ ਗੁਰੂ ਮੰਨੋ ਤਦ ਮਦਦ ਕਰਾਂਗੇ।

# ਮਿਠੇ ਰੇਠੇ

## (1)

ਗੁਰੂ ਨਾਨਕ ਸਾਹਿਬ ਦੀ ਜੀਵਨ ਸਾਖੀ ਵਿਚ ਹਜ਼ੂਰ ਦੇ ਇਕ ਵਾਰੀ ਆਪਣੀ ਰਬੀ ਸ਼ਕਤੀ ਨਾਲ ਰੇਠਿਆਂ ਦੇ ਦਰਖਤ ਨੂੰ ਮਿਠਿਆਂ ਕਰ ਦੇਣ ਦਾ ਜ਼ਿਕਰ ਹੈ। ਕਈ ਗੁਰਮੁਖ ਇਸ ਦਰਖਤ ਨੂੰ ਦੇਖ ਆਏ ਹਨ ਅਤੇ ਦਸਦੇ ਹਨ ਕਿ ਇਸ ਦਾ ਇਕ ਪਾਸਾ ਕੌੜਾ ਤੇ ਇਕ ਪਾਸਾ ਮਿਠਾ ਹੈ, ਕੌੜੇ ਪਾਸੇ ਦੇ ਰੇਠੇ ਕੌੜੇ ਤੇ ਮਿਠੇ ਪਾਸੇ ਦੇ ਰੇਠੇ ਮਿਠੇ ਹਨ। ਉਥੇ ਜਾਣ ਵਾਲੇ ਗੁਰਸਿੱਖਾਂ ਨੂੰ ਮਿਠੇ ਰੇਠਿਆਂ ਦਾ ਪਰਸ਼ਾਦ ਵੀ ਮਿਲਦਾ ਹੈ ਜੋ ਕਿ ਉਹ ਦੂਰ ਦੂਰ ਤਕ ਨਾਲ ਲੈ ਆਉਂਦੇ ਅਤੇ ਤੋਹਫੇ ਦੇ ਤੌਰ ਤੇ ਆਪਣੇ ਮੂੰਹ ਮੁਲਾਹਿਜ਼ੇ ਦੇ ਲੋਕਾਂ ਨੂੰ ਵੰਡਦੇ ਹਨ। ਕਈ ਸਾਲ ਹੋ ਗਏ ਮੈਨੂੰ ਇਕ ਨਿਹੰਗ ਸਿੰਘ ਨੇ ਮਿਠੇ ਰੇਠੇ ਦਾ ਪਰਸ਼ਾਦ ਦਿਤਾ ਸੀ, ਰੇਠਾ ਉਤੋਂ ਬਿਲਕੁਲ ਦੂਸਰਿਆਂ ਰੇਠਿਆਂ ਵਾਂਗਰ ਸੀ ਪਰ ਖਾਧਿਆਂ ਬਜਾਏ ਕੌੜਾ ਹੋਣ ਦੇ ਮਿਠਾ ਸੀ।

ਕਿਉਂਕਿ ਰੇਠਿਆਂ ਦਾ ਐਸਾ ਦਰਖਤ ਅਜੇ ਤਕ ਮੌਜੂਦ ਖੜਾ ਹੈ ਜਿਸ ਨੂੰ ਮਿਠੇ ਰੇਠੇ ਲਗਦੇ ਹਨ, ਇਸ ਕਰ ਕੇ ਕਿਸੇ ਦਾ ਇਹ ਸ਼ਕ ਕਰਨਾ ਫਜ਼ੂਲ ਹੋਵੇਗਾ ਕਿ ਮਿਠੇ ਰੇਠਿਆਂ ਦਾ ਦਰਖਤ ਹੋ ਨਹੀਂ ਸਕਦਾ। ਜੋ ਸ਼ਕ ਕਈ ਮਿਤਰਾਂ ਦੇ ਦਿਲਾਂ ਵਿਚ

ਉਪਜ ਸਕਦਾ ਹੈ ਉਹ ਇਹ ਹੈ ਕਿ ਗੁਰੂ ਨਾਨਕ ਜੀ ਨੇ ਕੌੜੇ ਰੇਠਿਆਂ ਦੇ ਦਰਖਤ ਨੂੰ ਮਿਠਾ ਕਿਵੇਂ ਬਣਾ ਦਿਤਾ? ਕਿਉਂਕਿ ਬਹੁਤੇ ਸਜਣਾ ਨੂੰ ਇਸ ਗਲ ਦੀ ਸਮਝ ਨਹੀਂ ਆਉਂਦੀ, ਇਸ ਲਈ ਉਹ ਇਸ ਨਤੀਜੇ ਤੇ ਝਟ ਪਹੁੰਚ ਜਾਂਦੇ ਹਨ ਕਿ ਇਹ ਗਲ ਹੋ ਹੀ ਨਹੀਂ ਸਕਦੀ, ਐਵੇਂ ਝੂਠੀ ਸਾਖੀ ਗੁਰੂ ਨਾਨਕ ਸਾਹਿਬ ਦੀ ਜ਼ਿੰਦਗੀ ਨਾਲ ਮੜ੍ਹ ਦਿਤੀ ਗਈ ਹੈ। ਐਸੇ ਮਿਤਰਾਂ ਵਲੋਂ ਕੋਸ਼ਿਸ਼ ਜਾਰੀ ਹੈ ਕਿ ਗੁਰੂ ਨਾਨਕ ਸਾਹਿਬ ਦੀ ਜਨਮ ਸਾਖੀ ਵਿਚੋਂ ਵਲੀ ਕੰਧਾਰੀ, ਮੱਕੇ ਦੇ ਫਿਰਨ, ਬੀਬੀ ਨਾਨਕੀ ਦੇ ਯਾਦ ਕਰਨ ਉਤੇ ਹਜ਼ਾਰਾਂ ਮੀਲਾਂ ਤੋਂ ਛਿਨ ਭਰ ਵਿਚ ਬੀਬੀ ਦੇ ਨਗਰ ਪੁਹੰਚ ਜਾਣਾ, ਮਿਠੇ ਰੇਠਿਆਂ ਵਾਲੀਆਂ ਸਾਖੀਆਂ ਨੂੰ ਕਢ ਦਿਤਾ ਜਾਵੇ ਕਿਉਂਕਿ ਉਹਨਾਂ ਦੇ ਖਿਆਲ ਵਿਚ ਐਸਾ ਹੋ ਨਹੀਂ ਸੀ ਸਕਦਾ।

ਅਗਰ ਅਸੀਂ ਕਿਸੇ ਕੰਮ ਜਾਂ ਕਿਸੇ ਘਟਨਾ ਦੇ ਹੋਣ ਸਬੰਧੀ ਏਹੀ ਕਸਵਟੀ ਰਖ ਲਈ ਕਿ ਜੇ ਉਹ ਸਾਡੀ ਸਮਝ ਵਿਚ ਆ ਜਾਵੇ ਤਾਂ ਹੋ ਸਕਦੀ ਹੈ ਤੇ ਜੇ ਸਾਡੀ ਸਮਝ ਵਿਚ ਨਾ ਆ ਸਕੇ ਤਾਂ ਨਹੀਂ ਹੋ ਸਕਦੀ, ਤਾਂ ਫਿਰ ਸਾਨੂੰ ਦੁਨੀਆਂ ਦੀਆਂ ਬਹੁਤ ਸਾਰੀਆਂ ਘਟਨਾਵਾਂ ਤੋਂ ਮੁਨਕਰ ਹੋਣਾ ਪਵੇਗਾ। ਜਿਨ੍ਹਾਂ ਨੂੰ ਸਿਤਾਰਿਆਂ ਦੇ ਇਲਮ ਦਾ ਕੁਝ ਪਤਾ ਨਹੀਂ ਉਹਨਾਂ ਦੇ ਖਿਆਲ ਵਿਚ ਸਿਤਾਰਿਆਂ ਦਾ ਇਲਮ ਕੋਈ ਇਲਮ ਹੀ ਨਹੀਂ ਰਹਿੰਦਾ, ਜਿਸ ਨੂੰ ਬਿਜਲੀ ਸਬੰਧੀ ਕੋਈ ਪਤਾ ਨਹੀਂ ਉਸ ਵਾਸਤੇ ਬਿਜਲੀ ਸੰਬੰਧੀ ਸਾਰਾ ਇਲਮ ਬੇਅਰਥ ਹੋ ਜਾਵੇਗਾ।

ਹਰ ਇਕ ਇਨਸਾਨ ਦੁਨੀਆਂ ਦੀਆਂ ਸਾਰੀਆਂ ਘਟਨਾਵਾਂ ਨੂੰ ਕਦੇ ਵੀ ਨਹੀਂ ਸਮਝ ਸਕਦਾ, ਉਹ ਜਿਸ ਇਲਮ ਵਿਚ ਆਪ ਮਾਹਿਰ ਹੋਵੇ ਉਸ ਇਲਮ ਸਬੰਧੀ ਘਟਨਾਵਾਂ ਉਤੇ ਦਰਿੜ੍ਹਤਾ ਨਾਲ ਗਲਬਾਤ ਕਰ ਸਕਦਾ ਹੈ ਪਰ ਜਿਸ ਇਲਮ ਦਾ ਉਸ ਨੂੰ ਕੁਝ

ਪਤਾ ਨਾ ਹੋਏ, ਉਸ ਇਲਮ ਦੇ ਮਾਹਿਰਾਂ ਦੀ ਰਾਏ ਅਗੇ ਉਸ ਨੂੰ ਝੁਕਣਾ ਚਾਹੀਦਾ ਹੈ, ਜਾਂ ਘਟ ਤੋਂ ਘਟ ਉਸ ਇਲਮ ਨੂੰ ਝੂਠਿਆਂ ਆਖਣ ਦੀ ਬੇਇਨਸਾਫੀ ਨਹੀਂ ਕਰਨੀ ਚਾਹੀਦੀ।

ਮੈਨੂੰ ਕਿਸੇ ਵੇਲੇ ਗੁਰੂ ਨਾਨਕ ਸਾਹਿਬ ਦੀ ਜਨਮ ਸਾਖੀ ਵਿਚ ਲਿਖੀਆਂ ਕਈ ਸਾਖੀਆਂ ਦੀ ਸਮਝ ਨਹੀਂ ਸੀ ਆਉਂਦੀ ਪਰ ਮੈਂ ਆਤਮਕ ਦਰਿਸ਼ਟੀਕੋਣ ਤੋਂ ਉਹਨਾਂ ਸੰਬੰਧੀ ਪੂਰੀ ਵਾਕਫੀਅਤ ਹਾਸਲ ਨਾ ਕਰ ਲੈਣ ਤੋਂ ਪਹਿਲਾਂ ਉਹਨਾਂ ਨੂੰ ਝੂਠੀਆਂ ਆਖਣ ਦੀ ਗੁਸਤਾਖੀ ਨਹੀਂ ਸੀ ਕਰਦਾ। ਗੁਰੂ ਗਰੰਥ ਸਾਹਿਬ ਵਿਚ ਸਚੇ ਸਾਧੂ ਸੰਬੰਧੀ ਦਸੀਆਂ ਸ਼ਕਤੀਆਂ ਨੂੰ ਵਿਚਾਰੀਏ ਤਾਂ ਗੁਰੂ ਨਾਨਕ ਸਾਹਿਬ ਜਾਂ ਹੋਰ ਗੁਰੂ ਸਾਹਿਬਾਨ ਦੀਆਂ ਆਤਮਕ ਸ਼ਕਤੀਆਂ ਬਿਲਕੁਲ ਠੀਕ ਜਾਪਦੀਆਂ ਹਨ। ਸ੍ਰੀ ਗੁਰੂ ਗਰੰਥ ਜੀ ਵਿਚ ਲਿਖਿਆ ਹੈ:

*ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥*
*ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥*
*ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥*
*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥*
*ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ ॥*
*ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ ॥*
*ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ ॥*
*ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ ॥*
*ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ ॥*
*ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰ ਸਰੀਤਾ ॥*

*ਅੰਗ – 809*

ਇਸ ਸ਼ਬਦ ਵਿਚ ਸਾਧੂ ਦੀਆਂ ਆਪਣੀਆਂ ਆਤਮਕ ਸ਼ਕਤੀਆਂ ਤਾਂ ਕਿਤੇ ਰਹੀਆਂ ਕੇਵਲ ਸਾਧੂ ਦੀ ਸੰਗਤ ਕਰਨ ਵਾਲੇ ਦੀਆਂ ਆਤਮਕ ਸ਼ਕਤੀਆਂ ਦਾ ਜ਼ਿਕਰ ਹੈ। "ਐ ਮਿਤਰ! ਸਾਧੂ

ਦੇ ਸੰਗ ਦੀ ਮਹਿਮਾ ਸੁਣ। ਸਾਧੂ ਦਾ ਸੰਗ ਅਨੇਕ ਪਾਪਾਂ ਦੀ ਮੈਲ ਨੂੰ ਦੂਰ ਕਰ ਕੇ ਚਿਤ ਨੂੰ ਨਿਰਮਲ ਕਰ ਦੇਂਦਾ ਹੈ ਅਤੇ ਜਦ ਸਾਧੂ ਸੰਗਤ ਕਰਨ ਵਾਲੇ ਦਾ ਚਿਤ ਨਿਰਮਲ ਹੋ ਜਾਵੇ ਤਾਂ ਜੇਕਰ ਉਹ ਲੂਲਾ ਲੰਗੜਾ ਹੋਵੇ ਤਾਂ ਉਸ ਵਿਚ ਪਹਾੜਾਂ ਉਤੇ ਚੜ੍ਹ ਕੇ ਉਹਨਾਂ ਨੂੰ ਪਾਰ ਕਰਨ ਦੀ ਸ਼ਕਤੀ ਪੈਦਾ ਹੋ ਜਾਂਦੀ ਹੈ, ਅਤੇ ਜੇਕਰ ਉਹ ਖਲਾ ਜਾਂ ਮੂਰਖ ਹੋਵੇ ਤਾਂ ਬੜਾ ਚਤਰ ਤੇ ਆਲਮ ਬਣ ਜਾਂਦਾ ਹੈ, ਜੇਕਰ ਸਾਧੂ ਦੀ ਸੰਗਤ ਕਰਨ ਵਾਲਾ ਅੱਖਾਂ ਤੋਂ ਅੰਨ੍ਹਾਂ ਹੋਵੇ ਤਾਂ ਉਸ ਨੂੰ ਤਿਨ ਭਵਨ (ਤਿੰਨ ਲੋਕ) ਦਿਸਣ ਲਗ ਜਾਂਦੇ ਹਨ। ਵਾਹਿਗੁਰੂ ਦੀ ਭਗਤੀ ਕੀੜੇ ਵਿਚ ਹਾਥੀ ਨੂੰ ਜਿਤਣ ਵਾਲੀ ਸ਼ਕਤੀ ਪੈਦਾ ਕਰ ਦਿੰਦੀ ਹੈ। ਸਾਧੂ ਦੀ ਸੰਗਤ ਕਰਨ ਵਾਲੇ ਨੂੰ ਵਾਹਿਗੁਰੂ ਆਪਣਾ ਬਣਾ ਲੈਂਦਾ ਅਤੇ ਐਸਾ ਨਿਰਭੈ ਕਰ ਦਿੰਦਾ ਹੈ ਕਿ ਉਸ ਦੇ ਸਾਹਮਣੇ ਸ਼ੇਰ ਬਿੱਲੀ ਵਾਂਗ ਮਸਕੀਨ ਹੋ ਜਾਂਦੇ ਹਨ। ਸਾਧੂ ਦਾ ਸੰਗਤੀ ਅਗਰ ਗਰੀਬ ਹੈ ਤਾਂ ਉਹ ਧਨਾਢ ਹੋ ਜਾਵੇਗਾ। ਸਾਧੂ ਗੀ ਸੰਗਤ ਦੀ ਇਤਨੀ ਵਡਿਆਈ ਹੈ ਕਿ ਸ਼ੁਮਾਰ ਵਿਚ ਨਹੀਂ ਆ ਸਕਦਾ। ਹੇ ਵਾਹਿਗੁਰੂ ਕਿਰਪਾ ਕਰ ਕੇ ਮਾਨੂੰ ਅਪਣਾ ਨਾਮ ਅਤੇ ਸਾਧੂ ਦਾ ਦਰਸ਼ਨ ਅਤੇ ਸੰਗਤ ਬਖਸ਼।"

ਅਗਰ ਗੁਰੂ ਅਰਜਨ ਦੇਵ ਜੀ ਦੇ ਖਿਆਲ ਵਿਚ ਸਾਧੂ ਦੀ ਸੰਗਤ ਕਰਨ ਵਾਲੇ ਵਿਚ ਉਤੇ ਲਿਖੀਆਂ ਆਤਮਕ ਸ਼ਕਤੀਆਂ ਆ ਜਾਂਦੀਆਂ ਹਨ ਤਾਂ ਗੁਰੂ ਨਾਨਕ ਸਾਹਿਬ ਜਾਂ ਗੁਰੂ ਅਰਜਨ ਸਾਹਿਬ ਵਰਗੇ ਸਾਧੂਆਂ ਦੇ ਸ਼ਰੋਮਣੀ ਸਾਧੂਆਂ ਦੀਆਂ ਆਪਣੀਆਂ ਆਤਮਕ ਸ਼ਕਤੀਆਂ ਕਿਤਨੀਆਂ ਹੋਣਗੀਆਂ? ਇਸ ਦਾ ਕੇਵਲ ਉਹੋ ਅੰਦਾਜ਼ਾ ਲਗਾ ਸਕਦੇ ਹਨ ਜਿਨ੍ਹਾਂ ਨੂੰ ਕਿਸੇ ਗੁਰੂ ਸਵਾਰੇ ਸਿਮਰਨ ਕਮਾਈ ਵਾਲੇ ਗੁਰਮੁਖ ਜਾਂ ਸਾਧੂ ਦੀ ਸੰਗਤ ਦਾ ਮੌਕਾ ਨਸੀਬ ਹੋਇਆ ਹੋਵੇ:

*ਜੋ ਕਿਛੁ ਠਾਕੁਰ ਕਾ ਸੋ ਸੇਵਕ ਕਾ*

*ਸੇਵਕੁ ਠਾਕੁਰ ਹੀ ਸੰਗਿ ਜਾਹਰੁ ਜੀਉ ॥* ਅੰਗ - 102
*ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥* ਅੰਗ - 274

# (2)

ਅਜ ਕਲ ਸਾਇੰਸ ਦੀਆਂ ਕਾਢਾਂ ਨੇ ਪੁਰਾਤਨ ਸਮੇਂ ਦੇ ਮਹਾਤਮਾ ਦੇ ਆਤਮਕ ਬਚਨਾਂ ਨੂੰ ਦਰੁਸਤ ਸਿਧ ਕਰਨ ਵਿਚ ਕਾਫੀ ਸਹਾਇਤਾ ਕੀਤੀ ਹੈ। ਜਗਤ ਪਦਾਰਥਕ (Material) ਨਹੀਂ ਸਗੋਂ ਬਿਜਲੀ ਦੀਆਂ ਲਹਿਰਾਂ (Electrons) ਦਾ ਬਣਿਆ ਹੋਇਆ ਹੈ। ਇਸ ਵਿਗਿਆਨਕ ਸਿਧਾਂਤ ਨੇ ਪੁਰਾਣੇ ਸਮਿਆਂ ਦੇ ਮਹਾਂਪੁਰਖਾਂ ਦੇ ਜਗਤ ਨੂੰ ਆਤਮਾ ਦਾ ਰੂਪ ਜਾਂ 'ਹਰਿ ਦਾ ਰੂਪ' ਦਸਣ ਵਾਲੇ ਕਥਨ ਦੀ ਸਚਾਈ ਨੂੰ ਵਧੇਰੇ ਸਾਫ ਕਰ ਦਿਤਾ ਹੈ। ਇਸੇ ਤਰ੍ਹਾਂ ਵਰਤਮਾਨ ਸਾਇੰਸਦਾਨਾਂ ਨੇ ਸਿਧ ਕੀਤਾ ਹੈ ਕਿ ਦਰਖਤਾਂ ਪੌਦਿਆਂ ਵਿਚ ਵੀ ਇਨਸਾਨ ਵਾਂਗਰ ਹੀ ਜ਼ਿੰਦਗੀ ਹੈ, ਇਹ ਵੀ ਬਚਪਨ ਤੋਂ ਜਵਾਨ, ਜਵਾਨ ਤੋਂ ਬੁਢੇ ਹੋ ਕੇ ਮਰ ਜਾਂਦੇ ਹਨ। ਦਰਖਤਾਂ ਵਿਚ ਵੀ ਇਨਸਾਨ ਵਾਂਗਰ ਨਰ ਤੇ ਮਾਦਾ ਜਾਂ ਔਰਤ ਤੇ ਮਰਦ ਹੁੰਦੇ ਹਨ। ਇਹਨਾਂ ਦੇ ਮੇਲ ਤੋਂ ਦਰਖਤਾਂ ਦੀ ਉਤਪਤੀ ਹੁੰਦੀ ਰਹਿੰਦੀ ਹੈ। ਸਰ ਜਗਦੀਸ਼ ਚੰਦਰ ਬੋਸ ਹਿੰਦੁਸਤਾਨ ਦੇ ਪਰਸਿਧ ਸਾਇੰਸਦਾਨ ਨੇ ਤਾਂ ਇਹ ਵੀ ਸਿਧ ਕੀਤਾ ਹੈ ਕਿ ਦਰਖਤਾਂ ਵਿਚ ਇਨਸਾਨ ਵਰਗੀ ਨਿਰੀ ਜਾਨ ਹੀ ਨਹੀਂ ਸਗੋਂ ਦਰਖਤ ਇਨਸਾਨ ਵਾਂਗਰ ਦੁਖ, ਸੁਖ, ਖੁਸ਼ੀ, ਗਮੀ ਨੂੰ ਮਹਿਸੂਸ ਵੀ ਕਰਦੇ ਹਨ। ਜਦ ਕਿਸੇ ਦਰਖਤ ਦੇ ਪੱਤਿਆਂ ਨੂੰ ਤੋੜੋ ਤਾਂ ਉਸ ਨੂੰ ਪੀੜ ਹੁੰਦੀ ਹੈ। ਇਥੋਂ ਤਕ ਕਿ ਦਰਖਤਾਂ ਉਤੇ ਇਨਸਾਨ ਦੇ ਖਿਆਲਾਂ ਦਾ ਅਸਰ

ਪੈਂਦਾ ਹੈ। ਜਿਸ ਦਰਖਤ ਪਾਸ ਹਮੇਸ਼ਾਂ ਬਸੰਤ ਰਾਗ ਗਾਇਆ ਜਾਵੇ ਉਹ ਦੂਸਰੇ ਦਰਖਤ ਨਾਲੋਂ ਵਧੇਰੇ ਖੇੜੇ ਵਿਚ ਰਹੇਗਾ। ਜਿਸ ਦਰਖਤ ਪਾਸ ਮਾਰੂ ਰਾਗ ਗਾਵਿਆ ਜਾਵੇ ਉਹ ਦੂਸਰੇ ਦਰਖਤਾਂ ਨਾਲੋਂ ਛੇਤੀ ਮੁਰਝਾ ਜਾਵੇਗਾ, ਉਸ ਦਾ ਵਧਣਾ ਫੁਲਣਾ ਰੁਕਿਆ ਰਹੇਗਾ।

ਆਤਮਕ ਸਾਇੰਸਦਾਨਾਂ ਨੇ ਪੁਰਾਤਨ ਸਮਿਆਂ ਤੋਂ ਹੀ ਦਸਿਆ ਹੈ ਕਿ ਸੰਸਾਰ ਦੀਆਂ ਸਭ ਚੀਜ਼ਾਂ ਅੰਦਰ ਇਕ ਜੀਵ ਜਾਂ ਇਕ ਆਤਮਾ ਹੈ।

*ਹਸਤੀ ਕੀਟੀ ਤਰਿਨ ਲੌ ਆਦੰ।*
*ਏਕ ਅਖੰਡਤ ਬਸੈ ਅਨਾਦੰ।* (ਪੈਂਤੀਸ ਅੱਖਰੀ)

ਪੁਰਾਤਨ ਆਤਮਕ ਖੋਜ ਨੇ ਵੀ ਵਰਤਮਾਨ ਵਿਗਿਆਨਕ ਖੋਜ ਦੀ ਕਾਫੀ ਸਹਾਇਤਾ ਕੀਤੀ ਹੈ। ਇਸ ਸੰਸਾਰ ਵਿਚ ਆਦਮੀ ਜਾਵਨਰ, ਦਰਖਤਾਂ, ਪਥਰਾਂ ਪਾਣੀ ਹਵਾ ਆਦਿ ਸਭ ਚੀਜ਼ਾਂ ਵਿਚ ਇਕੋ ਹੀ ਚੀਜ਼ ਰਮੀ ਹੋਈ ਹੈ ਅਤੇ ਇਹ ਚੀਜ਼ ਪਦਾਰਥਕ ਨਹੀਂ ਸਗੋਂ ਸ਼ਕਤੀ ਰੂਪ ਹੈ। ਦਰਖਤਾਂ ਵਿਚ ਵੀ ਜਾਨ ਅਤੇ ਮਹਸੂਸ ਕਰਨ ਦੀ ਸ਼ਕਤੀ ਹੈ। ਜਿਸ ਤਰ੍ਹਾਂ ਇਕ ਇਨਸਾਨ ਦੇ ਖਿਆਲਾਂ ਦਾ ਦੂਸਰੇ ਇਨਸਾਨਾਂ ਦੇ ਖਿਆਲਾਂ ਤੇ ਅਸਰ ਪੈਂਦਾ ਹੈ ਅਤੇ ਮਜ਼ਬੂਤ ਤੇ ਸੁਚੇ ਖਿਆਲਾਂ ਵਾਲਾ ਆਦਮੀ ਆਪਣੇ ਇਰਾਦੇ ਦੀ ਸ਼ਕਤੀ ਤੇ ਖਿਆਲਾਂ ਦੇ ਪ੍ਰਭਾਵ ਨਾਲ ਆਮ ਇਨਸਾਨਾਂ ਦੇ ਖਿਆਲਾਂ ਨੂੰ ਬਦਲ ਸਕਦਾ ਹੈ ਉਸੇ ਤਰ੍ਹਾਂ ਮਜ਼ਬੂਤ ਤੇ ਸੁਚੇ ਖਿਆਲਾਂ ਵਾਲਾ ਆਦਮੀ ਜਾਨਵਰਾਂ ਅਤੇ ਦਰਖਤਾਂ ਉਤੇ ਵੀ ਆਪਣੇ ਖਿਆਲਾਂ ਦੇ ਪਰਭਾਵ ਨਾਲ ਅਸਰ ਪੈਦਾ ਕਰ ਕੇ ਜਾਨਵਰਾਂ ਤੇ ਦਰਖਤਾਂ ਦੇ ਸੁਭਾਵਾਂ ਨੂੰ ਵੀ ਬਦਲ ਸਕਦਾ ਹੈ।

ਇਨਸਾਨ ਦਾ ਜਾਨਵਰਾਂ ਉਤੇ ਆਪਣੇ ਖਿਆਲਾਂ ਦਾ ਅਸਰ ਪਾ ਕੇ ਉਹਨਾਂ ਦੇ ਸੁਭਾਵਾਂ ਨੂੰ ਬਦਲ ਦੇਣਾ ਸਾਡੇ ਰੋਜ਼ ਦੇਖਣ

ਦੀ ਸਾਧਾਰਨ ਘਟਨਾ ਹੈ। ਸਰਕਸਾਂ ਵਿਚ ਸ਼ੇਰ, ਚੀਤੇ, ਹਾਥੀ, ਘੋੜੇ ਸਭ ਇਨਸਾਨ ਦੇ ਖਿਆਲ ਦੇ ਤਾਬਿਆ ਹੋ ਕੇ ਆਪਣੇ ਜਮਾਂਦਰੂ ਸੁਭਾ ਦੇ ਵਿਰੁਧ ਇਨਸਾਨ ਦੀ ਮਰਜ਼ੀ ਅਨੁਸਾਰ ਕੰਮ ਕਰਦੇ ਨਜ਼ਰ ਆਉਂਦੇ ਹਨ। ਸਪੇਰੇ ਦੀ ਬੀਨ ਦੇ ਅਸਰ ਹੇਠ ਸਪ ਆਪਣੇ ਜ਼ਹਿਰੀਲੇ ਤੇ ਡੰਗ ਮਾਰਨ ਵਾਲੇ ਸੁਭਾ ਨੂੰ ਭੁਲ ਕੇ ਮਸਤ ਹੋ ਕੇ ਚੁਪ ਬੈਠ ਜਾਂਦਾ ਹੈ। ਹੁਣ ਸਾਇੰਸ ਨੇ ਸਿਧ ਕਰ ਦਿਤਾ ਹੈ ਕਿ ਇਨਸਾਨ ਦੇ ਖਿਆਲਾਂ ਦਾ ਪ੍ਰਭਾਵ ਦਰਖਤਾਂ ਪੌਦਿਆਂ ਆਦਿ ਨਬਾਤ਼ਾਤ ਤੇ ਵੀ ਪੈਂਦਾ ਤੇ ਉਹਨਾਂ ਦੇ ਸੁਭਾਵ ਵਿਚ ਤਬਦੀਲੀ ਪੈਦਾ ਕਰ ਸਕਦਾ ਹੈ।

ਗੁਰੂ ਨਾਨਕ ਸਾਹਿਬ ਵਿਚ ਜਿਥੇ ਹੋਰ ਬੇਅੰਤ ਖੂਬੀਆਂ ਸਨ ਉਥੇ ਇਹ ਖੂਬੀ ਵੀ ਬੜੀ ਪਰਬਲਤਾ ਵਿਚ ਸੀ ਕਿ ਆਪ ਆਪਣੇ ਖਿਆਲ ਦੇ ਪਰਭਾਵ ਨਾਲ ਦੂਸਰਿਆਂ ਦੇ ਖਿਆਲ ਤੇ ਸੁਭਾ ਬਦਲ ਦੇਂਦੇ ਸਨ। ਇਸ ਦਰਿਸ਼ਟੀਕੋਣ ਤੋਂ ਵੇਖਿਆਂ ਗੁਰੂ ਨਾਨਕ ਸਾਹਿਬ ਦੀ ਸਾਰੀ ਜ਼ਿੰਦਗੀ ਹੀ ਅਸੀਂ ਦੂਸਰਿਆਂ ਦੇ ਸੁਭਾਵਾਂ ਨੂੰ ਬਦਲਣ ਵਿਚ ਗੁਜ਼ਰੀ ਵੇਖਾਂਗੇ। ਸਜਣ ਠੱਗ ਤੇ ਭੂਮੀਏ ਚੋਰ ਦੇ ਸੁਭਾ ਨੂੰ ਬਦਲ ਕੇ ਨੇਕ ਇਨਸਾਨ ਬਣਾਇਆ, ਵਲੀ ਕੰਧਾਰ ਨੂੰ ਹੰਕਾਰੀ ਤੋਂ ਨਿਰਮਾਣ ਪੁਰਸ਼ ਬਨਾਇਆ। ਆਪ ਜਿਥੇ ਜਾਂਦੇ ਸੀ ਆਪ ਦੀ ਦੂਸਰਿਆਂ ਦੇ ਸੁਭਾਵ ਨੂੰ ਬਦਲਾ ਦੇਣ ਵਾਲੀ ਸ਼ਕਤੀ ਆਪ ਦੇ ਨਾਲ ਜਾਂਦੀ ਸੀ। ਸੱਪ ਦਾ ਆਪ ਦੇ ਚੇਹਰੇ ਨੂੰ ਦੇਖ ਕੇ ਆਪਣੀ ਡੰਗ ਮਾਰਨ ਵਾਲੀ ਆਦਤ ਨੂੰ ਭੁਲ ਕੇ ਹਜ਼ੂਰ ਦਾ ਮਿਤਰ ਤੇ ਸੇਵਾਦਾਰ ਹੋ ਜਾਣਾ ਆਪ ਦੀ ਏਸੇ ਸ਼ਕਤੀ ਦਾ ਨਤੀਜਾ ਸੀ।

ਜੇਕਰ ਅਜ ਕਲ ਸਰ ਜਗਦੀਸ਼ ਚੰਦਰ ਬੋਸ ਦੀ ਖੋਜ ਅਨੁਸਾਰ ਅਸੀਂ ਰਾਗ ਗਾ ਕੇ ਪੌਦਿਆਂ ਦੇ ਸੁਭਾ ਵਿਚ ਨਿਰਾਸਤਾ

ਪੈਦਾ ਕਰ ਸਕਦੇ ਹਾਂ ਤਾਂ ਸਾਨੂੰ ਇਹ ਗਲ ਮੰਨਣ ਵਿਚ ਦਿੱਕਤ ਨਹੀਂ ਹੋਵੇਗੀ ਕਿ ਗੁਰੂ ਨਾਨਕ ਸਾਹਿਬ ਆਪਣੇ ਇਲਾਹੀ ਕੀਰਤਨ ਨਾਲ ਦਰਖਤਾਂ ਦੇ ਸੁਭਾ ਨੂੰ ਬਦਲ ਸਕਦੇ ਸਨ। ਸਮਝਣ ਵਾਲੀ ਗਲ ਕੇਵਲ ਇਹ ਹੈ ਕਿ ਆਇਆ ਇਨਸਾਨ ਦੇ ਖਿਆਲ ਦਾ ਅਸਰ ਦਰਖਤਾਂ ਤੇ ਪੈ ਕੇ ਉਹਨਾਂ ਦਾ ਸੁਭਾਉ ਬਦਲ ਸਕਦਾ ਹੈ ਕਿ ਨਹੀਂ। ਇਸ ਦਾ ਜਵਾਬ ਸਰ ਜਗਦੀਸ਼ ਚੰਦਰ ਬੋਸ ਨੇ ਦਿਤਾ ਹੈ ਕਿ ਹਾਂ ਇਨਸਾਨ ਦੇ ਖਿਆਲਾਂ ਦਾ ਅਸਰ ਦਰਖਤਾਂ ਤੇ ਪੈਂਦਾ ਤੇ ਉਹਨਾਂ ਦੇ ਜੀਵਨ ਵਿਚ ਦਬਦੀਲੀ ਲਿਆ ਸਕਦਾ ਹੈ। ਜੇ ਇਹ ਗਲ ਸਚ ਹੈ ਤਾਂ ਸਾਨੂੰ ਗੁਰੂ ਨਾਨਕ ਦਾ ਰੀਠੇ ਦੇ ਦਰਖਤ ਨੂੰ ਆਪਣੇ ਇਲਾਹੀ ਕੀਰਤਨ ਜਾਂ ਆਤਮਕ ਦਰਿਸ਼ਟੀ ਨਾਲ ਕੌੜੇ ਤੋਂ ਮਿਠਾ ਕਰ ਦੇਣਾ ਅਸੰਭਵ ਨਹੀਂ ਲਗੇਗਾ ਸਗੋਂ ਇਕ ਵਿਗਿਆਨਕ ਸਚਾਈ ਪਰਤੀਤ ਹੋਵੇਗੀ। ਅਗਰ ਮਾਮੂਲੀ ਗਵੱਈਏ ਦੇ ਗਾਏ ਹੋਏ ਬਸੰਤ ਰਾਗ ਨਾਲ ਦਰਖਤ ਖੇੜੇ ਵਿਚ ਆ ਜਾਂਦੇ ਹਨ ਤਾਂ ਗੁਰੂ ਨਾਨਕ ਵਰਗੇ ਅਰਸ਼ੀ ਗਵੱਈਏ ਦੇ ਇਲਾਹੀ ਕੀਰਤਨ ਦਵਾਰਾ ਦਿਤੇ ਪਿਆਰ ਤੇ ਮਿਠਾਸ ਦੇ ਖਿਆਲਾਂ ਨਾਲ ਦਰਖਤ ਕੌੜੇ ਤੋਂ ਮਿਠੇ ਵੀ ਹੋ ਸਕਦੇ ਹਨ।

ਇਸ ਸਬੰਧ ਵਿਚ ਸਵਾਲ ਕੀਤਾ ਜਾ ਸਕਦਾ ਹੈ ਕਿ ਕੀ ਕੋਈ ਇਸ ਜ਼ਮਾਨੇ ਵਿਚ ਵੀ ਐਸਾ ਮਹਾਂਪੁਰਸ਼ ਹੈ ਜੋ ਆਪਣੇ ਖਿਆਲਾਂ ਦੇ ਅਸਰ ਨਾਲ ਜਾਨਵਰਾਂ ਤੇ ਦਰਖਤਾਂ ਦੇ ਸੁਭਾਵਾਂ ਵਿਚ ਤਬਦੀਲੀ ਲਿਆ ਸਕਦਾ ਹੋਵੇ? ਇਨਸਾਨ ਦੇ ਖਿਆਲ ਦਾ ਜਾਨਵਰਾਂ ਤੇ ਅਸਰ ਹੋਣਾ ਤੇ ਉਹਨਾਂ ਦੇ ਸੁਭਾਓ ਬਦਲੇ ਜਾਣੇ ਅਜ ਕਲ ਇਕ ਮਾਮੂਲੀ ਘਟਨਾ ਹੈ। ਸਰਕਸਾਂ ਤੇ ਚਿੜੀਆ ਘਰਾਂ ਵਿਚ ਅਸੀਂ ਇਨਸਾਨ ਦੇ ਖਿਆਲ ਜਾਂ ਮਰਜ਼ੀ ਅਨੁਸਾਰ ਸ਼ੇਰਾਂ, ਚੀਤਿਆਂ ਤੇ ਹਾਥੀ ਘੋੜਿਆਂ ਨੂੰ ਆਪਣੇ ਸੁਭਾਵ ਦੇ ਉਲਟ ਕੰਮ ਕਰਦੇ ਦੇਖ ਸਕਦੇ ਹਾਂ। ਇਨਸਾਨ ਦੇ ਇਰਾਦੇ ਜਾਂ ਖਿਆਲ ਦੇ

ਪ੍ਰਭਾਵ ਹੇਠ ਸ਼ੇਰ ਤੇ ਬਕਰੀ ਇਕਠਿਆਂ ਕੰਮ ਕਰਦੇ, ਸ਼ੇਰ ਆਪਣੀ ਫਿਤਰਤ ਦੇ ਵਿਰੁਧ ਅਗ ਦੇ ਚੱਕਰ ਵਿਚੋਂ ਲੰਘਦਾ ਨਜ਼ਰ ਆਉਂਦਾ ਹੈ। ਸਪੇਰੇ ਦੀ ਬੀਨ ਵਜਦਿਆਂ ਸਾਰ ਸਪ ਦਾ ਜ਼ਹਿਰੀ ਸੁਭਾ ਮਸਤੀ ਵਿਚ ਆ ਕੇ ਸਾਊ ਬਣ ਜਾਂਦਾ ਹੈ। ਉਸ ਅਵਸਥਾ ਵਿਚ ਭਾਵੇਂ ਸਪ ਨੂੰ ਮਾਰ ਦੇਵੋ, ਅਗੋਂ ਹਿਲਦਾ ਨਹੀਂ। ਇਹ ਰੋਜ਼ ਦੀਆਂ ਆਮ ਘਟਨਾਵਾਂ ਸਿਧ ਕਰਦੀਆਂ ਹਨ ਕਿ ਇਨਸਾਨ ਵਿਚ ਆਪਣੇ ਖਿਆਲਾਂ ਦੇ ਪਰਭਾਵ ਨਾਲ ਜਾਨਵਰਾਂ ਦੇ ਸੁਭਾ ਬਦਲਣ ਦੀ ਸ਼ਕਤੀ ਹੈ।

ਇਨਸਾਨ ਦੇ ਖਿਆਲ ਜਾਂ ਇਰਾਦੇ ਦੀ ਸ਼ਕਤੀ ਕੇਵਲ ਜਾਨਵਰਾਂ ਤਕ ਹੀ ਮਹਿਦੂਦ ਨਹੀਂ। ਇਹ ਜਾਨਵਰਾਂ ਤੋਂ ਅਗੇ ਦਰਖਤਾਂ ਤੇ ਪੌਦਿਆਂ ਉਤੇ ਵੀ ਅਸਰ ਕਰਦੀ ਹੈ। ਜਿਵੇਂ ਜਾਨਵਰ ਇਨਸਾਨ ਦੇ ਹੁਕਮ ਅਗੇ ਝੁਕਦੇ ਤੇ ਆਪਣੇ ਸੁਭਾਵ ਦੇ ਉਲਟ ਕੰਮ ਕਰਦੇ ਹਨ ਉਸੇ ਤਰ੍ਹਾਂ ਦਰਖਤ, ਪੌਦੇ ਤੇ ਕੁਲ ਬਨਾਤਾਤ ਵੀ ਇਨਸਾਨ ਦੇ ਹੁਕਮ ਸਾਹਮਣੇ ਝੁਕਦੇ ਅਤੇ ਉਸ ਦੀ ਮਰਜ਼ੀ ਅਨੁਸਾਰ ਕੰਮ ਕਰਦੇ ਹਨ। ਇਸ ਸੰਬੰਧ ਵਿਚ ਅਸੀਂ ਮਿਸਟਰ ਅਲੈਗਜ਼ੈਂਡਰ ਕੈਨਨ ਐਮ. ਡੀ; ਪੀ. ਐਚ. ਡੀ; ਐਮ. ਏ ਐਫ. ਆਰ. ਜੀ. ਐਸ. ਆਦਿ ਡਿਗਰੀਆਂ ਦੇ ਮਾਲਕ ਅਤੇ ਮਸ਼ਹੂਰ ਪਛਮੀ ਵਿਦਵਾਨ ਦੀ ਪ੍ਰਸਿੱਧ ਪੁਸਤਕ ਵਿਚੋਂ ਕੁਝ ਸਤਰਾਂ ਇਥੇ ਲਿਖਦੇ ਹਾਂ ਜਿਨ੍ਹਾਂ ਤੋਂ ਇਨਸਾਨ ਦੇ ਖਿਆਲ ਦਾ ਦਰਖਤਾਂ ਤੇ ਪ੍ਰਭਾਵ ਡਾਹਢਾ ਸਿਧ ਹੋਵੇਗਾ। ਮਿਸਟਰ ਅਲੈਗਜ਼ੈਂਡਰ ਇਕ ਦਫਾ ਆਪਣੇ ਸਫਰ ਵਿਚ ਇਕ ਪੂਰਬੀ ਦੇਸ਼ ਦੇ ਮਹਾਤਮਾ ਪਾਸ ਪਹੁੰਚੇ ਅਤੇ ਜੋ ਘਟਨਾ ਉਹਨਾਂ ਦੀਆਂ ਅੱਖਾਂ ਦੇ ਸਾਹਮਣੇ ਹੋਈ ਉਹ ਇਸ ਪਰਕਾਰ ਲਿਖਦੇ ਹਨ:

He then proceeded to demonstrate to me his

wondrous powers. Having first asked if I really believe that the great Yogi of old our Lord Jesus Christ did make fig tree wither away and whether I would consider such an act a miracle today? He then proceeded to walk into a neighbour's vineyard, and at the bottom of this vineyard he came to an aged tree, which must have weathered some hundreds of years, and as he yet stood afar off he thus addressed this tree, "Thou hast done well, thou hast weathered the storms of life, thou hast comforted and protected my soul. Now hast the time come to depart from this world of vanity and nothingness. Die now and come to life no more." To my amazement the tree did immediately wither, and I was allowed to go up to it and examine its withered state, as were others. The tree withered and today in its place is but a piece of barren ground, no life whatsoever has taken root again on the spot where it stood so long.

ਉਲਥਾ:

ਉਹ ਮਹਾਤਮਾ ਤਦ ਮੈਨੂੰ ਆਪਣੀਆਂ ਅਜੀਬ ਆਤਮਕ ਸ਼ਕਤੀਆਂ ਦਿਖਾਣ ਲਈ ਨਾਲ ਲੈ ਤੁਰੇ। ਉਹਨਾਂ ਮੈਨੂੰ ਪਹਿਲੇ ਪੁਛਿਆ ਕਿ ਕੀ ਤੁਸੀਂ ਸ੍ਰੀ ਯੇਸੂ ਮਸੀਹ ਦੇ ਅੰਜੀਰ ਦੇ ਦਰਖਤ ਨੂੰ ਹੁਕਮ ਦੇ ਕੇ ਮੁਰਝਾ ਦੇਣ ਦੀ ਸਾਖੀ ਵਿਚ ਯਕੀਨ ਰਖਦੇ ਹੋ ਅਤੇ ਜੇਕਰ ਅਜ ਕਲ ਤੁਸੀਂ ਐਸਾ ਹੁੰਦਾ ਦੇਖੋ ਤਾਂ ਕੀ ਉਸ ਨੂੰ

ਕਰਾਮਾਤ ਸਮਝੋਗੇ? ਤਦ ਉਹ ਨਾਲ ਦੇ ਬਗੀਚੇ ਵਿਚ ਚਲੇ ਗਏ ਅਤੇ ਉਥੇ ਇਕ ਕਈ ਸਦੀਆਂ ਦੀ ਉਮਰ ਵਾਲੇ ਦਰਖਤ ਪਾਸ ਜਾ ਕੇ ਆਖਣ ਲਗੇ। 'ਮਿਤਰ ਤੂੰ ਬਹੁਤ ਚੰਗੀ ਆਯੂ ਬਤੀਤ ਕੀਤੀ ਹੈ ਅਤੇ ਕਈ ਤੂਫਾਨ ਸਿਰ ਤੋਂ ਲੰਘਾਏ ਹਨ। ਤੇਰੇ ਸਾਏ ਹੇਠਾਂ ਮੈਂ ਆਰਾਮ ਕਰਦਾ ਤੇ ਸੁਖ ਲੈਂਦਾ ਰਿਹਾ ਹਾਂ। ਹੁਣ ਤੇਰਾ ਇਸ ਨਾਸਵੰਦ ਤੇ ਹਉਮੈ ਭਰੀ ਦੁਨੀਆਂ ਤੋਂ ਚਲਾਣਾ ਕਰ ਜਾਣ ਦਾ ਸਮਾ ਆ ਗਿਆ ਹੈ। ਹੁਣ ਤੂੰ ਮਰ ਜਾ ਅਤੇ ਮੁੜ ਜ਼ਿੰਦਾ ਹੋਣ ਦੀ ਖੇਚਲ ਨਾ ਕਰੀਂ।' ਮੇਰੀ ਹੈਰਾਨੀ ਦੀ ਹਦ ਨਾ ਰਹੀ ਜਦ ਕਿ ਇਹ ਦਰਖਤ ਮੇਰੇ ਦੇਖਦੇ ਦੇਖਤੇ ਕੁਮਲਾ ਕੇ ਜ਼ਮੀਨ ਉਤੇ ਆ ਡਿਗਿਆ। ਤਦ ਮੈਨੂੰ ਅਤੇ ਹੋਰ ਦੂਸਰਿਆਂ ਨੂੰ ਅੱਗੇ ਜਾ ਕੇ ਇਸ ਤਰਖਤ ਦੀ ਮੁਰਦਾ ਹਾਲਤ ਦੇਖਣ ਦੀ ਇਜਾਜ਼ਤ ਦਿਤੀ ਗਈ। ਦਰਖਤ ਬਿਕੁਲ ਬੇਜਾਨ ਸੀ ਅਤੇ ਅਜ ਤਕ ਉਸ ਜਗ੍ਹਾਂ ਤੋਂ ਜਿਥੇ ਕਿ ਇਸ ਦਰਖਤ ਨੇ ਇਤਨਾ ਸਮਾਂ ਗੁਜ਼ਰਿਆ ਸੀ, ਕੋਈ ਜੜ ਨਹੀਂ ਸੀ ਨਿਕਲੀ।

ਮਿਸਟਰ ਅਲੈਗਜ਼ੈਂਡਰ ਦੀ ਇਹ ਪੁਸਤਕ 1935 ਤਕ 15 ਵਾਰੀ ਛਪ ਚੁਕੀ ਸੀ ਅਤੇ ਯੂਰਪ ਅਤੇ ਅਮਰੀਕਾ ਵਿਖੇ ਇਸ ਨੇ ਲੋਕਾਂ ਦੇ ਖਿਆਲਾਂ ਨੂੰ ਡਾਹਢਾ ਹਲੂਣਾ ਦਿਤਾ ਹੈ।

# ਮਨਮੁਖ ਦੀ ਦੁਨੀਆਂ

ਜੋ ਪੁਰਸ਼ ਗਲਤ ਪਾਸੇ ਨੂੰ ਜਾਣ ਵਾਲੀ ਰੇਲ ਵਿਚ ਚੜ੍ਹ ਬਹੇ, ਭਾਵੇਂ ਉਹ ਰੇਲ ਕਿਤਨੀ ਤੇਜ਼ ਵੀ ਕਿਉਂ ਨਾ ਚਲੇ, ਉਹ ਪੁਰਸ਼ ਗਲਤ ਪਾਸੇ ਹੀ ਜਾ ਰਿਹਾ ਹੈ। ਜੋ ਪੁਰਸ਼ ਐਸੇ ਆਦਮੀ ਮਗਰ ਲਗ ਤੁਰੇ ਜਿਸ ਨੂੰ ਆਪ ਹੀ ਰਸਤੇ ਦਾ ਪਤਾ ਨਹੀਂ, ਉਹ ਪੁਰਸ਼ ਭਾਵੇਂ ਕਿਤਨਾ ਹੀ ਨੇਕ ਨੀਯਤ ਕਿਉਂ ਨਾ ਹੋਵੇ, ਰਸਤੇ ਤੇ ਭਟਕਦਾ ਰਹੇਗਾ। ਮਨ ਦੇ ਮਗਰ ਚਲਣ ਵਾਲੇ ਮਿਤਰ ਜਾਂ ਮਨੁਖ ਦਾ ਸੌਲਾਂ ਆਨੇ ਇਹ ਹੀ ਹਾਲ ਹੈ।

ਮਨ ਸਾਡੇ ਅੰਦਰ ਇਕ ਉਹ ਸ਼ਕਤੀ ਹੈ ਜਿਹੜੀ ਸਰੀਰ ਦੀਆਂ ਇੰਦਰੀਆਂ ਰਾਹੀਂ ਜੋ ਕੁਝ ਦਿਸੇ, ਸੁਣੇ, ਉਸ ਨੂੰ ਸਚ ਮੰਨ ਕੇ ਉਸ ਅਨੁਸਾਰ ਫੈਸਲੇ ਕਰਦੀ ਹੈ। ਮਨ ਦੀਆਂ ਖਬਰਾਂ ਦਾ ਅਧਾਰ ਸਰੀਰ ਦੀਆਂ ਇੰਦਰੀਆਂ ਰਾਹੀਂ ਆਈਆਂ ਖਬਰਾਂ ਹੁੰਦੀਆਂ ਹਨ। ਮਨ ਇਹਨਾਂ ਖਬਰਾਂ ਨੂੰ ਸਚ ਮੰਨਦਾ ਤੇ ਉਸ ਅਨੁਸਾਰ ਫੈਸਲੇ ਕਰ ਕੇ ਸਾਹਮਣੇ ਰਖਦਾ ਹੈ। ਜੇਕਰ ਸਾਡੇ ਇੰਦਰੇ ਮਨ ਨੂੰ ਠੀਕ ਖਬਰਾਂ ਪੁਚਾਣ ਤਾਂ ਮਨ ਦੇ ਫੈਸਲੇ ਠੀਕ ਹੋਣਗੇ ਅਤੇ ਜੇਕਰ ਗਲਤ ਖਬਰਾਂ ਪੁਚਾਣ ਤਾਂ ਮਨ ਦੇ ਫੈਸਲ ਗਲਤ ਹੋਣਗੇ। ਆਓ ਜ਼ਰਾ ਵਿਚਾਰ ਕੇ ਦੇਖੀਏ ਕਿ ਮਨ ਨੂੰ ਖਬਰਾਂ ਪੁਚਾਣ ਵਾਲੇ ਸਾਡੇ ਇੰਦਰੇ ਕਿਥੋਂ ਤਕ ਠੀਕ ਕੰਮ ਕਰਦੇ ਹਨ।

ਅੱਖਾਂ ਮਨ ਨੂੰ ਖਬਰ ਪੁਚਾਉਂਦੀਆਂ ਹਨ ਕਿ ਕੁਝ ਮੀਲਾਂ ਦੀ ਵਿਥ ਉਤੇ ਜ਼ਮੀਨ ਅਸਮਾਨ ਮਿਲੇ ਹੋਏ ਹਨ। ਮਨ ਇਸ ਖਬਰ ਨੂੰ ਸਚ ਸਮਝ ਕੇ ਇਹ ਨਿਸਚਾ ਧਾਰਦਾ ਹੈ ਤੇ ਸਾਨੂੰ ਦਸਦਾ ਹੈ ਕਿ ਜ਼ਮੀਨ ਤੇ ਆਸਮਾਨ ਸਚੀ ਮੁਚੀ ਕੁਝ ਫਾਸਲੇ ਤੇ ਜਾ ਕੇ ਮਿਲ ਜਾਂਦੇ ਹਨ। ਪਰ ਅਸਲ ਵਿਚ ਇਹ ਸਚ ਨਹੀਂ। ਇਨਸਾਨ ਦੀ ਖੋਜ ਦਸਦੀ ਹੈ ਕਿ ਜ਼ਮੀਨ ਤੇ ਆਸਮਾਨ ਕਿਤੇ ਵੀ ਕਦੀ ਨਹੀਂ ਮਿਲਦੇ। ਮਨ ਨੂੰ ਸਾਡੀਆਂ ਅੱਖਾਂ ਦਸਦੀਆਂ ਹਨ ਕਿ ਸੂਰਜ ਸਾਡੀ ਧਰਤੀ ਦਵਾਲੇ ਭੌਂਦਾ ਹੈ। ਮਨ ਇਸ ਤੇ ਯਕੀਨ ਕਰ ਕੇ ਏਹੋ ਸਚ ਸਮਝਦਾ ਹੈ ਅਤੇ ਸਾਨੂੰ ਏਹੋ ਸਚ ਸਮਝਣ ਵਾਸਤੇ ਪਰੇਰਦਾ ਹੈ। ਪਰ ਸਾਡੀ ਪੜਤਾਲ ਸਾਨੂੰ ਦਸਦੀ ਹੈ ਕਿ ਸਾਡੀ ਧਰਤੀ ਸੂਰਜ ਦੇ ਗਿਰਦ ਭੌਂਦੀ ਹੈ। ਅਖਾਂ ਮਨ ਨੂੰ ਦਸਦੀਆਂ ਹਨ ਕਿ ਧਰਦੀ ਖੜੀ ਹੈ ਅਤੇ ਮਨ ਦਾ ਇਹੋ ਫੈਸਲਾ ਹੈ ਕਿ ਧਰਤੀ ਖੜੀ ਹੈ ਅਤੇ ਮਨ ਦਾ ਇਹ ਫੈਸਲਾ ਦਰੁਸਤ ਨਹੀਂ ਕਿਉਂਕਿ ਸਾਡੀ ਖੋਜ ਦਸਦੀ ਹੈ ਕਿ ਸਾਡੀ ਧਰਤੀ ਖੜੀ ਨਹੀਂ ਸਗੋਂ ਹਜ਼ਾਰਾਂ ਮੀਲ ਫੀ ਮਿੰਟ ਦੀ ਰਫਤਾਰ ਨਾਲ ਘੁੰਮ ਰਹੀ ਹੈ।

ਜਿਸ ਤਰ੍ਹਾਂ ਮਨ ਨੂੰ ਅੱਖਾਂ ਗਲਤ ਖਬਰਾਂ ਪੁਚਾਦੀਆਂ ਹਨ ਉਸੇ ਤਰ੍ਹਾਂ ਮਨ ਨੂੰ ਸਾਡੇ ਕੰਮ ਵੀ ਗਲਤ ਤੇ ਅਧੂਰੀਆਂ ਖਬਰਾਂ ਪੁਚਾਂਦੇ ਹਨ। ਕੰਨ ਆਖਦੇ ਹਨ ਕਿ ਸਾਡੀ ਅਵਾਜ਼ ਦੋ ਚਾਰ ਸੌ ਗਜ਼ ਦੇ ਫਾਸਲੇ ਤੇ ਜਾ ਕੇ ਖਤਮ ਹੋ ਜਾਂਦੀ ਹੈ। ਮਨ ਵੀ ਕੰਨਾਂ ਦੇ ਆਖੇ ਲਗ ਕੇ ਇਹੋ ਨਿਸਚਾ ਕਰਦਾ ਹੈ ਕਿ ਜਦ ਦੋ ਆਦਮੀ ਆਪਸ ਵਿਚ ਗਲਾਂ ਕਰਨ ਤਾਂ ਉਹਨਾਂ ਦੀ ਅਵਾਜ਼ ਨੇੜੇ ਤੇੜੇ ਹੀ ਕਿਤੇ ਖਤਮ ਹੋ ਜਾਂਦੀ ਹੈ। ਜਦ ਕੋਈ ਆਦਮੀ ਉਚੀ ਸਾਰੀ ਅਵਾਜ਼ ਮਾਰੇ ਤਾਂ ਉਹ ਅਵਾਜ਼ ਵੀ ਸਾਡੇ ਮਨ ਦੇ ਭਾਣੇ ਦੋ ਚਾਰ ਸੌ ਗਜ਼ ਤੋਂ ਪਰੇ ਨਹੀਂ ਜਾਂਦੀ ਅਤੇ ਉਥੇ ਹੀ ਖਤਮ ਹੋ ਜਾਂਦੀ ਹੈ।

ਪਰ ਅਵਾਜ਼ ਸਬੰਧੀ ਸਾਡੀ ਖੋਜ ਦਸਦੀ ਹੈ ਕਿ ਸਾਡੇ ਮੂੰਹ ਤੋਂ ਨਿਕਲ ਕੇ ਸਾਡੀ ਅਵਾਜ਼ ਨੇੜੇ ਤੇੜੇ ਹੀ ਖਤਮ ਨਹੀਂ ਹੁੰਦੀ ਸਗੋਂ ਸਾਰੇ ਬ੍ਰਹਿਮੰਡ ਵਿਚ ਫੈਲ ਜਾਂਦੀ ਹੈ। ਰੇਡੀਓ ਰਾਹੀਂ ਅਸੀਂ ਯੂਰਪ ਤੇ ਅਮਰੀਕਾ ਵਿਚ ਬੋਲਣ ਵਾਲਿਆਂ ਦੀਆਂ ਗੱਲਾਂ ਸੁਣ ਸਕਦੇ ਹਾਂ।

ਸਾਡੀ ਛੋਹ ਸ਼ਕਤੀ ਸਾਡੇ ਮਨ ਨੂੰ ਦਸਦੀ ਹੈ ਕਿ ਇਹ ਦੁਨੀਆਂ ਮਾਦੇ ਦੀ ਬਣੀ ਹੋਈ ਹੈ, ਠੋਸ, ਸਖਤ ਹੈ, ਜਿਸ ਜ਼ਮੀਨ ਤੇ ਅਸੀਂ ਤੁਰਦੇ ਫਿਰਦੇ ਹਾਂ ਇਸ ਦੀ ਤੈਹ ਵਿਚ ਮਾਦੇ ਦੇ ਪਰਮਾਣੂ ਹਨ। ਪਰ ਸਾਡੀ ਖ਼ੋਜ ਨੇ ਸਿਧ ਕੀਤਾ ਹੈ ਕਿ ਮਾਦਾ ਦਰਅਸਲ ਕੋਈ ਚੀਜ਼ ਹੀ ਨਹੀਂ, ਸਾਰੀ ਸੰਸਾਰ ਰਚਨਾ ਬਿਜਲੀ ਦੀਆਂ ਲਹਿਰਾਂ, ਅਲੈਕਟਰੋਨ ਤੇ ਨਿਊਟਰੋਨ ਦੀ ਬਣੀ ਹੋਈ ਹੈ। ਸਾਡੀ ਖੋਜ ਕਿ ਦੁਨੀਆਂ ਮਾਦੇ ਦੀ ਬਣੀ ਹੋਈ ਨਹੀਂ ਸਗੋਂ ਸ਼ਕਤੀ (ਬਿਜਲੀ) ਦੀ ਬਣੀ ਹੋਈ ਹੈ, ਸਾਡੇ ਮਨ ਨੂੰ ਭਾਵੇਂ ਚਕ੍ਰਿਤ ਜ਼ਰੂਰ ਕਰਦੀ ਹੈ ਪਰ ਸਾਡਾ ਮਨ ਫੇਰ ਵੀ ਇੰਦਰਿਆਂ ਤੇ ਵਿਸ਼ਵਾਸ ਕਰਦਾ ਹੈ ਤੇ ਹਮੇਸ਼ਾਂ ਦੁਨੀਆਂ ਨੂੰ ਮਾਦੇ ਦੀ ਬਣੀ ਹੋਈ ਸਮਝਦਾ ਹੈ।

ਜਿਸ ਤਰ੍ਹਾਂ ਸਾਡੇ ਇੰਦਰੇ ਸਾਡੇ ਮਨ ਨੂੰ ਬਾਹਰਲੀ ਦੁਨੀਆਂ ਵਿਚ ਗਲਤ ਜਾਂ ਅਧੂਰੀਆਂ ਖਬਰਾਂ ਪੁਚਾ ਕੇ ਧੋਖਾ ਦਿੰਦੇ ਹਨ ਉਸੇ ਤਰ੍ਹਾਂ ਇਹ ਇੰਦਰੇ ਅੰਦਰਲੀ ਜਾਂ ਆਤਮਕ ਦੁਨੀਆਂ ਵਿਚ ਵੀ ਮਨ ਨੂੰ ਸਦਾ ਗਲਤ ਤੇ ਅਧੂਰੀਆਂ ਖਬਰਾਂ ਪੁਚਾ ਪੁਚਾ ਕੇ ਸਦਾ ਟਪਲੇ ਤੇ ਧੋਖੇ ਵਿਚ ਪਾਈ ਰਖਦੇ ਹਨ। ਜਿਵੇਂ ਬਾਹਰ ਦੀ ਦੁਨੀਆਂ ਵਿਚ ਮਨ ਨੂੰ ਇੰਦਰੇ ਦਸਦੇ ਹਨ ਕਿ ਜ਼ਮੀਨ ਤੇ ਆਸਮਾਨ ਕੁਝ ਫਾਸਲੇ ਤੇ ਜਾ ਕੇ ਮਿਲਦੇ ਹਨ, ਸਾਡੀ ਜ਼ਮੀਨ ਖੜੀ ਹੈ, ਸੂਰਜ ਸਾਡੀ ਜ਼ਮੀਨ ਗਿਰਦ ਚਕਰ ਲਗਾਂਦਾ ਹੈ ਸਾਡੀ

ਅਵਾਜ਼ ਕੁਲ ਸੌ ਦੋ ਸੌ ਗਜ਼ ਤੋਂ ਅਗੇ ਨਹੀਂ ਜਾ ਸਕਦੀ, ਇਹ ਦੁਨੀਆਂ ਤੇ ਮਾਦੇ ਦੀ ਬਣੀ ਹੋਈ ਹੈ, ਏਸੇ ਤਰ੍ਹਾਂ ਅੰਦਰਲੀ ਦੁਨੀਆਂ ਸਬੰਧੀ ਵੀ ਸਾਡੇ ਇੰਦਰੇ ਸਾਡੇ ਮਨ ਨੂੰ ਇਹ ਦਸ ਕੇ ਧੋਖਾ ਦਿੰਦੇ ਹਨ ਕਿ 'ਤੂੰ ਸਰੀਰ ਹੈਂ, ਦੁਨੀਆਂ ਵਿਚ ਜੋ ਸਰੀਰ ਪੈਦਾ ਹੁੰਦਾ ਹੈ ਉਹ ਮਰ ਜਾਇਆ ਕਰਦਾ ਹੈ, ਇਸ ਲਈ ਤੂੰ ਵੀ ਜ਼ਰੂਰ ਮਰ ਜਾਣਾ ਹੈ। ਜਦ ਤਕ ਤੂੰ ਜਿਉਣਾ ਹੈ ਤਦ ਤਕ ਤੈਨੂੰ ਕਿਸੇ ਨਾ ਕਿਸੇ ਸ਼ਕਲ ਵਿਚ ਪਾਪ ਕਰਨੇ ਹੀ ਪੈਣਗੇ। ਐਸਾ ਕੋਈ ਨਹੀਂ ਹੋ ਸਕਦਾ ਜੋ ਪਾਪ ਕਰਨ ਤੋਂ ਬਗੈਰ ਖੁਸ਼ੀ ਤੇ ਸੁਖੀ ਰਹਿ ਸਕੇ। ਸਾਡੇ ਇੰਦਰੇ ਫੇਰ ਸਾਡੇ ਮਨ ਨੂੰ ਦਸਦੇ ਹਨ ਕਿ ਜੀਵਨ ਵਿਚ ਇੰਦਰੀਆਂ ਦਾ ਰਸ ਹੀ ਅਸਲੀ ਤੇ ਸਚਾ ਰਸ ਹੈ, ਇਸ ਤੋਂ ਬਗੈਰ ਜੀਵਨ ਵਿਚ ਹੋਰ ਕੋਈ ਖੁਸ਼ੀ ਤੇ ਆਨੰਦ ਨਹੀਂ। ਇਸ ਲਈ ਤੈਨੂੰ ਖੂਬ ਖਾਣਾ ਪੀਣਾ ਤੇ ਪਹਿਨਣਾ ਚਾਹੀਦਾ ਹੈ।' ਨੇਕੀ ਬਦੀ ਦੇ ਝਮੇਲੇ ਵਿਚ ਨਹੀਂ ਪੈਣਾ ਚਾਹੀਦਾ। ਜਿਵੇਂ ਇੰਦਰੀਆਂ ਦਾ ਰਸ ਹਾਸਲ ਕਰਨਾ ਪਵੇ, ਹਾਸਲ ਕਰਨਾ ਚਾਹੀਦਾ ਹੈ, ਮੌਜ ਮੇਲੇ ਦਾ ਜੀਵਨ ਬਤੀਤ ਕਰਨਾ ਚਾਹੀਦਾ ਹੈ। ਸਾਡੇ ਇੰਦਰੇ ਸਾਡੇ ਮਨ ਨੂੰ ਇਹ ਗਲ ਮੰਨਣ ਤੇ ਮਜਬੂਰ ਕਰਦੇ ਹਨ ਕਿ ਇਸ ਦੁਨੀਆਂ ਵਿਚ ਬੀਮਾਰੀਆਂ ਦਾ ਹੋਣਾ, ਦੁਖ ਦਾ ਹੋਣਾ ਜ਼ਰੂਰੀ ਹੈ ਇਸ ਲਈ ਇਨਸਾਨ ਲਈ ਦੁਖੀ ਤੇ ਬੀਮਾਰ ਹੋਣਾ ਲਾਜ਼ਮੀ ਹੈ। ਬੀਮਾਰੀਆਂ ਅਤੇ ਦੁਖਾਂ ਦਾ ਭਾਵੇਂ ਕਿਤਨਾ ਮੁਕਾਬਲਾ ਕਰੋ ਪਰ ਇਹ ਕਿਸੇ ਨਾ ਕਿਸੇ ਸ਼ਕਲ ਵਿਚ ਜ਼ਰੂਰ ਕਾਇਮ ਰਹਿਣਗੇ।

ਜਿਵੇਂ ਖੋਜ ਨੇ ਬਾਹਰ ਦੀ ਦੁਨੀਆਂ ਵਿਚ ਸਾਬਤ ਕੀਤਾ ਹੈ ਕਿ ਮਨ ਨੂੰ ਉਸ ਦੇ ਇੰਦਰੇ ਗਲਤ ਖਬਰਾਂ ਪੁਚਾਂਦੇ ਹਨ, ਉਸੇ ਤਰ੍ਹਾਂ ਅੰਦਰਲੀ ਆਤਮਕ ਦੁਨੀਆਂ ਦੀ ਖੋਜ ਵੀ ਇਹੋ ਸਿਧ ਕਰਦੀ ਹੈ ਕਿ ਇੰਦਰਿਆਂ ਤੇ ਭਰੋਸਾ ਕਰਨ ਵਾਲੇ ਮਨ ਦੇ ਸਭ

ਨਿਸਚੇ ਚਾਲਤ ਜਾਂ ਅਧੂਰੇ ਹਨ। ਅੰਤਰ ਆਤਮਾ ਦੀ ਖੋਜ ਨੇ ਇਨਸਾਨ ਨੂੰ ਦਸਿਆ ਕਿ ਉਹ ਸਰੀਰ ਨਹੀਂ, ਸਗੋਂ ਸਰੀਰ ਵਿਚ ਰਹਿਣ ਵਾਲੀ ਕਿ ਬੜੀ ਅਸਚਰਜ ਚੀਜ਼, ਆਤਮਾ ਹੈ। ਇਹ ਆਤਮਾ ਕਦੇ ਨਹੀਂ ਮਰ ਸਕਦੀ। ਸਰੀਰ ਦੇ ਖਤਮ ਹੋ ਜਾਣ ਨਾਲ ਆਤਮਾ ਖਤਮ ਨਹੀਂ ਹੁੰਦੀ। ਇੰਦਰਿਆਂ ਦੇ ਰਸ ਝੂਠੇ ਹਨ। ਇਹ ਕਦੀ ਪੂਰਨ ਤੌਰ ਤੇ ਨਹੀਂ ਮਾਣੇ ਜਾਂ ਭੋਗੇ ਜਾ ਸਕਦੇ, ਇਹ ਤਦ ਤਕ ਹਨ, ਜਦ ਤਕ ਸਰੀਰ ਹੈ। ਸਰੀਰ ਮਗਰੋਂ ਇਹ ਵੀ ਨਾਸ਼ ਹੋ ਜਾਂਦੇ ਹਨ। ਇੰਦਰਿਆਂ ਦੇ ਰਸ ਤੋਂ ਪਰੇ ਤੇ ਉਚੇਰਾ ਆਤਮਾ ਵਿਚ ਇਕ ਆਪਣਾ ਮਹਾਂਰਸ ਹੈ ਜਿਹੜਾ ਸਰੀਰ ਵਿਚ ਤੇ ਸਰੀਰ ਮਗਰੋਂ ਵੀ ਕਾਇਮ ਰਹਿੰਦਾ ਹੈ। ਇਸ ਆਤਮ ਰਸ ਦੇ ਸਾਹਮਣੇ ਸਰੀਰਕ ਰਸ ਤੁਛ ਤੇ ਆਰਜ਼ੀ ਭਾਸਦੇ ਹਨ। ਆਤਮਕ ਖੋਜ ਸਿਧ ਕਰਦੀ ਹੈ ਕਿ ਪਾਪ ਦਾ ਅਤੇ ਦੁਖਾਂ ਦਾ ਆਪਸ ਵਿਚ ਪਕਾ ਰਿਸ਼ਤਾ ਹੈ। ਪਾਪ ਤੇ ਦੁਖ ਸਦਾ ਇਕੱਠੇ ਰਹਿੰਦੇ ਹਨ ਅਤੇ ਜਿਥੇ ਪਾਪ ਨਹੀਂ ਉਥੇ ਦੁਖ ਨਹੀਂ ਰਹਿ ਸਕਦੇ। ਇੰਦਰੇ ਮਨ ਨੂੰ ਗੁਮਰਾਹ ਕਰਦੇ ਤੇ ਗਲਤ ਫੈਸਲੇ ਕਰਨ ਉਤੇ ਮਜਬੂਰ ਕਰਦੇ ਹਨ, ਮਨ ਦੇ ਗਲਤ ਫੈਸਲਿਆਂ ਦਾ ਨਾਮ ਪਾਪ ਹੈ। ਜਦ ਮਨ ਗਲਤ ਫੈਸਲੇ ਕਰੇ (ਜਾਂ ਪਾਪ ਕਰੇ) ਉਸ ਨੂੰ ਆਪਣੇ ਗਲਤ ਫੈਸਲਿਆਂ (ਪਾਪਾਂ) ਦੀ ਸਜ਼ਾ ਦੁਖ ਤੇ ਬੀਮਾਰੀਆਂ ਦੀ ਸ਼ਕਲ ਵਿਚ ਭੋਗਣੀ ਪੈਂਦੀ ਹੈ।

ਆਤਮ ਖੋਜ ਸਿਧ ਕਰਦੀ ਹੈ ਕਿ ਜੇਕਰ ਇਨਸਾਨ, ਇੰਦਰਿਆਂ ਤੇ ਵਿਸ਼ਵਾਸ ਕਰਨ ਵਾਲੇ ਮਨ ਦੇ ਮਗਰ ਨਾ ਲਗੇ ਅਤੇ ਆਪਣੀ ਅਸਲੀਅਤ, ਆਪਣੇ ਆਤਮਕ ਸੁਭਾ ਨੂੰ ਸਮਝ ਲਵੇ ਤਾਂ ਉਸ ਨੂੰ ਪਾਪ ਕਰਨ ਵਿਚ ਕੋਈ ਖੁਸ਼ੀ ਨਜ਼ਰ ਨਹੀਂ ਆਵੇਗੀ। ਇਸ ਲਈ ਉਹ ਪਾਪ ਨਹਾਂ ਕਰੇਗਾ, ਮਨ ਤੋਂ ਧੋਖਾ ਨਹੀਂ ਖਾਵੇਗਾ। ਇਸ ਤਾ ਨਤੀਜਾ ਇਹ ਹੋਵੇਗਾ ਕਿ ਉਸ ਨੂੰ ਕਦੀ

ਬੀਮਾਰੀ ਜਾਂ ਹੋਰ ਕਿਸੇ ਕਿਸਮ ਦਾ ਦੁਖ ਨਹੀਂ ਸਤਾਵੇਗਾ ਅਤੇ ਜੇਕਰ ਇਨਸਾਨ ਆਪਣੀ ਆਤਮਾ ਦੇ ਮੂਲ ਜਾਂ ਮੰਬੇ ਪਰਮ ਆਤਮਾ ਨੂੰ ਸਮਝ ਲਵੇ ਤਾਂ ਉਸ ਵਾਸਤੇ ਮੌਤ ਦੀ ਕੋਈ ਹਸਤੀ ਨਹੀਂ ਰਹੇਗੀ।

ਸਾਡੀ ਉਪਰਲੀ ਵਿਚਾਰ ਤੋਂ ਸਿਧ ਹੋਵੇਗਾ ਕਿ ਮਨੁਖ ਮਨ ਦੇ ਮਗਰ ਲਗ ਕੇ ਕਦੀ ਵੀ ਸੁਖੀ, ਸਫਲ ਅਤੇ ਆਦਰਸ਼ਕ ਜੀਵਨ ਬਤੀਤ ਨਹੀਂ ਕਰ ਸਕਦਾ। ਮਨਮੁਖ ਭਾਵੇਂ ਕਿਤਨਾ ਹੀ ਨੇਕ ਨੀਯਤ ਕਿਉਂ ਨਾ ਹੋਵੇ, ਉਹ ਸਦਾ ਇਸ ਲਈ ਭਟਕਦਾ ਤੇ ਮਾਯੂਸ ਹੁੰਦਾ ਰਹੇਗਾ ਕਿ ਉਹ ਜਿਸ ਮਨ ਦੀ ਰੇਲ ਵਿਚ ਚੜ੍ਹਿਆ ਹੈ ਉਹ ਸੁਖਾਂ ਦੇ ਦੇਸ਼ ਨੂੰ ਜਾਂਦੀ ਹੀ ਨਹੀਂ। ਉਹ ਇਸ ਕਰ ਕੇ ਸਦਾ ਦੁਖੀ ਰਹੇਗਾ ਕਿ ਉਹ ਜਿਸ ਮਨ ਦੇ ਮਗਰ ਲਗਾ ਹੈ ਉਹ ਖੁਦ ਟਪਲੇ ਵਿਚ ਹੈ, ਧੋਖੇ ਵਿਚ ਹੈ। ਮਨ ਦੇ ਮਗਰ ਲਗਣ ਵਾਲੇ ਮਨਮੁਖ ਨੂੰ ਪਾਪ, ਦੁਖ ਬੀਮਾਰੀਆਂ ਅਤੇ ਮੌਤ ਜੀਵਨ ਦੇ ਜ਼ਰੂਰੀ ਅੰਗ ਤੇ ਜੀਵਨ ਦੀਆਂ ਜ਼ਰੂਰੀ ਘਟਨਾਵਾਂ ਤਸਲੀਮ ਕਰਨੀਆਂ ਪੈਣਗੀਆਂ।

*ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ ॥*
*ਅੰਗ - 1421*

*ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ ॥*
*ਅੰਗ - 30*

*ਮਨਮੁਖ ਜਨਮੁ ਬਿਰਥਾ ਗਇਆ ਕਿਆ ਮੁਹੁ ਦੇਸੀ ਜਾਇ ॥*
*ਅੰਗ - 35*

*ਨਾਨਕ ਮਨਮੁਖਿ ਜੀਵਦਿਆ ਮੁਏ ਹਰਿ ਵਿਸਰਿਆ ਦੁਖੁ ਪਾਇ ॥*
*ਅੰਗ - 589*

*ਕਿਆ ਗਭਰੂ ਕਿਆ ਬਿਰਧਿ ਹੈ ਮਨਮੁਖ ਤ੍ਰਿਸਨਾ ਭੁਖ ਨ ਜਾਇ ॥*
*ਅੰਗ - 649*

ਇਹੁ ਜਗੋ ਦੁਤਰੁ ਮਨਮੁਖੁ ਪਾਰਿ ਨ ਪਾਈ ਰਾਮ ॥

ਅੰਗ - 775

ਮਨਮੁਖਿ ਆਵੈ ਮਨਮੁਖਿ ਜਾਵੈ ॥
ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥
ਜਿਤਨੇ ਨਰਕ ਸੇ ਮਨਮੁਖਿ ਭੋਗੈ
ਗੁਰਮੁਖਿ ਲੇਪੁ ਨ ਮਾਸਾ ਹੇ ॥ ਅੰਗ - 1073

ਮਨਮੁਖ ਚੰਚਲ ਮਤਿ ਹੈ ਅੰਤਰਿ ਬਹੁਤੁ ਚਤੁਰਾਈ ॥
ਕੀਤਾ ਕਰਤਿਆ ਬਿਰਥਾ ਗਇਆ ਇਕੁ ਤਿਲੁ ਥਾਇ ਨ ਪਾਈ ॥

ਅੰਗ - 1414

ਨਾਨਕ ਮਨਮੁਖਾ ਨਾਲਹੁ ਤੁਟੀਆ
ਭਲੀ ਜਿਨਾ ਮਾਇਆ ਮੋਹਿ ਪਿਆਰੁ ॥ ਅੰਗ - 549

# ਗੁਰਮੁਖ ਦੀ ਦੁਨੀਆਂ

ਗੁਰਮੁਖ ਉਹ ਪੁਰਸ਼ ਹੁੰਦਾ ਹੈ ਜੋ ਮਨ ਦੇ ਮਗਰ ਲਗਣ ਦੀ ਬਜਾਏ, ਗੁਰੂ ਦੇ ਮਗਰ ਲਗਦਾ ਹੈ। ਗੁਰੂ ਦੇ ਮਗਰ ਲਗਣ ਨਾਲ ਇਨਸਾਨ ਮਨ ਦੀ ਬੌਣੀ ਅਤੇ ਗਲਤ ਅਗਵਾਈ ਅਤੇ ਉਸ ਗਲਤ ਅਗਵਾਈ ਦੇ ਮਾੜੇ ਨਤੀਜਿਆਂ, ਪਾਪ, ਦੁਖ, ਬੀਮਾਰੀ ਤੇ ਮੌਤ ਤੋਂ ਬਚ ਜਾਂਦਾ ਹੈ। ਇਸ ਲਈ ਮਨਮੁਖ ਅਤੇ ਗੁਰਮੁਖ ਦੀ ਦੁਨੀਆਂ ਇਕ ਦੂਸਰੇ ਤੋਂ ਬਿਲਕੁਲ ਅਲਹਿਦਾ ਤੇ ਉਲਟ ਹੁੰਦੀ ਹੈ। ਇਹ ਭਾਵੇਂ ਇਕੋ ਹੀ ਸਮੇਂ, ਇਕੋ ਵਾਯੂਮੰਡਲ ਵਿਚ ਇਕੋ ਹਾਲਤ ਵਿਚ ਕਿਉਂ ਨਾ ਰਹਿਣ, ਇਹਨਾਂ ਦੀ ਦੁਨੀਆਂ ਇਕ ਦੂਸਰੇ ਤੋਂ ਵਖਰੀ ਹੁੰਦੀ ਹੈ। ਇਹ ਕਿਵੇਂ ਹੋ ਸਕਦਾ ਹੈ? ਦੁਨੀਆਂ ਤਾਂ ਸਭ ਲਈ ਇਕੋ ਜਹੀ ਭਾਸਦੀ ਹੈ, ਫਿਰ ਮਨਮੁਖ ਅਤੇ ਗੁਰਮੁਖ ਦੀ ਦੁਨੀਆਂ ਇਕ ਦੂਸਰੇ ਤੋਂ ਵਖਰੀ ਕਿਵੇਂ ਹੁੰਦੀ ਹੈ? ਇਸ ਸਵਾਲ ਦਾ ਜਵਾਬ ਵਿਚਾਰ ਕਰਨ ਉਤੇ ਸਾਨੂੰ ਸਹਿਜੇ ਹੀ ਮਿਲ ਜਾਵੇਗਾ। ਦੁਨੀਆਂ ਭਾਵੇਂ ਇਕੋ ਹੈ ਪਰ ਇਹ ਮਨਮੁਖ ਨੂੰ ਹੋਰ ਅਤੇ ਗੁਰਮੁਖ ਨੂੰ ਹੋਰ ਨਜ਼ਰ ਆਉਂਦੀ ਹੈ। ਏਸੇ ਦੁਨੀਆਂ ਵਿਚ ਚੋਰ, ਆਪਣੀ ਉਪਜੀਵਕਾ ਲਈ ਚੋਰੀ ਕਰਨੀ ਚੰਗੀ ਸਮਝਦਾ ਹੈ। ਉਹ ਚੋਰੀ ਕਰਕੇ ਦੇਸ ਦੇ ਕਾਨੂੰਨ ਦੀ ਜ਼ਦ ਵਿਚ ਆਉਂਦਾ ਹੈ। ਕਾਨੂੰਨ ਦਾ ਸ਼ਕੰਜਾ ਚੋਰ ਨੂੰ ਹਰ ਪਾਸਿਉਂ ਜਕੜਦਾ ਹੈ। ਉਹ ਪੁਲੀਸ ਤੋਂ ਲੁਕ ਛਿਪ ਕੇ ਸਮਾਂ ਗੁਜ਼ਾਰਦਾ ਅਤੇ ਹਰ ਵੇਲੇ ਸਜ਼ਾ ਦੇ ਡਰ ਦੇ ਅਧੀਨ

ਜੀਵਨ ਬਤੀਤ ਕਰਦਾ ਹੈ। ਆਖਰ ਕਾਨੂੰਨ ਉਸ ਨੂੰ ਪਕੜ ਕੇ ਸਜ਼ਾ ਦਿਲਵਾਂਦਾ ਹੈ। ਚੋਰ ਸਜ਼ਾ ਭੁਗਤਦਾ ਹੋਇਆ, ਜੇਲ੍ਹ ਵਿਚ ਕਈ ਪਰਕਾਰ ਦੀਆਂ ਮੁਸ਼ਕਲਾਂ ਕਟ ਕੇ ਢਿਡ ਭਰਦਾ ਅਤੇ ਦੁਖੀ ਜੀਵਨ ਬਤੀਤ ਕਰਦਾ ਹੈ। ਐਪਰ ਜੋ ਪੁਰਸ਼ ਆਪਣੀ ਉਪਜੀਵਕਾ ਲਈ, ਮੇਹਨਤ ਮਜ਼ਦੂਰੀ ਕਰਕੇ ਧਨ ਕਮਾਣ ਨੂੰ ਚੰਗਾ ਸਮਝਦਾ ਹੈ, ਉਸ ਉਤੇ ਦੇਸ਼ ਦੇ ਚੋਰੀ ਸਬੰਧੀ ਕਾਨੂੰਨ ਦਾ ਕੋਈ ਅਸਰ ਨਹੀਂ ਹੁੰਦਾ। ਉਸ ਦੇ ਭਾਣੇ ਚੋਰੀ ਦਾ ਕਾਨੂੰਨ ਹੈ ਹੀ ਨਹੀਂ। ਮੇਹਨਤ ਮਜ਼ਦੂਰੀ ਕਰਕੇ ਨਿਰਬਾਹ ਕਰਨ ਵਾਲਾ ਮਨੁੱਖ ਸੁਸਾਇਟੀ ਵਿਚ ਮਾਣ ਪਰਾਪਤ ਕਰਦਾ ਹੈ, ਸਿਰ ਉਚਾ ਕਰਕੇ ਤੁਰਦਾ ਫਿਰਦਾ ਹੈ ਐਤ ਨਿਰਭੈ ਹੋ.ਕੇ ਆਪਣਾ ਜੀਵਨ ਬਤੀਤ ਕਰਦਾ ਹੈ। ਚੋਰ ਅਤੇ ਨੇਕ ਪੁਰਸ਼ ਜਿਵੇਂ ਇਕੋ ਦੇਸ਼ ਵਿਚ ਰਹਿੰਦੇ ਆਪਣੇ ਖਿਆਲਾਂ, ਨਿਸਚਿਆਂ, ਕਰਮਾਂ ਦੇ ਅਧਾਰ ਉਤੇ ਇਕ ਦੂਸਰੇ ਤੋਂ ਬਿਲਕੁਲ ਵਖਰਾ ਤੇ ਉਲਟਾ ਜੀਵਨ ਬਤੀਤ ਕਰਦੇ ਹਨ, ਐਸੇ ਤਰ੍ਹਾਂ ਮਨਮੁਖ ਅਤੇ ਗੁਰਮੁਖ ਇਕੋ ਦੇਸ ਵਿਚ ਅਤੇ ਇਕੋ ਸਮੇਂ ਰਹਿੰਦੇ ਹੋਏ ਆਪ ਆਪਣੀ ਦੁਨੀਆਂ ਵਖਰੀ ਰਖਦੇ ਹਨ। ਇਕ ਦੀ ਦੁਨੀਆਂ ਵਿਚ ਮਨ ਦਾ ਰਾਜ ਹੁੰਦਾ ਹੈ, ਦੂਸਰੇ ਦੀ ਦੁਨੀਆਂ ਵਿਚ ਗੁਰੂ ਦਾ ਰਾਜ ਹੁੰਦਾ ਹੈ। ਇਕ ਦੀ ਦੁਨੀਆਂ ਵਿਚ ਪਾਪ ਬੀਮਾਰੀ, ਦੁਖ, ਚਿੰਤਾ ਅਤੇ ਮੌਤ ਹੁੰਦੀ ਹੈ ਤੇ ਦੂਸਰੇ ਦੀ ਦੁਨੀਆਂ ਵਿਚ ਪੁੰਨ, ਸ਼ੁਭ ਕਰਮ, ਸੇਹਤ, ਸੁਖ, ਬੇਪਰਵਾਹੀ, ਖੁਸ਼ਹਾਲੀ ਅਤੇ ਸਦੀਵੀ ਜੀਵਨ ਹੁੰਦਾ ਹੈ।

ਗੁਰਮੁਖ ਅੰਧ ਵਿਸ਼ਵਾਸ ਅਤੇ ਵਿਚਾਰਹੀਨ ਨਹੀਂ ਹੁੰਦਾ, ਸਗੋਂ ਵਿਚਾਰਵਾਨ, ਦੂਰ ਅੰਦੇਸ਼ ਅਤੇ ਅਮਲੀ ਜੀਵਨ ਵਾਲਾ ਪੁਰਸ਼ ਹੁੰਦਾ ਹੈ। ਉਸਦੀ ਵਿਚਾਰ ਅਤੇ ਨੇਕ ਨੀਤੀ ਉਸ ਨੂੰ, ਮਨ ਦੀ ਅਪੂਰਨ ਅਤੇ ਅਧੂਰੀ ਅਗਵਾਈ ਦੇ ਮਗਰ ਲਗਣ ਤੋਂ ਵਰਜਦੀ ਹੈ। ਉਸਦੀ ਵਿਚਾਰ ਅਤੇ ਨੇਕ ਨੀਤੀ ਉਸ ਨੂੰ ਮਨ ਨਾਲੋਂ ਵਧੇਰੇ

ਭਰੋਸੇਯੋਗ ਅਗਵਾਈ ਦੀ ਤਲਾਸ, ਸਨੇ ਆਗੂ, ਰਹਿਨੁਮਾ ਜਾਂ ਗੁਰੂ ਦੀ ਭਾਲ ਲਈ ਮਜਬੂਰ ਕਰਦੀ ਹੈ।

ਗੁਰੂ ਵੀ ਗੁਰਮੁਖ ਨੂੰ ਵਿਚਾਰਹੀਨ ਅਤੇ ਅੰਧ ਵਿਸ਼ਵਾਸੀ ਨਹੀਂ ਬਣਾਂਦਾ ਸਗੋਂ ਗੁਰਮੁਖ ਨੂੰ ਦਸਦਾ ਹੈ ਕਿ ਤੇਰੇ ਮਨ ਨੂੰ ਧੋਖਾ ਦੇਣ ਵਾਲੇ ਤੇਰੇ ਗਿਆਨ ਇੰਦਰੇ ਹਨ। ਇਸ ਲਈ ਤੂੰ ਆਪਣੇ ਗਿਆਨ ਇੰਦਰਿਆਂ (ਵੇਖਣ, ਸੁਨਣ, ਛੋਹਣ, ਖਾਣ ਆਦਿ ਦੀ ਸ਼ਕਤੀ) ਦਾ ਇਤਬਾਰ ਨਾ ਕਰ, ਸਗੋਂ ਆਪਣੇ ਅੰਦਰ ਰਹਿਣ ਵਾਲੇ ਅਕਾਲ ਪੁਰਖ ਦੇ ਅਤੇ ਆਪਣੇ ਰਿਸ਼ਤੇ ਨੂੰ, ਅਕਾਲ ਪੁਰਖ ਦੇ ਸੁਭਾਉ ਜਾਂ ਗੁਣਾਂ ਨੂੰ ਸਮਝ ਅਤੇ ਇਸ ਸਮਝ ਜਾਂ ਗਿਆਨ ਦੀ ਰੋਸ਼ਨੀ ਵਿਚ ਜੀਵਨ ਬਤੀਤ ਕਰ। ਗੁਰੂ ਗੁਰਮੁਖ ਦੇ ਮਨ ਨੂੰ, ਗਿਆਨ ਇੰਦਰਿਆਂ ਦੀ ਅਗਵਾਈ ਤੋਂ ਅਜ਼ਾਦ ਕਰਕੇ ਗਿਆਨ ਦੇ ਸੋਮੇ, ਅਕਾਲ ਪੁਰਖ ਨਾਲ ਜੋੜ ਦਿੰਦਾ ਹੈ ਅਤੇ ਅਕਾਲ ਪੁਰਖ ਤੋਂ ਉਪਜੀ ਅਗਵਾਈ ਜਾਂ ਰੌਸ਼ਨੀ ਵਿਚ ਜੀਵਨ ਬਤੀਤ ਕਰਾਂਦਾ ਹੈ। ਇਸ ਰੋਸ਼ਨੀ ਵਿਚ ਗੁਰਮੁਖ ਮਹਿਸੂਸ ਕਰਦਾ ਹੈ ਕਿ ਜਿਥੇ ਇੰਦਰਿਆਂ ਦੀ ਅਗਵਾਈ ਜਾਂ ਗੁਰੂ ਵਲੋਂ ਅਕਾਲ ਪੁਰਖ ਸਬੰਧੀ ਦਸੇ ਗਿਆਨ ਦੀ ਅਗਵਾਈ ਹੇਠ ਮਨ ਧੋਖੇ ਦੇਣ ਦੀ ਬਜਾਏ ਉਸਨੂੰ ਲਾਭ ਪਹੁੰਚਾਣ ਲਗ ਪਿਆ ਹੈ, ਦੁਸ਼ਮਣ ਦੀ ਜਗ੍ਹਾ ਸੇਵਕ ਹੋ ਗਿਆ ਹੈ।

*ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥*
*ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥*
*ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥*
*ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥*
*ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥* *ਅੰਗ - 917*

ਜਿਥੇ ਮਨਮੁਖ ਦਾ ਮਨ ਸਦਾ ਅਸ਼ਾਂਤ ਤੇ ਭਟਕਦਾ ਰਹਿੰਦਾ ਹੈ -

*ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥*
*ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥*

*ਅੰਗ - 876*

ਉਥੇ ਗੁਰਮੁਖ ਦਾ ਮਨ ਸ਼ਾਂਤ ਅਤੇ ਅਸਥਿਰ ਹੋ ਜਾਂਦਾ ਹੈ, ਡੋਲਣੋ, ਭਟਕਣੋ ਰੁਕ ਜਾਂਦਾ ਹੈ।

*ਗੁਰਮਤਿ ਚਾਲ ਨਿਹਚਲ ਨਹੀ ਡੋਲੈ ॥* *ਅੰਗ - 227*

*ਗੁਰਮਤਿ ਮਨੁ ਠਹਰਾਈਐ ਮੇਰੀ ਜਿੰਦੁੜੀਏ*
*ਅਨਤ ਨ ਕਾਹੂ ਡੋਲੇ ਰਾਮ ॥* *ਅੰਗ - 538*

*ਇਹੁ ਮਨੂਆ ਕਿਉ ਕਰਿ ਵਸਿ ਆਵੈ ॥*
*ਗੁਰ ਪਰਸਾਦੀ ਠਾਕੀਐ ਗਿਆਨ ਮਤੀ ਘਰਿ ਆਵੈ ॥*

*ਅੰਗ - 426*

ਗੁਰਮੁਖ ਦਾ ਮਨ, ਆਪਣੇ ਗਿਆਨ ਇੰਦਰਿਆਂ ਦੀ ਬਜਾਏ ਆਪਣੇ ਨਾਲ ਬਿਰਾਜਣ ਵਾਲੇ ਅਕਾਲ ਪੁਰਖ ਤੋਂ ਸਭ ਪ੍ਰਕਾਰ ਦਾ ਗਿਆਨ ਤੇ ਅਧਾਰ ਹਾਸਲ ਕਰਦਾ ਹੈ।

*ਕਹੈ ਨਾਨਕੁ ਹਰਿ ਰਾਸਿ ਮੇਰੀ ਮਨੁ ਹੋਆ ਵਣਜਾਰਾ ॥*

*ਅੰਗ - 921*

ਏਥੇ ਇਕ ਗਲ ਯਾਦ ਰਖਣੀ ਚਾਹੀਦੀ ਹੈ ਕਿ ਇਹ ਕੋਈ ਜ਼ਰੂਰੀ ਗਲ ਨਹੀਂ ਕਿ ਮਨਮੁਖ ਸਦਾ ਮਨਮੁਖ ਰਹੇ ਅਤੇ ਗੁਰਮੁਖ ਸਦਾ ਗੁਰਮੁਖ ਰਹ। ਇਕ ਮਨਮੁਖ ਗੁਰੂ ਦੀ ਸ਼ਿਖਸ਼ਾ ਅਨੁਸਾਰ ਜੀਵਨ ਬਤਤੀ ਕਰਕੇ ਗੁਰਮੁਖ ਅਤੇ ਇਕ ਗੁਰਮੁਖ ਗੁਰੂ ਦੀ ਸ਼ਿਖਸ਼ਾ ਦੇ ਵਿਰੁਧ ਜੀਵਨ ਬਤਤੀ ਕਰਕੇ ਮਨਮੁਖ ਬਣ ਸਕਦਾ ਹੈ। ਅਸਲ ਵਿਚ ਮਨਮੁਖਤਾਈ ਅਤੇ ਗੁਰਮੁਖਤਾਈ ਮਨ ਦੀਆਂ ਦੋ ਹਾਲਤਾਂ ਹਨ। ਆਮ ਤੌਰ ਤੇ ਬਹੁਤ ਗੁਰਮੁਖ ਪਹਿਲੇ ਜੀਵਨ ਵਿਚ ਮਨਮੁਖ ਰਹਿ ਚੁਕੇ ਹੁੰਦੇ ਹਨ, ਭਾਵੇਂ ਇਸ ਜਨਮ ਵਿਚ ਭਾਵੇਂ ਇਸ ਤੋਂ ਪਹਿਲੇ ਕਿਸੇ ਜਨਮ ਵਿਚ ਅਤੇ ਮਨ ਦੇ ਮਗਰ ਲਗਦੇ

ਦੇ ਤਲਖ ਨਤੀਜੇ ਚੱਖ ਚੁਕੇ ਹੁੰਦੇ ਹਨ। ਇਨਸਾਨ ਦੇ ਮਨ ਦੇ ਵਿਕਾਸ ਵਿਚ ਮਨਮੁਖਤਾਈ ਤੋਂ ਬਾਅਦ ਗੁਰਮੁਖਤਾ ਦਾ ਦਰਜਾ ਆਉਣਾ ਕੁਦਰਤੀ ਨਿਯਮਾਂ ਦੇ ਅਨੁਕੂਲ ਹੈ।

ਜਦ ਗੁਰਸਿੱਖ ਮਨ ਦੀ ਮਤ ਤਿਆਗ ਕੇ ਗੁਰੂ ਦੀ ਮਤ ਅਨੁਸਾਰ ਜੀਵਨ ਬਤੀਤ ਕਰਦਾ ਹੈ ਤਾਂ ਉਹ ਇਹ ਵੇਖ ਕੇ ਹੈਰਾਨ ਰਹਿ ਜਾਂਦਾ ਹੈ ਕਿ ਓਹੀ ਮਨ ਜੋ ਇੰਦਰਿਆਂ ਦੇ ਮਗਰ ਲਗ ਕੇ ਉਸ ਨੂੰ ਸਦਾ ਵਿਸ਼ੇ ਵਿਕਾਰਾਂ ਵਲ ਪਰੇਰਦਾ ਅਤੇ ਤਰ੍ਹਾਂ ਤਰ੍ਹਾਂ ਦੇ ਦੁਖਾਂ ਵਿਚ ਫਸਾਂਦਾ ਸੀ, ਹੁਣ ਗੁਰੂ ਦੀ ਮਤ ਦੇ ਮਗਰ ਲਗ ਕੇ ਤਰ੍ਹਾਂ ਤਰ੍ਹਾਂ ਦੇ ਸੁਖਾਂ ਦੇ ਦੇਣ ਵਾਲਾ ਮਿਤਰ ਬਣ ਗਿਆ ਹੈ। ਉਸ ਨੂੰ ਗੁਰੂ ਦੇ ਇਹਨਾਂ ਬਚਨਾਂ ਦੀ ਸਚਾਈ ਪਰਤੱਖ ਨਜ਼ਰ ਆਉਂਦੀ ਹੈ।

*ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ ॥*

*ਅੰਗ - 87*

*ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥*

*ਅੰਗ - 22*

*ਮਤਿ ਵਿਚਿ ਰਤਨ ਜਵਾਹਰ ਮਾਣਿਕ*
*ਜੇ ਇਕ ਗੁਰ ਕੀ ਸਿਖ ਸੁਣੀ ॥* *ਅੰਗ - 2*

ਕਿਉਂਕਿ ਗੁਰਮੁਖ ਗੁਰੂ ਦੀਓਰ ਲੈ ਕੇ ਤੁਰਦਾ ਹੈ ਅਤੇ ਗੁਰੂ ਦੀ ਮਤਿ ਅਕਾਲ ਪੁਰਖ ਦੇ ਗਿਆਨ, ਜਾਂ ਅਕਾਲ ਪੁਰਖ ਦੇ ਨਿਯਮਾਂ ਤੇ ਸੁਭਾਉ ਅਨੁਸਾਰ ਘੜੀ ਹੋਈ ਹੁੰਦੀ ਹੈ ਇਸ ਕਰਕੇ ਗੁਰਮੁਖ ਦੀ ਦੁਨੀਆਂ ਵਿਚ ਅਕਾਲ ਪੁਰਖ ਦੇ ਗੁਣਾਂ ਦਾ ਪ੍ਰਵੇਸ਼ ਹੋ ਜਾਂਦਾ ਹੈ। ਵਾਹਿਗੁਰੂ ਸਭ ਪਰਕਾਰ ਦੀ ਮੈਲ ਜਾਂ ਪਾਪ ਤੋਂ ਰਹਿਤ ਹੈ, ਇਸ ਕਰਕੇ ਗੁਰਮੁਖ ਦੇ ਵੀਵਨ ਵਿਚ ਪਾਪ ਵਿਕਾਰ ਮੰਦ ਵਾਸ਼ਨਾਵਾਂ ਨਹੀਂ ਰਹਿੰਦੀਆਂ।

*ਗੁਰਮੁਖਿ ਅਲਿਪਤੁ ਰਹੈ ਸੰਸਾਰੇ ॥*

*ਗੁਰ ਕੈ ਤਕੀਏ ਨਾਮਿ ਅਧਾਰੇ ॥* *ਅੰਗ - 118*

ਕਿਉਂਕਿ ਵਾਹਿਗੁਰੂ ਸਭ ਪਰਕਾਰ ਦੇ ਦੁਖ ਸੰਤਾਪ, ਰੋਗ ਬੀਮਾਰੀ ਤੋਂ ਰਹਿਤ ਹੈ ਅਤੇ ਗੁਰਮੁਖ, ਗੁਰੂ ਦੀ ਮਤ ਅਨੁਸਾਰ, ਆਪਣੇ ਸਾਹਮਣੇ ਅਕਾਲ ਪੁਰਖ ਦੇ ਗੁਣਾਂ ਦਾ ਨਮੂਨਾ (ਨਰਦਕ), ਰਖਦਾਹੈ ਇਸ ਕਰਕੇ ਹੌਲੇ ਹੌਲੇ ਗੁਰਮੁਖ ਦੀ ਦੁਨੀਆਂ ਵਿਚੋਂ ਦੁਖ ਸੰਤਾਪ ਰੋਗ ਬੀਮਾਰੀ ਆਦਿ ਅਲੋਪ ਹੋ ਜਾਂਦੇ ਹਨ। ਕਿਉਂਕਿ ਵਾਹਿਗੁਰੂ ਸਦਾ ਖੇੜੇ, ਪ ਰਸੰਨਤਾ ਤੇ ਅਨੰਦ ਦੀ ਹਾਲਤ ਵਿਚ ਰਹਿੰਦਾ ਹੈ, ਇਸ ਕਰਕੇ ਗੁਰਮੁਖ ਦੀ ਦੁਨੀਆਂ ਵਿਚ ਸੁਖ, ਖੁਸ਼ੀ, ਖੇੜਾ, ਬੇਪਰਵਾਹੀ, ਨਿਰਭੈਤਾ, ਨਿਰਵੈਰਤਾ, ਬੇਮੁਥਾਜੀ ਪ੍ਰਵੇਸ਼ ਕਰ ਜਾਂਦੀ ਹੈ। ਕਿਉਂਕਿ ਵਾਹਿਗੁਰੂ ਮੌਤ ਤੋਂ, ਕਾਲ ਤੋਂ ਰਹਿਤ ਹੈ, ਇਸ ਲਈ ਹੌਲੀ ਹੌਲੀ ਗੁਰਮੁਖ ਨੂੰ ਗੁਰੂ ਦੀ ਮੱਤ ਅਕਾਲ ਪੁਰਖ ਦੀ ਪਛਾਣ ਕਰਾਂਦੀ, ਗੁਰਮੁਖ ਨੂੰ ਅਕਾਲ ਪੁਰਖ ਤੋਂ ਉਪਜਿਆ ਹੋਇਆ, ਅਕਾਲ ਪੁਰਖ ਦਾ ਪੁੱਤਰ, ਅਕਾਲ ਪੁਰਖ ਦਾ ਰੂਪ ਦਰਸਾਉਂਦੀ ਹੈ ਅਤੇ ਉਸ ਨੂੰ ਮੌਤ ਦੀ ਕਾਲ ਫਾਸ ਤੋਂ ਆਜ਼ਾਦ ਕਰਾਉਂਦੀ ਹੈ। ਕਿਸੇ ਵੇਲੇ ਗੁਰਮੁਖ ਦੀ ਦੁਨੀਆਂ ਮੌਤ ਜਾਂ ਕਾਲ ਤੋਂ ਰਹਿਤ ਹੋ ਜਾਂਦੀ ਹੈ।

*ਗੁਰਮੁਖਿ ਜਮਕਾਲ ਨੇੜਿ ਨ ਆਵੈ ॥* *ਅੰਗ - 231*

ਗੁਰੂ ਦੀ ਮਤਿ ਦੇ ਆਸਰੇ ਗੁਰਮੁਖ ਪਹਿਲੇ ਆਪਣੇ ਮਨ ਦੀ ਅਪੂਰਨ ਤੇ ਗਲਤ ਅਗਵਾਈ ਤੋਂ ਬਚਦਾ ਹੈ, ਮਨ ਦੀਆਂ ਮੰਦ ਵਾਸ਼ਨਵਾਂ ਤੋਂ ਮੂੰਹ ਮੋੜਾ ਹੈ, ਫੇਰ ਗੁਰਮਤਿ ਦੇ ਆਸਰੇ ਉਹ ਆਪਣੇ ਮਨ ਸਾਹਮਣੇ ਅਕਾਲ ਪੁਰਖ ਦਾ ਨਮੂਨਾ ਰਖਦਾ ਹੈ ਅਤੇ ਰੋਜ਼ ਰੋਜ਼ ਵਾਹਿਗੁਰੂ ਦੇ ਗੁਣਾਂ ਜਾਂ ਸਿਫਤਾਂ ਨੂੰ ਗੁਰਬਾਣੀ ਦੇ ਪਾਠ ਰਾਹੀਂ ਮਨ ਸਾਹਮਣੇ ਲਿਆ ਕੇ, ਅਕਾਲ ਪੁਰਖ ਦੇ ਗੁਣਾਂ ਦਾ ਰੂਪ ਹੁੰਦਾ ਜਾਂਦਾ ਹੈ। ਇਥੇ ਸਮਝਣ ਵਾਲੀ ਇਹ ਗਲ ਹੈ ਕਿ ਇਨਸਾਨ ਦੇ ਸੁਭਾਉ ਦਾ ਇਹ ਖਾਸਾ ਹੈ ਕਿ ਉਸ ਨੂੰ ਜੋ ਚੀਜ਼ ਚੰਗੀ ਲਗੇ

ਅਤੇ ਜਿਸ ਚੀਜ਼ ਦੀਆਂ ਉਹ ਰੋਜ਼ ਸਿਫਤਾ ਕਰਨ ਲਗ ਜਾਵੇ ਹੌਲੀ ਹੌਲੀ ਇਨਸਾਨ ਉਹ ਚੀਜ਼ ਬਣਨੀ ਸ਼ੁਰੂ ਕਰ ਦਿੰਦਾ ਹੈ। ਗੁਰਮੁਖ ਨੂੰ ਗੁਰਮਤਿ ਦਸਦੀ ਹੈ ਕਿ ਵਾਹਿਗੁਰੂ ਦੁਨੀਆਂ ਵਿਚ ਸਭ ਤੋਂ ਵਧ ਪੂਰਨ, ਸਭ ਤੋਂ ਸੁੰਦਰ ਤੇ ਸ਼ਕਤੀਵਾਨ ਹਸਤੀ ਹੈ, ਅਤੇ ਉਸਦੀ ਸਿਫਤ ਕਰਕੇ ਉਸਦੀ ਯਾਦ ਨੂੰ ਮਨ ਵਿਚ ਵਸਾ ਕੇ, ਉਸਦੇ ਮਨੂਨੇ ਨੂੰ ਸਦਾ ਅੱਖਾਂ ਅਗੇ ਰਖ ਕੇ ਤੂੰ ਵਾਹਿਗੁਰੂ ਰੂਪ ਹੋ ਸਕਦਾ ਹੈ। ਇਸ ਕਰਕੇ ਗੁਰਮੁਖ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਕੇ ਕਿਸੇ ਵੇਲੇ ਆਪਣੇ ਆਪ ਵਿਚ ਅਕਾਲ ਪੁਰਖ ਦੇ ਸਭ ਗੁਣ, ਸਭ ਸਿਫਤਾਂ ਮਹਿਸੂਸ ਕਰਨ ਲਗ ਜਾਂਦਾ ਹੈ, ਅਤੇ ਪਾਪ, ਦੁਖ, ਬੀਮਾਰੀ ਅਤੇ ਮੌਤ ਤੋਂ ਆਪਣੇ ਆਪ ਨੂੰ ਸਦਾ ਲਈ ਆਜ਼ਾਦ ਦੇਖਦਾ ਹੈ।

ਜਿਥੇ ਮਨਮੁਖ ਮਨ ਦੇ ਮਗਰ ਲਗ ਕੇ ਸਾਰਾ ਜੀਵਨ ਬੇਅਰਥ ਗਵਾਂਦਾ ਤੇ ਅੰਤ ਵੇਲੇ ਪਛਤਾਂਦਾ ਹੈ:

*ਜੋ ਜਾਗੇ ਸੇ ਉਬਰੇ ਸੁਤੇ ਗਏ ਮੁਹਾਇ ॥*
*ਸਚਾ ਸਬਦੁ ਨ ਪਛਾਣਿਓ ਸੁਪਨਾ ਗਇਆ ਵਿਹਾਇ ॥*
*ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ ॥*
*ਮਨਮੁਖ ਜਨਮੁ ਬਿਰਥਾ ਗਇਆ ਕਿਆ ਮੁਹੁ ਦੇਸੀ ਜਾਇ ॥*

*ਅੰਗ - 35*

ਉਥੇ ਗੁਰਮੁਖ ਆਪਣਾ ਜਨਮ ਗੁਰੂ ਦੀ ਮਤਿ ਅਨੁਸਾਰ ਬਤੀਤ ਕਰਕੇ, ਸਭ ਪਾਸੇ ਸਫਲਤਾ ਪਰਾਪਤ ਕਰਦਾ ਹੈ।

*ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥* *ਅੰਗ - 293*

*ਮਨਮੁਖਿ ਬਿਨਸੈ ਆਵੈ ਜਾਇ ॥*
*ਨਾਨਕ ਗੁਰਮੁਖਿ ਸਾਚਿ ਸਮਾਇ ॥* *ਅੰਗ - 939*

*ਗੁਰਮੁਖਿ ਜਿਤਾ ਮਨਮੁਖਿ ਹਾਰਿਆ ॥* *ਅੰਗ - 310*

ਗੁਰਮੁਖ ਗੁਰੂ ਦੀ ਮਤ ਮਗਰ ਚਲ ਕੇ ਅਕਾਲ ਪੁਰਖ ਦਾ ਰੂਪ ਹੋ ਜਾਂਦਾ ਹੈ। ਅਕਾਲ ਪੁਰਖ ਦੇ ਰੂਪ ਹੋਣ ਦਾ ਮਤਲਬ ਅਕਾਲ ਪੁਰਖ ਵਰਗਾ ਸੁਖੀ, ਅਕਾਲ ਪੁਰਖ ਵਰਗਾ ਸ਼ਕਤੀਵਾਨ, ਅਕਾਲ ਪੁਰਖ ਵਰਗਾ ਨਿਰਭੈ ਅਤੇ ਸਭ ਪਾਸਿਆਂ ਵਲੋਂ ਅਕਾਲ ਪੁਰਖ ਜਿਹਾ ਹੋ ਜਾਂਦਾ ਹੈ।

*ਨਾ ਓਹੁ ਮਰਤਾ ਨਾ ਹਮ ਡਰਿਆ ॥*
*ਨਾ ਓਹੁ ਬਿਨਸੈ ਨਾ ਹਮ ਕੜਿਆ ॥*
*ਨਾ ਓਹੁ ਨਿਰਧਨੁ ਨਾ ਹਮ ਭੂਖੇ ॥*
*ਨਾ ਓਸੁ ਦੂਖੁ ਨ ਹਮ ਕਉ ਦੂਖੇ ॥* *ਅੰਗ - 391*

*ਨਾ ਉਸੁ ਬੰਧਨ ਨਾ ਹਮ ਬਾਧੇ ॥*
*ਨਾ ਉਸੁ ਧੰਧਾ ਨਾ ਹਮ ਧਾਧੇ ॥*
*ਨਾ ਉਸੁ ਮੈਲੁ ਨ ਹਮ ਕਉ ਮੈਲਾ ॥*
*ਓਸੁ ਅਨੰਦੁ ਤ ਹਮ ਸਦ ਕੇਲਾ ॥* *ਅੰਗ - 391*

# ਉਹ ਰਸੁ ਪੀਆ ਏਹ ਰਸੁ ਨਹੀ ਭਾਵਾ

ਇਸ ਗੁਰਵਾਕ ਵਿਚ ਦੁਨੀਆਂ ਦੇ ਝੂਠੇ ਰਸਾਂ ਤੋਂ ਛੁਟਕਾਰਾ ਪਾਣ ਵਾਸਤੇ ਇਕ ਬੜੀ ਜ਼ਰੂਰੀ ਸ਼ਕਤੀ ਰਖੀ ਹੈ, ਜਦ ਤਕ ਆਤਮਕ ਰਸ ਨਾ ਆਵੇ ਦੁਨੀਆਂ ਦੇ ਰਸ ਫਿਕੇ ਪ੍ਰਤੀਤ ਨਹੀਂ ਹੋ ਸਕਦੇ। ਦੁਨੀਆਂ ਦੇ ਫਿਕੇ, ਝੂਠੇ ਤੇ ਆਰਜ਼ੀ ਰਸਾਂ ਨੂੰ ਛਡਣ ਤੋਂ ਪਹਿਲੇ ਮਨੁੱਖ ਨੂੰ ਆਤਮਕ ਰਸ ਦੀ ਚੇਟਕ ਪੈਣੀ ਲਾਜ਼ਮੀ ਹੈ। ਇਕ ਮਹਾਂਪੁਰਖ, ਆਪਣੇ ਸਤਸੰਗੀਆਂ ਨੂੰ ਕਿਹਾ ਕਰਦੇ ਸਨ, 'ਦੁਨੀਆਂਦਾਰ ਆਦਮੀਆਂ ਨੂੰ ਏਹ ਗਲ ਨਾ ਕਹੋ ਕਿ ਦੁਨੀਆਂ ਦੇ ਸਭ ਰਸ ਫਿਕੇ ਹਨ, ਝੂਠੇ ਹਨ, ਨਾਸਵੰਦ ਹਨ। ਉਹਨਾਂ ਨੂੰ ਏਹ ਗਲ ਸਮਝ ਨਹੀਂ ਆਵੇਗੀ, ਕਿਉਂਕਿ ਉਹਨਾਂ ਦਾ ਤਜਰਬਾ ਇਸ ਦੇ ਉਲਟ ਹੈ। ਉਹ ਇੰਦਰਿਆਂ ਦੇ ਰਸਾਂ ਵਿਚ ਬੜਾ ਸਵਾਦ ਮਾਣਦੇ ਹਨ ਅਤੇ ਉਹਨੰ ਨੂੰ ਬੜਾ ਕੁਝ ਸਮਝਦੇ ਹਨ। ਉਹਨਾਂ ਨੂੰ ਆਤਮਕ ਅਨੰਦ ਦੇ ਸਵਾਦ ਦੀ ਚੇਟਕ ਲਗਾਵੋ, ਜਿਉਂ ਜਿਉਂ ਆਤਮਕ ਮਹਾ ਅਨੰਦ ਆਉਂਦਾ ਜਾਵੇਗਾ ਦੁਨੀਆਂ ਦੇ ਰਸ ਆਪੇ ਹੌਲੀ ਹੌਲੀ ਫਿਕੇ ਪਰਤੀਤ ਹੁੰਦੇ ਜਾਣਗੇ।'

ਜਦ ਆਤਮਕ ਅਨੰਦ ਆਉਣਾ ਸ਼ੁਰੂ ਹੋ ਜਾਵੇ, ਤਦ ਵੀ ਜੋ ਇੰਦਰਿਆਂ ਦੇ ਰਸਾਂ ਨੂੰ ਛੇਤੀ ਛੇਤੀ ਨਹੀਂ ਛਡਦਾ, ਉਹ ਇਹਨਾਂ ਦੋਹਾਂ ਕਿਸਮਾਂ ਦੇ ਰਸਾਂ ਨੂੰ ਇਨਸਾਫ ਦੀ ਤਕੜੀ ਤੇ ਤੋਲਦਾ ਹੈ। ਜਿਉਂ ਜਿਉਂ ਆਤਮਕ ਰਸ ਦਾ ਪਲੜਾ ਭਾਰਾ ਹੁੰਦਾ ਜਾਵੇ, ਜੀਵ

ਉਸ ਵਲ ਝੁਕਦਾ ਤੇ ਇੰਦਰਿਆਂ ਦੇ ਰਸਾਂ ਤੋਂ ਬੇਪ੍ਰਵਾਹ ਹੁੰਦਾ ਜਾਂਦਾ ਹੈ।

ਆਤਮਕ ਖੋਜੀ ਨੂੰ ਇਸ ਵਾਸਤੇ ਕੋਸ਼ਿਸ਼ ਇਸ ਗੱਲ ਦੀ ਕਰਨੀ ਚਾਹੀਏ ਕਿ ਉਸ ਦਾ ਆਤਮਕ ਅਨੰਦ ਦਿਨ ਬਦਿਨ ਵਧਦਾ ਜਾਵੇ ਕਿਉਂਕਿ ਉਸ ਵਾਸਤੇ ਇੰਦਰਿਆਂ ਦੇ ਰਸਾਂ ਤੋਂ ਛੁਟਕਾਰਾ ਪਾਣ ਦਾ ਸਿਰਫ ਏਹੋ ਇਕ ਕਾਰਗਰ ਤਰੀਕਾ ਹੈ। ਆਤਮ ਖੋਜੀਆਂ ਦੀ ਬਹੁ-ਗਿਣਤੀ ਦੀ ਤਰੱਕੀ ਇਕ ਐਸੀ ਅਵਸਥਾ ਵਿਚ ਪਹੁੰਚ ਕੇ ਜਿਥੇ ਆਤਮਕ ਰਸ ਅਤੇ ਇੰਦਰਿਆਂ ਦੇ ਰਸਾਂ ਦਾ ਪਲੜਾ ਤਕਰੀਬਨ ਬਰਾਬਰ ਹੋਏ, ਅਗੇ ਵਧਣੋ ਰੁਕ ਜਾਂਦੀ ਹੈ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਉਹ ਗੁਰਮੁਖ ਨਾ ਤੇ ਇਕ ਖਾਸ ਹੱਦ ਤੋਂ ਹੇਠਾਂ ਗਿਰਦੇ ਹਨ ਤੇ ਨਾ ਉਸ ਹਦ ਤੋਂ ਉਚੇ ਉਠਦੇ ਹਨ। ਇੰਦਰਿਆਂ ਦੇ ਵੀ ਜ਼ਿਆਦਾ ਗੁਲਾਮ ਨਹੀਂ ਹੁੰਦੇ ਤਾ ਆਤਮ ਰਸ ਦੇ ਵੀ ਪੂਰਨ ਰਸੀਏ ਨਹੀਂ ਬਣਦੇ।

ਉਹਨਾਂ ਦੀ ਇਹ ਅਵਸਥਾ ਹਮੇਸ਼ਾ ਕਾਇਮ ਨਹੀਂ ਰਹਿੰਦੀ। ਮਨ ਕਦੀ ਇਕ ਜਗ੍ਹਾ ਤੇ ਜ਼ਿਆਦਾ ਨਹੀਂ ਠਹਿਰ ਸਕਦਾ, ਏਹ ਕਦੀ ਨਿੱਚਲਾ ਨਹੀਂ ਬੈਠਦਾ। ਮਨ ਦਾ ਕੰਮ ਹਮੇਸ਼ਾਂ ਹਰਕਤ ਵਿਚ ਰਹਿਣਾ, ਕੁਝ ਨਾ ਕੁਝ ਕਰਦੇ ਰਹਿਣਾ ਹੈ - ਮਾੜਾ ਜਾਂ ਚੰਗਾ। ਅਗਰ ਮਨ ਨੂੰ ਚੰਗੇ ਪਾਸੇ ਨਾ ਲਗਾਇਆ ਜਾਵੇ ਤਾਂ ਇਹ ਮਾੜੇ ਪਾਸੇ ਲਗੇਗਾ, ਇਹ ਖੜਾ ਨਹੀਂ ਰਹਿ ਸਕਦਾ। ਨੀਵੇਂ ਪਾਸੇ ਮਨ ਦਾ ਦੌੜਨਾ ਇਸ ਲਈ ਬੜਾ ਆਸਨ ਹੁੰਦਾ ਹੈ ਕਿਉਂਕਿ ਇਸ ਦੀ ਸਦੀਆਂ ਤੋਂ ਜਨਮ ਜਨਮਾਂਤਰਾਂ ਤੋਂ ਇੰਦਰੀਆਂ ਦੇ ਰਸਾਂ ਵਿਚ ਖਚਤ ਰਹਿਣ ਦੀ ਵਾਦੀ ਪਕੀ ਹੋਈ ਹੁੰਦੀ ਹੈ। ਜਿਵੇਂ ਪਹਾੜੀ ਤੋਂ ਉਤਰਨਾ, ਹੇਠਾਂ ਆਉਣਾ ਆਸਾਨ ਹੁੰਦਾ ਹੈ ਤਿਵੇਂ ਮਨ ਲਈ ਆਤਮਕ ਉਚਾਈ ਤੋਂ ਡਿਗਣਾ, ਇੰਦਰੀਆਂ ਦੇ ਰਸਾਂ ਵਲ ਝੁਕਣਾ ਆਸਾਨ ਹੁੰਦਾ ਹੈ। ਅਗਰ ਮਨ ਦੇ ਸਾਹਮਣੇ ਆਤਮਕ ਰਸ, ਹਰ

ਵੇਲੇ ਰਖੀਏ ਤਾਂ ਇਹ ਇਹਨਾਂ ਵਲ ਦੌੜਨਾ ਤੇ ਉਹਨਾਂ ਨੂੰ ਮਾਨਣਾ ਜਾਰੀ ਰਖੇਗਾ, ਅਗਰ ਅਣਗਿਹਲੀ ਕਰੀ, ਬੇਪਰਵਾਹੀ ਕਰੀਏ ਤਾਂ ਇਹ ਆਪਣੇ ਪੁਰਾਣੇ ਸੁਭਾ ਦੇ ਅਨੁਸਾਰ ਇੰਦਰਿਆਂ ਦੇ ਰਸਾਂ ਵਿਚ ਫੇਰ ਫਸ ਜਾਵੇਗਾ। ਇਸ ਲਈ ਸਤ ਮਾਰਗ ਤੇ ਚਲਣ ਵਾਲੇ ਪੁਰਸ਼ਾਂ ਨੂੰ ਕਦੀ ਵਿਹਲਿਆਂ ਨਹੀਂ ਬੈਠਣਾ ਚਾਹੀਦਾ, ਸਤ ਕਰਮਾਂ ਵਿਚ ਸਤ ਵਿਚਾਰ, ਸਤ ਸੰਗ, ਸੇਵਾ ਉਪਕਾਰ ਵਿਚ ਮਨ ਨੂੰ ਲਗਾਈ ਰਖਣਾ ਚਾਹੀਦਾ ਹੈ।

ਕਈ ਦੋਸਤ ਅਸੀਂ ਇਹ ਗਲ ਕਹਿੰਦੇ ਦੇਖੇ ਹਨ ਕਿ ਜਦ ਤਕ ਸਾਡੇ ਕਰਮ ਠੀਕ ਨਹੀਂ, ਸਾਡੀ ਜ਼ਿੰਦਗੀ ਦਰੁਸਤ ਨਹੀਂ, ਸਾਡਾ ਚਾਲ ਚਲਨ ਪੂਰਣ ਨਹੀਂ, ਸਾਨੂੰ ਭਜਨ, ਬੰਦਗੀ, ਪੂਜਾ, ਪਾਠ ਰੋਜ਼ਾ ਨਮਾਜ਼ ਕੁਝ ਫਾਇਦਾ ਨਹੀਂ ਪਹੁੰਚਾ ਸਕਦੇ। ਇਸੇ ਖਿਆਲ ਦਾ ਇਕ ਉਰਦੂ ਸ਼ੇਅਰ ਹੈ:

ਤੇਰਾ ਦਿਲ ਬੁਤੋਂ ਮੇਂ ਹੈ ਫਸਾ,

ਤੁਝੇ ਕਿਆ ਮਿਲੇਗਾ ਨਮਾਜ਼ ਮੇਂ।

ਮੇਰੇ ਖਿਆਲ ਵਿਚ ਐਸੇ ਲੋਕ ਇਕ ਬੜੇ ਬੇਤਰਸ ਭੁਲੇਖੇ ਦਾ ਸ਼ਿਕਾਰ ਹਨ। ਉਹ ਇਸ ਕਿਸਮ ਦੀ ਗਲਤੀ ਕਰ ਰਹੇ ਹਨ। ਜਿਵੇਂ ਕੋਈ ਇਹ ਗਲ ਆਖੇ ਜੀ ਮੇਰੇ ਤਾਂ ਸਾਰੇ ਕਪੜੇ ਮੈਲ ਨਾਲ ਭਰੇ ਹੋਏ ਹਨ, ਤੰਦ ਤੰਦ ਵਿਚ ਮੈਲ ਪਈ ਹੋਈ ਹੈ, ਮੈਨੂੰ ਸਜੀ ਨੇ, ਸਾਬਣ ਨੇ, ਧੋਬੀ ਨੇ ਕੀ ਫਾਇਦਾ ਪਹੁੰਚਾਣਾ ਹੈ। ਉਸ ਨੂੰ ਇਹ ਪਤਾ ਨਹੀਂ ਕਿ ਅਗਰ ਉਸ ਦੇ ਕਪੜੇ ਸਾਫ ਹੋ ਸਕਦੇ ਹਨ ਤਾਂ ਸਿਰਫ ਸਜੀ, ਸਾਬਣ, ਧੋਬੀ ਦੀ ਖੁੰਭ ਤੇ ਧੋਬੀ ਦੇ ਹੱਥਾਂ ਰਾਹੀਂ ਹੋ ਸਕਦੇ ਹਨ। ਪੂਜਾ, ਪਾਠ, ਬੰਦਗੀ, ਸਿਮਰਨ, ਸ਼ੁਭ ਅਮਲ, ਮਨ ਨੂੰ ਨਿਰਮਲ ਕਰਨ ਵਿਚ ਮਦਦ ਦੇਂਦੇ ਹਨ। ਸਿਵਾਏ ਇਹਨਾਂ ਦੇ ਮਨ ਨੂੰ ਨਿਰਮਲ ਕਰਨ ਦਾ ਅਜੇ ਤਕ ਇਨਸਾਨੀ ਦਿਮਾਗ ਵਿਚੋਂ

ਕੋਈ ਹੋਰ ਤਰੀਕਾ ਨਹੀਂ ਨਿਕਲ ਸਕਿਆ। ਇਹ ਹੋ ਸਕਦਾ ਹੈ ਕਿ ਜ਼ਿਆਦਾ ਮੈਲੇ ਕਪੜੇ ਨੂੰ ਕਈ ਵਾਰੀ ਧੋਣਾ ਪਵੇ, ਜ਼ਿਆਦਾ ਮੈਲੇ ਮਨ ਨੂੰ ਪੂਜਾ ਪਾਠ ਸਿਮਰਨ ਬੰਦਗੀ ਜ਼ਿਆਦਾ ਦੇਰ ਕਰਨੀ ਪਵੇ, ਪਰ ਇਹ ਨਹੀਂ ਹੋ ਸਕਦਾ ਕਿ ਸਾਬਣ ਲਾਇਆਂ ਕਪੜੇ ਦੀ ਕੁਝ ਨਾ ਕੁਝ ਮੈਲ ਨਾ ਉਤਰੇ, ਅਤੇ ਪੂਜਾ ਪਾਠ ਸਿਮਰਨ ਕੀਤਿਆਂ ਮਨ ਕੁਝ ਨਿਰਮਲ ਨਾ ਹੋਵੇ। ਏਹ ਗਲ ਵਖਰੀ ਹੈ ਕਿ ਦੰਭ ਨਾਲ ਵਿਖਾਵੇ ਨਾਲ, ਕੀਤੀ ਹੋਈ ਪੂਜਾ, ਬੰਦਗੀ ਨਤੀਜੇ ਤਸਲੀਬਖਸ਼ ਨਹੀਂ ਕਢਦੀ, ਦਿਖਾਵੇ ਦੀ ਪੂਜਾ ਨਿਮਾਜ਼ ਨਾਲ ਆਤਮਾ ਨਿਰਮਲ ਨਹੀਂ ਹੁੰਦੀ। ਏਸ ਦਾ ਏਹ ਅਰਥ ਕਢਣਾ ਕਿ ਪੂਜਾ ਪਾਠ, ਨਿਤਨੇਮ, ਸਿਮਰਨ, ਅਰਦਾਸ ਸਭ ਬੇਫਾਇਦਾ, ਬੇਲੋੜੇ ਹਨ, ਉਸੇ ਤਰ੍ਹਾਂ ਦੀ ਗਲਤੀ ਹੈ ਜਿਵੇਂ ਏਹ ਕਹਿਣਾ ਕਿਉਂਕਿ ਅਦਾਲਤਾਂ ਵਿਚ ਵੀ ਕਈ ਜਜ ਇਨਸਾਫ ਨਹੀਂ ਕਰਦੇ, ਇਸ ਵਾਸਤੇ ਕਾਨੂੰਨ ਦੀ ਅਤੇ ਅਦਾਲਤਾਂ ਦੀ ਜ਼ਰੂਰਤ ਨਹੀਂ, ਇਹ ਸਭ ਬੇਫਾਇਦਾ ਹਨ ਜਾਂ ਕਿਉਂਕਿ ਦੁਨੀਆਂ ਵਿਚ ਕਈ ਝੂਠੇ ਡਾਕਟਰ ਹਕੀਮ, ਵੈਦ ਨਜ਼ਰ ਆਉਂਦੇ ਹਨ। ਏਸ ਕਰ ਕੇ ਹਿਕਮਤ ਵਿਦਿਆ, ਡਾਕਟਰੀ ਤੇ ਦਵਾਈਆਂ ਦੀ ਕੋਈ ਲੋੜ ਹੀ ਨਹੀਂ, ਸਭ ਫਜ਼ੂਲ ਤੇ ਝੂਠੇ ਹਨ। ਮੈਂ ਆਪਣੀ ਜ਼ਿੰਦਗੀ ਦਾ ਇਕ ਅਸੂਲ ਇਹ ਬਣਾਈ ਰਖਿਆ ਹੈ, ਕਿ ਚਾਹੇ ਕਿਤਨੇ ਮਾੜੇ ਤੋਂ ਮਾੜੇ ਕੰਮ ਵੀ ਕਿਉਂ ਨਾ ਕਰਾਂ, ਰੋਜ਼ਾਨਾ ਗੁਰਬਾਣੀ ਪੜ੍ਹਨ, ਗੁਰੂ ਗਰੰਥ ਸਾਹਿਬ ਦੇ ਦਰਸ਼ਨ, ਅਤੇ ਸਿਮਰਨ ਅਭਿਆਸ ਦਾ ਸਮਾਂ ਨਹੀਂ ਖੁੰਝਾਂਦਾ। ਮੈਂ ਕਈ ਵਾਰੀ ਬੜੇ ਮੈਲੇ ਕਰਮ ਕਰਨ ਦੇ ਬਾਵਜੂਦ ਵੀ ਆਪਣੇ ਨਿਤ ਨੇਮ, ਪਾਠ, ਪੂਜਾ ਅਤੇ ਰਾਤ ਦੇ ਸਿਮਰਨ ਅਭਿਆਸ ਦੇ ਵਕਤ ਨੂੰ ਨਹੀਂ ਖੁੰਝਾਇਆ, ਐਸੇ ਕਾਲੇ ਤੇ ਭਿਆਨਕ ਸਮਿਆਂ ਵਿਚ ਮੇਰੇ ਅੰਦਰੋਂ ਦੋ ਖਿਆਲ ਪੈਦਾ ਹੁੰਦੇ ਸਨ। ਇਕ ਖਿਆਲ ਕਿ ਜਦ ਮੈਂ ਐਸੇ ਮਾੜੇ ਕਰਮ ਕਰ ਸਕਦਾ ਹਾਂ ਤਦ ਮੇਰਾ ਧਰਮ ਵਲ ਰੁਚੀ ਰਖਣਾ

ਗੁਰਬਾਣੀ ਪੜ੍ਹਨੀ, ਗੁਰੂ ਗਰੰਥ ਸਾਹਿਬ ਅਗੇ ਅਰਦਾਸਾਂ ਕਰਨੀਆਂ ਅਤੇ ਸਿਮਰਨ ਅਭਿਆਸ ਵਿਚ ਬੈਠਣਾ ਸਭ ਨਿਸਫਲ ਹਨ। ਇਹ ਇਸ ਬਾਤ ਦਾ ਪੂਰਾ ਸਬੂਤ ਹੈ ਕਿ ਮੈਂ ਇਹ ਸਭ ਕੁਝ ਕਰ ਕੇ ਵੀ ਫੇਰ ਮਾੜੇ ਕਰਮ ਕਰ ਸਕਦਾ ਹਾਂ, ਮੇਰੀ ਸਭ ਪੂਜਾ ਪਾਠ ਤੇ ਲਾਅਨਤ ਹੈ, ਮੇਰੀ ਸਭ ਕੋਸ਼ਿਸ਼ ਧ੍ਰਿਗ ਹੈ, ਮੇਰਾ ਜੀਵਨ ਧ੍ਰਿਗ ਹੈ। ਇਸ ਕਿਸਮ ਦੇ ਖਿਆਲ ਆ ਆ ਕੇ ਮੈਨੂੰ ਇਤਨਾ ਨਿਰਾਸ਼ ਕਰ ਦੇਂਦੇ ਹੁੰਦੇ ਸਨ ਕਿ ਮੈਂ ਆਤਮਘਾਤ ਕਰਨ ਤੋਂ ਬਿਨਾਂ ਆਪਣਾ ਹੋਰ ਕੋਈ ਇਲਾਜ ਨਹੀਂ ਸੀ ਸਮਝਦਾ। ਦੂਸਰਾ ਖਿਆਲ ਮੇਰੇ ਦਿਲ ਵਿਚੋਂ ਇਹ ਉਠਦਾ ਸੀ ਕਿ ਤੰਦਰੁਸਤ ਨਾਲੋਂ ਰੋਗੀ ਨੂੰ ਦਵਾਈਆਂ ਤੇ ਡਾਕਟਰ ਦੀ ਜ਼ਿਆਦਾ ਜ਼ਰੂਰਤ ਹੈ। ਮੈਂ ਆਤਮਿਕ ਰੋਗੀ ਹਾਂ, ਮੈਨੂੰ ਨੇਕਾਂ, ਚੰਗੀਆਂ, ਮਹਾਂ ਪੁਰਖਾਂ ਤੇ ਰੂਹਾਨੀ ਤੌਰ ਤੇ ਤੰਦਰੁਸਤ ਲੋਕਾਂ ਨਾਲੋਂ, ਪੂਜਾ ਪਾਠ ਗੁਰਬਾਣੀ ਤੇ ਸਿਮਰਨ ਦੀ ਜ਼ਿਆਦਾ ਜ਼ਰੂਰਤ ਹੈ। ਮੈਨੂੰ ਗੁਰਬਾਣੀ ਦੀ ਗੁਰੂ ਦੀ, ਰਬ ਦੀ ਸਭ ਤੋਂ ਜ਼ਿਆਦਾ ਲੋੜ ਹੈ ਕਿਉਂਕਿ ਮੈਂ ਆਮ ਲੋਕਾਂ ਨਾਲੋਂ ਜ਼ਿਆਦਾ ਮਾੜਾ ਹਾਂ। ਮੇਰਾ ਤਾਂ ਸਿਰਫ ਆਸਰਾ ਹੀ ਨਿਰਮਾਣ ਅਰਦਾਸਾਂ, ਤੇ ਸਚੀ ਪੱਕੀ ਤੇ ਲਗਾਤਾਰ ਭਗਤੀ ਹੋਣੀ ਚਾਹੀਦੀ ਹੈ। ਰੋਗੀ ਜੇ ਇਲਾਜ ਤੇ ਦਵਾਈਆਂ ਛਡ ਦੇਵੇ ਤਾਂ ਜ਼ਰੂਰ ਮਰ ਜਾਵੇਗਾ, ਜੇ ਮੈਂ ਗੁਰਬਾਣੀ ਸਿਮਰਨ ਬੰਦਗੀ ਛਡ ਦਿਤੀ ਤਾਂ ਇਹ ਮੇਰਾ ਆਤਮਘਾਤ ਹੋਵੇਗਾ, ਮੈਂ ਫੇਰ ਕਦੀ ਵੀ ਨਾ ਜਿਊ ਸਕਾਂਗਾ, ਸਦਾ ਲਈ ਇੰਦਰਿਆਂ ਦੇ ਵਿਸ਼ੇ ਰੂਪੀ ਸਮੁੰਦਰ ਵਿਚ ਅਲੋਪ ਹੋ ਜਾਵਾਂਗਾ, ਸਦਾ ਲਈ ਮੁਕ ਜਾਵਾਂਗਾ। ਉਸ ਵਕਤ ਰਬ ਦੀ ਮੇਹਰ ਗੁਰੂ ਦੀ ਕਿਰਪਾਲਤਾ ਮੈਨੂੰ ਇੰਝ ਲਗਦੀ ਸੀ ਜਿਵੇਂ ਕਿਸੇ ਡੁਬਦੇ ਨੂੰ ਸਹਾਰੇ ਲਈ ਘਾਹ ਦਾ ਤੀਲਾ ਜਾਂ ਹਨੇਰੇ ਮੈਦਾਨ ਵਿਚ ਬੈਠੇ ਹੋਏ ਨੂੰ ਕਿਸੇ ਉਚੇ ਪਰਬਤ ਤੇ ਜਗ ਰਿਹਾ ਨਿਕਾ ਜਿਹਾ ਦੀਵਾ। ਮੇਰੀਆਂ ਰੋ ਰੋ ਕੇ ਅਰਦਾਸਾਂ ਕਰਨ ਦਾ ਏਹੋ ਨਤੀਜਾ

ਹੁੰਦਾ ਸੀ ਕਿ ਮੇਰੇ ਮਨ ਵਿਚੋਂ ਇਕ ਉਤਸ਼ਾਹ ਦੀ ਲਹਿਰ ਉਠਣ ਲਗ ਜਾਂਦੀ ਸੀ ਅਤੇ ਮੇਰੇ ਮਨ ਨੂੰ ਕੋਈ ਅਗੰਮ ਵਿਚੋਂ ਆ ਰਹੀ ਆਵਾਜ਼ ਆਖਦੀ ਹੁੰਦੀ ਸੀ ਕਿ ਸਭ ਤੋਂ ਛੋਟੇ ਬੱਚੇ ਵਿਚ ਮਾਤਾ ਦੀ ਜਾਨ ਹੁੰਦੀ ਹੈ, ਕਮਜ਼ੋਰ ਊਣੇ ਤੇ ਵਿਰਵੇ ਬੱਚਿਆਂ ਦਾ ਮਾਪਿਆਂ ਨੂੰ ਸਿਆਣੇ, ਤਕੜੇ ਤੇ ਜਵਾਨ ਬੱਚਿਆਂ ਨਾਲੋਂ ਜ਼ਿਆਦਾ ਖਿਆਲ ਹੁੰਦਾ ਹੈ। ਡਾਕਟਰ ਸਭ ਤੰਦਰੁਸਤਾਂ ਦੇ ਘਰ ਛਡ ਕੇ ਬੀਮਾਰਾਂ ਦੇ ਘਰ ਵਿਚ ਫੇਰਾ ਪਾਂਦਾ ਹੈ। ਡਾਕਟਰ ਮਿਲਦਾ ਹੀ ਹਸਪਤਾਲ ਵਿਚ ਹੈ ਜਾਂ ਬੀਮਾਰਾਂ ਦੇ ਘਰ ਹੈ ............ ਤੇਰੀ ਬੇਹਬਲਤਾ, ਨਿਰਮਾਣਤਾ ਹੌੜੇ ਤੇ ਬੇਉਮੀਦੀ ਵਿਚੋਂ ਤੇਰੀ ਕਿਸਮਤ ਨੇ ਜਾਗਣਾ ਹੈ, ਘਬਰਾ ਨਾ, ਫਤਹ ਵਾਹਿਗੁਰੂ ਦੇ ਹੱਥ ਹੈ, ਤੇਰਾ ਕੰਮ ਵਿਤ ਅਨੁਸਾਰ ਬਦੀ ਦਾ ਮੁਕਾਬਲਾ ਕਰਨਾ ਹੈ, ਹਾਰ ਨਾ ਮੰਨਣ ਵਾਲਾ 'ਸ਼ਹੀਦ' ਕਹਾਂਦਾ ਹੈ। ਇਸ ਤਰ੍ਹਾਂ ਦੇ ਖਿਆਲ ਆ ਆ ਕੇ ਮੈਨੂੰ ਫੇਰ ਖੜਾ ਕਰ ਦੇਂਦੇ ਸਨ, ਆਸ ਬਨ੍ਹਾ ਦੇਂਦੇ ਸਨ।

ਹੁਣ ਮੈਂ ਸੋਚਦਾ ਹਾਂ ਕਿ ਮੇਰੇ ਨਿਰਾਸਤਾ ਵਾਲੇ ਸਭ ਖਿਆਲ ਗਲਤ ਸਨ, ਜੇ ਮੈਂ ਉਹਨਾਂ ਖਿਆਲਾਂ ਦੇ ਮਗਰ ਲਗ ਜਾਂਦਾ ਤਾਂ ਮੈਂ ਲਾ ਇਲਾਜ ਰੋਗੀ ਹੋ ਜਾਣਾ ਸੀ, ਅਤੇ ਉਸ ਮੈਲੇ ਕਪੜੇ ਵਾਂਗਰ ਜਿਸ ਨੂੰ ਸਾਬਣ ਅਤੇ ਧੋਬੀ ਦੀ ਸੰਗਤ ਤੋਂ ਸਦਾ ਲਈ ਵਾਂਝਿਆਂ ਰਖਿਆ ਜਾਵੇ, ਕਦੀ ਨਿਰਮਲ ਤੇ ਸਾਫ ਹੋਣ ਦਾ ਸੁਫਨਾ ਨਹੀਂ ਸੀ ਲੈ ਸਕਣਾ।

ਮੈਂ ਆਪਣੇ ਤਜਰਬੇ ਵਿਚ ਇਹ ਆਤਮਕ ਸਚਾਈ ਸੋਲਾਂ ਆਨੇ ਸਚ ਦੇਖੀ ਹੈ ਕਿ ਆਤਮਕ ਰਸ ਦੇ ਅਨੰਦ ਆਉਣ ਨਾਲ ਇੰਦਰਿਆਂ ਦੇ ਰਸ ਫਿਕੇ ਪੈਂਦੇ ਪੈਂਦੇ ਕਿਸੇ ਵੇਲੇ ਤੁਛ ਤੇ ਘਿਰਣਾਯੋਗ ਲਗਣ ਲਗ ਜਾਂਦੇ ਹਨ।

*ਰਹਤ ਰਹਤ ਰਹਿ ਜਾਹਿ ਬਿਕਾਰਾ*

*ਗੁਰ ਪੂਰੇ ਕੈ ਸਬਦਿ ਅਪਾਰਾ ॥* *ਅੰਗ - 259*

ਜਿਤਨਾ ਵਧ ਕੋਈ ਰੋਗੀ ਹੋਵੇ ਉਸ ਨੂੰ ਉਤਨੀ ਜ਼ਿਆਦਾ ਦਵਾਈ ਤੇ ਡਾਕਟਰਾਂ ਦੀ ਜ਼ਰੂਰਤ ਹੁੰਦੀ ਹੈ, ਜਿਤਨਾ ਮਨ ਮਲੀਨ ਹੋਵੇ ਉਤਨੀ ਜ਼ਿਆਦਾ ਸਤ ਸੰਗਤ ਕਰਨ ਦੀ, ਸਤਿ ਪੁਰਖਾਂ ਦੇ ਮਿਲਣ ਦੀ, ਸਤ ਮਾਰਗ ਤੇ ਚਲਣ ਦੀ ਲੋੜ ਹੈ। ਇਹ ਖਿਆਲ ਕਿ ਪਹਿਲੋਂ ਨੇਕ ਬਣ ਲਈਏ, ਪਹਿਲੋਂ ਕਰਮ ਠੀਕ ਕਰ ਲਈਏ, ਫੇਰ ਭਜਨ ਬੰਦਗੀ ਕਰਾਂਗੇ, ਬੜੀ ਭਾਰੀ ਗਲਤੀ ਹੈ। ਭਜਨ ਬੰਦਗੀ, ਘਾਲਣਾ, ਇਬਾਦਤ ਜਿਤਨਾ ਆਦਮੀ ਦਾ ਮਨ ਮਲੀਨ ਹੋਵੇ ਉਤਨੀ ਹੀ ਜ਼ਿਆਦਾ ਜ਼ਰੂਰੀ ਹੈ।

*ਮੂਤ ਪਲੀਤੀ ਕਪੜੁ ਹੋਇ ॥*
*ਦੇ ਸਾਬੂਣੁ ਲਈਐ ਓਹੁ ਧੋਇ ॥*
*ਭਰੀਐ ਮਤਿ ਪਾਪਾ ਕੈ ਸੰਗਿ ॥*
*ਓਹੁ ਧੋਪੈ ਨਾਵੈ ਕੈ ਰੰਗਿ ॥* *ਅੰਗ - 4*

ਜਤ ਆਤਮਕ ਰਸ, ਜੋ ਕਿ ਪੂਜਾ ਪਾਠ, ਰੋਜ਼ਾ ਨਮਾਜ਼, ਨਿਤ ਨੇਮ ਸਿਮਰਨ ਆਦਿ ਦਾ ਫਲ ਹੈ - ਆ ਜਾਵੇ ਤਦ ਇੰਦਰਿਆਂ ਦੇ ਰਸ ਖੁਦ ਬਖੁਦ ਹੌਲੀ ਹੌਲੀ ਜੀਵਨ ਵਿਚੋਂ ਉਸੇ ਤਰ੍ਹਾਂ ਨਿਕਲ ਜਾਣਗੇ ਜਿਵੇਂ ਮਖਣ ਵਿਚੋਂ ਵਾਲ, ਕਿਉਂਕਿ ਅਸਲ ਆਤਮਕ ਅਵਸਥਾ ਵਿਚ ਇਹਨਾਂ ਦੀ ਕੋਈ ਹਸਤੀ ਹੀ ਨਹੀਂ, ਮਿਥਿਆ ਹਨ, ਅਸਤ ਹਨ, ਭੁਲੇਖਾ ਜਾਂ ਸੁਪਨਾ ਹਨ। ਪਰ ਇਹ ਕੁਝ ਐਸੇ ਉਦੋਂ ਹੀ ਲਗਦੇ ਹਨ ਜਦੋਂ ਇਹਨਾਂ ਤੋਂ ਛੁਟਕਾਰਾ ਪਾ ਲਈਏ।

ਆਪਣੇ ਆਪ ਨੂੰ ਆਤਮਕ ਰਸੀਆ ਬਨਾਣ ਵਾਸਤੇ ਆਤਮਕ ਰਸੀਆਂ ਦੀ ਸੰਗਤ ਕਰਨੀ ਚਾਹੀਦੀ ਹੈ, ਆਤਮਕ ਰਸ ਵਿਚ ਰਤਿਆਂ ਦੇ ਬਚਨਾਂ ਨੂੰ ਵਿਚਾਰਨਾ ਚਾਹੀਦਾ ਹੈ, ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਸਤਿਕਾਰ ਨਾਲ, ਪਰੇਮ ਨਾਲ, ਪੜ੍ਹਨਾ ਤੇ

ਵਿਚਾਰਨਾ ਚਾਹੀਦਾ ਹੈ, ਗੁਰਬਾਣੀ ਦਾ ਕੀਰਤਨ ਇਕ ਮਨ ਹੋ ਸੁਣਨਾ ਚਾਹੀਦਾ ਹੈ ਅਤੇ ਜਦ ਏਥੋਂ ਤਕ ਗੁਰਸਿੱਖ ਕਰਨ ਲਗ ਜਾਵੇ ਉਸ ਨੂੰ ਇਹ ਨਹੀਂ ਸਮਝਣਾ ਚਾਹੀਦਾ ਕਿ ਹੁਣ ਆਤਮਕ ਰਸ ਦੀ ਹਦ ਪਹੁੰਚ ਗਈ ਹੈ, ਅਗੇ ਹੋਰ ਕੁਝ ਨਹੀਂ। ਗੁਰਬਾਣੀ ਹੀ ਖੁਦ ਉਸ ਨੂੰ ਨਾਮ ਅਭਿਆਸ ਵਲ ਪਰੇਰੇਗੀ ਅਤੇ ਨਾਮ ਅਭਿਆਸ ਵਿਚ ਜਿਉਂ ਜਿਉਂ ਉਸ ਦਾ ਮਨ ਟਿਕਣਾ ਸ਼ੁਰੂ ਹੋਵੇਗਾ ਉਹ ਆਪਣੇ ਅੰਦਰ ਇਕ ਨਵੀਂ ਦੁਨੀਆਂ, ਨਵੀਂ ਜ਼ਿੰਦਗੀ ਪਰਤੀਤ ਕਰਨੀ ਸ਼ੁਰੂ ਕਰੇਗਾ, ਜੋ ਜ਼ਿੰਦਗੀ ਕਿ ਰਸ-ਰੂਪ ਭਰੀ ਸਦੀਵੀ ਜੀਵਨ ਹੁੰਦੀ ਚਲੀ ਜਾਵੇਗੀ। ਆਖਰ ਗੁਰਸਿੱਖ ਆਤਮਕ ਰਸ ਦੀ ਇਕ ਐਸੀ ਹਾਲਤ ਵਿਚ ਪਹੁੰਚੇਗਾ ਕਿ ਉਸ ਦੇ ਜੀਵਨ ਦਾ ਅਧਾਰ, ਸਵਾਸ ਸਵਾਸ ਦਾ ਸ਼ੁਗਲ ਤੇ ਜ਼ਿੰਦਗੀ ਦਾ ਮਨੋਰਥ ਸਿਵਾਏ ਆਤਮਕ ਰਸ ਦੇ ਹੋਰ ਕੁਝ ਨਹੀਂ ਰਹੇਗਾ। ਉਥੇ ਪਹੁੰਚ ਕੇ ਉਸ ਦੇ ਭੁਲੇਖੇ ਦੀ ਅਸਲ ਅਰਥਾਂ ਵਿਚ ਅੱਖ ਖੁਲ੍ਹੇਗੀ ਅਤੇ ਇੰਦਰਿਆਂ ਦੇ ਰਸ, ਜਗਤ ਦੇ ਨਾਸਵੰਦ ਤੇ ਝੂਠੇ ਰਸ ਉਸ ਨੂੰ ਪੋਹ ਤਕ ਨਹੀਂ ਸਕਣਗੇ। ਉਸ ਦੀ ਸਮਝ (Consciousness) ਵਿਚ ਇਹਨਾਂ ਦੀ ਕੋਈ ਜਗ੍ਹਾ ਨਹੀਂ ਰਹੇਗੀ। ਇੰਦਰਿਆਂ ਦੇ ਰਸਾਂ ਦੀ ਉਸ ਨੂੰ ਇਕ ਭਿਆਨਕ ਸੁਫਨੇ ਦੀ ਤਰ੍ਹਾਂ ਯਾਦ ਆਵੇਗੀ ਜਿਸ ਤੋਂ ਕਿ ਸਦਾ ਲਈ ਉਸ ਦੀ ਅੱਖ ਖੁਲ੍ਹ ਚੁਕੀ ਹੋਵੇਗੀ।

# ਸੂਰਬੀਰ ਅਕਾਲੀ

ਜਦ ਅਸੀਂ ਕਿਸੇ ਸਿੱਖ ਨੂੰ ਅਕਾਲੀ ਬਾਣੇ ਵਿਚ - ਕਾਲੀ ਦਸਤਾਰ, ਗਾਤਰੇ ਕਿਰਪਾਨ, ਅੱਖਾਂ ਵਿਚ ਨਿਰਭੈਤਾ ਅਤੇ ਦਿਲ ਵਿਚ ਗੁਰੂ ਘਰ ਦੀ ਸ਼ਾਨ ਨੂੰ ਕਾਇਮ ਰਖਣ ਵਾਸਤੇ ਮਰ ਮਿਟਣ ਦੀ ਲਾਲਸਾ - ਦੇਖਦੇ ਹਾਂ ਤਾਂ ਸਾਡੀ ਖੁਸ਼ੀ ਦੀ ਹਦ ਨਹੀਂ ਰਹਿੰਦੀ, ਉਹ ਸਾਡੀਆਂ ਅੱਖਾਂ ਅਗੇ ਸਾਰੇ ਸਿੱਖ ਇਤਿਹਾਸ ਦੀ ਇਕ ਜਿਉਂਦੀ ਜਾਗਦੀ, ਚਲਦੀ ਫਿਰਦੀ ਤੇ ਮੂਹੋਂ ਬੋਲਦੀ ਤਸਵੀਰ ਹੈ। ਇਸ ਨੇ ਗੁਰੂ ਘਰ ਵਾਸਤੇ ਜੋ ਜੋ ਕੁਰਬਾਨੀਆਂ ਕੀਤੀਆਂ ਹਨ ਉਹ ਸਿੱਖ ਕੌਮ ਕਦੀ ਨਹੀਂ ਭੁਲ ਸਕਦੀ। ਪੰਜਾਬ ਵਿਚ ਕਿਹੜਾ ਇਤਿਹਾਸਕ ਗੁਰਦੁਆਰਾ ਹੈ ਜਿਸ ਦੇ ਇਰਦ ਗਿਰਦ ਅਕਾਲੀ ਸੂਰਬੀਰਾਂ ਦਾ ਕਦੀ ਨਾ ਕਦੀ ਲਹੂ ਨਾ ਡੁਲ੍ਹਿਆ ਹੋਵੇ। ਗੌਰ ਨਾਲ ਤਕਿਆਂ ਪੰਜਾਬ ਦਾ ਪੋਟਾ ਪੋਟਾ ਅਕਾਲੀ ਸੂਰਬੀਰਾਂ ਦੀ ਰੱਤ ਨਾਲ ਸਿੰਜਿਆ ਪਿਆ ਦਿਸੇਗਾ। ਇਸ ਸਜੇ ਹੋਏ ਅਕਾਲੀ ਦੇ ਸ਼ੇਰ ਵਰਗੇ ਚਿਹਰੇ ਵਲ ਤਕ ਕੇ ਸਾਨੂੰ ਇਸ ਦੀਆਂ ਸਾਰੀਆਂ ਪਿਛੇ ਕੀਤੀਆਂ ਕੁਰਬਾਨੀਆਂ ਚੇਤੇ ਆ ਜਾਂਦੀਆਂ ਹਨ - ਸਾਰੇ ਘਲੂਘਾਰੇ, ਸਾਰਾ ਨਨਕਾਣੇ ਸਾਹਿਬ ਦਾ ਸਾਕਾ, ਸਾਕੇ ਗੁਰੂ ਕੇ ਬਾਗ ਦੇ, ਜੈਤੋ ਦੇ ਮੋਰਚੇ, ਉਹ ਡਾਂਗਾਂ ਦੀ ਮਾਰ, ਉਹ ਘੋੜਿਆਂ ਦੇ ਪੈਰਾਂ ਵਿਚ ਤੇ ਇੰਜਣਾਂ ਦੇ ਪਹੀਆਂ ਥਲੇ ਇਸ ਦਾ ਕੁਚਲਿਆ ਜਾਣਾ, ਉਹ ਜੇਲ੍ਹਾਂ ਦਾ ਅਕਾਲੀ ਜਥਿਆਂ ਨਾਲ ਭਰਪੂਰ ਹੋਣਾ, ਇਹ ਸਭ ਕੁਝ,

ਅਕਾਲੀ ਸੂਰਬੀਰ ਦੇ ਚਿਹਰੇ ਵਲ ਤਕਣ ਨਾਲ ਸਾਨੂੰ ਯਾਦ ਆ ਜਾਂਦਾ ਹੈ ਅਤੇ ਇਹੋ ਦਿਲ ਕਰਦਾ ਹੈ ਕਿ ਇਸ ਪਰਉਪਕਾਰੀ ਦੇ ਚਰਨਾਂ ਦੀ ਧੂੜ ਮਥੇ ਤੇ ਲਗਾ ਲਈਏ।

ਜਿਥੇ ਅਸੀਂ ਇਸ ਲੇਖ ਦਵਾਰਾ ਅਕਾਲੀ ਸੂਰਬੀਰ ਸਬੰਧੀ ਆਪਣੇ ਦਿਲ ਦਾ ਸਤਿਕਾਰ ਪਰਗਟ ਕਰਨਾ ਚਾਹੁੰਦੇ ਹਾਂ ਉਥੇ ਅਸੀਂ ਅਕਾਲੀ ਸੂਰਬੀਰ ਦੀ ਸੇਵਾ ਵਿਚ ਕੁਝ ਬੇਨਤੀਆਂ ਕਰਨੀਆਂ ਵੀ ਮੁਨਾਸਬ ਸਮਝਦੇ ਹਾਂ। ਅਗਰ ਸਾਡੀਆਂ ਬਨੇਤੀਆਂ ਵਲ ਉਸ ਨੇ ਧਿਆਨ ਦਿਤਾ ਤਾਂ ਆਪਣੇ ਭਵਿਖਤ ਨੂੰ ਪਿਛੇ ਨਾਲੋਂ ਵੀ ਜ਼ਿਆਦਾ ਸ਼ਾਨਦਾਰ ਬਣਾ ਸਕੇਗਾ।

1) ਅਕਾਲੀ ਉਹ ਹੈ ਜੋ ਆਪਣੇ ਆਪ ਨੂੰ ਇਕ ਅਕਾਲ ਪੁਰਖ ਦੀ ਚੀਜ਼ ਸਮਝੇ। ਇਸ ਵਾਸਤੇ ਅਕਾਲੀ ਨੂੰ ਆਪਣੇ ਜੀਵਨ ਦਾ ਆਦਰਸ਼, ਆਪਣੀਆਂ ਸਰਗਰਮੀਆਂ ਦਾ ਨਿਸ਼ਾਨਾ ਆਪਣੀਆਂ ਕੁਰਬਾਨੀਆਂ ਦਾ ਮਨੋਰਥ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਖੁਸ਼ੀ ਹਾਸਲ ਕਰਨ ਦੇ ਸਿਵਾ ਹੋਰ ਕੁਝ ਨਹੀਂ ਹੋਣਾ ਚਾਹੀਦਾ। ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੀ ਸਭ ਤੋਂ ਵਡੀ ਖੁਸ਼ੀ ਇਸ ਤੋਂ ਸਿਵਾ ਹੋਰ ਕੁਝ ਨਹੀਂ ਹੋ ਸਕਦੀ ਕਿ ਉਹਨਾਂ ਦੇ ਮਿਸ਼ਨ ਨੂੰ ਅਕਾਲੀ ਆਪਣਾ ਮਿਸ਼ਨ ਸਮਝੇ, ਉਹਨਾਂ ਦੇ ਨੁਕਤਾ ਨਿਗਾਹ ਨੂੰ ਸਮਝ ਕੇ ਅਕਾਲੀ ਆਪਣਾ ਨੁਕਤਾ ਨਿਗਾਹ ਵੀ ਐਸਾ ਹੀ ਬਣਾਏ। ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਜੋ ਸੰਦੇਸ਼ ਅਕਾਲੀ ਸੂਰਬੀਰ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦੇ ਗਏ ਹਨ, ਉਸ ਅਨੁਸਾਰ ਅਕਾਲੀ ਸੂਰਬੀਰ ਨੂੰ ਕਦੀ ਸੁਫਨੇ ਵਿਚ ਵੀ ਇਹ ਖਿਆਲ ਨਹੀਂ ਆਉਣਾ ਚਾਹੀਦਾ ਕਿ ਉਸ ਨੇ ਕਿਸੇ ਵੇਲੇ ਦੁਨੀਆਂ ਉਤੇ ਦੁਨਿਆਵੀ ਰਾਜ ਕਾਇਮ ਕਰਨਾ ਹੈ। ਅਕਾਲੀ ਨੂੰ ਕਿਸੇ ਕੌਮ ਜਾਂ ਮੁਲਕ ਤੇ ਆਪਣਾ ਰਾਜ ਉਤਨਾ

ਹੀ ਮਾੜਾ ਤੇ ਭੱਦਾ ਮਾਲੂਮ ਹੋਣਾ ਚਾਹੀਦਾ ਹੈ ਜਿਤਨਾ ਉਹ ਕਿਸੇ ਕੌਮ ਜਾਂ ਮੁਲਕ ਦਾ ਰਾਜ ਆਪਣੇ ਉੱਤੇ ਬੁਰਾ ਸਮਝਦਾ ਹੈ। ਜਿਸ ਅਕਾਲੀ ਦੇ ਦਿਲ ਵਿਚ ਦੁਨੀਆਂ ਉੱਤੇ ਆਪਣੀ ਰਾਜਸੀ ਤਾਕਤ ਕਾਇਮ ਕਰਨ ਦਾ ਖਿਆਲ ਹੈ ਉਸ ਨੂੰ ਸਾਡੀ ਇਹ ਬੇਨਤੀ ਘੁਟ ਕੇ ਪੱਲੇ ਬੰਨ੍ਹਣੀ ਚਾਹੀਦੀ ਹੈ ਕਿ ਉਸ ਦੀਆਂ ਕੋਸ਼ਿਸ਼ਾਂ ਅਤੇ ਸਰਗਰਮੀਆਂ ਦੇ ਪਿਛੇ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਹਥ ਨਹੀਂ ਰਹੇਗਾ।

ਅਕਾਲੀ ਸੂਰਬੀਰ ਨੂੰ ਪਤਾ ਹੋਣਾ ਚਾਹੀਦਾ ਹੈ ਕਿ "ਰਾਜ ਕਰੇਗਾ ਖਾਲਸਾ" ਤੋਂ ਮੁਰਾਦ ਕਿਸੇ ਦੁਨਿਆਵੀ ਰਾਜ ਦੀ ਨਹੀਂ। ਖਾਲਸਾ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅਪਣਾ ਰੂਪ ਆਖਿਆ ਸੀ, ਕਦੀ ਕਿਸੇ ਮਾਨਸਕ ਰਾਜ ਦਾ ਸੁਫਨਾ ਨਹੀਂ ਲੈ ਸਕਦਾ। ਅਕਾਲੀ ਨੇ ਦੁਨੀਆਂ ਤੇ ਰਾਜ ਜ਼ਰੂਰ ਕਾਇਮ ਕਰਨਾ ਹੈ ਪਰ ਉਹ ਰਾਜ ਗੁਰੂ ਨਾਨਕ ਦਾ ਰਾਜ ਹੋਵੇਗਾ, ਗੁਰੂ ਗੋਬਿੰਦ ਸਿੰਘ ਦਾ ਰਾਜ ਹੋਵੇਗਾ, ਗੁਰੂ ਗਰੰਥ ਸਾਹਿਬ ਦਾ ਰਾਜ ਹੋਵੇਗਾ, ਰੱਬ ਦਾ ਰਾਜ ਹੋਵੇਗਾ ਜਿਸ ਵਿਚ ਤਲਵਾਰ ਦਾ ਕੰਮ ਸਿਵਾਏ ਗਰੀਬਾਂ, ਅਨਾਥਾਂ, ਮਜ਼ਲੂਮਾਂ ਦੀ ਸਹਾਇਤਾ ਅਤੇ ਜ਼ੁਲਮ, ਪਾਪ ਅਨਿਆਏ ਦੇ ਮੁਕਾਬਲੇ ਦੇ ਹੋਰ ਕੁੱਝ ਨਹੀਂ ਹੋਵੇਗਾ, ਜਿਸ ਰਾਜ ਵਿਚ ਤਲਵਾਰ 'ਆਤਮ ਗਿਆਨ' ਦੀ ਰਾਖੀ ਕਰੇਗੀ, ਉਸ ਦੀ ਦਾਸੀ ਬਣ ਕੇ ਰਹੇਗੀ।

ਅਕਾਲੀ ਸੂਰਬੀਰ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਕਿਰਪਾਨ ਜੋ ਉਸ ਨੇ ਆਪਣੇ ਗਾਤਰੇ ਵਿਚ ਸਜਾਈ ਹੋਈ ਹੈ, ਕਿਸੇ ਵਕਤ ਉਸ ਨੂੰ ਬੜਾ ਭਾਰੀ ਧੋਖਾ ਦੇ ਸਕਦੀ ਹੈ। ਕਿਸੇ ਵੇਲੇ ਉਸ ਦੇ ਦਿਲ ਵਿਚ ਹੁਕਮਰਾਨੀ ਦਾ ਖਿਆਲ ਪੈਦਾ ਕਰ ਸਕਦੀ ਹੈ, ਕਿਸੇ ਵੇਲੇ ਉਸ ਨੂੰ ਹੰਕਾਰੀ ਬਣਾ ਸਕਦੀ ਹੈ। ਹੰਕਾਰ ਨੂੰ

ਭੰਨਣਾ ਹੀ ਤਾਂ ਗੁਰੂ ਨਾਨਕ ਦੀ ਤਾਲੀਮ ਦਾ ਨਿਸ਼ਾਨਾ ਹੈ ਇਸ ਵਾਸਤੇ ਜੇ ਕਿਰਪਾਨ ਕਿਸੇ ਵੇਲੇ ਹੰਕਾਰ ਪੈਦਾ ਕਰੇ ਤਾਂ ਇਸ ਵਰਗੀ ਧੋਖੇਬਾਜ਼ ਚੀਜ਼ ਅਕਾਲੀ ਵਾਸਤੇ ਹੋਰ ਨਹੀਂ ਹੋ ਸਕਦੀ। ਇਸ ਵਾਸਤੇ ਅਕਾਲੀ ਸੂਰਬੀਰ ਨੂੰ ਚੰਗੀ ਤਰ੍ਹਾਂ ਪਤਾ ਹੋਣਾ ਚਾਹੀਦਾ ਹੈ ਕਿ ਉਹ 'ਕ੍ਰਿਪਾਨ' ਰੂਪੀ ਭਿਆਨਕ ਅੱਗ ਨਾਲ ਖੇਡ ਰਿਹਾ ਹੈ। ਜੇ ਉਸ ਦੇ ਦਿਲ ਵਿਚ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਅਤੇ ਅਕਾਲ ਪੁਰਖ ਦੀ ਸੇਵਾ ਦਾ ਤੇ ਨਿਰਮਾਣ ਸੇਵਾ ਦਾ ਭਾਵ ਹੈ ਤਾਂ ਇਹ ਤਲਵਾਰ ਉਸ ਵਾਸਤੇ ਅੰਮ੍ਰਿਤ ਦਾ ਕੰਮ ਕਰੇਗੀ ਪਰ ਜੇ ਉਹ ਆਪਣੇ ਦਿਲ ਵਿਚੋਂ ਸੇਵਾ ਦੇ ਭਾਵ ਨੂੰ ਕੱਢ ਦੇਵੇਗਾ ਤਾਂ ਇਹੋ ਤਲਵਾਰ ਉਸ ਦੇ ਵਾਸਤੇ ਜ਼ਹਿਰ ਸਾਬਤ ਹੋਵੇਗੀ। ਉਸ ਦੀ ਸਾਰੀ ਪਿਛਲੀ ਘਾਲ ਨੂੰ ਨਸ਼ਟ ਕਰ ਦੇਵੇਗੀ।

ਦੁਨੀਆਂ ਦਾ ਇਤਿਹਾਸ ਸਾਬਤ ਕਰਦਾ ਹੈ, ਕਿ ਪੈਗੰਬਰ, ਅਵਤਾਰ ਜਾਂ ਮਹਾਂਪੁਰਖ ਆ ਕੇ ਦੁਨੀਆਂ ਨੂੰ ਆਤਮਕ ਰੋਸ਼ਨੀ ਤੇ ਆਤਮਕ ਬਲ ਬਖਸ਼ਦੇ ਹਨ। ਉਨ੍ਹਾਂ ਦੇ ਸਿਖ ਉਨ੍ਹਾਂ ਦੀ ਉਮਤ ਉਸ ਆਤਮਕ ਰੋਸ਼ਨੀ ਤੇ ਆਤਮਕ ਬਲ ਦਾ ਸਦਕਾ ਮਾਨਸਕ ਬਲ ਤੇ ਦੁਨਿਆਵੀ ਰਾਜ ਪਰਬੰਧ ਕਾਇਮ ਕਰਨ ਲਗ ਜਾਂਦੇ ਹਨ ਅਤੇ ਹੌਲੀ ਹੌਲੀ ਆਤਮਕ ਬਲ ਭੁਲਾ ਕੇ ਮਾਨਸਕ ਬਲ ਦੇ ਪੁਜਾਰੀ ਬਣ ਜਾਂਦੇ ਹਨ ਅਤੇ ਇਸ ਤਰ੍ਹਾਂ ਆਪੇ ਹੀ ਅਪਣੇ ਪੈਗੰਬਰਾਂ, ਅਵਤਾਰਾਂ ਦੇ ਉਚੇ ਆਸ਼ੇ ਨੂੰ ਮਲੀਆਮੇਟ ਕਰ ਦੇਂਦੇ ਹਨ।

ਸੂਰਬੀਰ ਅਕਾਲੀ ਨੇ ਸੰਸਾਰ ਦੇ ਇਤਿਹਾਸ ਤੋਂ ਪੂਰਾ ਫਾਇਦਾ ਉਠਾਣਾ ਹੈ ਅਤੇ ਆਪਣੀ ਕਮਜ਼ੋਰੀ ਜਾਂ ਖੁਦਗਰਜ਼ੀ ਦੇ ਕਾਰਨ ਆਪਣੇ ਗੁਰੂ ਸਾਹਿਬਾਨ ਦੇ ਆਦਰਸ਼ ਨੂੰ ਮਲੀਆਮੇਟ ਨਹੀਂ ਕਰਨਾ।

2) ਦੂਸਰੀ ਬੇਨਤੀ ਜੋ ਅਸੀਂ ਅਕਾਲੀ ਸੂਰਬੀਰ ਦੇ ਚਰਨਾਂ ਵਿਚ ਕਰਨੀ ਚਾਹੁੰਦੇ ਹਾਂ ਉਹ ਇਹ ਹੈ ਕਿ ਉਸ ਨੂੰ ਆਪਣੇ ਆਪ ਨੂੰ ਗੁਰੂ ਘਰ ਦਾ ਸੇਵਾਦਾਰ ਸਮਝਣਾ ਚਾਹੀਦਾ ਹੈ ਅਤੇ ਕਦੀ ਇਸ ਤੋਂ ਵਧ ਦਾਅਵਾ ਨਹੀਂ ਕਰਨਾ ਚਾਹੀਦਾ। ਏਥੇ ਅਕਾਲੀ ਸੂਰਬੀਰ ਸਾਡੇ ਨਾਲ ਸ਼ਾਇਦ ਸਹਿਮਤ ਨਾ ਹੋਵੇ, ਪਰ ਅਸੀਂ ਉਸ ਦੇ ਚਰਨਾਂ ਵਿਚ ਬੜੇ ਅਦਬ ਨਾਲ ਬੇਨਤੀ ਕਰਾਂਗੇ ਕਿ ਉਹ ਨਾਨਕ ਪਾਤਸ਼ਾਹ ਦੇ ਅਗੰਮੀ ਖਜ਼ਾਨਿਆਂ ਦਾ ਪਹਿਰੇਦਾਰ ਹੈ, ਮਾਲਕ ਨਹੀਂ। ਅਕਾਲੀ ਸੂਰਬੀਰ ਜੇਕਰ ਸਾਨੂੰ ਪੁਛੇ ਕਿ ਜੇਕਰ ਉਹ ਇਤਨੀਆਂ ਕੁਰਬਾਨੀਆਂ ਕਰਦਾ ਹੋਇਆ ਵੀ ਗੁਰੂ ਨਾਨਕ ਦੇ ਘਰ ਦਾ ਪਹਿਰੇਦਾਰ ਹੀ ਹੈ ਤਾਂ ਫਿਰ ਇਸ ਘਰ ਦਾ ਮਲਕ ਕੌਣ ਹੈ? ਅਸੀਂ ਉਸ ਦੀ ਸੇਵਾ ਵਿਚ ਪ੍ਰਾਰਥਨਾ ਕਰਾਂਗੇ ਕਿ ਗੁਰੂ ਨਾਨਕ ਦੇ ਘਰ ਦਾ ਮਾਲਕ ਸਾਰਾ ਜਗਤ ਹੈ - ਇਸ ਸੰਸਾਰ ਵਿਚ ਹਰ ਇਕ ਉਸ ਪਰਾਣੀ ਤੋਂ ਲੈ ਕੇ ਜਿਸ ਨੂੰ ਨੇਕ ਬਨਣ ਦੀ ਇਛਿਆ ਅਜੇ ਗੁਰੂ ਨਾਨਕ ਦੇ ਦਰ ਤੇ ਲਿਆਈ ਹੀ ਹੈ, ਅਤੇ ਉਸ ਪਰਾਣੀ ਤਕ ਜੋ ਪੂਰਨ ਬ੍ਰਹਮ ਗਿਆਨੀ ਦਾ ਦਰਜਾ ਹਾਸਲ ਕਰ ਗਿਆ ਹੈ, ਜਿਤਨੇ ਪਰਾਣੀ ਹਨ, ਉਹ ਸਭ ਗੁਰੂ ਨਾਨਕ ਦੇ ਘਰ ਦੇ ਹਕਦਾਰ ਹਨ। ਅਕਾਲੀ ਸੂਰਬੀਰ ਦੀ ਗੁਰੂ ਨਾਨਕ ਦੀ ਗੋਦ ਵਿਚ ਇਕ ਖਾਸ ਜਗ੍ਹਾ ਤਾਂ ਜ਼ਰੂਰ ਹੈ ਪਰ ਜੇ ਇਹ ਹਥ ਪੈਰ ਚੌੜੇ ਕਰ ਕੇ ਸਾਰੀ ਗੋਦ ਨੂੰ ਮਲ ਲੈਣਾ ਚਾਹੇ ਤਾਂ ਇਸ ਦੀ ਸ਼ਾਨ ਦੇ ਲਾਇਕ ਨਹੀਂ ਹੋਵੇਗਾ। ਤਾਂ ਫਿਰ ਅਕਾਲੀ ਸੂਰਬੀਰ ਕਿਸ ਮੂੰਹ ਨਾਲ ਆਖ ਸਕੇਗਾ ਕਿ ਗੁਰੂ ਨਾਨਕ ਦੇਵ ਜਗਤ ਗੁਰੂ ਸਨ। ਜੇ ਗੁਰੂ ਸਨ ਤਾਂ ਸਾਰੇ ਜਗਤ ਨੂੰ ਗੁਰੂ ਨਾਨਕ ਦੇ ਸਿੱਖ ਹੋਣ ਦਾ ਹੱਕ ਹੈ। ਉਹ ਲੋਕ ਜੋ ਜਾਂ ਤੇ ਅਕਾਲੀ ਸੂਰਬੀਰ ਵਾਂਗਰ ਕੁਰਬਾਨੀ ਨਹੀਂ ਕਰ ਸਕਦੇ, ਜਾਂ ਅਕਾਲੀ ਸੂਰਬੀਰ ਨਾਲ ਸਾਰੇ ਖਿਆਲਾਂ ਵਿਚ ਸਹਿਮਤ ਨਹੀਂ, ਉਹ ਵੀ ਗੁਰੂ ਨਾਨਕ ਦੇਵ ਦੇ ਸਿੱਖ

ਕਹਿਲਾਣ ਦੇ ਹੱਕਦਾਰ ਹਨ। ਬੰਗਾਲ ਵਿਚ ਨਾਨਕ ਪੰਥੀ ਲੱਖਾਂ ਦੀ ਤਾਦਾਦ ਵਿਚ ਹਨ, ਜੋ ਬੰਗਾਲੀ ਹੁੰਦਿਆਂ ਹੋਇਆ ਜਪੁਜੀ ਸਾਹਿਬ ਦਾ ਪਰੇਮ ਸਹਿਤ ਰੋਜ਼ਾਨਾ ਪਾਠ ਕਰਦੇ ਅਸੀਂ ਆਪਣੀ ਕੰਨੀਂ ਸੁਣੇ ਹਨ। ਕੀ ਇਹ ਅਕਾਲੀ ਸੂਰਮੇ ਦੇ ਭਰਾ ਨਹੀਂ? ਕੀ ਇਹ ਗੁਰੂ ਨਾਨਕ ਦੇ ਝੰਡੇ ਥਲੇ ਖਲੋਣ ਦੇ ਹੱਕਦਾਰ ਨਹੀਂ?

3) ਤੀਸਰੀ ਬੇਨਤੀ ਸਾਡੀ ਅਕਾਲੀ ਸੂਰਬੀਰ ਅਗੇ ਇਹ ਹੈ ਕਿ ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਸੰਤ-ਸਿਪਾਹੀ ਹੈ, ਨਿਰਾ ਸਿਪਾਹੀ ਨਹੀਂ। ਨਿਰੇ ਸਿਪਾਹੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲੇ ਵੀ ਹੁੰਦੇ ਸਨ ਤੇ ਪਿਛੋਂ ਵੀ ਹੁੰਦੇ ਰਹੇ ਹਨ ਤੇ ਹੁਣ ਵੀ ਸਾਰਾ ਸੰਸਾਰ·ਸ਼ਸਤਰਬੰਦ ਸਿਪਾਹੀ ਬਣਿਆ ਬੈਠਾ ਹੈ। ਗੁਰੂ ਗੋਬਿੰਦ ਸਿੰਘ ਦਾ ਅਕਾਲੀ ਸੂਰਬੀਰ ਸੰਤ ਹੈ ਅਤੇ ਜੇ ਇਸ ਦੇ ਸੰਤਾਂ ਵਾਲੇ ਜੀਵਨ ਵਿਚ ਕੋਈ ਵਿਘਨ ਪਾਵੇ ਤਾਂ ਖੰਡੇ ਦੀ ਧਾਰ ਨਾਲ ਇਹ ਆਪਣੇ ਸੰਤ-ਅੰਗ ਦੀ ਰਛਿਆ ਕਰਦਾ ਹੈ। ਸੂਰਬੀਰ ਅਕਾਲੀ ਦੇ ਸੁਭਾ ਦਾ ਉਸ ਦੇ ਜੀਵਨ ਦਾ ਪ੍ਰਧਾਨ ਅੰਗ 'ਸੰਤ' ਹੈ ਜਿਸ ਦੀ ਰਖਸ਼ਾ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਗਾਤਰੇ ਕ੍ਰਿਪਾਨ ਲਟਕਾਣ ਦਾ ਹੁਕਮ ਦਿਤਾ ਸੀ।

ਜੇਕਰ ਸਾਡੀਆਂ ਬਨੇਤੀਆਂ ਉਤੇ ਅਕਾਲੀ ਸੂਰਬੀਰ ਵਿਚਾਰ ਕਰੇਗਾ ਤਾਂ ਸਾਨੂੰ ਯਕੀਨ ਹੈ, ਉਸ ਦੇ ਸਭ ਕੰਮਾਂ ਵਿਚ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਹਥ ਰਹੇਗਾ, ਉਸ ਦੇ ਸਭ ਕਾਰਜ ਰਾਸ ਹੁੰਦੇ ਰਹਿਣਗੇ, ਉਸ ਦੀ ਹਰ ਮੈਦਾਨ ਫਤਹ ਹੋਵੇਗੀ।

# ਇਨਕਲਾਬੀ ਯੋਧਾ

ਜੇਕਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਉਮਰ ਕਿਤੇ ਗੁਰੂ ਅਮਰ ਦੇਵ ਜੀ ਜਾਂ ਗੁਰੂ ਨਾਨਕ ਦੇਵ ਜੇਡੀ ਹੁੰਦੀ ਤਾਂ ਅਜ ਹਿੰਦੁਸਤਾਨ ਦਾ ਰਾਜਸੀ ਨਕਸ਼ਾ ਹੋਰ ਦਾ ਹੋਰ ਹੋਣਾ ਸੀ। ਕਹਿੰਦੇ ਹਨ ਗੁਰੂ ਗੋਬਿੰਦ ਸਿੰਘ ਜੀ ਇਕਤਾਲੀ ਸਾਲ ਦੀ ਉਮਰ ਵਿਚ ਹੀ ਪਰਲੋਕ ਗਮਨ ਕਰ ਗਏ ਪਰ ਸਿੱਖਾਂ ਦੇ ਜੀਵਨ ਵਿਚ ਅਤੇ ਉਸ ਵਕਤ ਦੇ ਰਾਜਸੀ ਮੰਡਲ ਵਿਚ ਜੋ ਹਜ਼ੂਰ ਨੇ ਇਸ ਥੋੜੀ ਜਿਹੀ ਉਮਰ ਵਿਚ ਇਨਕਲਾਬ ਲਿਆਂਦਾ, ਅਜ ਬੜੇ ਸਿਆਣਿਆਂ ਦੀ ਅਕਲ ਨੂੰ ਚਕ੍ਰਿਤ ਕਰ ਰਿਹਾ ਹੈ।

ਸਾਹਿਬ ਗੁਰੂ ਗਬਿੰਦ ਸਿੰਘ ਜੀ ਬਚਪਨ ਤੋਂ ਹੀ ਆਮ ਬੱਚਿਆਂ ਨਾਲੋਂ ਅਲਹਿਦਾ ਤੇ ਅਨੋਖੀ ਤਬੀਅਤ ਦੇ ਮਾਲਕ ਸਨ ਅਤੇ ਗੁਰੂ ਤੇਗ ਬਹਾਦਰ ਜਿਹੇ ਪੂਰਨ ਮਹਾਤਮਾ ਨੂੰ ਆਪ ਦੇ ਇਕ ਛੋਟੇ ਜਿਹੇ ਬਚਨ ਤੋਂ ਹੀ ਆਪ ਦੀ ਆਉਣ ਵਾਲੀ ਬਜ਼ੁਰਗੀ, ਦ੍ਰਿੜਤਾ ਨਿਰਭੈਤਾ ਤੇ ਕੁਰਬਾਨੀ ਵਾਲੀ ਜ਼ਿੰਦਗੀ ਦਾ ਫੋਟੋ ਨਜ਼ਰ ਆ ਗਿਆ ਸੀ। ਨੌਂ ਸਾਲ ਦੇ ਬੱਚੇ ਦੇ ਮੁਖ ਤੋਂ ਇਹ ਬਚਨ ਸੁਣ ਕੇ, "ਪਿਤਾ ਜੀ ਆਪ ਤੋਂ ਵਧ ਕਿਹੜਾ ਮਹਾਂਪੁਰਖ ਹੈ ਜੋ ਆਪਣਾ ਸਿਰ ਦੇ ਕੇ ਹਿੰਦੂ ਧਰਮ ਨੂੰ ਬਚਾਏ, ਜਿਥੇ ਸਾਰੀ ਸਭਾ ਵਿਚ ਬੈਠੇ ਗੁਰਸਿੱਖਾਂ ਅਤੇ ਕਸ਼ਮੀਰ ਤੋਂ ਆਏ ਪੰਡਤਾਂ ਦਾ ਦਿਲ ਦਹਿਲ ਗਿਆ ਉਥੇ ਗੁਰੂ ਤੇਗ ਬਹਾਦਰ ਵਰਗੀ ਉਚੀ ਆਤਮਾ ਨੂੰ ਆਪਣੇ

ਸਪੁਤਰ ਵਿਚ, ਉਸ ਨੌ-ਸਾਲ ਦੀ ਆਯੂ ਵਿਚ ਆਪਣੇ ਬਾਦ ਗੁਰਿਆਈ ਸੰਭਾਲਣ ਤੇ ਕੌਮ ਦੀ ਅਗਵਾਈ ਕਰਨ ਦੇ ਬੀਜ ਨਜ਼ਰ ਆਏ।"

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸੁਭਾ ਵਿਚ ਸ਼ੁਰੂ ਤੋਂ ਹੀ ਇਹ ਖਾਸੀਅਤ ਸੀ ਕਿ ਆਪ ਆਲੇ ਦਵਾਲੇ ਦੇ ਹਾਲਾਤ ਦੇ ਅਸਰ ਹੇਠ ਆ ਕੇ ਕਦੀ ਕੋਈ ਕੰਮ ਨਹੀਂ ਸਨ ਕਰਦੇ ਸਗੋਂ ਆਪਣੇ ਅੰਦਰੋਂ ਆ ਰਹੀ ਆਤਮਕ ਰਹਿਨੁਮਾਈ ਦੀ ਰੋਸ਼ਨੀ ਅਨੁਸਾਰ ਆਪਣੇ ਆਲੇ ਦੁਆਲੇ ਨੂੰ ਢਾਲਦੇ ਤੇ ਤਰਤੀਬ ਦਿੰਦੇ ਸਨ। ਸਚੇ ਮਹਾਂਪੁਰਖਾਂ ਦੀ ਵਡੀ ਨਿਸ਼ਾਨੀ ਏਹੋ ਹੁੰਦੀ ਹੈ ਕਿ ਉਹ ਆਲੇ ਦੁਆਲੇ ਦੇ ਅਸਰ ਹੇਠ ਦਬਦੇ ਨਹੀਂ ਸਗੋਂ ਉਸ ਤੇ ਕਾਬੂ ਪਾ ਕੇ ਆਪਣੇ ਆਲੇ ਦੁਆਲੇ ਨੂੰ ਆਪਣੇ ਖਿਆਲ ਦੇ ਮੁਤਾਬਕ ਘੜਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੂੰ ਬਚਪਨ ਵਿਚ ਹੀ ਇਹ ਸੂਝ ਸੀ ਕਿ ਪਿਤਾ ਦੀ ਸ਼ਹੀਦੀ ਮਗਰੋਂ ਮਾਮਲੇ ਨੇ ਖਤਮ ਨਹੀਂ ਹੋ ਜਾਣਾ, ਸਗੋਂ ਧਰਮ ਤੇ ਜ਼ੁਲਮ ਦੀ ਛਿੜ ਸ਼ੁਰੂ ਹੋਣੀ ਹੈ। ਪਿਤਾ ਦੇ ਸੀਸ ਨੂੰ ਰੰਗਰੇਟੇ ਪਾਸੋਂ ਲੈ ਕੇ ਅਤੇ ਉਸ ਰੰਗਰੇਟੇ ਨੂੰ 'ਗੁਰੂ ਕੇ ਬੇਟੇ' ਆਖ ਕੇ ਇਸ ਇਨਕਲਾਬੀ ਬਾਲਕ ਨੇ ਦੁਨੀਆਂ ਦੇ ਬੱਚਿਆਂ ਵਾਂਗਰ ਆਪਣੇ ਆਪ ਨੂੰ ਯਤੀਮ ਤੇ ਬੇ-ਸਹਾਰਾ ਨਹੀਂ ਸਮਝਿਆ ਸਗੋਂ ਪਿਤਾ ਦੀ ਸ਼ਹਾਦਤ ਦੀ ਸਪਿਰਟ ਨੂੰ ਆਪਣੇ ਦਿਲ ਵਿਚ, ਆਪਣੇ ਦਿਮਾਗ ਵਿਚ ਅਤੇ ਖੂਨ ਦੇ ਕਤਰੇ ਕਤਰੇ ਵਿਚ ਪਰਵੇਸ਼ ਕਰਾ ਕੇ, ਉਸ ਰੱਬੀ ਜੋਤ ਨੂੰ ਸਦਾ ਆਪਣੇ ਅੰਗ ਸੰਗ ਸਮਝਕੇ ਸਾਰੀ ਉਮਰ ਖੁਦ ਵੀ ਕੁਰਬਾਨੀਆਂ ਕਰਨ ਵਿਚ ਗੁਜ਼ਾਰੀ।

ਬਚਪਨ ਵਿਚ ਤੀਰ ਮਾਰਕੇ ਪਾਣੀ ਭਰਨ ਆਈਆਂ ਇਸਤ੍ਰੀਆਂ ਦੇ ਘੜੇ ਤੋੜਨੇ, ਜਮਨਾ ਵਿਚ ਸੋਨੇ ਦੇ ਕੜੇ ਨੂੰ ਸੁਟ

ਕੇ ਮਾਤਾ ਦੇ ਪੁਛਣ ਤੇ ਕਿ ਕੜਾ ਕਿਥੇ ਗਵਾਇਆ ਹੈ? ਉਸ ਦੀ ਉਂਗਲ ਫੜ ਕੇ ਜਮਨਾ ਦੇ ਕਿਨਾਰੇ ਲੈ ਜਾਣਾ ਤੇ ਦੂਸਰਾ ਕੜਾ ਹਥੋਂ ਉਤਾਰ ਜਮਨਾ ਵਿਚ ਸੁਟ ਕੇ ਆਖਣਾ ਕਿ ਮਾਤਾ ਜੀ ਪਹਿਲਾ ਕੜਾ ਵੀ ਏਥੇ ਗਵਾਇਆ ਹੈ। ਪਿਤਾ ਨੂੰ ਸ਼ਹੀਦ ਹੋਣ ਵਾਸਤੇ ਪਰੇਰਨਾ, ਪਿਤਾ ਦੇ ਸੀਸ ਨੂੰ ਰੰਗਰੇਟੇ ਤੋਂ ਲੈ ਕੇ ਚੁੰਮਣਾ ਅਤੇ ਸਾਰੇ ਪਰਿਵਾਰ ਦੇ ਸਿਰਾਂ ਨੂੰ ਰਾਹੇ ਹੱਕ ਤੇ ਲਗਾਣ ਦੀ ਦਿਲ ਵਿਚ ਠਾਨਣੀ, ਬੱਚੇ ਕੁਰਬਾਨ ਕਰਕੇ ਅਕਾਲ ਪੁਰਖ ਦਾ ਸ਼ੁਕਰ ਕਰਨਾ, ਐਸੇ ਕੰਮ ਸਨ ਜਿਨ੍ਹਾਂ ਨੂੰ ਦੇਖ ਕੇ ਇਨਸਾਨ ਤੇ ਇਕ ਪਾਸੇ, ਕਾਇਨਾਤ ਦਾ ਜ਼ੱਰਾ ਜ਼ੱਰਾ ਪਿਆ ਆਖਦਾ ਸੀ ਕਿ ਇਹ ਪੁਰਸ਼ ਆਮ ਪੁਰਸ਼ਾਂ ਵਾਂਗਰ ਨਹੀਂ, ਇਸਦੀ ਗਲ ਗਲ ਤੋਂ ਨਵੀਨਤਾ ਤੇ ਇਨਕਲਾਬ ਟਪਕਦਾ ਹੈ।

ਪਿਤਾ ਦੀ ਸ਼ਹਾਦਤ ਮਗਰੋਂ ਜਦ ਮਾਤਾ ਗੁਜਰੀ ਜੀ ਨੇ ਅਤੇ ਮਾਮੇ ਕ੍ਰਿਪਾਲ ਚੰਦ ਅਤੇ ਹੋਰ ਖਾਨਦਾਨ ਦੇ ਬਜ਼ੁਰਗਾਂ ਅਤੇ ਸ਼ਰਧਾਲੂ ਸਿੱਖਾਂ ਨੇ ਦੇਖਿਆ ਕਿ ਕਲਗੀਧਰ ਸਿੱਖਾਂ ਵਿਚ ਜੱਗੀ ਸਪਿਰਟ ਦਾ ਖੁਲਮ ਖੁਲ੍ਹਾਂ ਪਰਚਾਰ ਕਰ ਰਹੇ ਹਨ ਤਾਂ ਸਭ ਨੇ ਆਪ ਨੂੰ ਸਮਝਾਣ ਦੀ ਕੋਸ਼ਿਸ਼ ਕੀਤੀ ਕਿ ਆਲੇ ਦਵਾਲੇ ਸਭ ਪਹਾੜੀ ਰਾਜੇ ਦੁਸ਼ਮਣ ਬਣੀ ਬੈਠੇ ਹਨ ਅਤੇ ਮੁਗਲਾਂ ਦੀ ਦੇਸ਼ ਵਿਚ ਸੋ ਸਾਲ ਤੋਂ ਕਾਇਮ ਹੋਈ ਪਕੀਆਂ ਲੀਹਾਂ ਵਾਲੀ ਤਾਕਤ ਹੈ, ਇਸਦਾ ਅਸੀਂ ਅਕੱਲੇ ਕਿਵੇਂ ਮੁਕਾਬਲਾ ਕਰ ਸਕਦੇ ਹਾਂ, ਤੁਸੀਂ ਆਪਣੇ ਇਰਾਦੇ ਤੋਂ ਬਾਜ਼ ਆਵੋ। ਤਦਾ ਹਜ਼ੂਰ ਵਿਚੋਂ ਉਹੋ ਨਿਰਭੈਤਾ ਗਰਜ ਕੇ ਬੋਲੀ ਜਿਸ ਨੇ ਪਿਤਾ ਨੂੰ ਸ਼ਹੀਦ ਹੋਣ ਵਾਸਤੇ ਪਰੇਰਿਆ ਸੀ:

*ਸਵਾ ਲਾਖ ਸੇ ਏਕ ਲੜਾਊਂ॥*
*ਚਿੜੀਓਂ ਸੇ ਮੈਂ ਬਾਜ ਤੁੜਾਊਂ॥*
*ਤਬੀ ਗੋਬਿੰਦ ਸਿੰਘ ਨਾਮ ਕਹਾਊਂ॥*

ਅਨੰਦਪੁਰ ਵਿਚ ਵਿਸਾਖੀ ਦਾ ਮਸ਼ਹੂਰ ਦੀਵਾਨ ਸਜਾਣਾ ਪੰਜਾਂ ਸਿਰਾਂ ਦੀ ਮੰਗ ਕਰਨੀ, ਜਾਤ ਪਾਤ ਦੀ ਸਦੀਆਂ ਤੋਂ ਪ੍ਰਚਲਤ ਰਸਮ ਨੂੰ ਤੋੜਕੇ ਸਿਰਲਥ ਪੰਜਾਂ ਪਿਆਰਿਆਂ ਨੂੰ ਇਕੱਠੇ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਾਣਾ ਅਤੇ ਆਖਣਾ ਕਿ ਅਜ ਤੋਂ ਤੁਹਾਡੀ ਮਾਤਾ ਸਾਹਿਬ ਦੇਵਾਂ ਅਤੇ ਪਿਤਾ ਗੁਰੂ ਗੋਬਿੰਦ ਸਿੰਘ ਹੈ, ਤੁਹਾਡਾ ਘਰ ਅਨੰਦਪੁਰ ਅਤੇ ਖਾਣਾ, ਪੀਣਾ, ਜਾਇਦਾਦ ਸਭ ਸਾਂਝੇ ਹਨ, ਤੁਹਾਡਾ ਜੀਵਨ ਬੰਦਗੀ ਤੇ ਪਰਉਪਕਾਰ ਹੈ ਅਤੇ ਆਦਰਸ਼ ਸਚਾਈ ਤੋਂ ਕੁਰਬਾਨ ਹੋਣਾ ਹੈ, ਖਾਲਸੇ ਨੂੰ ਇਕ ਪਾਸੇ ਗੁਟਕਾ ਤੇ ਦੂਸਰੇ ਪਾਸੇ ਕਿਰਪਾਨ ਪਹਿਨਣ ਦਾ ਉਪਦੇਸ਼ ਦੇਣਾ, ਨੀਚ ਤੇ ਅਛੂਤ ਜਾਤੀ ਦੇ ਕਾਇਰ ਲੋਕਾਂ ਵਿਚ ਸਵਾ ਲਖੀ ਸਪਿਰਟ ਭਰਨੀ, ਹਿੰਦੂ ਕੌਮ ਦੀ ਗੁਲਾਮੀ ਦੀ ਜ਼ੇਹਨੀਅਤ ਬਦਲਣੀ ਅਤੇ ਉਸ ਨੂੰ ਵਾਹਿਗੁਰੂ ਜੀ ਕੀ ਫਤਹ ਆਖਣਾ ਸਿਖਾਣਾ ਹਜ਼ੂਰ ਦੀ ਜ਼ਿੰਦਗੀ ਦੇ ਐਸੇ ਵਾਕਿਆਤ ਹਨ ਜੋ ਕਿ ਆਪ ਨੂੰ ਮੁਢ ਤੋਂ ਅਖੀਰ ਤਕ ਐਸਾ ਇਨਕਲਾਬੀ ਯੋਧਾ ਸਿਧ ਕਰਦੇ ਹਨ, ਜਿਸ ਦੀ ਮਿਸਾਲ ਦੁਨੀਆਂ ਦੇ ਸਾਰੇ ਇਤਿਹਾਸ ਵਿਚ ਨਹੀਂ ਮਿਲਦੀ। ਉਂਜ ਤਾਂ ਆਪ ਦੀ ਹਰ ਬਾਤ, ਹਰ ਚਾਲ ਨਵੀਨਤਾ ਭਰੀ ਹੁੰਦੀ ਸੀ ਪਰ ਮੇਰੇ ਖਿਆਲ ਵਿਚ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਫੇਰ ਉਹਨਾਂ ਦੇ ਸਾਹਮਣੇ ਹੀ ਹੱਥ ਜੋੜ ਕੇ ਖਲੋ ਜਾਣਾ ਅਤੇ ਆਪਣੇ ਸ਼ਾਗਿਰਦਾਂ, ਆਪਣੇ ਸਿੱਖਾਂ ਪਾਸੋਂ ਅੰਮ੍ਰਿਤ ਛਕਣ ਦੀ ਦਰਖਾਸਤ ਕਰਨੀ ਇਕ ਐਸੀ ਨਵੀਂ ਤੇ ਅਜੀਬ ਗਲ ਸੀ, ਜਿਸ ਦੀ ਮਿਸਾਲ ਨਾ ਅਜ ਤਕ ਮਿਲੀ ਹੈ ਨਾ ਮਿਲੇਗੀ।

ਸਰਬ ਸਾਂਝੀਵਾਲਤਾ ਤੇ ਸਰਬ ਸਮਾਨਤਾ ਦੇ ਅਸੂਲ ਨੂੰ ਮੇਰੇ ਖਿਆਲ ਵਿਚ ਸਭ ਤੋਂ ਪਹਿਲੇ ਜਨਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਿਮਾਗ ਨੇ ਦਿਤਾ ਹੈ। ਮੌਜੂਦਾ ਸਾਂਝੀਵਾਲਤਾ ਦਾ ਰੂਸ ਤੋਂ ਉਪਜਿਆ ਖਿਆਲ ਕਈ ਪਹਿਲੂਆਂ ਤੋਂ ਕਾਫੀ ਅਧੂਰਾ

ਹੈ। ਇਸ ਵਿਚ ਨਾਸਤਕਤਾ ਦੀਆਂ ਰੁਚੀਆਂ ਹੋਣ ਕਰਕੇ ਇਹ ਕਦੀ ਇਨਸਾਨ ਦੀ ਬਹੁ ਗਿਣਤੀ ਨੂੰ ਸੰਤੁਸ਼ਟ ਨਹੀਂ ਕਰ ਸਕੇਗਾ, ਹੋਰ ਤੇ ਹੋਰ ਰੂਸ ਵਿਚ ਖੁਦ ਲੋਕਾਂ ਦੀਆਂ ਰੁਚੀਆਂ ਆਸਤਕਤਾ ਵਲ ਮੁੜ ਰਹੀਆਂ ਹਨ। ਸੰਸਾਰ ਦੇ ਭਵਿਖਤ ਦਾ ਸੁਖ, ਅਮਨ ਤੇ ਤਸੱਲੀ, ਸਾਹਿਬ ਗੁਰੂ ਗੋਬਿੰਦ ਸਿੰਘ ਜੀ ਵਲੋਂ ਪਰਚਾਰ ਕੀਤੀ ਗਈ, ਆਸਤਕਤਾ ਵਾਲੀ ਸਾਂਝੀਵਾਲਤਾ ਤੇ ਸਮਾਨਤਾ ਦੀ ਸਕੀਮ ਵਿਚ ਹੈ।

ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਉਪਦੇਸ਼ ਨੇ ਸਿੱਖਾਂ ਦੀ ਰਹਿਣੀ ਬਹਿਣੀ ਪੁਸ਼ਾਕ ਖੁਰਾਕ ਤੇ ਖਿਆਲਾਂ ਵਿਚ ਇਤਨਾ ਭਾਰਾ ਇਨਕਲਾਬ ਲਿਆਂਦਾ ਉਥੇ ਇਕ ਗਲ ਖਾਸ ਨੋਟ ਕਰਨ ਵਾਲੀ ਅਤੇ ਹਮੇਸ਼ਾਂ ਯਾਦ ਰਖਣ ਵਾਲੀ ਇਹ ਹੈ ਕਿ ਹਜ਼ੂਰ ਨੇ ਗੁਰੂ ਨਾਨਕ ਜਾਂ ਆਪਣੇ ਤੋਂ ਪਹਿਲੇ ਗੁਰੂਆਂ ਤੀ ਤਾਲੀਮ ਵਿਚ ਜ਼ਰਾ ਜਿੰਨਾ ਫਰਕ ਨਹੀਂ ਪੈਣ ਦਿਤਾ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦਾ ਸਿੱਖ, ਗੁਰੂ ਨਾਨਕ ਦੇਵ ਜਾਂ ਗੁਰੂ ਰਾਮਦਾਸ ਦੇ ਸਮੇਂ ਦੇ ਸਿੱਖਾਂ ਨਾਲੋਂ ਸ਼ਕਲ ਵਜਾਹ, ਪਹਿਰਾਵੇ ਅਤੇ ਰਹਿਤ ਬਹਿਤ ਵਿਚ ਬਿਲਕੁਲ ਉਹੀ ਸੀ ਜੋ ਪਹਿਲੀ ਜਾਂ ਪੰਜਵੀਂ ਪਾਤਸ਼ਾਹੀ ਦੇ ਵੇਲੇ ਦੇ ਸਿਖਾਂ ਦੀ ਸੀ। ਹਜ਼ੂਰ ਦੇ ਜੀਵਨ ਨੂੰ ਵਿਚਾਰਨ ਤੋਂ ਪਤਾ ਲਗੇਗਾ ਕਿ ਆਪ ਦਾ ਆਤਮਕ ਨੁਕਤਾ ਨਿਗਾਹ ਸੋਲਾਂ ਆਨੇ ਉਹੀ ਸੀ ਜੋ ਗੁਰੂ ਨਾਨਕ ਜਾਂ ਗੁਰੂ ਅਰਜਨ ਦੇਵ ਦਾ ਸੀ। ਆਪ ਨੇ ਸਾਰੀ ਦਬਦੀਲੀ, ਸਾਰਾ ਇਨਕਲਾਬ ਸਿੱਖਾਂ ਦੇ ਬਾਹਰ ਦੇ ਜਾਂ ਜ਼ਾਹਿਰਾ ਜੀਵਨ ਵਿਚ ਕੀਤਾ। ਗੁਰੂ ਗੋਬਿੰਦ ਸਿੰਘ ਦੇ ਵੇਲੇ ਦਾ ਸਿੱਖ ਸਾਫਾ ਬੰਨ੍ਹ ਕੇ, ਕਛਹਿਰਾ ਪਹਿਨ ਕੇ, ਕੇਸ ਰਖ ਕੇ ਤੇ ਕਿਰਪਾਨ ਲਟਕਾ ਕੇ ਪਹਿਲੇ ਸਮੇਂ ਦੇ ਗੁਰਸਿੱਖਾਂ ਤੋਂ ਬਿਲਕੁਲ ਨਵਾਂ ਜਾਪਦਾ ਸੀ ਪਰ ਉਸ ਦੀ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਬਿਲਕੁਲ ਉਹੀ ਸੀ, ਜੋ ਪੁਰਾਤਨ ਸਿੱਖਾਂ ਦੀ ਸੀ। ਐਸਾ ਮਾਲੂਮ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਕਿ

ਇਨਕਲਾਬ ਦਾ ਸਰੂਪ ਸਮਝਣੇ ਚਾਹੀਦੇ ਹਨ, ਗੁਰੂ ਨਾਨਕ ਦੇ ਸਿੱਖ ਦੀ ਬਾਹਰਲੀ ਕਾਇਆ ਤਾਂ ਪਲਟ ਦਿਤੀ, ਉਸ ਨੂੰ ਗਿਦੜ ਤੋਂ ਸ਼ੇਰ ਬਣਾ ਦਿਤਾ, ਉਸ ਵਿਚ ਸਵਾ ਲਖ ਨਾਲ ਲੜਨ ਵਾਲੀ ਸ਼ਕਤੀ ਤਾਂ ਭਰ ਦਿਤੀ ਪਰ ਉਸ ਦਾ ਆਤਮਕ ਨਿਸ਼ਾਨਾ ਸੋਲ੍ਹਾਂ ਆਨੇ ਉਹੋ ਰਹਿਣ ਦਿਤਾ ਜੋ ਗੁਰੂ ਨਾਨਕ ਸਚੇ ਪਾਤਸ਼ਾਹ ਨੇ ਦਸਿਆ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਵੀ ਇਹੋ ਫਰਕ ਦੇਖੋਗੇ ਕਿ ਉਹ ਛੰਦਾ ਬੰਦੀ ਵਿਚ ਗੁਰੂ ਗਰੰਥ ਜੀ ਨਾਲੋਂ ਬਿਲਕੁਲ ਵਖਰੀ ਹੈ ਪਰ ਮਜ਼ਮੂਨ ਦੇ ਲਿਹਾਜ਼ ਨਾਲ ਬਿਲਕੁਲ ਉਹੋ ਹੈ। ਸਵੱਈਆਂ ਨੂੰ ਪੜ੍ਹ ਕੇ ਜਾਂ ਜਾਪ ਸਾਹਿਬ ਦਾ ਪਾਠ ਕਰ ਕੇ ਖੂਨ ਜੋਸ਼ ਮਾਰ ਉਠਦਾ ਹੈ ਪਰ ਖਿਆਲ ਦੀ ਉਡਾਰੀ ਅਕਾਲ ਪੁਰਖ ਦੇ ਚਰਨਾਂ ਵਲ ਹੀ ਜਾਂਦੀ ਹੈ ਹੋਰ ਕਿਸੇ ਪਾਸੇ ਨਹੀਂ।

ਮੇਰੇ ਖਿਆਲ ਵਿਚ ਸਿੱਖ ਕੌਮ ਨੂੰ ਆਪਣੇ ਭਵਿਖਤ ਲਈ ਸਦੀਵੀ ਰਹਿਨੁਮਾਈ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੀਵਨ ਦੀ ਡੂੰਘੀ ਪੜਤਾਲ ਕਰਨ ਤੋਂ ਮਿਲੇਗੀ। ਸਿੱਖ ਕੌਮ ਦੀ ਬਾਹਰ ਦੀ ਜ਼ਿੰਦਗੀ, ਹਾਲਾਤ ਤੇ ਜ਼ਮਾਨੇ ਅਨੁਸਾਰ ਬਦਲ ਸਕਦੀ ਹੈ ਪਰ ਇਸਦਾ ਆਤਮਕ ਨਿਸ਼ਾਨਾ ਸਦਾ ਉਹੋ ਹੋਣਾ ਚਾਹੀਦਾ ਹੈ ਜੋ ਗੁਰੂ ਨਾਨਕ ਸਚੇ ਪਾਤਸ਼ਾਹ ਨੇ ਦਸਿਆ ਸੀ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨੇ-ਪੰਨੇ ਤੇ ਸਤਰ ਸਤਰ ਵਿਚ ਆਸਾਨ ਤੇ ਸਪਸ਼ਟ ਅਖਰਾਂ ਅੰਦਰ ਅੰਕਿਤ ਕੀਤਾ ਹੋਇਆ ਹੈ। ਗੁਰੂ ਗੋਬਿੰਦ ਸਿੰਘ ਮਹਾਰਾਜ ਆਪਣੇ ਸਿੱਖ ਦੀ ਆਪ ਤਾਰੀਫ ਕਰਦੇ ਹੋਏ ਲਿਖਦੇ ਹਨ:

*ਜਾਗਤ ਜੋਤ ਜਪੈ ਨਿਸ ਬਾਸਰ, ਏਕ ਬਿਨਾਂ ਮਨ ਨੈਕ ਨਾ ਆਨੈ।*
*ਪੂਰਨ ਪਰੇਮ ਪਰਤੀਤ ਸਜੇ ਬ੍ਰਤ, ਗੋਰ ਮੜੀ ਮਠ ਭੂਲ ਨਾ ਮਾਨੈ।*
*ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾਂ ਨਹੀਂ ਏਕ ਪਛਾਨੈ।*
*ਪੂਰਨ ਜੋਤ ਜਗੈ ਘਟ ਮੈਂ ਤਬ, ਖਾਲਸਾ ਤਾਹਿ ਨਖਾਲਸ ਜਾਨੈ।*

# ਮਨ

ਧਰਮ ਗਰੰਥਾਂ ਵਿਚ ਅਤੇ ਖਾਸ ਕਰ ਗੁਰੂ ਗਰੰਥ ਜੀ ਵਿਚ 'ਮਨ' ਸ਼ਬਦ ਅਨੇਕਾਂ ਵਾਰ ਵਰਤਿਆ ਗਿਆ ਹੈ। ਇਸ ਉਤੇ ਇਤਨਾ ਜ਼ੋਰ ਦਿਤਾ ਗਿਆ ਹੈ ਕਿ ਸਚ ਦੇ ਖੋਜੀ ਵਾਸਤੇ ਇਸ ਅਖਰ ਦੇ ਸਹੀ ਅਰਥ ਸਮਝਣੇ ਜ਼ਰੂਰੀ ਹੋ ਜਾਂਦੇ ਹਨ। ਮੈਂ 'ਮਨ' ਦੇ ਅਰਥ ਕਈ ਮਹਾਤਮਾ ਪਾਸੋਂ ਪੁਛੇ ਅਤੇ ਇਸ ਸਬੰਧ ਵਿਚ ਕਈ ਪੁਸਤਕਾਂ ਵੀ ਦੇਖੀਆਂ ਹਨ ਅਤੇ ਮੁਨਾਸਬ ਸਮਝਦਾ ਹਾਂ ਕਿ ਆਪਣੇ ਮਿਤਰਾਂ ਨੂੰ 'ਮਨ' ਦੇ ਅਰਥਾਂ ਸਬੰਧੀ ਕਿ ਮੈਂ 'ਮਨ' ਤੋਂ ਹੁਣ ਕੀ ਮੁਰਾਦ ਲੈਂਦਾ ਹਾਂ, ਵਾਕਫ ਕਰਾਵਾਂ। ਕਿਹਾ ਗਿਆ ਹੈ ਕਿ ਜੀਵ ਨੂੰ ਪਰਮਾਤਮਾ ਤੋਂ ਕੇਵਲ 'ਮਨ' ਨੇ ਹੀ ਜੁਦਾ ਕੀਤਾ ਹੋਇਆ ਹੈ। ਇਸ ਵਿਚ ਅਤੇ ਪਰਮਾਤਮਾ ਵਿਚ ਸਿਵਾਏ ਮਨ ਦੇ ਪੜਦੇ ਦੇ ਹੋਰ ਕੁਝ ਨਹੀਂ। ਇਸ ਲਈ ਸਚ ਦੇ ਖੋਜੀ ਦੀ ਦਿਲਚਸਪੀ ਬੜੀ ਵਧ ਜਾਂਦੀ ਹੈ ਤੇ ਉਸ ਦੇ ਦਿਲ ਵਿਚ ਖਿਆਲ ਪੈਦਾ ਹੁੰਦਾ ਹੈ ਕਿ ਜੇਕਰ ਮੇਰੇ ਅਤੇ ਮੇਰੇ ਕਰਤਾਰ ਦੇ ਦਰਮਿਆਨ ਸਿਰਫ ਮੇਰੇ ਮਨ ਦਾ ਹੀ ਪੜਦਾ ਹੈ ਤਾਂ ਤੇ ਬੜੀ ਮੌਜ ਹੈ, ਇਸ ਮਨ ਦਾ ਜੇ ਪਤਾ ਲਗ ਜਾਵੇ ਕਿ ਇਹ ਕੀ ਹੈ, ਆਪਣੇ ਵਿਚੋਂ ਕਢ ਦੇਵਾਂ ਅਤੇ ਆਪਣੇ ਕਰਤਾਰ ਨਾਲ ਸਦਾ ਲਈ 'ਇਕ' ਹੋ ਜਾਵਾਂ। ਪਰ ਇਹ ਮਨ ਕੀ ਹੈ? ਇਸ ਨੂੰ ਕਿਵੇਂ ਸਮਝਾਂ, ਸਮਝ ਕੇ ਇਸ ਨੂੰ ਕਿਵੇਂ ਆਪਣੇ ਤੇ ਆਪਣੇ ਕਰਤਾਰ ਵਿਚੋਂ ਦੂਰ

ਕਰਾਂ, ਇਹ ਹਨ ਅਮਲੀ ਦਿਕਤਾਂ ਜੋ ਆਤਮਕ ਖੋਜੀ ਦੇ ਸਾਹਮਣੇ ਆਉਂਦੀਆਂ ਹਨ। ਕਿਉਂਕਿ ਇਸ ਮੁਸ਼ਕਿਲ ਨੂੰ ਹਲ ਕਰਨ ਵਾਲੇ ਪੁਰਸ਼ ਆਮ ਨਹੀਂ, ਇਸ ਲਈ ਕਈ ਸਚ ਦੇ ਵਿਦਿਆਰਥੀਆਂ ਦੀ 'ਮਨ' ਨੂੰ ਸਮਝ ਕੇ, ਸਮਝਣ ਮਗਰੋਂ ਮਾਰ ਕੇ, ਵਾਹਿਗੁਰੂ ਨਾਲ ਮਿਲਣ ਦੀ ਰੀਝ ਦਿਲ ਹੀ ਦਿਲ ਵਿਚ ਰਹਿ ਜਾਂਦੀ ਹੈ। ਇਹ ਲੇਖ ਮੈਂ ਐਸੇ ਮਿਤਰਾਂ ਲਈ ਲਿਖ ਰਿਹਾ ਹਾਂ ਤਾਂ ਕਿ ਹੱਕ ਦੀ ਤਲਾਸ਼ ਵਿਚ 'ਮਨ' ਦੇ ਅਰਥ ਚੰਗੀ ਤਰ੍ਹਾਂ ਸਮਝ ਕੇ ਉਹ ਆਪਣੇ ਸਫਰ ਨੂੰ ਕਾਮਯਾਬੀ ਨਾਲ ਤਹਿ ਕਰ ਸਕਣ।

ਆਮ ਤੌਰ ਤੇ ਮਨ ਤੋਂ ਮੁਰਾਦ ਦਿਮਾਗ ਜਾਂ ਇਨਸਾਨ ਦੇ ਸਿਰ ਵਿਚ ਸੋਚਣ ਵਾਲੇ ਇਕ ਪੁਰਜ਼ੇ ਤੋਂ ਲੀਤੀ ਜਾਂਦੀ ਹੈ। ਆਮ ਪੜ੍ਹੇ ਲਿਖੇ ਮਿਤਰ 'ਮਨ' ਦੇ ਅਰਥ ਮਾਈਂਡ (Mind) ਜਾਂ ਦਿਮਾਗ (Brain) ਹੀ ਕਰਦੇ ਹਨ। ਪਰ ਧਾਰਮਕ ਪੁਸਤਕਾਂ ਵਿਚ ਅਤੇ ਖਾਸ ਕਰ ਕੇ ਗੁਰੂ ਗਰੰਥ ਜੀ ਵਿਚ ਮਨ ਤੋਂ ਮੁਰਾਦ ਸਾਡੇ ਜਿਸਮ ਅੰਦਰ ਸੋਚਣ ਵਾਲਾ ਪੁਰਜ਼ਾ (Brain or mind) ਨਹੀਂ। ਸਗੋਂ ਮਨ ਤੋਂ ਮੁਰਾਦ ਕਿਸੇ ਸੂਖਸ਼ਮ ਅਤੇ ਜ਼ਿਆਦਾ ਪਾਇਦਾਰ ਚੀਜ਼ ਦੀ ਲੀਤੀ ਜਾਂਦੀ ਹੈ। ਜਦ ਆਦਮੀ ਮਰ ਜਾਂਦਾ ਹੈ ਤਾਂ ਉਸ ਦੇ ਸਿਰ ਵਿਚ ਦਿਮਾਗ (Brain) ਜਿਉਂ ਕਾ ਤਿਉਂ ਹੁੰਦਾ ਹੈ ਪਰ ਉਹ ਸੋਚ ਕੁਝ ਨਹੀਂ ਸਕਦਾ। ਜਿਵੇਂ ਮੁਰਦੇ ਦੀਆਂ ਅੱਖਾਂ, ਹੱਥ, ਪੈਰ ਦਿਲ ਤੇ ਫੇਫੜੇ ਜਿਉਂ ਦੇ ਤਿਉਂ ਹੁੰਦੇ ਹਨ, ਪਰ ਉਹ ਕਰ ਕੁਝ ਨਹੀਂ ਸਕਦਾ। ਏਸੇ ਤਰ੍ਹਾਂ ਮੁਰਦੇ ਜਾਂ ਬੇਹੋਸ਼ ਆਦਮੀ ਦਾ ਦਿਮਾਗ ਜਾਂ ਭੇਜਾ (Brain) ਉਸੇ ਤਰ੍ਹਾਂ ਹੁੰਦਾ ਹੈ ਪਰ ਉਹ ਸੋਚ ਨਹੀਂ ਸਕਦਾ। ਪਰ ਮਨ ਤਾਂ ਜੀਵ ਦੇ ਨਾਲ ਮਰਨ ਪਿਛੋਂ ਵੀ ਰਹਿੰਦਾ ਹੈ। ਇਸ ਨੂੰ ਜੀਵ ਦੇ ਅਨੇਕਾਂ ਜਨਮ ਲੈਣ ਦਾ ਕਾਰਨ ਦਸਿਆ ਜਾਂਦਾ ਹੈ। ਇਸ ਲਈ ਧਾਰਮਕ ਗਰੰਥਾਂ ਵਿਚ ਲਿਖੇ ਮਨ ਤੋਂ ਸਰੀਰ ਵਿਚਲੇ ਦਿਮਾਗ ਜਾਂ ਉਸ ਸਫੈਦ ਮਾਦੇ ਤੋਂ ਮੁਰਾਦ ਨਹੀਂ ਹੋ ਸਕਦੀ

ਜੋ ਸਭ ਦੀ ਖੋਪਰੀ ਵਿਚ ਹੁੰਦਾ ਹੈ। ਇਹ ਕੋਈ ਇਸ ਤੋਂ ਅਗਲੀ ਜ਼ਿਆਦਾ ਸੂਖਸ਼ਮ ਚੀਜ਼ ਹੈ।

ਕੀ 'ਮਨ' ਤੋਂ ਮੁਰਾਦ ਵਿਚਾਰ ਸ਼ਕਤੀ ਦੀ ਹੈ? ਏਥੇ ਇਹ ਸਮਝਣ ਦੀ ਲੋੜ ਹੈ ਕਿ 'ਅੱਖਾਂ' ਅਤੇ 'ਦੇਖਣ ਦੀ ਸ਼ਕਤੀ' ਦੋ ਵਖੋ ਵਖਰੀਆਂ ਚੀਜ਼ਾਂ ਹਨ। ਮੁਰਦੇ ਦੀਆਂ ਕਈ ਵਾਰੀ ਅੱਖਾਂ ਖੁਲ੍ਹੀਆਂ ਹੁੰਦੀਆਂ ਹਨ ਪਰ ਉਸ ਨੂੰ ਦਿਸਦਾ ਕੁਝ ਨਹੀਂ। ਏਸੇ ਤਰ੍ਹਾਂ 'ਦਿਮਾਗ ਤੇ ਵਿਚਾਰ ਸ਼ਕਤੀ ਵੀ ਦੋ ਅਡੋ ਅਡ ਚੀਜ਼ਾਂ ਹਨ। ਵੀਚਾਰ ਸ਼ਕਤੀ ਤੋਂ ਬਗੈਰ ਦਿਮਾਗ ਕੁਝ ਸੋਚ ਨਹੀਂ ਸਕਦਾ। ਏਥੇ ਦੂਸਰਾ ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਵੀਚਾਰ ਸ਼ਕਤੀ ਤੋਂ ਬਗੈਰ ਦਿਮਾਗ ਕੁਝ ਸੋਚ ਨਹੀਂ ਸਕਦਾ ਜਾਂ ਇਂਝ ਆਖੋ ਕਿ 'ਅੱਖ' ਦੇਖਣ ਦੀ ਸ਼ਕਤੀ ਦੇ ਬਗੈਰ ਅਗਰ ਨਾਕਾਰੀ ਹੁੰਦੀ ਹੈ, ਇਸ ਨੂੰ ਕੁਝ ਨਹੀਂ ਦਿਸਦਾ ਤਾਂ ਕੀ ਦੇਖਣ ਦੀ ਸ਼ਕਤੀ 'ਅੱਖ' ਤੋਂ ਬਗੈਰ, ਦੇਖ ਸਕਦੀ ਹੈ? ਧਾਰਮਕ ਗਰੰਥਾਂ ਵਿਚ ਇਸ ਦਾ ਜਵਾਬ ਇਹ ਹੈ ਕਿ ਮਾਦੇ ਦੇ ਸਰੀਰ ਨੂੰ ਮੌਤ ਮਗਰੋਂ ਤਿਆਗ ਦੇਣ ਨਾਲ ਵੀ ਜੀਵ ਦਾ ਇਕ ਸੂਖਸ਼ਮ ਸਰੀਰ ਰਹਿ ਜਾਂਦਾ ਹੈ (ਇਹ ਉਹ ਸਰੀਰ ਹੈ ਜੋ ਅਸੀਂ ਰੋਜ਼ ਸੁਫਨੇ ਵਿਚ ਧਾਰਨ ਕਰਦੇ ਹਾਂ, ਸੁਫਨੇ ਵਿਚ ਸਾਡਾ ਮਾਦੇ ਦਾ ਸਰੀਰ ਤਾਂ ਪਲੰਘ ਤੇ ਪਿਆ ਹੁੰਦਾ ਹੈ ਪਰ ਅਸੀਂ ਆਪਣੇ ਸੂਖਸ਼ਮ ਸਰੀਰ ਨਾਲ ਨਿਤ ਨਵੀਂ ਦੁਨੀਆਂ ਕਾਇਮ ਕਰਦੇ ਹਾਂ)। ਇਸ ਸੂਖਸ਼ਮ ਸਰੀਰ ਵਿਚ ਵੀ ਮਨ ਜਿਉਂ ਦਾ ਤਿਉਂ ਕਾਇਮ ਰਹਿੰਦਾ ਹੈ। ਇਸ ਲਈ ਸਾਡੇ ਮਨ ਦੇ ਕੰਮ ਕਰਨ ਵਾਸਤੇ ਜ਼ਰੂਰੀ ਨਹੀਂ ਕਿ ਉਸ ਨੂੰ ਸਥੂਲ ਦਿਮਾਗ ਦੀ ਲੋੜ ਹੋਵੇ, ਉਹ ਦਿਮਾਗ ਤੋਂ ਬਾਦ ਵੀ ਕਾਇਮ ਰਹਿੰਦਾ ਹੈ ਅਤੇ ਸੋਚ ਸਕਦਾ ਹੈ। 'ਮਨ' ਖੁਦ 'ਵਿਚਾਰ ਸ਼ਕਤੀ' ਨਹੀਂ ਐਪਰ 'ਵਿਚਾਰ ਸ਼ਕਤੀ' ਮਨ ਦਾ ਇਕ ਗੁਣ ਹੈ, ਜੋ ਕਿ ਮਾਦੇ ਦੇ ਸਰੀਰ ਨੂੰ ਤਿਆਗਣ ਨਾਲ ਵੀ, ਕਾਇਮ ਰਹਿੰਦਾ ਹੈ।

ਜੇਕਰ 'ਵਿਚਾਰ ਸ਼ਕਤੀ' ਮਨ ਦਾ ਇਕ ਗੁਣ ਹੈ ਤਾਂ ਵੀ ਸਾਡੀ ਮੁਸ਼ਕਿਲ ਹਲ ਨਹੀਂ ਹੁੰਦੀ ਕਿਉਂਕਿ ਅਸੀਂ ਤਾਂ ਮਾਲੂਮ ਇਹ ਕਰਨਾ ਚਾਹੁੰਦੇ ਹਾਂ ਕਿ 'ਮਨ' ਆਪਣੇ ਆਪ ਵਿਚ ਕੀ ਚੀਜ਼ ਹੈ। ਜਦ ਤਕ ਸਾਨੂੰ ਇਹ ਪਤਾ ਨ ਲਗੇ ਕਿ 'ਮਨ' ਆਪਣੇ ਆਪ ਵਿਚ ਕੀ ਚੀਜ਼ ਹੈ ਤਦ ਤਕ ਅਸੀਂ ਇਸ ਨੂੰ ਸਮਝ ਨਹੀਂ ਸਕਦੇ। ਜਦ ਤਕ ਇਸ ਨੂੰ ਸਮਝੀਏ ਨਾ, ਇਸ ਉਤੇ ਕਾਬੂ ਨਹੀਂ ਪਾ ਸਕਦੇ ਇਸ ਨੂੰ ਮਾਰ ਕੇ ਹਰੀ ਨਾਲ ਇਕ ਨਹੀਂ ਹੋ ਸਕਦੇ। 'ਮਨ ਜੀਤੇ ਜਗ ਜੀਤ' ਦੇ ਮਹਾਵਾਕ ਅਨੁਸਾਰ ਮਨ ਨੂੰ ਜਿਤਣਾ ਹੀ ਤਾਂ ਸਾਡੀ ਜ਼ਿੰਦਗੀ ਦਾ ਆਦਰਸ਼ ਹੈ। ਪਰ ਉਹ ਸ਼ਤਰੂ ਜਿਤਿਆ ਕਿਵੇਂ ਜਾਵੇ ਜਿਸ ਦਾ ਸਾਨੂੰ ਪਤਾ ਹੀ ਨਹੀਂ ਕਿ ਹੈ ਕੌਣ?

ਏਥੋਂ ਤਕ ਸਾਨੂੰ ਪਤਾ ਲਗ ਚੁਕਾ ਹੈ ਕਿ ਮਨ, ਦਿਮਾਗ ਨਹੀਂ, ਨਾ ਹੀ ਕੋਈ ਅਸਥੂਲ ਚੀਜ਼ ਹੈ। ਇਹ ਇਕ ਅਤ ਸੂਖਸ਼ਮ ਵਸਤੂ ਹੈ ਜੋ ਕਿ ਸਰੀਰ ਮਗਰੋਂ ਵੀ ਸਾਡੇ ਨਾਲ ਕਾਇਮ ਰਹਿੰਦੀ ਹੈ। 'ਵਿਚਾਰ ਸ਼ਕਤੀ' ਮਨ ਦਾ ਇਕ ਗੁਣ ਹੈ, ਪਰ 'ਮਨ' ਨਹੀਂ। ਮਨ ਤੋਂ 'ਵਿਚਾਰ ਸ਼ਕਤੀ' ਪੈਦਾ ਹੁੰਦੀ ਹੈ ਐਪਰ ਵਿਚਾਰ ਸ਼ਕਤੀ ਤੋਂ ਮਨ ਪੈਦਾ ਨਹੀਂ ਹੁੰਦਾ।

ਤਾਂ ਫਿਰ ਮਨ ਹੋਇਆ ਕੀ?

ਏਥੇ ਸਚ ਦੇ ਖੋਜੀ ਨੂੰ ਇਹ ਗਲ ਯਾਦ ਰਖਣੀ ਚਾਹੀਦੀ ਹੈ ਕਿ ਵਾਹਿਗੁਰੂ ਵਿਚ 'ਵਿਚਾਰ ਸ਼ਕਤੀ' ਨਹੀਂ ਤੇ ਉਹ ਸੋਚ ਉਪਾਵ ਤੋਂ ਰਹਿਤ ਹੈ। ਵਿਚਾਰ ਇਕ ਊਣੀ ਹਾਲਤ ਦਾ ਨਾਮ ਹੈ। ਵਿਚਾਰ ਉਸੇ ਨੂੰ ਪੈਦਾ ਹੁੰਦੀ ਹੈ ਜਿਸ ਨੂੰ ਕਿਸੇ ਚੀਜ਼ ਦੀ ਲੋੜ ਹੋਵੇ। ਜਿਸ ਅਵਸਥਾ ਵਿਚ ਲੋੜ, ਭੁਖ ਤ੍ਰਿਸ਼ਨਾ ਨਾ ਰਹੇ ਉਥੇ ਵਿਚਾਰ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਜਦ ਕਿਸੇ ਚੀਜ਼ ਦੀ ਲੋੜ ਹੀ ਨਹੀਂ ਤਾਂ ਵਿਚਾਰ ਕਾਹਦੀ? ਇਸ ਲਈ ਜੋ ਅਕਾਲ ਪੁਰਖ

ਨੂੰ ਜਾਣਦੇ ਹਨ ਉਹਨਾਂ ਨੂੰ ਪਤਾ ਹੈ ਕਿ ਵਾਹਿਗੁਰੂ ਨੂੰ ਸੋਚਣ, ਵਿਚਾਰਨ ਦੀ ਲੋੜ ਨਹੀਂ, ਉਹ ਇਹਨਾਂ ਵਸੀਲਿਆਂ ਤੋਂ ਉਤੇ ਹੈ। ਵਾਹਿਗੁਰੂ ਵਿਚ ਵਿਚਾਰ ਸ਼ਕਤੀ ਤਾਂ ਇਕ ਪਾਸੇ, ਵਿਚਾਰ ਸ਼ਕਤੀ ਨੂੰ ਪੈਦਾ ਕਰਨ ਵਾਲਾ 'ਮਨ' ਹੀ ਨਹੀਂ ਹੁੰਦਾ। ਵਾਹਿਗੁਰੂ ਮਨ ਤੋਂ ਰਹਿਤ ਹਸਤੀ ਹੈ।

ਇਸ ਤੋਂ ਪਹਿਲੇ ਕਿ ਮੈਂ ਦਸਾਂ ਕਿ 'ਮਨ' ਕੀ ਹੈ, ਆਓ, ਜ਼ਰਾ ਸਮਝ ਲਈਏ ਕਿ 'ਜੀਵ' ਕੀ ਹੈ। ਜਿਥੇ ਸਾਨੂੰ ਪਤਾ ਲਗਿਆ ਹੈ ਕਿ ਵਾਹਿਗੁਰੂ 'ਮਨ' ਤੋਂ ਰਹਿਤ ਹਸਤੀ ਹੈ ਉਥੇ ਜੇਕਰ ਸਾਨੂੰ ਪਤਾ ਲਗ ਜਾਵੇ ਕਿ 'ਜੀਵ' ਕੀ ਹੈ ਜਾਂ ਅਸੀਂ ਕੀ ਹਾਂ ਤਾਂ ਫਿਰ ਸਾਡੇ ਵਾਸਤੇ ਇਹ ਲਭ ਸਕਣਾ ਕਿ 'ਮਨ' ਕੀ ਹੈ, ਜ਼ਿਆਦਾ ਆਸਾਨ ਹੋ ਜਾਵੇਗਾ।

ਜੀਵ ਸਬੰਧੀ ਕੀਤੀ ਗਈ ਖੋਜ ਦੇ ਆਖਰੀ ਸਿਟੇ ਅਨੁਸਾਰ ਜੀਵ ਵਾਹਿਗੁਰੂ ਦੀ ਅੰਸ ਹੈ, ਉਸ ਦਾ ਪੁੱਤਰ ਹੈ, ਪਰ ਇਸ ਨੂੰ ਇਹ ਭੁਲ ਗਿਆ ਹੈ ਕਿ ਉਹ ਵਾਹਿਗੁਰੂ ਦੀ ਅੰਸ ਹੈ। ਜੀਵ ਭੁਲੇਖੇ ਜਾਂ ਧੋਖੇ ਨਾਲ ਆਪਣੇ ਆਪ ਨੂੰ ਇਕ ਛੋਟੀ, ਹਕੀਰ, ਹਦ ਵਿਚ ਆਈ ਹੋਈ, ਸਰੀਰ ਦੀ ਕੈਦ ਵਿਚ, ਜਨਮ ਮਰਨ ਦੇ ਗੇੜੇ ਵਿਚ, ਚੁਰਾਸੀ ਦੀ ਫਾਹੀ ਵਿਚ ਫਸੀ ਹੋਈ ਅੱਤ ਨਿਰਬਲ ਚੀਜ਼ ਸਮਝਦਾ ਹੈ। ਜੀਵ ਅਤੇ ਪਰਮਾਤਮਾ ਵਿਚ ਕੇਵਲ ਜੀਵ ਦੀ ਅਗਿਆਨਤਾ, ਭੁਲੇਖੇ, ਹਉਮੈ, ਜਹਾਲਤ ਦਾ ਪੜਦਾ ਹੈ। ਇਹ ਪੜਦਾ ਜਦ ਗਿਆਨ, ਆਉਣ ਉਤੇ ਦੂਰ ਹੋ ਜਾਂਦਾ ਹੈ ਤਾਂ ਜਿਵੇਂ ਜਲ ਨਾਲ ਜਲ ਜਾਂ ਜੋਤੀ ਨਾਲ ਜੋਤ ਮਿਲ ਜਾਂਦੀ ਹੈ, ਓਵੇਂ ਜੀਵ ਪਰਮਾਤਮਾ ਨਾਲ ਮਿਲ ਜਾਂਦਾ ਹੈ।

ਹੁਣ ਆਓ ਦੇਖੀਏ ਕਿ 'ਮਨ' ਕੀ ਹੈ। ਜੀਵ ਅਤੇ ਪਰਮਾਤਮਾ ਦੇ ਵਿਚਕਾਰ ਜੋ ਪੜਦਾ ਹੈ ਅਤੇ ਜਿਸ ਪੜਦੇ ਅਤੇ

ਕੇਵਲ ਜਿਸ ਪੜਦੇ ਕਰ ਕੇ ਜੀਵ, ਪਰਮਾਤਮਾ ਤੋਂ ਵਿਛੜਿਆ ਬੈਠਾ ਹੈ ਉਹ ਜੀਵ ਦੀ ਆਪਣੇ ਅਸਲੇ, ਆਪਣੀ ਬੁਨਿਆਦ ਆਪਣੇ ਆਪੇ, ਸਬੰਧੀ ਅਗਿਆਨਤਾ ਹੈ। ਇਸ ਅਗਿਆਨਤਾ ਨੂੰ ਧਰਮ ਗਰੰਥਾਂ ਵਿਚ ਜਿਥੇ ਹਉਮੈ, ਖੁਦੀ, ਅੰਧੇਰਾ, ਭੀਤ, ਪੜਦਾ, ਮਾਯਾ, ਬੰਧਨ, ਸੁਫਨਾ ਆਦਿਕ ਅੱਖਰ ਵਰਤ ਕੇ ਜ਼ਾਹਿਰ ਕੀਤਾ ਹੈ ਉਥੇ ਏਸੇ ਅਗਿਆਨਤਾ ਵਾਸਤੇ 'ਮਨ' ਦਾ ਅੱਖਰ ਵੀ ਘੜਿਆ ਹੈ। ਇਸ ਵਾਸਤੇ ਮਨ ਦਰ ਅਸਲ ਕੁਝ ਨਹੀਂ ਬਲਕਿ ਸਾਡੀ ਅਗਿਆਨਤਾ, ਸਾਡੇ ਭੁਲੇਖੇ, ਸਾਡੀ ਊਣਤਾ ਦਾ ਦੂਸਰਾ ਨਾਮ ਹੈ।

ਕੀ ਫੇਰ ਮਨ ਉਕਾ ਕੁਝ ਨਾ ਹੋਇਆ?

ਹਾਂ, ਇਹ ਦਰਅਸਲ ਸਾਡੀ ਅਗਿਆਨਤਾ ਵਾਂਗ ਕੋਈ ਸਦੀਵੀ ਹਸਤੀ ਨਹੀਂ ਰਖਦਾ ਪਰ ਜਿਵੇਂ ਅਗਿਆਨਤਾ ਦਰਅਸਲ ਕੁਝ ਨਾ ਹੁੰਦੀ ਹੋਈ ਵੀ ਜੀਵ ਨੂੰ ਆਪਣੇ ਕਰਤਾਰ ਤੋਂ ਅਨੇਕਾਂ ਜਨਮ ਦੂਰ ਰਖਣ ਦੀ ਸਮਰਥਾ ਰਖਦੀ ਹੈ ਉਵੇਂ 'ਮਨ' ਵੀ ਜਦ ਤਕ ਅਸਲ ਗਿਆਨ ਨਾ ਪੈਦਾ ਹੋਵੇ, ਕਰਤਾਰ ਤੇ ਜੀਵ ਵਿਚ ਡਾਹਢੀ ਰੁਕਾਵਟ ਹੈ।

ਜੇਕਰ 'ਮਨ' ਅਗਿਆਨਤਾ ਦਾ ਦੂਸਰਾ ਨਾਮ ਹੈ ਤਾਂ ਅਗਿਆਨਤਾ ਨੂੰ ਸਮਝਿਆਂ ਮਨ ਦੀ ਵੀ ਸਮਝ ਆ ਜਾਵੇਗੀ। ਅਗਿਆਨਤਾ ਜੀਵ ਦੇ ਆਪਣੇ ਅਸਲੇ, ਆਪਣੇ ਮੁਢ, ਕਰਤਾਰ ਸਬੰਧੀ ਨਾਵਾਕਫੀਅਤ ਤੇ ਅਨਜਾਣਤਾ ਦਾ ਨਾਮ ਹੈ। ਅਗਿਆਨਤਾ ਜੀਵ ਦੇ ਖਿਆਲਾਂ ਵਿਚ ਪਰਵੇਸ਼ ਕਰਦੀ ਹੈ ਅਤੇ ਖਿਆਲਾਂ ਦਵਾਰਾ ਹੀ ਪਰਗਟ ਹੁੰਦੀ ਹੈ। ਇਸ ਲਈ ਸਾਡੇ ਖਿਆਲਾਤ ਤੇ ਮਜਮੂਏ (Sum total) ਨੂੰ ਅਗਿਆਨਤਾ ਜਾਂ 'ਮਨ' ਆਖਦੇ ਹਨ।

ਜਦ ਕੋਈ  ਆਦਮੀ ਆਖੇ ਕਿ ਮੇਰਾ 'ਮਨ' ਨਹੀਂ ਮੰਨਦਾ ਕਿ ਧਰਤੀ, ਹਜ਼ਾਰਾਂ ਮੀਲ ਫੀ ਮਿੰਟ ਦੀ ਕਰਫਤਾਰ ਨਾਲ ਉਡ ਰਹੀ ਹੈ ਤਾਂ ਉਸ ਦਾ ਭਾਵ ਇਹ ਹੁੰਦਾ ਹੈ ਕਿ ਮੇਰੇ "ਖਿਆਲ" ਧਰਤੀ ਦੇ ਤੇਜ਼ੀ ਨਾਲ ਉਡਣ ਦੇ ਹਕ ਵਿਚ ਦਿਤੀਆਂ ਦਲੀਲਾਂ ਨੂੰ ਸਮਝ ਨਹੀਂ ਸਕਦੇ ਜਾਂ ਸਮਝ ਕੇ ਯਕੀਨ ਨਹੀਂ ਕਰ ਸਕਦੇ।

ਇਸ ਤਾਰੀਫ (Definition)ਅਨੁਸਾਰ ਮਨ ਫੇਰ ਕੀ ਹੋਇਆ? 'ਮਨ' ਕੇਵਲ ਸਾਡੇ ਮੌਜੂਦਾ ਖਿਆਲਾਤ ਦੇ ਮਜਮੂਏ ਦਾ ਨਾਮ ਹੈ। ਜਿਵੇਂ ਸਾਡੇ ਖਿਆਲ ਸਥਿਰ ਨਹੀਂ ਰਹਿੰਦੇ ਤਿਵੇਂ ਸਾਡਾ ਮਨ ਸਥਿਰ ਨਹੀਂ ਰਹਿੰਦਾ। ਸਾਡੇ ਖਿਆਲ ਬਦਲਦੇ ਰਹਿੰਦੇ ਹਨ, ਏਸ ਕਰ ਕੇ ਸਾਡਾ ਮਨ ਬਦਲਦਾ ਰਹਿੰਦਾ ਹੈ, ਕਦੀ ਇਕ ਹਾਲਤ ਵਿਚ ਨਹੀਂ ਰਹਿੰਦਾ। ਜਿਸ ਆਦਮੀ ਦੇ ਖਿਆਲ ਫੌਰਨ ਬਦਲ ਜਾਣ, ਉਸ ਦੇ ਮਨ ਨੂੰ 'ਚੰਚਲ' ਆਖਦੇ ਹਨ। ਜਿਸ ਦੇ ਖਿਆਲ ਦ੍ਰਿੜ ਹੋਣ, ਛੇਤੀ ਛੇਤੀ ਨਾ ਬਦਲਣ, ਉਸ ਦਾ ਮਨ ਮਜ਼ਬੂਤ ਗਿਣਿਆ ਜਾਂਦਾ ਹੈ।

ਜੀਵ ਸੰਸਾਰ ਦੀਆਂ ਸਾਰੀਆਂ ਵਿਦਿਆ ਪੜ੍ਹਦਾ ਹੋਇਆ ਵੀ ਜਦ ਤਕ ਆਪਣੇ ਆਪ ਦੀ ਵਿਦਿਆ, ਆਪਣੀ ਆਤਮਾਂ ਦੀ ਸਾਇੰਸ ਨੂੰ ਨਹੀਂ ਸਮਝਦਾ, ਇਸ ਦਾ ਆਪਣੇ ਅਸਲੇ, ਆਪਣੇ ਕਰਤਾਰ ਸਬੰਧੀ ਭੁਲੇਖਾ ਜਾਂ ਇੰਜ ਆਖੋ ਇਸ ਦਾ 'ਮਨ' ਕਾਇਮ ਰਹਿੰਦਾ ਹੈ।

ਜਿਸ ਜੀਵ ਨੂੰ ਆਪਣੀ ਅਸਲੀਅਤ ਦਾ ਪਤਾ ਲਗਣਾ ਸ਼ੁਰੂ ਹੋ ਜਾਵੇ ਉਸ ਦਾ ਮਨ ਸ਼ੁਧ ਹੋਣਾ ਸ਼ੁਰੂ ਹੋ ਜਾਂਦਾ ਹੈ।

ਜੀਵ ਦੇ ਸਭ ਨੇਕੀ, ਪਰਉਪਕਾਰ, ਕੁਰਬਾਨੀ ਦੇ ਕਰਮ ਇਸ ਦੇ ਮਨ ਨੂੰ ਸ਼ੁਧ ਕਰਦੇ ਹਨ ਅਤੇ ਨੀਚ ਖੁਦਗਰਜ਼ੀ ਦੇ ਕਰਮ

'ਮਨ' ਨੂੰ ਮਲੀਨ ਕਰਦੇ ਹਨ।

ਮਨ ਦਾ ਸ਼ੁਧ ਹੋਣਾ ਤੇ ਮਲੀਨ ਹੋਣਾ ਕੀ ਹੈ?

ਜਿਉਂ ਜਿਉਂ ਮਨ ਵਿਚ ਫੁਰਨੇ ਜਾਂ ਖਿਆਲ ਤਰੰਗਾਂ ਤੇਜ਼ੀ ਨਾਲ ਉਪਜਣ, ਤਿਉਂ ਤਿਉਂ ਮਨ ਮਲੀਨ ਹੁੰਦਾ ਜਾਂਦਾ ਹੈ, ਜਿਵੇਂ ਜਿਉਂ ਜਿਉਂ ਪਾਣੀ ਤੇ ਤਲਾਬ ਵਿਚ ਹਵਾ ਨਾਲ ਲਹਿਰਾਂ ਪੈਦਾ ਹੋਣ ਤਿਉਂ ਤਿਉਂ ਉਸ ਦੀ ਸਤਾਹ ਦੀ ਹਾਲਤ ਪਰੇਸ਼ਾਨ ਹੁੰਦੀ ਜਾਂਦੀ ਹੈ। ਜਿਉਂ ਜਿਉਂ ਇਹ ਲਹਿਰਾਂ ਮਧਮ ਪੈਂਦੀਆਂ ਜਾਣ ਜਾਂ ਰੁਕਦੀਆਂ ਜਾਣ ਤਿਉਂ ਤਿਉਂ ਪਾਣੀ ਦੀ ਸਤਾਹ ਸ਼ਾਂਤ ਹੁੰਦੀ ਜਾਂਦੀ ਹੈ, ਜਦ.ਹਵਾ ਬਿਲਕੁਲ ਖਲੋ ਜਾਵੇ ਤਾਂ ਤਾਲਾਬ ਦੇ ਪਾਣੀ ਵਿਚ ਕੋਈ ਤਰੰਗ ਨਹੀਂ ਉਪਜਦੀ, ਉਸ ਵੇਲੇ ਤਾਲਾਬ ਤੇ ਪਾਣੀ ਵਿਚ ਕੋਈ ਤਰੰਗ ਨਹੀਂ ਉਪਜਦੀ, ਉਸ ਵੇਲੇ ਤਾਲਾਬ ਅੱਤ ਸ਼ਾਂਤੀ ਜਾਂ ਸਹਿਜ ਦੀ ਹਾਲਤ ਵਿਚ ਹੁੰਦਾ ਹੈ। ਲਹਿਰਾਂ ਦਾ ਉਪਜਣਾ ਹੀ ਤਾਲਾਬ ਨੂੰ ਅਸ਼ਾਂਤ, ਧੁੰਧਲਾ ਤੇ ਚੰਚਲ ਬਣਾ ਦੇਂਦਾ ਹੈ ਅਤੇ ਲਹਿਰ ਦਾ ਖਲੋ ਜਾਣਾ ਹੀ ਤਾਲਾਬ ਨੂੰ ਸ਼ਾਂਤ ਅਤੇ ਸਹਿਜ ਹਾਲਤ ਵਿਚ ਲੈ ਆਉਂਦਾ ਹੈ। ਇਸੀ ਤਰ੍ਹਾਂ ਜਿਸ ਵਿਚ ਫੁਰਨੇ ਜਾਂ ਖਿਆਲ ਬਹੁਤੇ ਉਪਜਣ ਉਹ ਬਹੁਤਾ ਪਰੇਸ਼ਾਨ ਤੇ ਅਸ਼ਾਂਤ ਹੁੰਦਾ ਹੈ। ਪਾਪੀ ਦਾ, ਦੁਖੀ ਦਾ, ਬੀਮਾਰ ਦਾ ਮਨ ਸੋਚਾਂ ਫਿਕਰਾਂ ਨਾਲ ਭਰਿਆ ਹੁੰਦਾ ਹੈ ਇਸ ਲਈ ਡਾਢਾ ਅਸ਼ਾਂਤ ਹੁੰਦਾ ਹੈ। ਧਰਮੀ ਦਾ, ਪਰਉਪਕਾਰੀ ਮਨ ਸੋਚਾਂ ਫਿਕਰਾਂ ਤੋਂ ਆਜ਼ਾਦ ਹੁੰਦਾ ਹੈ। ਇਸ ਲਈ ਗੰਭੀਰ ਤੇ ਸ਼ਾਂਤ ਹੁੰਦਾ ਹੈ। ਮਨ ਦੀ ਮਲੀਨਤਾ ਖਿਆਲ ਤਰੰਗਾਂ ਦੀ ਜ਼ਿਆਦਤੀ ਤੇ ਮਨ ਦੀ ਸ਼ੁਧਤਾ ਖਿਆਲ ਤਰੰਗਾਂ ਦੇ ਠਹਿਰਾਓ ਕਰ ਕੇ ਹੁੰਦੀ ਹੈ।

ਮਨ ਕਿਵੇਂ ਜਿਤ ਸਕੀਦਾ ਹੈ?

ਜਦ ਖਿਆਲਾਂ ਦੀ ਤਸਲੀ ਹੁੰਦੀ ਜਾਵੇ ਮਨ ਵਿਚ ਸ਼ਾਂਤੀ ਆਉਂਦੀ ਜਾਂਦੀ ਹੈ। ਜਿਉਂ ਜਿਉਂ ਮਨ ਵਿਚ ਸ਼ਾਂਤੀ ਆਉਂਦੀ ਜਾਵੇ, ਤਿਉਂ ਤਿਉਂ ਇਸ ਤੇ ਕਾਬੂ ਪਾਣਾ ਅਸਾਨ ਹੁੰਦਾ ਜਾਂਦਾ ਹੈ। ਜਿਉਂ ਜਿਉਂ ਇਸ ਤੇ ਕਾਬੂ ਪਾਈ ਜਾਈਏ ਤਿਉਂ ਤਿਉਂ ਇਹ ਹਲੀਮ ਤੇ ਆਗਿਆਕਾਰ ਹੁੰਦਾ ਜਾਂਦਾ ਹੈ। ਅਖੀਰ ਇਕ ਦਿਨ ਐਸਾ ਦਿਨ ਆਉਂਦਾ ਹੈ ਜਦ ਕਿ ਖਿਆਲਾਂ ਦੀ ਦਰੁਸਤੀ ਤੇ ਪਵਿਤਰਤਾ ਕਰ ਕੇ ਮਨ ਉਕਾ ਹੀ ਅਧੀਨ ਹੋ ਜਾਂਦਾ ਹੈ, ਇਸ ਵਿਚ ਕੋਈ ਖਿਆਲ ਤਰੰਗ ਬਿਨਾਂ ਜੀਵ ਦੀ ਆਗਿਆ ਦੇ ਨਹੀਂ ਉਪਜਦੀ। ਜੋ ਖਿਆਲ ਤਰੰਗ ਜੀਵ ਪੈਦਾ ਕਰਨੀ ਚਾਹੇ ਉਹੋ ਪੈਦਾ ਹੁੰਦੀ ਹੈ ਅਤੇ ਜਿਸ ਸ਼ਕਤੀ ਦੀ ਖਿਆਲ ਤਰੰਗ ਪੈਦਾ ਹੁੰਦੀ ਹੈ ਅਤੇ ਜਿਸ ਸ਼ਕਤੀ (Intensity) ਦੀ ਖਿਆਲ ਤਰੰਗ ਪੈਦਾ ਕਰਨੀ ਚਾਹੇ, ਉਸੇ ਦਰਜੇ ਦੀ ਸ਼ਕਤੀ ਖਿਆਲ ਤਰੰਗ ਪੈਦਾ ਹੁੰਦੀ ਹੈ। ਜੇ ਜੀਵ ਨਾ ਚਾਹੇ, ਤਾਂ ਕਈ ਕਈ ਘੰਟੇ, ਕਈ ਕਈ ਦਿਨ ਮਨ ਵਿਚ ਕੋਈ ਖਿਆਲ ਤਰੰਗ ਪੈਦਾ ਨਹੀਂ ਹੁੰਦੀ ਅਤੇ ਜੀਵ ਆਪਣੇ ਕਰਤਾਰ ਨਾਲ ਇਕ ਮਿਕ ਹੋ ਕੇ ਮੌਜ ਮਾਣਦਾ ਰਹਿੰਦਾ ਹੈ। ਇਸ ਨੂੰ ਮਨ ਦਾ ਜਿਤਣਾ ਆਖਦੇ ਹਨ। ਮਨ ਤੇ ਕਾਬੂ ਦਾ ਇਹ ਦਰਜਾ ਪੈਦਾ ਕਰਨਾ, ਜੀਵਨ ਦਾ ਆਦਰਸ਼ ਹੈ, ਇਸ ਦਰਜੇ ਨੂੰ ਹਾਸਲ ਕਰਨਾ ਜਗਤ ਨੂੰ ਜਿੱਤਣਾ ਹੈ।

ਮਨ ਕਿਵੇਂ ਅਤੇ ਕਦੋਂ ਮਰਦਾ ਹੈ?

ਜਦ ਮਨ ਗੁਰਮੁਖ ਦੇ ਅਧੀਨ ਹੋ ਜਾਵੇ ਤਾਂ ਇਹ ਉਸ ਦੇ ਹੁਕਮ ਤੋਂ ਬਗੈਰ ਪਰ ਨਹੀਂ ਫਟਕ ਸਕਦਾ। ਅਭਿਆਸ ਕਰਦਿਆਂ ਕਰਦਿਆਂ ਐਸੀ ਹਾਲਤ ਪੈਦਾ ਹੋ ਜਾਂਦੀ ਹੈ ਕਿ ਗੁਰਮੁਖ ਕਿਤਨਾ ਕਿਤਨਾ ਅਰਸਾ ਮਨ ਨੂੰ ਪਰੇ ਖਲਾਰ ਕੇ ਆਪਣੇ ਕਰਤਾਰ ਨਾਲ ਜੁੜਿਆ ਰਹਿੰਦਾ ਹੈ ਅਤੇ ਅੰਤ ਵਿਚ ਮਨ ਨੂੰ ਸਦਾ ਲਈ ਆਪਣੇ

ਮਾਲਕ ਦੇ ਵਿਚਕਾਰੋਂ ਕਢ ਕੇ ਮੁਕਤ ਹੋ ਜਾਂਦਾ ਹੈ। ਇਸ ਅਵਸਥਾ ਵਿਚ ਅਖੀਰ ਮਨ ਮਰ ਜਾਂਦਾ ਹੈ। ਦੂਸਰੇ ਅੱਖਰਾਂ ਵਿਚ ਗੁਰਮੁਖ ਦੀ ਸਚ ਦੀ ਭਾਲ ਵਿਚ ਜਦ ਪੂਰੀ ਤਸੱਲੀ ਹੋ ਜਾਵੇ, ਜੋ ਲਭਣਾ ਸੀ ਉਹ ਪੂਰੇ ਤੌਰ ਤੇ ਲਭ ਪਵੇ, ਉਸ ਵੇਲੇ ਹੋਰ ਭਾਲ ਦੀ ਜ਼ਰੂਰਤ ਨਹੀਂ ਰਹਿੰਦੀ ਕਿਉਂਕਿ ਹੋਰ ਕੁਝ ਲਭਣ ਵਾਲਾ ਹੀ ਨਹੀਂ ਰਹਿੰਦਾ। ਖਿਆਲਾਂ ਦੀ ਪੂਰੀ ਸੰਤੁਸ਼ਟੀ ਹੋ ਜਾਣ ਨਾਲ ਖਿਆਲ ਦੇ ਪਰ ਝੜ ਜਾਂਦੇ ਹਨ, ਉਹ ਹੋਰ ਉਡ ਹੀ ਨਹੀਂ ਸਕਦਾ। ਜੁਸਤਜੂ ਮੁਕ ਜਾਂਦੀ ਹੈ, ਸਫਰ ਖਤਮ ਹੋ ਜਾਂਦਾ ਹੈ, ਭਟਕਣਾ ਸਦਾ ਲਈ ਮੁਕ ਜਾਂਦੀ ਹੈ, ਗੁਰਮੁਖ ਆਪਣੇ ਕਰਤਾਰ ਦੇ ਚਰਨਾਂ ਵਿਚ ਲੀਨ ਹੁੰਦਾ ਹੁੰਦਾ ਕਰਤਾਰ ਰੂਪ ਹੋ ਜਾਂਦਾ ਹੈ। ਇਸ ਛੇਕੜਲੀ ਹਾਲਤ ਵਿਚ ਮਨ ਪੂਰੇ ਤੌਰ ਤੇ ਮਰਦਾ ਹੈ ਜਾਂ ਖਿਆਲ ਪੂਰੇ ਤੌਰ ਤੇ ਉਪਜਣੇ ਬੰਦ ਹੁੰਦੇ ਹਨ। ਇਸ ਤੋਂ ਪਹਿਲੋਂ ਮਨ ਕਿਸੇ ਨਾ ਕਿਸੇ ਸ਼ਕਲ ਵਿਚ ਕਾਇਮ ਰਹਿੰਦਾ ਹੈ, ਜਾਂ ਇਝ ਕਹੋ ਕਿ ਖਿਆਲ ਕਿਸੇ ਨਾ ਕਿਸੇ ਸ਼ਕਲ ਵਿਚ ਉਪਜਦੇ ਰਹਿੰਦੇ ਹਨ ਅਤੇ ਗੁਰਮੁਖ ਦੀ ਆਖਰੀ ਮੰਜ਼ਲ ਤਕ ਅਗਵਾਈ ਕਰਦੇ ਰਹਿੰਦੇ ਹਨ।

ਕੀ ਮਨ ਇਨਸਾਨ ਦਾ ਸਦਾ ਦੁਸ਼ਮਣ ਰਹਿੰਦਾ ਹੈ?

ਨਹੀਂ, ਅਗਿਆਨਤਾ ਵਿਚ ਮਨ ਇਨਸਾਨ ਨੂੰ ਭਟਕਾਂਦਾ ਹੈ ਪਰ ਜਦ ਇਨਸਾਨ ਨੂੰ ਆਪਣੇ ਕਾਦਰ ਦੇ ਮਿਲਣ, ਆਪਣੇ ਅਸਲੇ ਦੇ ਸਮਝਣ ਦੀ ਧੁੰਨ ਲਗ ਜਾਵੇ ਤਾਂ ਕੁਝ ਚਿਰ ਅੜੀਆਂ ਤੇ ਮੁਕਾਬਲਾ ਕਰ ਕੇ, ਮਨ ਨੂੰ ਆਪਣੇ ਆਪ ਹੀ, ਸਚ ਦੀ ਖੋਜ ਦਾ ਸ਼ੌਕ ਪੈਦਾ ਹੋ ਜਾਂਦਾ ਹੈ। ਉਹ ਖੋਜੀ ਜਾਂ ਮੁਤਲਾਸ਼ੀ ਦੀ ਫਿਰ ਉਸੇ ਤਰ੍ਹਾਂ ਸਹਾਇਤਾ ਕਰਨ ਲਗ ਜਾਂਦਾ ਹੈ ਜਿਵੇਂ ਅਗਿਆਨੀ ਤੇ ਵਿਕਾਰੀ ਨੂੰ ਹਮੇਸ਼ਾਂ ਪਰੇਸ਼ਾਨ ਰਖਦਾ ਸੀ।

ਜਦ ਖੋਜੀ ਦੇ ਮਨ ਵਿਚ ਰਬ ਦੇ ਮਿਲਣ ਦਾ ਚਾਉ ਉਪਜ

ਪਵੇ ਤਦ ਇਹ ਮਨ ਹੀ ਬੇੜੀ ਬਣ ਜਾਂਦਾ ਹੈ ਤੇ ਖੋਜੀ ਦੀ ਭਵ ਸਾਗਰ ਤੋਂ ਪਾਰ ਹੋਣ ਵਿਚ ਪੂਰਨ ਮਦਦ ਕਰਦਾ ਹੈ।

ਮਨ ਇਕ ਬੇੜੀ ਹੈ, ਜੋ ਉਲਟ ਕੇ ਆਪਣੇ ਮਾਲਕ ਨੂੰ ਡਬੋ ਵੀ ਸਕਦੀ ਹੈ ਅਤੇ ਸਿਧੀ ਰਹਿ ਕੇ ਸੈਰ ਕਰਾਂਦੀ ਕਰਾਂਦੀ ਕਿਨਾਰੇ ਵੀ ਲਗਾ ਸਕਦੀ ਹੈ।

ਮਨ ਦੀਆਂ ਅਨੇਕ ਹਾਲਤਾਂ ਸਬੰਧੀ ਗੁਰੂ ਗਰੰਥ ਜੀ ਵਿਚ ਅਨੇਕ ਇਸ਼ਾਰੇ ਹਨ:

*ਭੀਤਰਿ ਪੰਚ ਗੁਪਤ ਮਨਿ ਵਾਸੇ ॥*
*ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ ॥*
*ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ ॥*
*ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ ॥*

*ਅੰਗ - 359*

*ਯਹ ਮਨੁ ਨੈਕ ਨ ਕਹਿਓ ਕਰੈ ॥*
*ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ ॥*
*ਮੰਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ ॥*
*ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ ॥*
*ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ ॥*
*ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਕਾਜੁ ਸਰੈ ॥*

*ਅੰਗ - 536*

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*
*ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ ॥*
*ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ ॥*

*ਅੰਗ - 651*

*ਕਹਿ ਕਬੀਰ ਅਬ ਜਾਨਿਆ ॥*
*ਜਬ ਜਾਨਿਆ ਤਉ ਮਨੁ ਮਾਨਿਆ ॥* ਅੰਗ - 656

*ਇਹੁ ਮਨੂਆ ਕਿਉ ਕਰਿ ਵਸਿ ਆਵੈ ॥*
*ਗੁਰ ਪਰਸਾਦੀ ਠਾਕੀਐ ਗਿਆਨ ਮਤੀ ਘਰਿ ਆਵੈ ॥*
ਅੰਗ - 426

*ਜੋ ਮਨੁ ਮਾਰਹਿ ਆਪਣਾ ਸੇ ਪੁਰਖ ਬੈਰਾਗੀ ਰਾਮ ॥*
ਅੰਗ - 569

*ਗੁਰ ਪਰਸਾਦੀ ਜੀਵਤੁ ਮਰੈ ਹੁਕਮੈ ਬੂਝੈ ਸੋਇ ॥* ਅੰਗ - 555

# ਸਿੱਖ ਹਿੰਦੂ ਮਿਲਾਪ

ਸਿੱਖ ਹਿੰਦੂ ਉਸੇ ਤਰ੍ਹਾਂ ਇਕ ਦੂਜੇ ਨਾਲੋਂ ਵਖਰੇ ਨਹੀਂ ਹੋ ਸਕਦੇ, ਜਿਵੇਂ ਨੌਹਾਂ ਨਾਲੋਂ ਮਾਸ। ਨੌਂਹ ਤੇ ਮਾਸ ਦੋ ਅਲਹਿਦਾ ਅਲਹਿਦਾ ਚੀਜ਼ਾਂ ਹੁੰਦਿਆਂ ਵੀ, ਫੇਰ ਇਕੱਠੀਆਂ ਹਨ, ਇਕ ਹਨ। ਏਸੇ ਤਰ੍ਹਾਂ ਹਿਦੂ, ਹਿੰਦੂ ਅਤੇ ਸਿੱਖ ਸਿੱਖ ਰਹਿੰਦੇ ਹੋਏ ਫੇਰ ਇਕੱਠੇ ਹਨ, ਇਕ ਹਨ, ਇਕ ਦੀ ਪੀੜ ਦੂਜੇ ਨੂੰ ਸਦਾ ਹੁੰਦੀ ਰਹੇਗੀ। ਜੋ ਹਿਦੂ ਇਹ ਚਾਹੁੰਦੇ ਹਨ ਕਿ ਸਿੱਖ ਆਪਣੇ ਆਪ ਨੂੰ ਸਿੱਖ ਆਖਣਾ ਛਡ ਦੇਣ ਅਤੇ ਹਿਦੂ ਆਖਣ ਲਗ ਪੈਣ ਜਾਂ ਉਹ ਸਿੱਖ ਜੋ ਜੋਸ਼ ਵਿਚ ਆਖ ਦੇਂਦੇ ਹਨ ਕਿ ਸਿੱਖ ਬਿਲਕੁਲ ਹੋਰ ਹਨ ਅਤੇ ਹਿਦੂ ਹੋਰ, ਹਿੰਦੂਆਂ ਨਾਲ ਸਾਡਾ ਕੋਈ ਸਬੰਧ ਨਹੀਂ, ਉਹ ਦੋਵੇਂ ਭੁਲੇਖੇ ਵਿਚ ਹਨ, ਭਰਾ ਭਰਾ ਨੂੰ ਜੇ ਕਹਿ ਵੀ ਦੇਵੇ ਕਿ ਮੈਂ ਤੇਰਾ ਭਰਾ ਨਹੀਂ ਤਾਂ ਵੀ ਭਰਾ ਦੇ ਰਿਸ਼ਤੇ ਤੋਂ ਆਜ਼ਾਦ ਨਹੀਂ ਹੋ ਸਕਦਾ। ਬਾਜ਼ੇ ਰਿਸ਼ਤੇ ਐਸੇ ਹੁੰਦੇ ਹਨ ਜੋ ਤੋੜਿਆਂ ਵੀ ਟੁਟ ਨਹੀਂ ਸਕਦੇ। ਸਿੱਖ ਤੇ ਹਿਦੂ ਦਾ ਸਦੀਵੀ ਰਿਸ਼ਤਾ ਬਣ ਚੁਕਿਆ ਹੈ ਜੋ ਜਦ ਤਕ ਇਹ ਦੋਵੇਂ ਕਾਇਮ ਹਨ ਕਦੀ ਟੁਟੇਗਾ ਨਹੀਂ। ਜੇ ਸਾਰੇ ਸਿੱਖ ਰਲ ਕੇ ਪਾਸ ਕਰ ਦੇਣ ਕਿ ਸਾਡਾ ਹਿਦੂਆਂ ਨਾਲ ਕੋਈ ਸਬੰਧ ਨਹੀਂ ਰਿਹਾ ਜਾਂ ਸਾਰੇ ਹਿਦੂ ਆਖ ਦੇਣ ਕਿ ਸਾਡਾ ਸਿੱਖਾਂ ਨਾਲ ਕੋਈ ਵਾਸਤਾ ਨਹੀਂ ਰਿਹਾ ਤਾਂ ਵੀ ਸਿੱਖਾਂ ਤੇ ਹਿਦੂਆਂ ਦਾ ਰਿਸ਼ਤਾ ਕਾਇਮ ਰੇਹਗਾ ਕਦੀ ਟੁਟੇਗਾ ਨਹੀਂ।

ਸਿੱਖ ਓਦੋਂ ਤਕ ਸਿੱਖ ਹੈ ਜਦ ਤਕ ਉਸ ਦਾ ਵਿਸ਼ਵਾਸ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਵਿਚ ਹੈ ਅਤੇ ਇਸ ਤੋਂ ਛੁਟ ਹੋਰ ਕੋਈ ਵਿਸ਼ਵਾਸ਼ ਨਹੀਂ ਰਖਦਾ। ਹਿਦੂ ਓਦੋਂ ਤਕ ਹਿਦੂ ਹੈ ਜਦ ਤਕ ਉਸ ਦਾ ਵਿਸ਼ਵਾਸ਼ ਵੇਦਾਂ, ਸਿਮਰਤੀਆਂ, ਸ਼ਾਸਤਰਾਂ ਦੇ ਉਪਦੇਸ਼ਾਂ ਵਿਚ ਹੈ। ਇਸ ਕਰ ਕੇ ਜੇ ਸਾਨੂੰ ਇਹ ਪਤਾ ਲਗ ਜਾਵੇ ਕਿ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਅਤੇ ਵੇਦਾਂ ਸ਼ਾਸਤਰਾਂ ਦੇ ਉਪਦੇਸ਼ਾਂ ਵਿਚ ਕੀ ਰਿਸ਼ਤਾ ਹੈ ਤਾਂ ਸਾਨੂੰ ਸਿੱਖਾਂ ਤੇ ਹਿਦੂਆਂ ਦੇ ਆਪਸ ਦੇ ਰਿਸ਼ਤੇ ਦਾ ਚੰਗੀ ਤਰ੍ਹਾਂ ਗਿਆਨ ਹੋ ਜਾਵੇਗਾ।

ਵੇਦ ਸ਼ਾਸਤਰ ਕੀ ਹਨ? ਡੂੰਘੀ ਵਿਚਾਰ ਕੀਤਿਆਂ ਪਤਾ ਲਗੇਗਾ ਕਿ ਵੇਦ ਸ਼ਾਸਤਰ, ਪਰਮ-ਆਤਮਾ ਸਬੰਧੀ ਹਿੰਦੁਸਤਾਨੀ ਰਿਸ਼ੀਆਂ ਦੀ ਖੋਜ ਦਾ ਰੀਕਾਰਡ ਜਾਂ ਜ਼ਖੀਰਾ ਹੈ। ਇਹ ਖੋਜ ਮੂਰਤੀ ਪੂਜਾ, ਕੁੱਦਰਤ ਦੀਆਂ ਸ਼ਕਤੀਆਂ ਦੀ ਪੂਜਾ, ਤੇਤੀ ਕਰੋੜ ਦੇਵਤਿਆਂ ਦੀ ਪੂਜਾ ਤੋਂ ਸ਼ੁਰੂ ਹੋ ਕੇ ਨਿਰਆਕਾਰ, ਨਿਰਗੁਨ, ਨਿਰੰਜਨ, ਸਤਿ, ਚਿਤ, ਅਨੰਦ, ਪਰਮਾਤਮਾ ਦੀ ਪੂਜਾ ਤੇ ਪਰਾਪਤੀ ਤੇ ਖਤਮ ਹੁੰਦੀ ਹੈ। ਸਦੀਆਂ ਭਰ ਦੇ ਪ੍ਰਮਾਤਮਾ ਸਬੰਧੀ ਕੀਤੇ ਹਿਦੁਸਤਾਨੀ ਰਿਸ਼ੀਆਂ ਮੁਨੀਆਂ ਦੇ ਆਤਮਕ ਤਜਰਬੇ ਸ਼ਾਸਤਰਾਂ ਵਿਚ ਅੰਕਤ ਹਨ।

ਗੁਰੂ ਸਾਹਿਬਾਨ ਦਾ ਉਪਦੇਸ਼ ਕੀ ਹੈ? ਸ੍ਰੀ ਗੁਰੂ ਗਰੰਥ ਸਾਹਿਬ ਕੀ ਹੈ? ਗੁਰੂ ਸਾਹਿਬਾਨ ਅਤੇ ਭਗਤਾਂ ਫਕੀਰਾਂ ਮਹਾਤਮਾ ਦੀ ਪਰਮ-ਆਤਮਾ ਸਬੰਧੀ ਖੋਜ ਦੇ ਸਾਰੇ ਪਹਿਲੂਆਂ ਦਾ ਵੇਰਵੇ ਸਹਿਤ ਜ਼ਿਕਰ ਮਾਇਆ ਦੇ ਧੋਖੇ ਵਿਚ ਖਚਤ ਆਦਮੀ ਨੂੰ:

*ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥* **ਅੰਗ - 468**

ਦੀ ਪਰੇਮ ਚਾਬਕ ਮਾਰ ਕੇ ਜਗਾ ਦੇਣਾ, ਸਿਮਰਨ ਕਮਾਈ ਦਾ ਉਤਸ਼ਾਹ ਵਧਾ ਕੇ ਘਟ ਘਟ ਵਿਚ ਬਿਰਾਜ ਰਹੀ ਅਕਾਲ

ਸ਼ਕਤੀ ਨਾਲ ਉਸ ਦੀ ਮੁਲਾਕਾਤ ਕਰਾ ਦੇਣੀ, ਉਸ ਦੀਆਂ ਅੱਖਾਂ ਤੋਂ ਜ਼ਿੰਦਗੀ ਸਬੰਧੀ ਅਗਿਆਨਤਾ ਦੀ ਪਟੀ ਖੋਲ ਕੇ ਉਸ ਨੂੰ ਸਾਫ ਸਾਫ ਦਿਖਾ ਦੇਣਾ ਕਿ *'ਨਹ ਕਿਛੁ ਜਨਮੈ ਨਹ ਕਿਛੁ ਮਰੈ, ਆਪਨ ਚਲਿਤੁ ਆਪ ਹੀ ਕਰੈ। (ਅੰਗ - 281)'* ਅਤੇ ਮਨਾ ਦੇਣਾ ਅਤੇ ਨਾ ਟੁਟਣ ਵਾਲਾ ਯਕੀਨ ਕਰਵਾ ਦੇਣਾ ਕਿ *'ਹਰਿ ਹਰਿ ਜਨ ਦੋਊ ਏਕ ਹੈ ਬਿਬ ਵਿਚਾਰ ਕਿਛ ਨਾਹਿ। ਜਲ ਤੇ ਉਪਜ ਤਰੰਗ ਜਿਉਂ ਜਲ ਹੀ ਬਿਖੇ ਸਮਾਹਿ।'* ਇਹਨਾਂ ਸਭ ਅਵਸਥਾਵਾਂ ਦਾ ਵੇਰਵਾ ਗੁਰੂ ਗਰੰਥ ਜੀ ਵਿਚ ਹੈ। ਇਸ ਕਰ ਕੇ, ਵੇਦਾਂ ਸ਼ਾਸਤਰਾਂ ਦੀ ਤਰ੍ਹਾਂ ਗੁਰੂ ਗਰੰਥ ਸਾਹਿਬ ਵਿਚ ਵੀ ਸਿੱਖ ਗੁਰੂਆਂ ਤੇ ਅਨੇਕ ਮਹਾਤਮਾ, ਭਗਤਾਂ, ਫਕੀਰਾਂ ਦੀ ਪਰਮਾਤਮਾ ਸਬੰਧੀ ਖੋਜ ਤੇ ਉਪਦੇਸ਼ ਪਰਮਾਤਮਾ ਦੇ ਸਰਗੁਨ ਸਰੂਪ ਦੀ ਪੂਜਾ ਤੋਂ ਸ਼ੁਰੂ ਹੋ ਕੇ ਪਰਮਾਤਮ ਦੇ ਨਿਰਗੁਨ ਸਰੂਪ ਦੀ ਪੂਜਾ ਅਤੇ ਪਰਾਪਤੀ ਵਿਚ ਖਤਮ ਹੁੰਦੇ ਹਨ।

ਕੀ ਵੇਦਾਂ ਸ਼ਾਸਤਰਾਂ ਅਤੇ ਗੁਰ ਉਪਦੇਸ਼ਾਂ ਵਿਚ, ਕੋਈ ਫਰਕ ਨਹੀਂ? ਹਾਂ ਹੈ। ਉਹ ਕਿਹੜਾ? ਉਹੀ ਜੋ ਪਰਮਾਤਮਾਂ ਸਬੰਧੀ ਪਹਿਲੇ ਹੋ ਚੁਕੇ ਅਤੇ ਪਿਛੇ ਹੋਏ ਖੋਜੀਆਂ ਦੀ ਖੋਜ ਵਿਚ ਹੋਣਾ ਚਾਹੀਦਾ ਹੈ। ਉਹੋ ਜੋ ਇਕ ਮਕਨ ਦਾ ਨਕਸ਼ਾ ਬਨਾਣ ਵਾਲੇ, ਫੇਰ ਮਕਾਨ ਦੇ ਢਾਂਚੇ ਨੂੰ ਤਿਆਰ ਕਰਨ ਵਾਲੇ ਅਤੇ ਫੇਰ ਉਸ ਮਕਾਨ ਨੂੰ ਰਿਹਾਇਸ਼ੀ ਸਮਾਨਾ ਨਾਲ ਸਜਾ ਕੇ ਰਹਿਣ ਦੇ ਕਾਬਲ ਬਨਾਣ ਵਾਲੇ ਕੰਮ ਵਿਚ ਫਰਕ ਹੁੰਦਾ ਹੈ।

ਗੁਰੂ ਗਰੰਥ ਜੀ ਦੇ ਲਿਖਾਰੀਆਂ ਨੇ ਵੇਦਾਂ ਸ਼ਾਸਤਰਾਂ ਵਿਚ ਹੋਈ ਆਤਮਕ ਖੋਜ ਨੂੰ ਸੰਪੂਰਨ ਕੀਤਾ ਹੈ, ਉਸ ਨੂੰ ਅਸਾਨ ਬਣਾਇਆ ਹੈ, ਉਸ ਵਿਚੋਂ ਵਿੰਗ ਟੇਢ ਤੇ ਤਰੁਟੀਆਂ ਕਢ ਕੇ ਉਸ ਨੂੰ ਦੁਹਰਾਇਆ ਹੈ, ਪੰਜਾਬੀ ਮਾਤ ਭਾਸ਼ਾ ਅਤੇ ਅਲੌਕਿਕ ਕਵਿਤਾ

ਵਿਚ ਇੱਕਤਰ ਕੀਤਾ ਹੈ, ਉਸ ਪੁਰਾਤਨ ਆਤਮਕ ਖੋਜ ਵਿਚ ਕਈ ਅਖੀਰੀ ਵਾਧੇ ਕਰ ਕੇ ਇਕ ਵਿਗਿਆਨਕ ਰੂਪ ਦਿਤਾ ਹੈ, ਸਿਮਰਨ ਦੀ ਖਿਊਰੀ ਨੂੰ ਜਿਸ ਦੀ ਕਾਢ ਭਾਵੇਂ ਪੁਰਾਤਨ ਰਿਸ਼ੀਆਂ ਦੀ ਸੀ, ਮੁੜ ਕੇ ਸੁਰਜੀਤ ਕੀਤਾ ਹੈ:

*ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥*
*ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥* *ਅੰਗ - 761*

ਆਤਮਕ ਖੋਜ ਵਾਸਤੇ ਪੁਰਾਣੇ ਖਿਆਲ ਅਨੁਸਾਰ ਜੋ ਗ੍ਰਹਿਸਤ ਛਡ ਕੇ ਜੰਗਲਾਂ ਵਿਚ ਜਾਣਾ ਜ਼ਰੂਰੀ ਸੀ, ਗਲਤ ਸਾਬਤ ਕਰ ਕੇ ਘਰ ਘਰ ਅੰਦਰ ਧਰਮਸ਼ਾਲਾ ਚਲਾਈ ਹੈ।

*ਕਾਹੇ ਰੇ ਬਨ ਖੋਜਨ ਜਾਈ ॥*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥*
*ਅੰਗ - 684*

*ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ*
*ਫਿਰਹਿ ਜਿਉ ਬੇਤਾਲਿਆ ॥* *ਅੰਗ - 919*

ਮੈਂ ਜਿਉਂ ਜਿਉਂ ਵੇਦਾਂ ਸ਼ਾਸਤਰਾਂ ਅਤੇ ਸ੍ਰੀ ਗੁਰੂ ਗਰੰਥ ਜੀ ਦਾ ਮੁਤਾਲਿਆ ਕੀਤਾ ਹੈ ਤਿਉਂ ਤਿਉਂ ਸੰਤ ਬਨਾ ਸਿਘ ਜੀ (ਜੋ ਲਾਹੌਰ ਪਹਿਲੀ ਪਾਤਸ਼ਾਹੀ ਵਾਲੇ ਚੁਹੱਟਾ ਮੁਫਤੀ ਬਾਕਰ ਦੇ ਗੁਰਦਵਾਰੇ ਦੇ ਸੇਵਾਦਾਰ ਸਨ ਅਤੇ ਜਿਨ੍ਹਾਂ ਸੌ ਸਾਲ ਤੋਂ ਉਤੇ ਭਜਨ ਬੰਦਗੀ ਦੀ ਜ਼ਿੰਦਗੀ ਬਤੀਤ ਕੀਤੀ) ਦੇ ਬਚਨ ਦੀ ਸਚਾਈ ਨੂੰ ਦੇਖਿਆ ਹੈ, ਆਪ ਆਖਦੇ ਹੁੰਦੇ ਸਨ ਕਿ ਵੇਦਾਂ ਸ਼ਾਸਤਰਾਂ ਅਤੇ ਗੁਰੂ ਗਰੰਥ ਜੀ ਦੇ ਉਪਦੇਸ਼ਾਂ ਵਿਚ ਉਹੋ ਫਰਕ ਹੈ, ਜਿਹੜਾ ਬਦਾਮ ਤੇ ਬਦਾਮ ਦਾ ਛਿਲੜ ਤੋੜ ਕੇ ਕਢੀ ਗਿਰੀ ਵਿਚ ਹੁੰਦਾ ਹੈ।

ਕਈ ਹਿੰਦੂ ਮਿਤਰਾਂ ਨੂੰ ਆਖਦੇ ਸੁਣਿਆ ਹੈ ਕਿ ਸਿੱਖ, ਹਿੰਦੂ ਧਰਮ ਦੀ ਇਕ ਸ਼ਾਖ ਹਨ ਜਿਸ ਤਰ੍ਹਾਂ ਕਿ ਬੁਧ ਜੈਨ ਆਦਿ, ਏਸ ਲਈ ਸਿੱਖ ਹਿੰਦੂ ਹੀ ਹਨ ਅਤੇ ਪੋਲੀਟੀਕਲ ਖਿਆਲਾਂ ਦੇ ਸਿੱਖਾਂ

ਨੂੰ ਵੀ ਆਖਦੇ, ਸੁਣਿਆ ਹੈ ਕਿ 'ਅਸੀਂ ਹਿੰਦੂ ਨਹੀਂ, ਅਸੀਂ ਸਿੱਖ ਹਾਂ, ਸਾਨੂੰ ਵਖਰੇ ਪੋਲੀਟੀਕਲ ਅਧਿਕਾਰ ਮਿਲਣੇ ਚਾਹੀਦੇ ਹਨ। ਇਸ ਸਬੰਧ ਵਿਚ ਮੈਂ ਹਿੰਦੂ ਮਿਤਰਾਂ ਪਾਸ ਬੇਨਤੀ ਕਰਾਂਗਾ ਕਿ ਜੇਕਰ ਸਿੱਖ ਹਿੰਦੂ ਮਤ ਦੀ ਇਕ ਸ਼ਾਖ ਵੀ ਮੰਨ ਲਈ ਜਾਵੇ ਤਾਂ ਸ਼ਾਖ, ਸ਼ਾਖ ਹੁੰਦੀ ਹੈ ਦਰਖਤ ਨਹੀਂ ਹੁੰਦੀ। ਹਰ ਇਕ ਸ਼ਾਖ ਆਪਣੀ ਇਕ ਅਲਹਿਦਾ ਹਸਤੀ ਰਖਦੀ ਹੈ, ਹਰ ਇਕ ਸ਼ਾਖ ਆਜ਼ਾਦੀ ਨਾਲ ਹਵਾ ਦੇ ਰੁਖ ਅਨੁਸਾਰ ਹਿਲਦੀ ਤੇ ਝੂਮਦੀ ਹੈ। ਦਰਖਤ ਜੇਕਰ ਇਹ ਆਖੇ ਕਿ ਸ਼ਾਖਾਂ ਨਹੀਂ, ਦਰਖਤ ਹੀ ਹਨ ਤਾਂ ਉਹ ਆਪਣੀ ਅਸਲੀਅਤ ਤੋਂ ਵਾਕਿਫ ਨਹੀਂ। ਦਰਖਤ ਆਪਣੇ ਆਪ ਵਿਚ ਕਿਸੇ ਚੀਜ਼ ਦਾ ਨਾਮ ਨਹੀਂ ਹੁੰਦਾ, ਜੜ੍ਹਾਂ, ਤਨਾਂ, ਟਹਿਣੀਆਂ, ਪਤਿਆਂ ਫੁਲਾਂ ਤੇ ਫਲਾਂ ਦੇ ਮਜਮੂਏ ਨੂੰ ਦਰਖਤ ਆਖਦੇ ਹਨ, ਇਹਨਾਂ ਤੋਂ ਛੁਟ ਦਰਖਤ ਦੀ ਕੋਈ ਹਸਤੀ ਹੀ ਨਹੀਂ। ਏਸ ਸਬੰਧ ਵਿਚ ਮੈਂ ਸਿੱਖ ਮਿਤਰਾਂ ਦੇ ਚਰਨਾਂ ਵਿਚ ਬੇਨਤੀ ਕਰਾਂਗਾ ਕਿ ਆਪਣੇ ਰਾਜਨੀਤਕ ਹਕੂਕਾਂ ਨੂੰ ਕਾਇਮ ਰਖਦਿਆਂ, ਆਪਣੇ ਰਾਜਨੀਤਕ ਤੇ ਧਾਰਮਕ ਦ੍ਰਿਸ਼ਟੀਕੋਣਾਂ ਨੂੰ ਸੁਤੰਤਰ ਰਖਦਿਆਂ ਹੋਇਆਂ ਉਹਨਾਂ ਨੂੰ ਇਹ ਵੀ ਯਾਦ ਰਖਣਾ ਚਾਹੀਦਾ ਹੈ ਕਿ ਹਿੰਦੂ ਧਰਮ ਨਾਲ ਉਹਨਾਂ ਦੇ ਧਰਮ ਦਾ ਇਕ ਅਨਟੁਟ ਆਤਮਕ ਰਿਸ਼ਤਾ ਹੈ, ਦੋਹਾਂ ਧਰਮਾਂ ਦੇ ਮੁਢਲੇ ਅਸੂਲ ਇਕ ਹਨ। ਵੇਦਾਂ ਸ਼ਾਸਤਰਾਂ ਦੀ ਗੁਰੂ ਸਾਹਿਬਾਨ ਦੇ ਦਿਲ ਵਿਚ ਬੜੀ ਇੱਜ਼ਤ ਸੀ। ਗੁਰਬਾਣੀ ਵਿਚ ਅਨੇਕ ਜੁਗਾਂ ਤੇ ਵੇਦਾਂ ਸ਼ਾਸਤਰਾਂ ਦੇ ਫੈਸਲੇ ਜਾਂ authority ਨੂੰ ਵਰਤਿਆ ਗਿਆ ਹੈ। ਜਿਹਾ ਕਿ:

*ਬੇਦ ਸਾਸਤ੍ਰ ਜਨ ਪੁਕਾਰਹਿ ਸੁਨੈ ਨਾਹੀ ਡੋਰਾ ॥ ਅੰਗ - 408*

*ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥*
*ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ ॥*
*ਅੰਗ - 632*

*ਚਤੁਰਥਿ ਚਾਰੇ ਬੇਦ ਸੁਣਿ ਸੋਧਿਓ ਤਤੁ ਬੀਚਾਰੁ ॥*
*ਸਰਬ ਖੇਮ ਕਲਿਆਣ ਨਿਧਿ ਰਾਮ ਨਾਮੁ ਜਪਿ ਸਾਰੁ ॥*

*ਅੰਗ - 297*

*ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥*
*ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ॥*
*ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥*

*ਅੰਗ - 595*

ਗੁਰਬਾਣੀ ਪੜ੍ਹਦਿਆਂ ਇੰਝ ਪਰਤੀਤ ਹੁੰਦਾ ਹੈ ਕਿ ਗੁਰੂ ਸਾਹਿਬਾਨ ਦੇ ਦਿਮਾਗਾਂ ਅੰਦਰ ਵੇਦਾਂ ਸ਼ਾਸਤਰਾਂ ਸਬੰਧੀ ਕੋਈ ਦਵੈਤ ਭਾਵਨਾ ਹੈ ਹੀ ਨਹੀਂ ਸੀ। ਉਹ ਉਹਨਾਂ ਨੂੰ ਉਸੇ ਤਰ੍ਹਾਂ ਸਮਝਦੇ ਸਨ ਜਿਵੇਂ ਕੋਈ ਸੁਘੜ ਤੇ ਈਮਾਨਦਾਰ ਖੋਜੀ ਆਪਣੇ ਤੋਂ ਪਹਿਲੇ ਖੋਜੀਆਂ ਦੀ ਕੀਤੀ ਖੋਜ ਨੂੰ ਸਤਿਕਾਰ ਨਾਲ ਦੇਖਦਾ ਅਤੇ ਆਪਣੀ ਮਲਕੀਅਤ ਸਮਝਦਾ ਹੈ। ਮੇਰਾ ਤਾਂ ਸਚਾ ਵਿਸ਼ਵਾਸ ਹੈ ਕਿ ਜਦ ਤਕ ਵੇਦਾਂ ਸ਼ਾਸਤਰਾਂ ਤੇ ਗੁਰੂ ਗਰੰਥ ਜੀ ਦਾ ਮਨੁੱਖੀ ਜੀਵਨ ਵਿਚ ਸਤਿਕਾਰ ਕਾਇਮ ਰਹੇਗਾ ਤਦ ਤਕ ਇਹਨਾਂ ਦੇ ਉਪਾਸ਼ਕਾਂ ਦਾ ਵੀ ਰਿਸ਼ਤਾ ਅਟੁਟ ਰਹੇਗਾ। ਇਹਨਾਂ ਨੂੰ ਉਸੇ ਤਰ੍ਹਾਂ ਜੁਦਾ ਨਹੀਂ ਕੀਤਾ ਜਾ ਸਕੇਗਾ ਜਿਵੇਂ ਨੌਹਾਂ ਨਾਲੋਂ ਮਾਸ।

ਜਿਨ੍ਹਾਂ ਹਿੰਦੂ ਮਿਤਰਾਂ ਨੂੰ ਕਿਸੇ ਵੇਲੇ ਕਿਸੇ ਜੁਸ਼ੀਲੇ ਤੇ ਛੋਟੀ ਦਰਿਸ਼ਟੀ ਵਾਲੇ ਸਿੱਖਾਂ ਦੇ ਖਰਵੇ ਬਚਨ ਸੁਨਣੇ ਪਏ ਹੋਣ ਉਹਨਾਂ ਦੇ ਚਰਨਾਂ ਵਿਚ ਮੇਰੀ ਨਿਰਮਾਣ ਬੇਨਤੀ ਹੈ ਕਿ ਗੁਰੂ ਨਾਨਕ ਅਤੇ ਗੁਰੂ ਗਰੰਥ ਸਾਹਿਬ ਨਿਰੇ ਪੂਰੇ ਕਿਰਪਾਨਧਾਰੀ ਸਿੱਖਾਂ ਦੀ ਹੀ ਮਲਕੀਅਤ ਨਹੀਂ, ਗੁਰੂ ਸਾਹਿਬਾਨ ਸਾਰੇ ਸੰਸਾਰ ਦੇ ਉਸੇ ਤਰ੍ਹਾਂ ਸਾਂਝੇ ਸਨ ਜਿਵੇਂ ਸੂਰਜ ਚੰਦਰਮਾਂ ਤੇ ਵਾਯੂ ਅਤੇ ਉਹ ਕਿਸੇ ਫਿਰਕੇ, ਜਥੇ ਜਾਂ ਧੜੇ ਦੀ ਸੂਰਜ ਚੰਦਰਮਾਂ ਤੇ ਹਵਾ ਦੀ ਤਰ੍ਹਾਂ ਮਲਕੀਅਤ ਨਹੀਂ ਬਣ ਸਕਦੇ। ਧੁਪ ਤਕ ਪਹੁੰਚਣ ਵਾਲਾ ਉਸ ਤੋਂ ਅਵਸ਼ ਰੋਸ਼ਨੀ

ਤੇ ਗਰਮੀ ਹਾਸਲ ਕਰੇਗਾ, ਗੁਰੂ ਗਰੰਥ ਜੀ ਪੜ੍ਹਨ ਤੇ ਵਿਚਾਰਨ ਵਾਲਾ ਅਵਸ਼ ਹੀ ਆਤਮਕ ਅਨੰਦ ਤੇ ਸ਼ਾਂਤੀ ਪਾਵੇਗਾ। ਇਸ ਲਈ ਹਿੰਦੂ ਮਿਤਰਾਂ ਨੂੰ ਗੁਰੂ ਨਾਨਕ ਦੀ ਗੋਦ ਵਿਚੋਂ ਉਠਾਣ ਵਾਲੀ ਕੋਈ ਸ਼ਕਤੀ ਪੈਦਾ ਹੀ ਨਹੀਂ ਹੋ ਸਕਦੀ। ਜਿਵੇਂ ਮੈਨੂੰ ਵੇਦਾਂ ਸ਼ਾਸਤਰਾਂ ਤੇ ਮਾਣ ਹੈ ਉਸੇ ਤਰ੍ਹਾਂ ਹਰ ਇਕ ਹਿੰਦੂ ਦਾ ਸਿੱਖ ਗੁਰੂਆਂ ਅਤੇ ਗੁਰੂ ਗਰੰਥ ਜੀ ਉਤੇ ਮਾਣ ਕਰਨ ਦਾ ਜਮਾਂਦਰੂ ਹਕ ਹੈ।

# ਸਿੱਖ ਦਾ ਇਮਤਿਹਾਨ

'ਸਿੱਖ' ਸ਼ਬਦ ਦੇ ਆਮ ਅਰਥ ਹਨ 'ਸਿਖਣ ਵਾਲਾ' ਵਿਦਿਆਰਥੀ, ਜਾਂ 'ਤਾਲਿਬ ਇਲਮ'। ਉਂਝ ਤਾਂ ਕਿਸੇ ਇਲਮ ਨੂੰ ਸਿਖਣ ਵਾਲਾ, ਉਸ ਇਲਮ ਦਾ 'ਸਿੱਖ' ਹੁੰਦਾ ਹੈ। ਪਰ ਪੰਜਾਬੀ ਬੋਲੀ ਵਿਚ ਸਿੱਖ ਤੋਂ ਮੁਰਾਦ ਗੁਰੂ ਨਾਨਕ ਤੋਂ ਲੈ ਕੇ ਦਸਾਂ ਪਾਤਸ਼ਾਹੀਆਂ ਦੇ ਉਪਦੇਸ਼ਾਂ ਨੂੰ ਮੰਨਣ ਵਾਲਾ ਤੇ ਉਹਨਾਂ ਉਪਦੇਸ਼ਾਂ ਅਨੁਸਾਰ ਆਪਣੀ ਜ਼ਿੰਦਗੀ ਢਾਲਣ ਵਾਲਾ ਪੁਰਖ ਹੈ। ਦਸਾਂ ਗੁਰੂਆਂ ਦੇ ਉਪਦੇਸ਼ ਕਿਉਂਕਿ ਗੁਰੂ ਗਰੰਥ ਸਾਹਿਬ ਵਿੱਚ ਅੰਕਿਤ ਕੀਤੇ ਹੋਏ ਹਨ, ਇਸ ਕਰ ਕੇ ਗੁਰੂ ਗਰੰਥ ਜੀ ਦੀ ਤਾਲੀਮ ਅਨੁਸਾਰ ਜੀਵਨ ਬਤੀਤ ਕਰਨ ਵਾਲਾ ਪੁਰਸ਼ ਹੀ 'ਸਿੱਖ' ਅਖਵਾਣ ਦਾ ਹਕਦਾਰ ਹੈ।

ਵਿਦਿਆਰਥੀ ਵਾਸਤੇ ਭਾਵੇਂ ਉਹ ਕਿਸੇ ਇਲਮ ਦਾ ਵਿਦਿਆਰਥੀ ਕਿਉਂ ਨਾ ਹੋਵੇ, ਆਪਣੇ ਇਲਮ ਵਿਚ ਪਾਸ ਹੋਣ ਲਈ ਇਮਤਿਹਾਨ ਜਾਂ ਅਜ਼ਮਾਇਸ਼ ਜ਼ਰੂਰੀ ਹੈ। ਇਹ ਇਮਤਿਹਾਨ ਜਾਂ ਅਜ਼ਮਾਇਸ਼ ਦੋ ਤਰ੍ਹਾਂ ਦੀ ਹੁੰਦੀ ਹੈ। ਇਕ ਥਿਊਰੈਟੀਕਲ ਦੂਸਰੀ ਪ੍ਰੈਕਟੀਕਲ। ਅਸਲ ਕਾਮਯਾਬ ਵਿਦਿਆਰਥੀ ਉਹ ਗਿਣਨਾ ਚਾਹੀਦਾ ਹੈ ਜੋ ਇਹਨਾਂ ਦੋਵਾਂ ਵਿਚ ਪਾਸ ਹੋਵੇ।

ਮਿਸਾਲ ਦੇ ਤੌਰ ਤੇ ਸਰੀਰਕ ਇਲਮ ਦੇ ਸਿਖਣ ਵਾਲੇ ਨੂੰ ਪੰਜ ਸਤ ਸਾਲ ਡਾਕਟਰੀ ਦੀਆਂ ਪੁਸਤਕਾਂ ਪੜ੍ਹਾ ਕੇ ਐਮ.ਬੀ.ਬੀ.ਐਸ. ਦੀ ਡਿਗਰੀ ਦਿਤੀ ਜਾਂਦੀ ਹੈ। ਇਹ ਕੇਵਲ ਕਿਤਾਬੀ ਇਲਮ ਦੀ ਹੀ ਡਿਗਰੀ ਹੁੰਦੀ ਹੈ, ਅਸਲ ਤੇ ਪੂਰੀ ਡਿਗਰੀ ਡਾਕਟਰ ਨੂੰ ਓਦੋਂ ਮਿਲਦੀ ਹੈ ਜਦ ਉਹ ਆਪਣੇ ਇਲਮ ਦੀ, ਬੀਮਾਰੀਆਂ ਦੇ ਮੁਕਾਬਲੇ ਵਿਚ ਠੀਕ ਤੇ ਕਾਮਯਾਬ ਵਰਤੋਂ ਕਰੇ। ਐਮ. ਬੀ. ਦੀ ਡਿਗਰੀ ਹਾਸਲ ਕਰਨ ਵਾਲੇ ਕਈ ਡਾਕਟਰ ਹੁੰਦੇ ਹਨ ਪਰ ਬੀਮਾਰੀਆਂ ਦੇ ਮੁਕਾਬਲੇ ਵਿਚ ਆਪਣੇ ਇਲਮ ਨੂੰ ਸਫਲਤਾ ਨਾਲ ਵਰਤਣ ਵਾਲੇ ਡਾਕਟਰ ਬਹੁਤ ਘਟ ਮਿਲਣਗੇ। ਅਸਲ ਅਰਥਾਂ ਵਿਚ ਡਾਕਟਰ ਕਹਾਣ ਦੇ ਹਕਦਾਰ ਉਹੀ ਹਨ ਜੋ ਅਮਲੀ ਤੌਰ ਤੇ ਸਰੀਰਕ ਰੋਗਾਂ ਨੂੰ ਰਾਜ਼ੀ ਕਰਨ ਵਿਚ ਕਾਮਯਾਬ ਹੋਏ ਹਨ। ਏਸੇ ਤਰ੍ਹਾਂ ਸਤਾਂ ਸੁਰਾਂ ਦੇ ਮਿਲਾਪ ਤੋਂ ਪੈਦਾ ਹੋਈਆਂ ਅਨੇਕਾਂ ਰਾਗਨੀਆਂ ਦੇ ਕੇਵਲ ਜਾਨਣ ਵਾਲੇ ਨੂੰ ਗਵੱਈਆ ਨਹੀਂ ਕਿਹਾ ਜਾ ਸਕਦਾ ਜਦ ਤਕ ਕਿ ਉਹ ਉਹਨਾਂ ਰਾਗ ਰਾਗਨੀਆਂ ਨੂੰ ਆਪਣੇ ਗਲੇ ਥਾਣੀ ਗਾ ਕੇ ਸੁਨਾਣ ਵਿਚ ਕਾਮਯਾਬੀ ਹਾਸਲ ਨਾ ਕਰੇ।

ਜਿਸ ਤਰ੍ਹਾਂ ਹਰ ਇਕ ਇਲਮ ਦੇ ਦੋ ਪਾਸੇ ਹਨ ਇਕ ਕਿਤਾਬੀ ਦੂਸਰਾ ਅਮਲੀ, ਉਸੇ ਤਰ੍ਹਾਂ ਧਰਮ ਜਾਂ ਆਤਮਕ ਇਲਮ ਦੇ ਵੀ ਦੋ ਹਿਸੇ ਹਨ। ਇਕ ਕਿਤਾਬੀ ਦੂਸਰਾ ਅਮਲੀ। ਇਹਨਾਂ ਦੋਹਾਂ ਤੋਂ ਬਿਨਾਂ ਆਦਮੀ ਅਸਲ ਅਰਥਾਂ ਵਿਚ ਧਾਰਮਕ ਨਹੀਂ ਕਿਹਾ ਜਾ ਸਕਦਾ, ਇਕ ਪਾਸਾ ਦੂਸਰੇ ਪਾਸੇ ਨੂੰ ਸਹਾਇਤਾ ਦੇਂਦਾ ਤੇ ਪੂਰਨ ਕਰਦਾ ਹੈ।

ਪਰ ਇਹਨਾਂ ਦੋਹਾਂ ਪਾਸਿਆਂ ਨਾਲੋਂ ਅਮਲ ਜਾਂ ਪਰੈਕਟਿਸ

ਦਾ ਪਾਸਾ ਜ਼ਿਆਦਾ ਮੁਸ਼ਕਲ ਤੇ ਜ਼ਰੂਰੀ ਹੁੰਦਾ ਹੈ। ਡਾਕਟਰੀ ਪੜ੍ਹੀ ਕਿਸ ਕੰਮ ਜੇ ਰੋਗੀ ਰਾਜ਼ੀ ਨਾ ਹੋ ਸਕਣ। ਸੁਰਾਂ ਦਾ ਗਿਆਨ ਕਿਸ ਕੰਮ ਜੇ ਰਾਗ ਨਾ ਗਾ ਸਕੇ। ਏਸੇ ਤਰ੍ਹਾਂ ਗੁਰੂ ਗਰੰਥ ਜੀ ਨੂੰ ਪੜ੍ਹਿਆ ਸੁਣਿਆ ਕਿਸ ਕੰਮ ਜੇ ਜੀਵਨ ਵਿਚ ਆਤਮਕ ਰੰਗਣ ਨਾ ਆਈ ਜਾਂ ਜ਼ਿੰਦਗੀ ਆਤਮਕ ਅਸੂਲਾਂ ਉਤੇ ਨਾ ਢਲੀ। ਉਹ ਮਿੱਤਰ ਜੋ ਕੇਸਾਂ, ਦਾਹੜੀਆਂ ਜਾਂ ਕੜੇ ਕ੍ਰਿਪਾਨਾਂ ਨੂੰ ਹੀ ਗੁਰਸਿੱਖੀ ਸਮਝਦੇ ਹਨ ਜਾਂ ਉਹ ਮਿੱਤਰ ਜੋ ਪਾਠ, ਪੂਜਾ ਨੂੰ ਹੀ ਗੁਰਸਿੱਖੀ ਸਮਝਦੇ ਹਨ, ਧਿਆਨ ਨਾਲ ਕੰਨਾਂ ਤੋਂ ਪਗਾਂ ਉਚੇ ਕਰ ਕੇ ਸੁਨਣ ਕਿ ਬਾਹਰ ਦੀ ਰਹਿਤ ਬਹਿਤ ਗੁਰਬਾਣੀ ਪੜ੍ਹਨੀ, ਸੁਨਣੀ ਤੇ ਗਾਵਣੀ ਜਾਂ ਧਰਮ ਸੰਬਧੀ ਸਟੇਜਾਂ ਤੇ ਖਲੋ ਕੇ ਵਿਦਵਤਾ ਭਰੇ ਲੈਕਚਰ ਕਰਨੇ ਤੇ ਸੁਨਣੇ ਜਾਂ ਗੁਰਸਿੱਖੀ ਉਤੇ ਵਿਦਵਤਾ ਭਰੇ ਲੰਬੇ ਚੌੜੇ ਲੇਖ ਲਿਖ ਲੈਣੇ ਜਾਂ ਪੜ੍ਹ ਲੈਣੇ ਕੇਵਲ ਗੁਰਸਿੱਖੀ ਜਾਂ ਸਿੱਖ ਧਰਮ ਜਾਂ ਗੁਰੂ ਗਰੰਥ ਜੀ ਦੀ ਤਾਲੀਮ ਦਾ ਇਕ ਪਹਿਲੂ ਹੈ ਜਿਸ ਦਾ ਜ਼ਿਆਦਾ ਜ਼ਰੂਰੀ ਪਹਿਲੂ ਗੁਰਸਿੱਖੀ ਦਾ ਅਮਲੀ ਜੀਵਨ ਜਾਂ ਗੁਰੂ ਨਾਨਕ ਦੀ ਤਾਲੀਮ ਦਾ ਆਪਣੇ ਜੀਵਨ ਵਿਚੋਂ ਲਿਸ਼ਕਾਰਾ ਵਜਣਾ ਹੈ।

ਕੀ ਕੇਸ ਰਖਣੇ ਜਾਂ ਕਛਾ, ਕੜਾ, ਕੰਘਾ, ਕਿਰਪਾਨ ਪਹਿਨ ਲੈਣੇ ਕੋਈ ਵਡੀ ਗਲ ਹੈ? ਹਰਗਿਜ਼ ਨਹੀਂ। ਇਹ ਕੰਮ ਤਾਂ ਇਕ ਦਿਨ ਵਿਚ ਹੋ ਸਕਦਾ ਹੈ। ਕੀ ਗੁਰਮੁਖੀ ਪੜ੍ਹ ਕੇ ਗੁਰੂ ਗਰੰਥ ਜੀ ਦਾ ਪਾਠ ਕਰ ਲੈਣਾ ਵਡੀ ਗਲ ਹੈ? ਹਰਗਿਜ਼ ਨਹੀਂ। ਇਹ ਕੰਮ ਕੁਝ ਮਹੀਨਿਆਂ ਵਿਚ ਹੀ ਹੋ ਸਕਦਾ ਹੈ। ਕੀ ਗਿਆਨੀ ਜਾਂ ਉਪਦੇਸ਼ਕ ਬਨਣਾ ਜਾਂ ਕੀਰਤਨ ਕਰ ਸਕਣਾ ਬੜੇ ਅਉਖੇ ਕੰਮ ਹਨ? ਬਿਲਕੁਲ ਨਹੀਂ। ਇਹ ਕੇਵਲ ਸਾਲ ਦੋ ਸਾਲ ਦੀ ਮਿਹਨਤ

ਨਾਲ ਹਾਸਲ ਹੋ ਸਕਦੇ ਹਨ। ਤਾਂ ਫਿਰ ਕਿਹੜੀ ਉਹ ਮੁਸ਼ਕਿਲ ਗਲ ਹੈ ਜਿਸ ਸਬੰਧੀ ਕਿਹਾ ਗਿਆ ਹੈ:

*ਗੁਰਸਿੱਖੀ ਬਾਰੀਕ ਹੈ, ਸਿਲ ਚਟਨ ਫਿਕੀ।*
*ਖੰਨਿਓ ਤਿਖੀ ਆਖੀਏ ਉਹ ਵਾਲੋਂ ਨਿਕੀ।*
*ਭਾਈ ਗੁਰਦਾਸ ਜੀ*

*ਵਾਟ ਹਮਾਰੀ ਖਰੀ ਉਡੀਣੀ ॥*
*ਖੰਨਿਅਹੁ ਤਿਖੀ ਬਹੁਤੁ ਪਿਈਣੀ ॥*
*ਉਸੁ ਊਪਰਿ ਹੈ ਮਾਰਗੁ ਮੇਰਾ ॥*
*ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ ॥* *ਅੰਗ - 794*

ਜਦ ਪਲੇਗ ਜਾਂ ਹੈਜ਼ਾ ਪਿਆ ਹੋਵੇ, ਹਜ਼ਾਰਾਂ ਇਨਸਾਨ ਮਰ ਰਹੇ ਹੋਣ, ਉਸ ਵੇਲੇ ਮੌਤ ਤੋਂ ਖੁਦ ਨਾ ਡਰਨਾ, ਆਪਣੀ ਦਵਾਈ ਉਤੇ ਭਰੋਸਾ ਰਖਣਾ, ਅਤੇ ਲੋਕਾਂ ਦਾ ਇਲਾਜ ਬੀਮਾਰੀ ਉਤੇ ਕਾਬੂ ਪਾ ਲੈਣ ਵਾਲੇ ਦ੍ਰਿੜ ਇਰਾਦੇ ਨਾਲ ਕਰੀ ਜਾਣਾ ਡਾਕਟਰ ਦਾ ਅਸਲ ਇਮਤਿਹਾਨ ਹੁੰਦਾ ਹੈ। ਜੋ ਇਸ ਇਮਤਿਹਾਨ ਵਿਚੋਂ ਪਾਸ ਹੋ ਜਾਵੇ, ਅਤੇ ਬੀਮਾਰੀਆਂ ਤੋਂ ਡਰਨ ਦੀ ਬਜਾਏ ਉਹਨਾਂ ਤੇ ਫਤਹ ਹਾਸਲ ਕਰ ਲਏ, ਉਹ ਕਾਮਯਾਬ ਡਾਕਟਰ ਹੈ।

ਏਸੇ ਤਰ੍ਹਾਂ ਅਸਲ ਧਾਰਮਕ ਪੁਰਸ਼ ਉਹ ਹੈ ਜੋ ਮਨ ਦੀਆਂ ਬੀਮਾਰੀਆਂ ਦੇ ਅਤਿਅੰਤ ਜ਼ੋਰ ਦੇ ਸਮੇਂ ਆਪਣੇ ਆਤਮਕ ਇਲਮ ਉਤੇ ਦ੍ਰਿੜ ਰਹੇ, ਉਹ ਇਲਮ ਦੀ ਰੋਸ਼ਨੀ ਵਿਚ, ਸਭ ਮਨ ਦੀਆਂ ਬੀਮਾਰੀਆਂ ਨੂੰ ਆਪਣੇ ਆਪ ਵਿਚ ਅਤੇ ਦੂਸਰਿਆਂ ਵਿਚ ਮੁਕੰਮਲ ਤੌਰ ਤੇ ਰਾਜ਼ੀ ਨਾ ਕਰ ਸਕੇ। ਮਨ ਦੀਆਂ ਬੀਮਾਰੀਆਂ ਤਨ ਦੀਆਂ ਬੀਮਾਰੀਆਂ ਤੋਂ ਗਿਣਤੀ ਵਿਚ ਅਨੇਕ ਗੁਣਾਂ ਜ਼ਿਆਦਾ ਅਤੇ ਭਿਆਨਕ ਹੁੰਦੀਆਂ ਹਨ। ਮਲੇਰੀਏ ਨਾਲ ਉਤਨੇ ਆਦਮੀ ਬੀਮਾਰ ਨਹੀਂ ਹੁੰਦੇ, ਜਿਤਨੇ ਲਾਲਚ, ਗੁੱਸੇ ਤੇ ਡਰ ਨਾਲ

ਬੀਮਾਰ ਹੁੰਦੇ ਹਨ, ਪਲੇਗ ਇਨਸਾਨ ਵਾਸਤੇ ਇਤਨੀ ਭਿਆਨਕ ਨਹੀਂ ਜਿਤਨੀ ਈਰਖਾ ਤੇ ਵੈਰ। ਈਰਖਾ ਅਤੇ ਵੈਰ ਦੀ ਬੀਮਾਰੀ ਨੇ ਇਨਸਾਨਾਂ ਦੇ ਆਪੋ ਵਿਚ ਉਹ ਭਿਆਨਕ ਜੰਗ ਤੇ ਯੁਧ ਕਰਵਾਏ ਹਨ ਜਿਨ੍ਹਾਂ ਦੇ ਸਾਹਮਣੇ ਵਡੀ ਤੋਂ ਵਡੀ ਪਲੇਗ ਦੀ ਵੀ ਕੋਈ ਹਸਤੀ ਨਹੀਂ। ਲਾਲਚ ਦੀ ਬੀਮਾਰੀ ਨੇ ਇਨਸਾਨ ਦਾ ਬੁਖਾਰ ਨਾਲੋਂ ਕਿਤੇ ਜ਼ਿਆਦਾ ਗੁਣਾਂ ਲਹੂ ਨਿਚੋੜਿਆ ਹੈ।

ਧਾਰਮਕ ਪੁਰਸ਼ ਉਹ ਹੈ ਜੋ ਮਨ ਦੇ ਅਸਾਧ ਰੋਗਾਂ ਨੂੰ ਆਤਮਕ ਗਿਆਨ ਦੀ ਤਲਵਾਰ ਨਾਲ ਪਹਿਲੇ ਆਪਣੇ ਆਪ ਵਿਚੋਂ ਫਤਹ ਕਰੇ ਫੇਰ ਆਪਣੇ ਦਵਾਲੇ ਦੇ ਇਨਸਾਨਾਂ ਨੂੰ ਨਫਸ ਤੇ ਰੋਗਾਂ ਤੋਂ ਛੁਟਕਾਂਰਾ ਪਾਉਣ ਦਾ ਵੱਲ ਦਸੇ।

ਮਨ ਦੇ ਰੋਗਾਂ ਦੇ ਡਾਕਟਰ ਦਾ ਵੀ ਉਦੋਂ ਇਮਤਿਹਾਨ ਹੁੰਦਾ ਹੈ ਜਦ ਸਾਰੀ ਦੁਨੀਆਂ ਨੂੰ ਉਹ ਵਿਸ਼ੇ ਵਿਕਾਰਾਂ, ਗੁਸੇ, ਈਰਖਾ ਅਤੇ ਬਦਲਾ ਲੈਣ ਦੀ ਅਗਨ ਵਿਚ ਸੜਦੇ ਦੇਖਦਾ ਹੈ ਅਤੇ ਜਗਤ ਜਲੰਦੇ ਵਿਚ ਆਤਮਕ ਇਲਮ ਦੀ ਸਹਾਇਤਾ ਨਾਲ, ਖੁਦ ਸ਼ਾਂਤ ਰਹਿੰਦਾ ਅਤੇ ਦੁਨੀਆਂ ਨੂੰ ਸ਼ਾਂਤ ਰਹਿਣ ਦਾ ਵਲ ਦਸਦਾ ਹੈ। ਜਦ ਦੁਨੀਆਂ ਤੇ ਬਦੀ ਤੇ ਬਦੀ ਦੀਆਂ ਫੌਜਾਂ ਦਾ ਰਾਜ ਹੋ ਜਾਵੇ, ਖੁਦਗਰਜ਼ੀ, ਗੁੱਸੇ, ਲਾਲਚ ਦੇ ਅਧੀਨ ਹੋ ਕੇ, ਇਨਸਾਨ, ਇਨਸਾਨ ਦਾ ਗਲ ਕਟਣ ਲਗ ਜਾਵੇ, ਜਦ ਦੁਨੀਆਂ ਤੋਂ ਧਰਮ, ਇਨਸਾਫ, ਨੇਕੀ ਤੇ ਪਿਆਰ ਖੰਭ ਲਾ ਕੇ ਉਡ ਜਾਵਣ, ਉਸ ਵੇਲੇ ਬਦੀ ਦੇ ਸਾਹਮਣੇ ਸਿਰ ਨਾ ਝੁਕਾਣਾ, ਪਾਪ ਦੇ ਝੰਡੇ ਨੂੰ ਸਲਾਮ ਨਾ ਕਰਨੀ, ਮੂਰਛਾ ਖਾਈ ਹੋਈ ਨੇਕੀ ਨਾਲ ਵਫਾ ਕਰਨੀ, ਆਤਮਾ ਦੀ ਤਾਕਤ ਵਿਚ ਨਿਸਚਾ ਰਖਣਾ, ਆਸਤਕ ਦਾ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਪੁੱਤਰ ਦਾ, ਕੁਦਰਤ ਵਲੋਂ

ਇਮਤਿਹਾਨ ਹੁੰਦਾ ਹੈ।

ਜਦੋਂ ਸਿੱਖ ਦੇ ਆਲੇ ਦੁਆਲੇ ਸਭ ਦੁਨੀਆਂ ਰੱਬ ਵਲੋਂ ਆਤਮਾ ਵਲੋਂ, ਮੂੰਹ ਮੋੜ ਖਲੋਵੇ, ਨੇਕੀ ਤੇ ਇਨਸਾਫ ਨੂੰ ਮਖੌਲ ਠਠੇ ਹੋਣ ਲਗ ਪੈਣ, ਝੂਠ ਤੇ ਪਾਪ ਦਾ ਸਭ ਦੁਨੀਆਂ ਪਾਣੀ ਭਰਨ ਲਗ ਜਾਵੇ, ਖੂਨੀ ਤੇ ਡਾਕੂਆਂ ਦਾ ਪਹਿਰਾ ਆ ਜਾਵੇ, ਚੌਤਰਫ ਅੰਧੇਰਾ ਛਾ ਜਾਵੇ, ਉਸ ਵੇਲੇ ਆਪਣਾ ਮੂੰਹ ਗੁਰੂ ਵਲ ਰਖਣ ਵਾਲਾ, ਤੇ ਆਤਮ ਗਿਆਨ ਦੀ ਰੌਸ਼ਨੀ ਵਿਚ ਆਪ ਜੀਊਣ ਤੇ ਲੋਕਾਂ ਨੂੰ ਜੀਵਨ ਵਾਸਤੇ ਪ੍ਰੇਰਣ ਵਾਲਾ ਹੀ ਸਿੱਖ ਅਖਵਾਣ ਦਾ ਤੇ ਗੁਰੂ ਨਾਨਕ ਦੀ ਖੁਸ਼ੀ ਹਾਸਲ ਕਰਨ ਦਾ ਹਕਦਾਰ ਹੈ।

# ਦਸਮੇਸ਼ ਆਗਮਨ

ਇਸ ਸਮੇਂ ਖਾਲਸਾ ਕੌਮ ਵਿਚ ਆਪਣੇ ਕਲਗੀਆਂ ਵਾਲੇ ਗੁਰੂ ਦਾ ਜਨਮ ਦਿਨ ਬੜੇ ਉਤਸ਼ਾਹ ਤੇ ਸਜ ਧਜ ਨਾਲ ਮਨਾਇਆ ਜਾਂਦਾ ਹੈ। ਬੜੀਆਂ ਰੌਣਕਾਂ ਹੁੰਦੀਆਂ ਹਨ। ਪ੍ਰਚਾਰਕ ਤੇ ਰਾਗੀ ਦਸਮੇਸ਼ ਪਿਤਾ ਦੀਆਂ ਕੁਰਬਾਨੀਆਂ ਦਾ ਐਸਾ ਨਕਸ਼ਾ ਸਾਡੇ ਸਾਹਮਣੇ ਖਿਚਦੇ ਹਨ ਕਿ ਸਾਡੀਆਂ ਅੱਖਾਂ ਵਿਚੋਂ ਹੰਝੂ ਤੇ ਸਾਡੇ ਰੋਮ ਰੋਮ ਵਿਚੋਂ ਧੰਨ ਗੁਰੂ ਗੋਬਿੰਦ ਸਿੰਘ ਪਿਆ ਨਿਕਲਦਾ ਹੈ। ਇਹ ਸਭ ਕੁਝ ਆਪਣੇ ਥਾਂ ਮੁਬਾਰਕ ਹੈ।

ਪ੍ਰਚਾਰਕਾਂ ਤੇ ਰਾਗੀਆਂ ਦਾ ਕੰਮ ਉਹਨਾਂ ਦੇ ਜ਼ਿੰਮੇ ਹੀ ਰਖਦੇ ਹੋਏ ਅਸੀਂ ਇਸ ਲੇਖ ਦਵਾਰਾ ਆਪਣੇ ਪਾਠਕਾਂ ਦੀਆਂ ਵਿਚਾਰ ਖਿਰਤੀਆਂ ਨੂੰ ਉਚੇਰੇ ਲੈ ਜਾਣਾ ਚਾਹੁੰਦੇ ਹਾਂ। ਅਸੀਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਲਾਸਾਨੀਆਂ ਕੁਰਬਾਨੀਆਂ ਦੇ ਗੁਣ ਗਾਉਣ ਦੀ ਬਜਾਏ ਪਾਠਕਾਂ ਅਗੇ ਇਹ ਵਿਚਾਰ ਪੇਸ਼ ਕਰਨਾ ਚਾਹੁੰਦੇ ਹਾਂ ਕਿ ਦਸਮੇਸ਼ ਪਿਤਾ ਵਿਚ ਇਤਨੀਆਂ ਲਾਸਾਨੀ ਕੁਰਬਾਨੀਆਂ ਕਰਨ ਦੀ ਸ਼ਕਤੀ ਕਿਥੋਂ ਤੇ ਕਿਸ ਤਰ੍ਹਾਂ ਆਈ? ਆਪ ਜੀ ਵਲੋਂ ਦਸ ਸਾਲ ਦੀ ਉਮਰ ਵਿਚ ਆਪਣੇ ਗੁਰੂ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਧਰਮ ਪਿਛੇ ਸੀਸ ਦੇਣ ਦੀ ਸਲਾਹ ਦੇਣੀ, ਪਿਤਾ ਸ਼ਹੀਦ ਕਰਵਾ ਕੇ ਸਤ ਸੌ ਸਾਲ ਦੀ ਕਾਇਮ ਹੋਈ ਮੁਸਲਿਮ ਸਲਤਨਤ ਨੂੰ ਜੜ੍ਹੋਂ ਉਖੇੜ ਮਾਰਨ ਦਾ ਹੌਸਲਾ ਕਰਨਾ

ਅਤੇ ਸਾਰਾ ਪਰਿਵਾਰ ਸ਼ਹੀਦ ਕਰਵਾ ਕੇ ਵੀ ਆਪਣੇ ਉਕਤ ਇਰਾਦੇ ਤੇ ਦ੍ਰਿੜ ਰਹਿਣਾ, ਕਿਸ ਸ਼ਕਤੀ ਦੇ ਆਸਰੇ ਸੀ? ਕੀ ਗੁਰੂ ਗੋਬਿੰਦ ਸਿੰਘ ਜੀ ਨੇ ਉਚਤਾ ਦਾ ਰਾਜ ਆਪਣੇ ਸਿੱਖਾਂ ਨੂੰ ਦਸਿਆ ਹੈ ਜਾਂ ਨਹੀਂ? ਦਸਮੇਸ਼ ਜੀ ਦੇ ਸਿੱਖ ਆਪਣੇ ਅੰਦਰ ਗੁਰੂ ਵਾਲੀ ਸ਼ਕਤੀ ਪੈਦਾ ਕਰ ਸਕਦੇ ਹਨ ਕਿ ਨਹੀਂ? ਕੀ ਇਸ ਸ਼ਕਤੀ ਨੂੰ ਗੁਰੂ ਗੋਬਿੰਦ ਸਿੰਘ ਜੀ ਤੋਂ ਸਿਵਾ ਹੋਰ ਕਿਸੇ ਅੰਦਰ ਆ ਕੇ ਓਹੀ ਚਮਤਕਾਰ ਦਿਖਾਣ ਵਿਚ ਕੋਈ ਇਨਕਾਰ ਹੈ ਜਿਹੜੇ ਚਮਤਕਾਰ ਕਿ ਦਸਮੇਸ਼ ਜੀ ਵਿਚ ਪਰਵੇਸ਼ ਹੋ ਕੇ ਇਸ ਸ਼ਕਤੀ ਨੇ ਦਿਖਾਏ?

ਗੁਰੂ ਗੋਬਿੰਦ ਸਿੰਘ ਜੀ ਕੋਈ ਵਡੇ ਲੰਬੇ ਚੌੜੇ ਕਦ ਦੇ ਮਨੁੱਖ ਨਹੀਂ ਸਨ, ਆਪ ਦੀਆਂ ਤਸਵੀਰਾਂ ਅਤੇ ਇਤਿਹਾਸ ਨੂੰ ਖੋਜਣ ਤੋਂ ਪਤਾ ਲਗਦਾ ਹੈ ਕਿ ਆਪਣੇ ਦਾਦਾ ਸ੍ਰੀ ਹਰਗੋਬਿੰਦ ਸਾਹਿਬ ਨਾਲੋਂ ਗੁਰੂ ਗੋਬਿੰਦ ਸਿੰਘ ਜੀ ਛੁਟੇਰੇ ਤੇ ਹਲਕੇ ਸਰੀਰ ਦੇ ਸਨ। ਆਪ ਦੇ ਬਹੁਤ ਸਿੰਘ ਆਪ ਤੋਂ ਸ਼ਰੀਰਕ ਅਵਸਥਾ ਵਿਚ ਘਟ ਨਹੀਂ ਸਨ। ਗੁਰੂ ਗੋਬਿੰਦ ਸਿੰਘ ਜੀ ਦੀ ਵਡਿਆਈ ਜਾਂ ਸਿਫਤ ਉਹਨਾਂ ਦੇ ਸ਼ਰੀਰ ਵਿਚ ਨਹੀਂ ਸੀ ਬਲਿਕ ਆਪ ਦੇ ਮਨ ਜਾਂ ਵਿਚਾਰ ਵਿਚ ਸੀ। ਗੁਰੂ ਗੋਬਿੰਦ ਸਿੰਘ ਦੇ ਖਿਆਲਾਂ ਅਤੇ ਆਮ ਲੋਕਾਂ ਦੇ ਖਿਆਲ ਜਾਂ ਦ੍ਰਿਸ਼ਟੀਕੋਣ ਵਿਚ ਬੜਾ ਫਰਕ ਸੀ, ਜਿਸ ਕਰਕੇ ਆਪਦੀ ਸ਼ਖਸੀਅਤ ਬਚਪਨ ਤੋਂ ਹੀ ਬੜੀ ਨਿਰਾਲੀ ਤੇ ਜਬਰਦਸਤ ਮੰਨੀ ਜਾਂਦੀ ਸੀ। ਗੁਰੂ ਤੇਗ ਬਹਾਦਰ ਜੀ ਨੇ ਆਪਣੇ ਨਿੱਕੇ ਜਿਹੇ ਪੁਤੱਰ ਦੇ ਮਨ ਦੀ ਉਚ ਅਵਸਥਾ ਨੂੰ ਅਨੁਭਵ ਕਰਕੇ, ਉਸਨੂੰ ਆਪਣੇ ਪਿਛੋਂ ਗੁਰਿਆਈ ਦੀ ਕਠਨ ਜਿੰਮੇਵਾਰੀ ਸੌਂਪੀ ਸੀ। ਏਥੇ ਇਹ ਗਲ ਯਾਦ ਰਖਣ ਵਾਲੀ ਹੈ ਕਿ ਸ਼ਰੀਰਾਂ ਦੇ ਪਿਛੇ ਆਤਮਾ ਸਭ ਇਨਸਾਨਾਂ ਦੀ ਇਕੋ ਹੀ ਹੁੰਦੀ ਹੈ। ਆਤਮਾ ਵਿਚ ਛੋਟਾ ਜਾਂ ਵਡਾਪਨ ਨਹੀਂ ਹੁੰਦਾ, ਨਾ ਹੀ ਸਰੀਰਾਂ

ਵਿਚ ਕੋਈ ਲੰਬਾ ਚੌੜਾ ਫਰਕ ਹੁੰਦਾ ਹੈ। ਹਥ ਮੂੰਹ ਪੈਰ ਅੱਖਾਂ ਤਕਰੀਬਨ ਸਭ ਇਨਸਾਨਾਂ ਦੀਆਂ ਇਕੋ ਜਿਹੀਆਂ ਹੁੰਦੀਆਂ ਹਨ। ਇਕ ਇਨਸਾਨ ਨੂੰ ਦੂਸਰੇ ਇਨਸਾਨਾਂ ਨਾਲੋਂ ਵਡਾ ਬਨਾਣ ਵਾਲੀ ਕੇਵਲ ਇਕੋ ਚੀਜ਼ ਹੈ ਜੋ ਕਿ 'ਮਨ' ਜਾਂ ਵਿਚਾਰ ਸ਼ਕਤੀ ਕਹੀ ਜਾ ਸਕਦੀ ਹੈ।

ਅਸੀਂ ਹੁਣ ਵੀ ਦੇਖਦੇ ਹਾਂ ਕਿ ਇਨਸਾਨ ਵਿਚ ਜੋ ਛੋਟਾ ਜਾਂ ਵਡਾਪਨ ਹੈ ਉਹ ਆਤਮਾ ਜਾਂ ਸਰੀਰਾਂ ਕਰਕੇ ਨਹੀਂ ਸਗੋਂ ਮਨ ਕਰਕੇ ਹੈ। ਜੀਵਨ ਦੇ ਸਭ ਪਹਿਲੂਆਂ ਵਿਚ ਸਿਖਰ ਜਾਂ ਚੋਟੀ ਉਤੇ ਉਹੋ ਪੁਰਸ਼ ਨਜ਼ਰ ਆਵਣਗੇ ਜਿਹੜੇ ਮਨ ਦੀ ਅਵਸਥਾ ਕਰਕੇ ਦੂਸਰਿਆਂ ਨਾਲੋਂ ਵਡੇ ਹੋਣ। ਏਹੋ ਹਾਲ ਗੁਰੂ ਸਾਹਿਬ ਦੇ ਵੇਲੇ ਸੀ, ਉਸ ਵੇਲੇ ਵੀ ਵੱਡਾ ਉਹੀ ਹੁੰਦਾ ਸੀ ਜਿਸ ਦੇ ਮਨ ਦੀ ਅਵਸਥਾ ਦੂਸਰਿਆਂ ਨਾਲੋਂ ਉਚੇਰੀ ਹੁੰਦੀ ਸੀ।

ਗੁਰੂ ਗੋਬਿੰਦ ਸਿੰਘ ਜੀ ਦਾ ਮਨ ਕਿਉਂ ਵਿਸ਼ਾਲ ਸੀ? ਜੇਕਰ ਸਾਨੂੰ ਇਸ ਗਲ ਦਾ ਪਤਾ ਲਗ ਜਾਵੇ ਤਾਂ ਅਸੀਂ ਆਪ ਸੰਬੰਧੀ ਬਹੁਤ ਕੁਝ ਲਭ ਲਿਆ ਸਮਝੋ। ਕੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸੰਬੰਧ ਵਿਚ ਆਪ ਵੀ ਕੋਈ ਰੌਸ਼ਨੀ ਪਾਈ ਹੈ ਜਾਂ ਆਪ ਦੀ ਬਾਣੀ ਤੋਂ ਆਪ ਦੀ ਵਡਿਆਈ ਦੇ ਕਾਰਨਾਂ ਦਾ ਕੁਝ ਪਤਾ ਲਗਦਾ ਹੈ? ਹਾਂ, ਬਹੁਤ ਕੁਝ। ਆਪਣੇ ਸੰਬੰਧੀ ਇਕ ਜਗ੍ਹਾ ਆਪ ਇਸ ਤਰ੍ਹਾਂ ਦੀ ਵਾਰਤਾ ਲਿਖਦੇ ਹਨ ਕਿ ਪਹਿਲੇ ਜਨਮ ਵਿਚ ਮੈਂ ਇਕ ਰਾਜਾ ਸੀ, ਵੈਰੀਆਂ ਨੂੰ ਜਿਤਣ ਵਿਚ ਮੈਂ ਬਹੁਤ ਕਮਾਲ ਰਖਦਾ ਸੀ, ਇਸ ਲਈ ਮੈਨੂੰ 'ਦੁਸ਼ਟ ਦਮਨ' ਆਖਦੇ ਸਨ। ਰਾਜ ਭੋਗ ਕੇ ਮੇਰੀ ਤਰਿਸ਼ਨਾ ਮੁਕ ਗਈ ਤੇ ਮੈਨੂੰ ਪ੍ਰਭੂ ਦੇ ਮਿਲਣ ਦਾ ਚਾਅ ਪੈਦਾ ਹੋਇਆ, ਮੈਂ ਰਾਜ ਛੱਡ ਕੇ ਹਮਾਲੀਆ ਵਿਚ ਹੇਮਕੁੰਡ ਨਾਮੀ ਅਸਥਾਨ ਤੇ ਜਾ ਕੇ ਬੜੀ ਤਪੱਸਿਆ ਕੀਤੀ ਤੇ ਅਖੀਰ

ਵਿਚ ਮੇਰੀ ਆਤਮਕ ਅਵਸਥਾ ਐਸੀ ਹੋ ਗਈ ਕਿ ਮੈਂ ਪ੍ਰਭੂ ਨਾਲ ਦੋ ਤੋਂ ਇਕ ਹੋ ਗਿਆ। ਉਸ ਵੇਲੇ ਪ੍ਰਭੂ ਨੇ ਮੈਨੂੰ ਆਖਿਆ ਕਿ ਸਰਸ਼ਿਟੀ ਤੇ ਜਾ ਕੇ ਧਰਮ ਦੀ ਰਖਸ਼ਾ ਕਰੋ, ਪਰ ਮੇਰੀ ਸੁਰਤ ਹਰੀ ਚਰਨਾਂ ਵਿਚ ਲੀਨ ਹੋਈ ਹੋਈ ਸੀ, ਮੇਰਾ ਸਰਿਸ਼ਟੀ ਤੇ ਆਉਣ ਨੂੰ ਚਿਤ ਨਹੀਂ ਸੀ ਕਰਦਾ। ਅਖੀਰ ਕਰਤਾਰ ਦੇ ਹੁਕਮ ਨੂੰ ਸਿਰ ਮੱਥੇ ਰਖਦਿਆਂ ਹੋਇਆਂ ਮੈਂ ਫਿਰ ਜਨਮ ਲੀਤਾ।

ਇਸ ਵਾਰਤਾ ਵਿਚ ਸਭ ਤੋਂ ਜ਼ਰੂਰੀ ਗਲ ਜਿਸ ਤੋਂ ਗੁਰੂ ਗੋਬਿੰਦ ਸਿੰਘ ਜੀ ਦੀ ਉੱਚਤਾ ਦਾ ਭੇਦ ਮਿਲ ਸਕਦਾ ਹੈ ਉਹ ਹੈ ਆਪਣਾ ਆਖਰੀ ਆਤਮਕ ਤਜਰਬਾ ਜਾਂ ਦੋ ਤੋਂ ਇਕ ਹੋ ਜਾਣ ਵਾਲੀ ਘਟਨਾ।

ਜਾਪ ਸਾਹਿਬ ਵਿਚ ਅਕਾਲ ਪੁਰਖ ਦੇ ਜੋ ਬੇ-ਸ਼ੁਮਾਰ ਗੁਣ ਲਿਖੇ ਹਨ ਉਹਨਾਂ ਤੋ ਅਨੁਮਾਨ ਲਗ ਸਕਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ, ਸਰਿਸ਼ਟੀ ਦੇ ਕਰਤਾ, ਅਕਾਲ ਪੁਰਖ ਨੂੰ ਦੂਸਰੇ ਮਨੁੱਖਾਂ ਨਾਲੋਂ ਬਹੁਤ ਜ਼ਿਆਦਾ ਜਾਣਦੇ ਅਤੇ ਸਮਝਦੇ ਸਨ। ਅਕਾਲ ਪੁਰਖ ਦੇ ਅੰਦਰੋਂ ਇਤਨੇ ਨਜ਼ਦੀਕ ਸਨ ਕਿ ਆਪ ਅਤੇ ਅਕਾਲ ਪੁਰਖ ਵਿਚ ਕੋਈ ਵਰਨ ਜਾਂ ਭੇਦ ਨਹੀਂ ਸੀ।

ਅਕਾਲ ਪੁਰਖ ਅਤੇ ਜੀਵ ਦੇ ਇਕ ਦੂਸਰੇ ਦੇ ਨਜ਼ਦੀਕ ਹੋ ਜਾਣ ਨਾਲ ਅਕਾਲ ਪੁਰਖ ਦੀਆਂ ਜੀਵਨ ਵਿਚ ਉਸੇ ਤਰ੍ਹਾਂ ਸਭ ਸਿਫਤਾਂ ਆ ਜਾਂਦੀਆਂ ਹਨ ਜਿਵੇਂ ਨਦੀ ਕਿਨਾਰੇ ਖੜੇ ਦਰਖਤ ਦੀਆਂ ਜੜ੍ਹਾਂ ਵਿਚ ਨਦੀ ਦਾ ਪਾਣੀ ਨਜ਼ਦੀਕ ਹੋਣ ਕਰਕੇ ਆ ਜਾਂਦਾ ਹੈ ਤੇ ਦਰਖਤ ਨੂੰ ਹਰਿਆਂ ਭਰਿਆਂ ਕਰ ਦੇਂਦਾ ਹੈ। ਦਰਖਤ ਜਿਤਨਾ ਜੀ ਕਰੇ ਨਦੀ ਤੋਂ ਪਾਣੀ ਖਿਚਦਾ ਰਹਿੰਦਾ ਹੈ, ਨਦੀ ਨੂੰ ਜ਼ਰਾ ਇਤਰਾਜ਼ ਨਹੀਂ ਹੁੰਦਾ। ਗੁਰੂ ਗੋਬਿੰਦ ਸਿੰਘ ਜੀ, ਅਕਾਲ ਪੁਰਖ ਰੂਪੀ ਸਾਗਰ ਦੇ ਸਦਾ ਕਿਨਾਰੇ ਤੇ ਰਹਿਣ ਕਰਕੇ ਆਪਣੀਆਂ ਸਭ

ਸ਼ਕਤੀਆਂ ਅਕਾਲ ਪੁਰਖ ਵਿਚੋਂ ਖਿਚਦੇ ਤੇ ਸਦਾ ਸਰਸ਼ਾਰ ਰਹਿੰਦੇ ਸਨ। ਆਪ ਦੀ ਹਸਤੀ ਨੂੰ ਸਮਝਣ ਵਾਲਾ ਇਹ ਇਕ ਵਡਾ ਭੇਦ ਹੈ ਕਿ ਜਿਵੇਂ ਨਦੀ ਦਾ ਪਾਣੀ ਦਰਖਤ ਵਿਚੋਂ ਰੂਪ ਵਟਾ ਕੇ, ਟਹਿਨੀਆਂ ਤੇ ਪਤਿਆਂ ਦੀ ਸ਼ਕਲ ਅਖਤਿਆਰ ਕਰਦਾ ਹੈ ਉਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਭ ਸ਼ਕਤੀਆਂ, ਸਭ ਕੁਰਬਾਨੀਆਂ, ਉਚ ਦਰਿਸ਼ਟੀ ਤੇ ਉਤਮ ਵਿਚਾਰਾਂ ਦਾ ਸੋਮਾ ਸਰਬ ਸ਼ਕਤੀਮਾਨ ਅਕਾਲ ਪੁਰਖ ਸੀ। ਆਪ ਦੀ ਦਰਿਸ਼ਟੀ ਈਸ਼ਵਰੀ ਹੋਣ ਕਰਕੇ ਆਪ ਦੇ ਕਰਮ ਵੀ ਈਸ਼ਵਰੀ ਸਨ।

ਨਦੀ ਦੇ ਕਿਨਾਰੇ ਜੇਕਰ ਇਕੋ ਦਰਖਤ ਹੋਏ ਤਾਂ ਨਦੀ ਇਕ ਦਰਖਤ ਵਿਚ ਆਪਣਾ ਪਾਣੀ ਭੇਜ ਕੇ ਉਸਨੂੰ ਹਰਿਆ ਭਰਿਆ ਰਖਦੀ ਹੈ। ਜੇ ਨਦੀ ਦੇ ਕਿਨਾਰੇ ਲੱਖਾਂ ਦਰਖਤ ਲਗਾਏ ਜਾਣ ਤਾਂ ਨਦੀ ਲੱਖਾਂ ਦਰਖਤਾਂ ਨੂੰ ਆਪਣਾ ਪਾਣੀ ਪੁਚਾ ਕੇ ਹਰਿਆ ਭਰਿਆ ਕਰ ਦੇਂਦੀ ਹੈ। ਦਰਖਤ ਨੂੰ ਨਦੀ ਦੇ ਪਾਣੀ ਤੋਂ ਲਾਭ ਉਠਾਣ ਲਈ ਕੇਵਲ ਇਕੋ ਸ਼ਰਤ ਦੀ ਪਾਲਨਾ ਜ਼ਰੂਰੀ ਹੈ ਕਿ ਉਸ ਦੀਆਂ ਜੜ੍ਹਾਂ? ਅੰਦਰੋਂ ਪਾਣੀ ਦੇ ਨਜ਼ਦੀਕ ਹੋਣੀਆਂ ਚਾਹੀਦੀਆਂ ਹਨ, ਫੇਰ ਨਦੀ ਆਪਣੇ ਸੁਭਾ ਅਨੁਸਾਰ ਦਰਖਤ ਨੂੰ ਜ਼ਰੂਰ ਹਰਿਆ ਭਰਿਆ ਕਰ ਦੇਂਦੀ ਹੈ। ਬਿਲਕੁਲ ਇਹੋ ਹਾਲ ਗੁਰੂ ਗੋਬਿੰਦ ਸਿੰਘ ਜੀ ਦਾ ਸੀ। ਆਪ ਅਕਾਲ ਪੁਰਖ ਨਾਮੀ ਸਰਬ ਸ਼ਕਤੀਆਂ ਦੇ ਸਾਗਰ ਦੇ ਕਿਨਾਰੇ ਆਣ ਵਸੇ ਸਨ ਅਤੇ ਸਾਗਰ ਨੇ ਆਪਣੇ ਮੁਢਲੇ ਕਦੀਮੀ ਸੁਭਾਉ ਅਨੁਸਾਰ ਆਪ ਨੂੰ ਆਪਣੀਆਂ ਰਹਿਮਤਾਂ ਤੋਂ ਭਰਪੂਰ ਕਰ ਦਿਤਾ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਇਹ ਭੇਤ ਕਿਸੇ ਤੋਂ ਲੁਕਾ ਕੇ ਨਹੀਂ ਰਖਿਆ ਸਗੋਂ ਦੁਨੀਆਂ ਨੂੰ ਸਪਸ਼ਟ ਅੱਖਰਾਂ ਵਿਚ ਦਸਿਆ

ਹੈ:

*ਸਾਚ ਕਹੂ ਸੁਨ ਲੇਹੋ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।*

(*ਸ੍ਵਯੇ ਪਾ. 10*)

ਇਸ ਮਹਾਂਵਾਕ ਦੇ ਭਾਵ ਨੂੰ ਚੰਗੀ ਤਰ੍ਹਾਂ ਸਮਝਣਾ ਚਾਹੀਦਾ ਹੈ। ਪ੍ਰਭੂ ਨੂੰ ਸਿੱਖ, ਹਿੰਦੂ ਮੁਸਲਮਾਨ ਨਹੀਂ ਸਗੋਂ ਕੇਵਲ ਉਹ ਪੁਰਸ਼ ਪਾ ਸਕਦਾ ਹੈ ਜਿਹੜਾ ਪ੍ਰਭੂ ਨਾਲ ਪਿਆਰ ਕਰ ਸਕਦਾ ਹੋਵੇ। ਦੂਸਰੇ ਅੱਖਰਾਂ ਵਿਚ ਨਦੀ ਤੋਂ ਜੰਮੂ, ਆੜੂ, ਅੰਬ ਸਭ ਕਿਸਮ ਦੇ ਦਰਖਤਾਂ ਵਿਚੋਂ ਕੇਵਲ ਓਹੋ ਹੀ ਵਧੇਰੇ ਲਾਭ ਉਠਾ ਸਕਦਾ ਹੈ ਜਿਸ ਦੀਆਂ ਜੜ੍ਹਾਂ ਨਦੀ ਦੇ ਨਜ਼ਦੀਕ ਹੋਣ। ਨਦੀ ਆਪਣਾ ਸਭ ਕੁਝ ਉਸ ਦਰਖਤ ਨੂੰ ਦੇਣ ਲਈ ਸਦਾ ਤਿਆਰ ਹੈ ਜਿਹੜਾ ਦਰਖਤ ਆਪਣੀਆਂ ਜੜ੍ਹਾਂ ਨੂੰ ਨਦੀ ਤਕ ਪੁਚਾ ਦੇਵੇ, ਏਸੇ ਤਰ੍ਹਾਂ ਅਕਾਲ ਪੁਰਖ ਉਸ ਜੀਵ ਨੂੰ ਆਪਣਾ ਸਭ ਕੁਝ ਦੇਣ ਲਈ ਸਦਾ ਤਿਆਰ ਹੈ, ਜੀਵ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਵਾਂਗਰ ਅਕਾਲ ਪੁਰਖ ਦੇ ਚਰਨਾਂ ਤਕ ਪੁਚਾ ਸਕੇ।

ਅਕਾਲ ਪੁਰਖ ਨੂੰ ਜੀਵ ਕਿਸ ਤਰ੍ਹਾਂ ਮਿਲੇ? ਕੀ ਇਹ ਸਵਾਲ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਲਈ ਹਲ ਨਹੀਂ ਕੀਤਾ? ਕੀ ਸਿੱਖਾਂ ਨੂੰ ਇਸ ਸੰਬੰਧ ਵਿਚ ਕਿਸੇ ਭੁਲੇਖੇ ਵਿਚ ਰਖਿਆ ਗਿਆ ਹੈ? ਹਰਗਿਜ਼ ਨਹੀਂ। ਆਪ ਸਿੱਖਾਂ ਦੀ ਰਹਿਨੁਮਾਈ ਵਾਸਤੇ ਸਭ ਕੁਝ ਦਸ ਗਏ ਹਨ। ਅਸੀਂ ਉਸ ਰਹਿਨੁਮਾਈ ਨੂੰ ਪੂਜਦੇ ਰਹੀਏ ਤੇ ਉਸ ਤੋਂ ਕੋਈ ਠੋਸ ਲਾਭ ਨਾ ਉਠਾਈਏ ਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਕੀ ਕਸੂਰ? ਆਪ ਸਿੱਖਾਂ ਨੂੰ ਦਸ ਗਏ ਹਨ, ਅਕਾਲ ਪੁਰਖ ਹਰ ਇਕ ਇਨਸਾਨ ਦੇ ਘਟ ਘਟ ਵਿਚ ਵਸਦਾ ਹੈ, ਇਨਸਾਨ ਨੂੰ ਆਪਣੇ ਅੰਦਰ ਰਹਿਣ ਵਾਲੇ ਦੂਜੇ ਜਿਉਂਦੇ ਤੇ ਜਾਗਦੇ ਰਬ ਨਾਲ ਸਿਮਰਨ ਕਮਾਈ ਦੇ ਜ਼ਰੀਏ

ਇਕਮਿਕ ਹੋ ਜਾਣਾ ਚਾਹੀਦਾ ਹੈ। ਅਕਾਲ ਪੁਰਖ ਦੇ ਮੁਕਾਬਲੇ ਤੇ ਜੀਵ ਨੂੰ ਹੋਰ ਕਿਸੇ ਚੀਜ਼ ਦੀ ਪੂਜਾ ਨਹੀਂ ਕਰਨੀ ਚਾਹੀਦੀ, ਨਾ ਹੀ ਕਿਸੇ ਕਾਰਨ ਵਹਿਮ ਅਤੇ ਪਾਖੰਡ ਦਾ ਸ਼ਿਕਾਰ ਹੋਣਾ ਚਾਹੀਦਾ ਹੈ। ਆਪਣੇ ਅੰਦਰ ਬਿਰਾਜਨ ਵਾਲੇ ਅਕਾਲ ਪੁਰਖ ਨਾਲ ਪੂਰਨ ਪ੍ਰੇਮ ਪੈਦਾ ਕਰਨਾ ਚਾਹੀਦਾ ਹੈ ਅਤੇ ਉਸ ਤੇ ਪੂਰਨ ਭਰੋਸਾ ਰਖਣਾ ਚਾਹੀਦਾ ਹੈ। ਜੀਉਂਦੇ ਜਾਗਦੇ ਅਕਾਲ ਪੁਰਖ ਉਤੇ ਨਿਸਚਾ, ਉਸ ਨਾਲ ਪਿਆਰ। ਉਸਦਾ ਜਾਪ, ਉਸ ਤੋਂ ਬਗੈਰ ਹੋਰ ਕਿਸੇ ਸਾਹਮਣੇ ਸਿਰ ਨਾ ਝੁਕਾਣਾ ਹੀ ਸਭ ਤੀਰਥਾਂ ਦਾ ਤੀਰਥ ਹੈ। ਐਸਾ ਜੀਵ ਜੋ ਉਤੇ ਦਸੀ ਸਿਖਸ਼ਾ ਉਤੇ ਅਮਲ ਕਰੇ, ਉਸ ਵਿਚ ਅਕਾਲ ਪੁਰਖ ਪਰਗਟ ਹੋ ਜਾਂਦਾ ਹੈ, ਉਸ ਦੇ ਦਿਲ ਵਿਚ ਅਕਾਲ ਪੁਰਖ ਦੀ ਪੂਰਨ ਜੋਤ ਜਗਣ ਲਗ ਜਾਂਦੀ ਹੈ ਅਤੇ ਉਸੇ ਜੀਵ ਨੂੰ, ਜਿਸ ਨੇ ਉਕਤ ਦਸੇ ਫਾਰਮੂਲੇ ਉਤੇ ਅਮਲ ਕਰਕੇ ਅਕਾਲ ਪੁਰਖ ਦੀ ਜੋਤ ਨੂੰ ਆਪਣੇ ਦਿਲ ਵਿਚ ਜਗਾ ਲਿਆ ਹੈ, ਅਸਲੀ ਖਾਲਸਾ ਸਮਝੋ।

*ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨਾ ਆਨੇ।*
*ਪੂਰਨ ਪ੍ਰੇਮ ਪ੍ਰਤੀਤ ਸਜੇ ਬ੍ਰਤ ਗੋਰ ਮੜੀ ਮਟ ਭੂਲ ਨਾ ਮਾਨੈ।*
*ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾਂ ਨਹਿ ਏਕ ਪਛਾਨੈ।*
*ਪੂਰਨ ਜੋਤ ਜਗੈ ਘਟ ਮੈਂ ਤਬ ਖਾਲਸ ਤਾਹਿ ਨਖਾਲਸ ਜਾਨੈ।*

*(ਪਾਤਸ਼ਾਹੀ 10)*

ਅਕਾਲ ਪੁਰਖ ਨਾਲ ਅੰਦਰੋਂ ਜੁੜ ਕੇ ਗੁਰੂ ਗੋਬਿੰਦ ਸਿੰਘ ਜੀ ਖੁਦ ਮਹਾਂਪੁਰਸ਼ ਬਣੇ ਅਤੇ ਆਪਣੇ ਸਿੱਖਾਂ ਨੂੰ ਮਹਾਂਪੁਰਸ਼ ਬਣਨ ਦਾ ਏਹੋ ਰਸਤਾ ਦਸ ਗਏ। ਗੁਰੂ ਨਾਨਕ ਦੀ ਤਾਲੀਮ ਜਿਸ ਦੇ ਗੁਰੂ ਗੋਬਿੰਦ ਸਿੰਘ ਜੀ ਵਡੇ ਪਰਚਾਰਕ ਸਨ, ਇਨਸਾਨ ਨੂੰ ਸਿਮਰਨ ਕਮਾਈ ਕਰਕੇ ਰੱਬ ਨਾਲ ਇਕ ਸੁਰ ਹੋ ਜਾਣ ਉਤੇ ਬੜਾ ਜ਼ੋਰ ਦੇਂਦੀ ਹੈ। ਗੁਰੂ ਗਰੰਥ ਜੀ ਦੀ (ਜੋ ਕਿ ਸਿਖ ਗੁਰੂਆਂ ਦੀ

ਸਿਖਸ਼ਾ- ਦਾ ਨਚੋੜ ਹੈ) ਸਤਰ ਸਤਰ ਵਿਚ ਸਿਮਰਨ ਕਮਾਈ ਕਰਕੇ ਸਿੱਖਾਂ ਨੂੰ ਪ੍ਰਭੂ ਜੋ ਸ਼ਕਤੀਮਾਨ, ਨਿਰਭੈ, ਨਿਰਵੈਰ ਤੇ ਸੁਖੀ ਹੋ ਜਾਣ ਦਾ ਉਪਦੇਸ਼ ਹੈ। ਸਿਮਰਨ ਕਮਾਈ ਨਾਲ ਹੀ ਮਾਨਸ ਤੋਂ ਦੇਵਤਾ, ਗਿੱਦੜ ਤੋਂ ਸ਼ੇਰ ਤੇ ਚਿੜੀ ਤੋਂ ਬਾਜ ਬਣ ਸਕੀਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਬਚਨਾਂ ਨੂੰ ਸਮਝਣਾ ਤੇ ਉਸੇ ਅਨੁਸਾਰ ਆਪਣੀ ਰੋਜ਼ਾਨਾ ਜ਼ਿੰਦਗੀ ਨੂੰ ਢਾਲਣਾ ਹੀ ਗੁਰੂ ਗੋਬਿੰਦ ਸਿੰਘ ਜੀ ਦੀ ਅਸਲੀ ਇੱਜ਼ਤ ਹੈ। ਆਪ ਸਿੱਖਾਂ ਪਾਸੋਂ ਆਪਣੇ ਵਰਗੇ ਅਮਲਾਂ ਦੀ ਆਪਣੇ ਵਰਗੇ ਕਾਰਨਾਮਿਆਂ ਦੀ ਉਮੀਦ ਰਖਦੇ ਸਨ, ਆਪਣੀ ਪੂਜਾ ਦੀ ਨਹੀਂ, ਆਪਣੀਆਂ ਤਾਰੀਫਾਂ ਦੇ ਪੁਲਾਂ ਦੀ ਨਹੀਂ।

# ਧੰਨ ਗੁਰੂ ਨਾਨਕ

ਇਨਸਾਨ ਨੇ ਸੁਖੀ ਹੋਣ ਵਾਸਤੇ ਵਡੇ ਪੈਮਾਨੇ ਤੇ ਅਜ ਤਕ ਦੋ ਤਜਰਬੇ ਕੀਤੇ ਹਨ ਅਤੇ ਇਹਨਾਂ ਦੋਹਾਂ ਵਿਚ ਹੀ ਅਸਫਲ ਹੋਇਆ ਹੈ। ਇਕ ਤਜਰਬਾ ਜੋ ਪੂਰਬ ਦੇ ਲੋਕਾਂ ਨੇ ਸਦੀਆਂ ਭਰ ਕੀਤਾ ਉਹ ਸੀ ਸਰੀਰ ਦੀਆਂ ਜ਼ਰੂਰਤਾਂ ਦੀ ਪਰਵਾਹ ਨਾ ਕਰਦਿਆਂ ਹੋਇਆਂ ਆਤਮਾ ਦੀ ਖੋਜ ਵਿਚੋਂ ਸੁਖ ਹਾਸਲ ਕਰਨਾ। ਇਸ ਤਜਰਬੇ ਦੇ ਕਰਨ ਵਿਚ ਪੂਰਬ ਦੀਆਂ ਬੜੀਆਂ ਬੜੀਆਂ ਹਸਤੀਆਂ ਨੇ ਪਹਾੜਾਂ ਤੇ ਜੰਗਲਾਂ ਵਿਚ ਜਾ ਕੇ ਆਤਮਾ ਦੀ ਖੋਜ ਕੀਤੀ ਤੇ ਦੁਨੀਆਂ ਨੂੰ ਆਖਿਆ ਕਿ ਸੁਖ ਆਤਮਾ ਦੀ ਖੋਜ ਵਿਚ ਸ਼ਰੀਰ ਦੇ ਸੁਖਾਂ ਦਾ ਤਿਆਗ ਕਰੋ, ਆਓ ਸਾਡੇ ਮਗਰ, ਅਸੀਂ ਤੁਹਾਨੂੰ ਸਦੀਵੀ ਸੁਖ ਦੇਵਾਂਗੇ ਜੋ ਆਤਮਾ ਦੀ ਖੋਜ ਵਿਚੋਂ ਪਰਾਪਤ ਹੁੰਦਾ ਹੈ। ਇਹਨਾਂ ਉਚ ਹਸਤੀਆਂ ਦੀ ਪਰੇਰਨਾ ਦੇ ਅਧੀਨ ਦੁਨੀਆਂ ਦੇ ਰਾਜਿਆਂ ਨੇ ਰਾਜ ਛਡ ਕੇ ਸੰਨਿਆਸ ਧਾਰਨ ਕੀਤੇ, ਦੁਨੀਆਂ ਤੋਂ ਦੂਰ ਪਹਾੜਾਂ ਦੀਆਂ ਚੋਟੀਆਂ ਤੇ ਲੱਖਾਂ ਮੰਦਰ ਉਸਾਰੇ ਗਏ। ਕਰੋੜਾਂ ਇਨਸਾਨਾਂ ਨੇ ਸ਼ਰੀਰਕ ਸੁਖਾਂ ਦਾ ਤਿਆਗ ਕਰਕੇ ਆਤਮਾ ਦੀ ਖੋਜ ਵਿਚ ਜੀਵਨ ਬਤੀਤ ਕੀਤਾ। ਸਰੀਰ ਨੂੰ ਅਤਿਅੰਤ ਦੁਖ ਦਿਤੇ ਇਕ ਇਕ ਲਤ ਦੇ ਭਾਰ ਖਲੋ ਕੇ ਤਪ ਕੀਤੇ ਅਤੇ ਸਰੀਰ ਨੂੰ ਸਾਧ ਕੇ ਆਤਮਾ ਵਿਚੋਂ ਸੁਖ ਹਾਸਲ ਕਰਨ ਦੀ ਕੋਸ਼ਿਸ਼ ਕੀਤੀ।

ਪੂਰਬੀ ਦੇਸ਼ਾਂ ਦੇ ਸਰੀਰਕ ਸੁਖਾਂ ਦੀ ਕੁਰਬਾਨੀ ਕਰਕੇ ਕੇਵਲ ਆਤਮਾ ਦੀ ਖੋਜ ਵਿਚੋਂ ਸੁਖ ਜਾਂ ਤਸੱਲੀ ਹਾਸਲ ਕਰਨ ਦਾ ਤਜਰਬਾ ਇਸ ਕਰਕੇ ਫੇਲ੍ਹ ਹੋਇਆ ਕਿਉਂਕਿ ਇਨਸਾਨ ਦੇ ਸੁਭਾਉ ਵਿਚ ਕੁਦਰਤ ਵਲੋਂ ਸਰੀਰ ਦੀ ਰੱਛਿਆ ਅਤੇ ਸਰੀਰਕ ਸੁਖਾਂ ਦੀ ਯਾਚਨਾ ਰਖੀ ਗਈ ਹੈ। ਇਨਸਾਨ ਆਮ ਤੌਰ ਤੇ ਢਿਡੋਂ ਭੁਖਾ ਤੇ ਸਰੀਰੋਂ ਨੰਗਾ ਰਹਿ ਕੇ ਜੀਵਨ ਦੇ ਸਾਧਾਰਨ ਸੁਖਾਂ ਦਾ ਤਿਆਗ ਕਰਕੇ, ਆਤਮਾ ਦੀ ਖੋਜ ਵਿਚੋਂ ਤਸੱਲੀ ਹਾਸਲ ਕਰਨ ਲਈ ਤਿਆਰ ਨਹੀਂ। ਮਹਾਤਮਾ ਬੁਧ ਵਰਗੀਆਂ ਜ਼ਬਰਦਸਤ ਹਸਤੀਆਂ ਦੇ ਅਸਰ ਹੇਠ ਆ ਕੇ ਇਨਸਾਨ ਕੁਝ ਚਿਰ ਲਈ ਤਿਆਗ ਦਾ ਜੀਵਨ ਬਤੀਤ ਕਰ ਸਕਦੇ ਹਨ, ਪਰ ਹਮੇਸ਼ਾਂ ਲਈ ਤਿਆਗ ਅਤੇ ਸੰਨਿਆਸ ਧਾਰਨ ਕਰੀ ਰਖਣਾ ਇਨਸਾਨੀ ਫਿਤਰਤ ਦੇ ਉਲਟ ਹੈ। ਇਸ ਦਾ ਨਤੀਜਾ ਇਹ ਹੋਇਆ ਕਿ ਮਹਾਤਮਾ ਬੁਧ ਦੇ ਜਾਂ ਵੇਦਾਂ ਦੇ ਮਹਾਂ-ਰਿਸ਼ੀਆਂ ਦੇ ਉਪਦੇਸ਼ ਉਨ੍ਹਾਂ ਦੀਆਂ ਜ਼ਿੰਦਗੀਆਂ ਵਿੱਚ ਵੀ ਤੇ ਰਿਸ਼ੀਆਂ ਮਗਰੋਂ ਵੀ ਇਨਸਾਨੀ ਜੀਵਨ ਦਾ ਸੱਮੁਚੇ ਤੌਰ ਤੇ ਆਧਾਰ ਨਾ ਬਣ ਸਕੇ। ਕਰੋੜਾਂ ਵਿਚੋਂ ਚੋਣਵੇਂ ਕੁਝ ਇਨਸਾਨ ਆਪ ਦੇ ਪੂਰਨਿਆਂ ਤੇ ਚਲ ਸਕੇ ਔਪਰ ਇਨਸਾਨ ਦੀ ਬਹੁਗਿਣਤੀ ਨੂੰ ਤਿਆਗ ਦੇ ਜੀਵਨ ਨੇ ਤਸੱਲੀ ਨਾ ਦਿਤੀ ਅਤੇ ਸੁਖੀ ਨਾ ਬਣਾਇਆ।

ਦੂਸਰੇ ਪਾਸੇ ਪਛਮੀ ਦੇਸ਼ਾਂ ਦੇ ਲੋਕਾਂ ਨੇ ਸੁਖ ਕੇਵਲ ਸਰੀਰਕ ਲੋੜਾਂ ਜਾ ਇੰਦਰਿਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਿਚੋਂ ਲਭਣਾ ਸ਼ੁਰੂ ਕੀਤਾ। ਇਹਨਾਂ ਦੇ ਖਿਆਲ ਵਿਚ ਇਨਸਾਨ ਨੂੰ ਸੁਖੀ ਬਣਾਨ ਵਾਲੀਆਂ ਕੇਵਲ ਉਹ ਚੀਜ਼ਾਂ ਹੀ ਹਨ ਜਿਨ੍ਹਾਂ ਨਾਲ ਉਸਦਾ ਸਰੀਰ ਸੁਖੀ ਰਹਿ ਸਕੇ। ਇਨਸਾਨ ਦੀ ਇਹ ਕੋਸ਼ਿਸ ਦਾ ਨਤੀਜਾ ਯੂਰਪ ਅਤੇ ਅਮਰੀਕਾ ਵਿਖੇ ਇਨਸਾਨ ਦੇ ਸਰੀਰ ਨੂੰ ਸੁਖੀ ਬਨਾਣ ਵਾਲੇ ਕਰੋੜਾਂ ਸਾਜ਼-ਓ-ਸਾਮਾਨ ਨਜ਼ਰ ਆਉਂਦੇ

ਹਨ। ਸਰਦੀ ਵਿਚ ਗਰਮ ਅਤੇ ਗਰਮੀ ਵਿਚ ਸਰਦ ਰਹਿਣ ਵਾਲੇ ਅਸਥਾਨ, ਛਤਾਂ ਤੇ ਚੜ੍ਹਨ ਲਈ ਲਿਫਟਾਂ, ਸਫਰ ਕਰਨ ਲਈ ਮੋਟਰਾਂ ਅਤੇ ਹਵਾਈ ਜਹਾਜ਼, ਰਹਿਣ ਲਈ ਉਚੇ ਮਹਲ, ਸੌਣ ਲਈ ਗੁਦਗੁਦੇ ਕਾਊਚ ਤੇ ਪਲੰਗ, ਖਾਣ ਲਈ ਅਨੇਕਾਂ ਪ੍ਰਕਾਰ ਤੇ ਖਾਣੇ, ਦੇਖਣ ਲਈ ਸਿਨੇਮਾਂ ਤੇ ਥੀਏਟਰ ਸਰਸਰੀ ਨਜ਼ਰ ਨਾਲ ਦੇਖਿਆਂ ਜ਼ਾਹਿਰ ਕਰਦੇ ਹਨ ਕਿ ਇਨਸਾਨ ਸੁਖ ਦੀ ਪ੍ਰਾਪਤੀ ਵਿਚ ਕਾਫੀ ਕਾਮਯਾਬ ਹੋ ਗਿਆ ਹੈ। ਯੂਰਪ ਨਾਲੋਂ ਵੀ ਅਮਰੀਕਾ ਦੇ ਲੋਕ ਸਰੀਰਕ ਜ਼ਰੂਰਤਾਂ ਦੀ ਸੰਤੁਸ਼ਟੀ ਦੇ ਖਿਆਲ ਤੋਂ ਜ਼ਿਆਦਾ ਸੁਖੀ ਜਾਪਦੇ ਹਨ ਪਰ ਆਓ ਇਸ ਸੰਬੰਧ ਵਿਚ ਇਕ ਪ੍ਰਸਿੱਧ ਅਮਰੀਕਨ ਲਿਖਾਰੀ ਦੇ ਖਿਆਲਾਂ ਦਾ ਮੁਲਾਹਿਜ਼ਾ ਕਰੀਏ, ਆਪ ਲਿਖਦੇ ਹਨ:

We have developed every thing but ourselves. We have studied every nature except human nature. We have filled the outside world.with miracles, but we have neglected the development of our inner lives. We have sacrificed culture to prosperity.

The tragedy of our generation is this - the wealthy have found no peace, no happiness in wealth and the poor have no inner faith to console them for their poverty. Neither rich nor poor are content. And our spiritual leaders can give us no religion that our reason will accept.

The scientist confine themselves to the study of lower grades of life. They have little interest in the

higher grades. They are interested mainly in what can be tested in their laboratories. They cannot test thoughts and feelings. They cannot make an analysis of the spiritual nature of man. They are absorbed in their Chemistry and Astronomy and Mathematics. They have no answer to give us when we ask, "What is the meaning of life?"

We are busy, we are driven form day to day by pressure and compulsion and habit. We die without knowing why we lived. This is the reason of our unhappiness. This is why prosperity brings so little satisfaction. This is why there is more discontent in the world than there has ever been. We have no inner peace. We do not know the meaning of life.

We are plunging ahead in a crowd. If one of us were stopped and asked 'Whither?' He could not reply, he would only wonder at the question.

For the vast mass of mankind, life has little meaning except the toil for food, clothing and shelter. Success means a meal, a suit of clothes and a bed. The higher thoughts come to most people only through suffering, religion or bereavement. Most of their years are lived in a semi-stuper, we have improved everything but ourselves, we still have dim,

half conscious minds. The average brain is only one tenth developed. In most minds there is only a flickering candle of consciousness. We have tamed the lightening so that we can walk about in a glare of electric light but as yet we have found no lighting system for the mind.

The outer life has become so exciting and so insistent that we have neglected the inner life - there is the basic cause or our mental confusion. We do not reflect, meditation has become almost unknown amongst us.

We travel. We are always moving. We go to theaters. We seek for all our pleasures in the outside world. We listen in. We live amidst of noises. We are absorbed in the details of business. All this prevents us from developing our inner selves. It prevents our consciousness from having any depth. We are small and shallow. We gain the whole world and loose our own souls.

ਇਸ ਅਮਰੀਕਨ ਲਿਖਾਰੀ ਅਤੇ ਇਸ ਵਰਗੇ ਸੈਂਕੜੇ ਹੋਰ ਪਛਮੀ ਵਿਚਾਰਵਾਨਾਂ ਦੀ ਗਵਾਹੀ ਤੋਂ ਸਿਧ ਹੋਵੇਗਾ ਕਿ ਸਾਡੀ ਧਰਤੀ ਦਾ ਸਰੀਰਕ ਸੁਖਾਂ ਦੇ ਖਿਆਲ ਤੋਂ ਸਭ ਦੇਸ਼ਾਂ ਨਾਲੋਂ ਜ਼ਿਆਦਾ ਅਮੀਰ ਤੇ ਰਜਿਆ ਹੋਇਆ ਦੇਸ਼ ਅਮਰੀਕਾ ਵੀ ਸੁਖੀ ਨਹੀਂ। ਉਥੋਂ ਦੇ ਵਿਚਾਰਵਾਨ ਚੰਗੀ ਤਰ੍ਹਾਂ ਅਨੁਭਵ ਕਰ ਰਹੇ ਹਨ

ਕਿ ਉਹਨਾਂ ਦੀ ਸਰੀਰਕ ਲੋੜਾਂ ਪੂਰੀਆਂ ਕਰਨ ਵਿਚੋਂ ਸੁਖ ਲਭਣ ਦੀ ਕੋਸ਼ਿਸ਼ ਨਾਕਾਮਯਾਬ ਹੋਈ ਹੈ, ਉਹ ਸੁਖੀ ਕੇਵਲ ਸਰੀਰਕ ਲੋੜਾਂ ਨੂੰ ਪੂਰੀਆਂ ਕਰਕੇ ਨਹੀਂ ਹੋ ਸਕੇ।

ਇਨਸਾਨ ਦੇ ਸਦੀਆਂ ਭਰ ਵਿਚ ਕੀਤੇ, ਸੁਖ ਦੀ ਭਾਲ ਸੰਬੰਧੀ ਉਕਤ ਦੋਵੇਂ ਤਜਰਬੇ ਭਾਵੇਂ ਅਸਫਲ ਹੋਏ ਹਨ ਐਪਰ ਭਵਿਖਤ ਲਈ ਇਹਨਾਂ ਤਜਰਬਿਆਂ ਨੇ ਹੀ ਇਨਸਾਨ ਦੇ ਸੁਖੀ ਹੋਣ ਵਾਸਤੇ ਇਕ ਨਵੀਂ ਉਮੀਦ ਤੇ ਇਕ ਨਵਾਂ ਰਸਤਾ ਪਰਗਟ ਕੀਤਾ ਹੈ ਜਿਸ ਤੇ ਚਲ ਕੇ ਇਨਸਾਨ ਪਿਛੇ ਸਦੀਆਂ ਦੀ ਕੀੜੀ ਘਾਲ ਤੋਂ ਲਾਭ ਉਠਾਂਦਾ ਹੋਇਆ ਆਪਣਾ ਜੀਵਨ ਪੂਰਨ ਸੁਖੀ ਬਤੀਤ ਕਰ ਸਕੇਗਾ। ਇਹ ਨਵੀਂ ਉਮੀਦ ਜਾਂ ਨਵਾਂ ਰਸਤਾ ਕੀ ਹੈ ਜੋ ਅਜ ਕਲ ਦੇ ਵਿਚਾਰਵਾਨਾਂ ਨੂੰ ਇਨਸਾਨ ਦੇ ਪਿਛਲੇ ਸਦੀਆਂ ਦੇ ਕੀਤੇ ਤਜਰਬਿਆਂ ਤੋਂ ਬਾਅਦ ਅਜ ਨਜ਼ਰ ਆਇਆ ਹੈ? ਇਹ ਉਹੀ ਰਸਤਾ ਹੈ, ਉਹੀ ਜੀਵਨ ਆਦਰਸ਼ ਹੈ ਜੋ ਅਜ ਤੋਂ ਸਾਢੇ ਚਾਰ ਸੌ ਸਾਲ ਪਹਿਲੇ ਤਲਵੰਡੀ (ਪੰਜਾਬ) ਦੇ ਨਾਨਕ ਨਾਮੀ ਵਸਨੀਕ ਨੇ ਇਨਸਾਨ ਦੇ ਸੁਖੀ ਬਨਣ ਵਾਸਤੇ ਤਜਵੀਜ਼ ਕੀਤਾ ਸੀ। ਇਹ ਉਹ ਜੀਵਨ ਆਦਰਸ਼ ਹੈ ਜਿਸ ਦੇ ਪਰਚਾਰ ਹਿਤ ਗੁਰੂ ਨਾਨਕ ਨੇ ਬਾਰਾਂ ਬਾਰਾਂ ਵਰ੍ਹਿਆਂ ਦੇ ਤਿੰਨ ਲੰਬੇ ਸਫਰ ਤਹਿ ਕੀਤੇ ਅਤੇ ਸਦੀਆਂ ਤੋਂ ਬਾਅਦ ਆਉਣ ਵਾਲੇ ਇਨਸਾਨਾਂ ਦੀ ਰਹਿਨੁਮਾਈ ਲਈ ਦੁਨੀਆਂ ਦੇ ਕੋਨੇ ਕੋਨੇ ਵਿਚ ਬੀਜ ਬੋਏ। ਗੁਰੂ ਨਾਨਕ ਦਾ ਇਹ ਜੀਵਨ ਆਦਰਸ਼ ਆਪ ਦੇ ਹੇਠਾਂ ਲਿਖੇ ਦੋ ਸ਼ਬਦਾਂ ਵਿਚ ਅੰਕਿਤ ਹੈ। ਸਰੀਰਕ ਸੁਖਾਂ ਦਾ ਤਿਆਗ ਕਰਕੇ ਕੇਵਲ ਆਤਮਾ ਵਿਚੋਂ ਸੁਖ ਭਾਲਣ ਵਾਲੇ ਪੁਰਸ਼ਾਂ ਨੂੰ ਗੁਰੂ ਸਾਹਿਬ ਆਖਦੇ ਹਨ:

*ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥*
*ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿਙੀ ਵਾਈਐ ॥*

*ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥*
*ਗਲੀ ਜੋਗੁ ਨ ਹੋਈ ॥*
*ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥*
*ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥*
*ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥*
*ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥*
*ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ॥*
*ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥*
*ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥*
*ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥*
*ਵਾਜੇ ਬਾਝਹੁ ਸਿਙੀ ਵਾਜੈ ਤਉ ਨਿਰਭਉ ਪਦੁ ਪਾਈਐ ॥*
*ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥*

*ਅੰਗ - 730*

ਦੁਨੀਆ ਦੇ ਦੀਵਾਨੇ ਅਤੇ ਸਰੀਰ ਜਾਂ ਇੰਦਰਿਆਂ ਦੇ ਰਸਾਂ ਨੂੰ ਹੀ ਅਸਲ ਸੁਖ ਸਮਝਣ ਵਾਲੇ ਲੋਕਾਂ ਨੂੰ ਗੁਰੂ ਸਾਹਿਬ ਆਖਦੇ ਹਨ:

*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥*
*ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*
*ਹਰਿ ਬਿਨੁ ਜੀਉ ਜਲਿ ਬਲਿ ਜਾਉ ॥*
*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥ ਰਹਾਉ ॥*
*ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥ ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*
*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥*
*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*

*ਅੰਗ - 14*

ਉਕਤ ਦੋਹਾਂ ਸ਼ਬਦਾਂ ਨੂੰ ਨਾਲ ਨਾਲ ਰਖਕੇ ਵਿਚਾਰਿਆਂ ਗੁਰੂ ਨਾਨਕ ਵਲੋਂ ਇਨਸਾਨ ਨੂੰ ਸੁਖੀ ਬਣਾਨ ਵਾਸਤੇ ਤਜਵੀਜ਼ ਕੀਤਾ ਆਦਰਸ਼ ਝਲਕਾਂ ਮਾਰਨ ਲਗ ਜਾਏਗਾ। ਇਹ ਆਦਰਸ਼ ਹੈ ਪੂਰਬ ਤੇ ਪੱਛਮ ਦੇ ਹਜ਼ਾਰਾਂ ਵਰ੍ਹੇ ਸੁਖ ਦੀ ਭਾਲ ਸੰਬੰਧੀ ਕੀਤੇ ਤਜਰਬਿਆਂ ਦਾ ਜੋੜ ਜਾਂ ਮਿਲਾਪ। ਅਗਰ ਇਨਸਾਨਾਂ ਦੀ ਬਹੁਗਿਣਤੀ ਸਰੀਰ ਦੇ ਰਸਾਂ ਨੂੰ ਤਿਆਗ ਕੇ ਨਿਰੀ ਆਤਮਕ ਖੋਜ ਵਿਚੋਂ ਸੁਖ ਹਾਸਲ ਨਹੀਂ ਕਰ ਸਕਦੀ ਅਤੇ ਦੂਜੇ ਪਾਸੇ ਆਤਮਕ ਪਹਿਲੂ ਨੂੰ ਉਕਾ ਭੁਲਾ ਕੇ ਕੇਵਲ ਸਰੀਰਕ ਰਸਾਂ ਵਿਚੋਂ ਵੀ ਇਨਸਾਨ ਦੀ ਬਹੁ-ਗਿਣਤੀ ਨੂੰ ਸੁਖ ਹਾਸਲ ਨਹੀਂ ਹੋ ਸਕਦਾ ਤਾਂ ਫਿਰ ਤੀਸਰਾ ਤਜਰਬਾ ਰਹਿ ਗਿਆ। ਐਸੇ ਆਦਰਸ਼ ਅਨੁਸਾਰ ਜੀਵਨ ਬਤੀਤ ਕਰਨਾ ਜਿਸ ਵਿਚ ਸਰੀਰਕ ਸੁਖਾਂ ਨੂੰ ਵੀ ਨਾ ਕੁਰਬਾਨ ਕੀਤਾ ਜਾਵੇ ਅਤੇ ਆਤਮਕ ਖੋਜ ਤੇ ਆਤਮਕ ਜ਼ਰੂਰਤਾਂ ਦਾ ਵੀ ਪੂਰਾ ਸਤਿਕਾਰ ਰਖਿਆ ਹੋਵੇ।

ਗੁਰੂ ਨਾਨਕ ਦੀ ਤਾਲੀਮ ਦੀ ਸਭ ਤੋਂ ਵਡੀ ਖੂਬੀ ਏਹੀ ਹੈ ਕਿ ਇਸ ਵਿਚ ਇਨਸਾਨ ਲਈ ਸਾਰੀਆਂ ਸਰੀਰਕ ਲੋੜਾਂ ਪੂਰਿਆਂ ਕਰਦਿਆਂ ਹੋਇਆਂ ਆਤਮਾ ਦੀ ਖੋਜ ਤੇ ਪਰਮਾਤਮਾ ਦੀ ਪਰਾਪਤੀ ਦੀ ਪਰੇਰਨਾ ਹੈ। ਜਿਵੇਂ ਰੇਲ ਦੇ ਫਸਟ ਕਲਾਸ ਦੇ ਖਾਨੇ ਵਿਚ ਸਫਰ ਕਰ ਰਿਹਾ ਮੁਸਾਫਰ ਉਸ ਖਾਨੇ ਦੇ ਸਭ ਆਰਾਮ ਸਹੂਲਤਾਂ ਤੋਂ ਲਾਭ ਉਠਾਂਦਾ ਹੋਇਆ ਦਿਲੋਂ ਕਿਸੇ ਨਾਲ ਪਿਆਰ ਨਹੀਂ ਪਾਂਦਾ ਅਤੇ ਆਪਣਾ ਸਟੇਸ਼ਨ ਆਉਣ ਉਤੇ ਖੁਸ਼ੀ ਖੁਸ਼ੀ ਉਤਰ ਜਾਂਦਾ ਹੈ, ਉਸੇ ਤਰ੍ਹਾਂ ਗੁਰੂ ਨਾਨਕ ਜੀ ਦੀ ਤਾਲੀਮ ਵਿਚ ਇਨਸਾਨ ਨੂੰ ਜੀਵਨ ਸਫਰ ਤਹਿ ਕਰਦਿਆਂ ਹੋਇਆਂ ਸਭ ਸਰੀਰਕ ਲੋੜਾਂ ਪੂਰਿਆਂ ਕਰਦਿਆਂ, ਸਭ ਸਰੀਰਕ ਸੁਖ ਭੋਗਦਿਆਂ ਹੋਇਆਂ ਆਤਮਾ ਦੀ ਖੋਜ ਕਰਕੇ ਆਤਮਾ ਵਿਚੋਂ ਪਰਮ-ਆਤਮਾ ਦੀ

ਪਰਾਪਤੀ ਕਰਨ ਦੀ ਸਿਫਾਰਸ਼ ਹੈ। ਗੁਰੂ ਨਾਨਕ ਦੇ ਜੀਵਨ ਆਦਰਸ਼ ਵਿਚ 'ਸੁਖ' ਦੀ ਭਾਲ ਅੰਦਰ ਮੁਦਤਾਂ ਤੋਂ ਭਟਕ ਰਹੇ ਇਨਸਾਨ ਦੀ ਰਹਿਨੁਮਾਈ ਹੈ। ਇਨਸਾਨ ਸਚੇ ਅਰਥਾਂ ਵਿਚ ਸੁਖੀ ਓਦੋਂ ਹੀ ਹੋਵੇਗਾ ਜਦੋਂ ਗੁਰੂ ਨਾਨਕ ਦੇਵ ਦੇ ਅਜ ਤੋਂ ਪੰਜ ਸੌ ਸਾਲ ਪਹਿਲੇ ਦਸੇ ਹੋਏ ਜੀਵਨ-ਆਦਰਸ਼ ਨੂੰ ਆਪਣਾ ਆਦਰਸ਼ ਬਣਾਵੇਗਾ।

*ਗੁਰਮੁਖਿ ਸਭ ਪਵਿਤੁ ਹੈ ਧਨੁ ਸੰਪੈ ਮਾਇਆ ॥*
*ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ ॥*
*ਜੋ ਹਰਿ ਨਾਮੁ ਧਿਆਇਦੇ ਤਿਨ ਤੋਟਿ ਨ ਆਇਆ ॥*

*ਅੰਗ - 1246*

*ਸਤਿਗੁਰ ਕੀ ਐਸੀ ਵਡਿਆਈ ॥*
*ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥* *ਅੰਗ - 661*

# ਵਿਸਾਖੀ

ਵਿਸਾਖੀ ਦਾ ਦਿਨ ਸਿੱਖਾਂ ਵਿਚ ਖਾਸ ਪਦਵੀ ਰਖਦਾ ਹੈ। ਇਸ ਦਿਨ ਖਾਲਸਾ ਕੌਮ ਦੀ ਨੀਂਹ ਰਖੀ ਗਈ ਸੀ। ਇਸੇ ਦਿਨ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਵਿਖੇ ਭਾਰੀ ਦੀਵਾਨ ਸਜਾ ਕੇ ਪੰਜਾਂ ਸਿੱਖਾਂ ਦੇ ਸਿਰਾਂ ਦੀ ਮੰਗ ਕੀਤੀ ਸੀ। ਜਿਨ੍ਹਾਂ ਸਿੱਖਾਂ ਨੇ ਆਪਣੇ ਸਿਰ ਹਾਜ਼ਰ ਕੀਤੇ ਉਹਨਾਂ ਨੂੰ ਅੰਮ੍ਰਿਤ ਛਕਾ ਕੇ ਪੰਜਾਂ ਪਿਆਰਿਆਂ ਦਾ ਖਿਤਾਬ ਦਿਤਾ ਗਿਆ ਅਤੇ ਏਸੇ ਤਰ੍ਹਾਂ ਮੌਜੂਦਾ ਕੌਮ ਦੀ ਬੁਨਿਆਦ ਰੱਖੀ ਗਈ।

ਸਵਾਲ ਪੈਦਾ ਹੁੰਦਾ ਹੈ ਕਿ ਗੁਰੂ ਕਲਗੀਧਰ ਨੇ ਸਿੱਖਾਂ ਪਾਸੋਂ ਜੋ ਸਿਰਾਂ ਦੀ ਮੰਗ ਕੀਤੀ ਸੀ, ਉਸ ਮੰਗ ਵਿਚ ਅਤੇ ਮੌਜੂਦਾ ਲੜਾਈਆਂ ਵਿਚ ਭਰਤੀ ਹੋਣ ਵੇਲੇ ਰੰਗਰੂਟਾਂ ਪਾਸੋਂ ਜਿਹੜੀ ਮੰਗ ਕੀਤੀ ਜਾਂਦੀ ਹੈ ਕਿ ਜ਼ਰੂਰਤ ਵੇਲੇ ਗਵਰਨਮੈਂਟ ਵਾਸਤੇ ਆਪਣਾ ਸਿਰ ਦੇਣਾ ਪਵੇਗਾ, ਵਿਚ ਕੋਈ ਫਰਕ ਹੈ ਜਾਂ ਇਹ ਦੋਵੇਂ ਮੰਗਾਂ ਇਕੋ ਜਹੀਆਂ ਹੀ ਹਨ। ਫੌਜੀ ਵੀ ਫੌਜ ਵਿਚ ਭਰਤੀ ਇਸੇ ਲਈ ਕੀਤਾ ਜਾਂਦਾ ਹੈ ਕਿ ਜੇ ਜ਼ਰੂਰਤ ਪਈ ਤਾਂ ਉਸ ਦਾ ਸਿਰ ਵਰਤਿਆ ਜਾਵੇਗਾ। ਪੰਜਾਂ ਪਿਆਰਿਆਂ ਪਾਸੋਂ ਗੁਰੂ ਜੀ ਨੇ ਸਿਰਾਂ ਦੀ ਮੰਗ ਹੀ ਕੀਤੀ ਸੀ ਕਿ ਸਾਨੂੰ ਸਿਰ ਚਾਹੀਦੇ ਹਨ, ਜੋ ਦੇਣ ਲਈ ਤਿਆਰ ਹੋਣ, ਨਿਤਰਨ ਤੇ ਦੀਵਾਨ ਵਿਚ ਖਲੋ ਜਾਣ।

ਜ਼ਾਹਿਰਾ ਤੌਰ ਤੇ ਇਹ ਮੰਗਾਂ ਸਿਰਾਂ ਦੀਆਂ ਹੀ ਹਨ। ਇਸ

ਲਈ ਇਕੋ ਜਹੀਆਂ ਹਨ ਪਰ ਦਰਅਸਲ ਇਹਨਾਂ ਮੰਗਾਂ ਦੀ ਤਹਿ ਵਿਚ ਜ਼ਮੀਨ ਅਸਮਾਨ ਦਾ ਫਰਕ ਹੈ। ਫੌਜੀ ਸਿਪਾਹੀ ਪਾਸੋਂ ਸਿਰ ਦੀ ਮੰਗ ਦਾ ਮੁਲ ਤਨਖਾਹ, ਤਰੱਕੀ, ਚੰਗੀ ਖੁਰਾਕ, ਵਰਦੀ, ਇਨਾਮ ਤੇ ਜਾਗੀਰ ਹੁੰਦਾ ਹੈ। ਉਸ ਨੂੰ ਲਾਲਚ ਦਿਤਾ ਜਾਂਦਾ ਹੈ ਕਿ ਜੇ ਤੂੰ ਮਰ ਗਿਆ ਤਾਂ ਤੇਰੀ ਔਰਤ ਤੇ ਬੱਚਿਆਂ ਨੂੰ ਗੁਜ਼ਾਰਾ ਮਿਲੇਗਾ, ਜੇ ਤੂੰ ਜ਼ਖਮੀ ਹੋ ਗਿਆ ਤੈਨੂੰ ਪੈਨਸ਼ਨ ਮਿਲੇਗੀ, ਜੇ ਤੂੰ ਜੀਉਂਦਾ ਬਚ ਗਿਆ ਤਾਂ ਤਰੱਕੀ, ਅਹੁਦੇ ਅਤੇ ਜਗੀਰ ਮਿਲੇਗੀ ਪਰ ਧਰਮ ਰਖਸ਼ਕ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਹਿਲੇ ਸਜੇ ਸਿੰਘ ਨੂੰ ਉਹਨਾਂ ਦੇ ਸਿਰਾਂ ਦੇ ਇਵਜ਼ ਵਿਚ ਕੋਈ ਦੁਨਿਆਵੀ ਲ਼ਾਲਚ ਨਹੀਂ ਸੀ ਦਿਤਾ, ਕਿਸੇ ਰਤਬੇ, ਜਾਗੀਰ ਅਤੇ ਮਸ਼ਹੂਰੀ ਦਾ ਇਕਰਾਰ ਨਹੀਂ ਸੀ ਕੀਤਾ।

ਦੂਜਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਪੰਜਾਂ ਪਿਆਰਿਆਂ ਤੋਂ ਸਿਰਾਂ ਦੀ ਮੰਗ ਕੋਈ ਨਵੀਂ ਜਾਂ ਅਨੋਖੀ ਮੰਗ ਕੀਤੀ ਗਈ ਸੀ? ਇਸ ਦਾ ਜਵਾਬ ਵਿਚਾਰਨ ਮਗਰੋਂ ਏਹੀ ਦੇਣਾ ਪਵੇਗਾ ਕਿ ਭਾਵੇਂ ਇਸ ਮੰਗ ਦਾ ਤਰੀਕਾ ਅਨੋਖਾ ਜਾਂ ਨਵੀਨ ਜ਼ਰੂਰ ਸੀ ਪਰ ਇਹ ਮੰਗ ਨਵੀਂ ਨਹੀਂ ਸੀ। ਇਸ ਤੋਂ ਪਹਿਲੇ ਵੀ ਗੁਰੂ ਘਰ ਵਿਚ ਦਾਖਲ ਹੋਣ ਵਾਲੇ ਸਿੱਖਾਂ ਪਾਸੋਂ ਏਹੋ ਮੰਗ ਕੀਤੀ ਜਾਂਦੀ ਸੀ।

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*

*ਅੰਗ - 1102*

ਤੀਸਰਾ ਸਵਾਲ ਪੈਦਾ ਹੁੰਦਾ ਹੈ ਕਿ ਕੀ ਗੁਰੂ ਗੋਬਿੰਦ ਸਿੰਘ ਜੀ ਦੀ ਮੰਗ ਸਿਰ ਲੈਣ ਤੇ ਹੀ ਖਤਮ ਹੋ ਜਾਂਦੀ ਸੀ ਜਾਂ ਇਸ ਮੰਗ ਦੇ ਪਿਛੇ ਕੋਈ ਹੋਰ ਇਸ਼ਾਰਾ ਜਾਂ ਭੇਤ ਵੀ ਸੀ। ਜੇ ਗੁਰੂ ਦੀ ਮੰਗ ਕੇਵਲ ਸਿਰਾਂ ਦੀ ਹੀ ਸੀ ਤਾਂ ਰਾਜੇ ਮਹਾਰਾਜਿਆਂ ਬਾਦਸ਼ਾਹਾਂ ਦੀ ਮੰਗ ਵੀ ਆਪਣੇ ਫੌਜੀਆਂ ਪਾਸੋਂ ਕੇਵਲ ਸਿਰਾਂ ਦੀ ਹੀ ਹੁੰਦੀ

ਹੈ, ਜੋ ਮੰਗ ਅਜ ਤਕ ਵੀ ਪੰਜੀ ਰੁਪਏ ਲੈ ਕੇ ਇਨਸਾਨ ਪੂਰੀ ਕਰਦੇ ਰਹੇ ਹਨ। ਤਦ ਪੰਜਾਂ ਪਿਆਰਿਆਂ ਨੇ ਸਿਰ ਭੇਟ ਕਰਨ ਵਿਚ ਆਮ ਸਿਪਾਹੀਆਂ ਨਾਲੋਂ ਕਿਹੜੀ ਵਡੀ ਗਲ ਕੀਤੀ। ਵਿਚਾਰ ਕਰਨ ਤੇ ਅਸੀਂ ਇਸ ਨਤੀਜੇ ਤੇ ਪਹੁੰਚਾਂਗੇ ਕਿ ਸਿਪਾਹੀ ਲੋਕ ਸਿਰ ਦੇਣਾ ਮੰਨਜ਼ੂਰ ਕਰਦੇ ਹਨ ਲਾਲਚ ਵਾਸਤੇ, ਸ਼ੋਹਰਤ ਵਾਸਤੇ, ਹਉਮੈਂ ਨੂੰ ਵਧਾਣ ਤੇ ਮਜ਼ਬੂਤ ਕਰਨ ਵਾਸਤੇ, ਪਰ ਪੰਜਾਂ ਪਿਆਰਿਆਂ ਨੇ ਸਿਰ ਦੇਣੇ ਕਬੂਲ ਕੀਤੇ ਕੁਰਬਾਨੀ ਵਾਸਤੇ, ਪਰਉਪਕਾਰ ਵਾਸਤੇ, ਗੁਰੂ ਦੀ ਖੁਸ਼ੀ ਵਾਸਤੇ ਜਾਂ ਹਉਮੈਂ ਨਾਸ਼ ਕਰਨ ਵਾਸਤੇ।

ਇਹ ਤੋਂ ਸਿਧ ਹੁੰਦਾ ਹੈ ਕਿ ਪੰਜਾਂ ਪਿਆਰਿਆਂ ਦੇ ਸਿਰਾਂ ਦੀ ਮੰਗ ਪਿਛੇ ਖਿਆਲ ਹਡ ਚੰਮ ਅਤੇ ਲਹੂ ਭਰੇ ਸਿਰਾਂ ਦੀ ਜ਼ਰੂਰਤ ਦਾ ਨਹੀਂ ਸੀ ਸਗੋਂ ਇਨ੍ਹਾਂ ਸਿਰਾਂ ਦੇ ਅੰਦਰ ਰਹਿਣ ਵਾਲੇ ਜੀਵਾਂ ਤੋਂ ਉਸ ਦੀ "ਹਉਮੈਂ" ਜਾਂ ਖੁਦੀ ਤੇ ਤਿਆਗ ਦੀ ਮੰਗ ਸੀ। ਖੁਦੀ ਦੇ ਤਿਆਗ ਦੀ ਸਭ ਤੋਂ ਵਡੀ ਨਿਸਾਨੀ ਕਿਉਂਕਿ ਸਿਰ ਦੇ ਦੇਣਾ ਹੈ, ਇਸ ਲਈ ਜ਼ਾਹਿਰਾ ਤੌਰ ਤੇ ਸਿਰ ਮੰਗੇ ਗਏ ਐਪਰ ਦਰਅਸਲ ਸਿੱਖਾਂ ਦੀ "ਹਉਮੈਂ" ਮੰਗੀ ਗਈ ਸੀ, ਜਿਸ ਦੇ ਭੇਟ ਕਰਨ ਵਿਚ ਹੀ ਪੰਜਾਂ ਪਿਆਰਿਆਂ ਦੀ ਬਜ਼ੁਰਗੀ ਅਤੇ ਵਡਿਆਈ ਠਾਠਾਂ ਮਾਰਦੀ ਹੈ।

ਜਿਸ ਇਨਸਾਨ ਦੀ ਹਉਮੈ ਮਰ ਜਾਵੇ, ਉਹ ਆਦਰਸ਼ਕ ਮਨੁੱਖ ਜਾਂ ਗੁਰਮੁਖ ਬਣ ਜਾਂਦਾ ਹੈ। ਉਸ ਦੀ ਮਤ "ਮਨ" ਮਗਰ ਨਹੀਂ ਚਲਦੀ, ਬਲਕਿ ਗੁਰੂ ਮਗਰ ਚਲਦੀ ਹੈ। ਉਹ ਇਕ ਸਿਰ ਨਹੀਂ, ਲਖਾਂ ਜਨਮ ਧਾਰ ਕੇ, ਲਖਾਂ ਸਿਰ ਪਰਉਪਕਾਰ ਨਮਿਤ ਦੇ ਸਕਦਾ ਹੈ। ਹਉਮੈ ਤੋਂ ਰਹਿਤ ਅਤੇ ਕੇਵਲ ਹਉਮੈਂ ਤੋਂ ਰਹਿਤ ਆਦਮੀ ਹੀ ਜ਼ਰੂਰਤ ਵੇਲੇ ਖੋਪਰੀ ਉਤਰਵਾ ਸਕਦਾ ਹੈ, ਬੰਦ ਬੰਦ

ਕਟਵਾ ਸਕਦਾ ਹੈ ਅਤੇ ਜ਼ਰੂਰਤ ਵੇਲੇ ਸਿਰ ਤਲੀ ਉਤੇ ਰਖ ਕੇ ਲੜ ਸਕਦਾ ਹੈ, ਇਕ ਹੋ ਕੇ ਸਵਾ ਲਖ ਨੂੰ ਵੰਗਾਰ ਸਕਦਾ ਹੈ।

ਸੂਲੀ ਤੇ ਹਸ ਹਸ ਕੇ ਚੜ੍ਹ ਸਕਣਾ ਅਤੇ ਖੰਡੇ ਨੂੰ ਨਿਡਰ ਅਤੇ ਅਡੋਲ ਰਹਿ ਕੇ ਦੁਸ਼ਮਣ ਤੇ ਚਲਾ ਸਕਣਾ ਕੇਵਲ ਹਉਮੈਂ ਤੋਂ ਰਹਿਤ ਆਦਮੀ ਦੀ ਇਕੋ ਸ਼ਕਤੀ ਦੇ ਦੋ ਪਹਿਲੂ ਹਨ। ਖਿੜੇ ਮਥੇ ਸ਼ਹੀਦ ਹੋ ਸਕਣ ਅਤੇ ਰਣ ਵਿਚ ਅਨੇਕਾਂ ਵੈਰੀਆਂ ਦੇ ਸਿਰ ਲਾਹ ਕੇ ਨਿਰਮਾਣ ਅਤੇ ਅਡੋਲ ਰਹਿ ਸਕਣ ਅੰਦਰ ਆਤਮਾ ਦੀ ਇਕੋ ਖੂਬੀ ਜਾਂ ਸਿਫ਼ਤ ਕੰਮ ਕਰਦੀ ਹੈ, ਜਿਸ ਨੂੰ ਆਤਮਕ ਬੋਲੀ ਵਿਚ 'ਹਉਮੈ ਤੋਂ ਰਹਿਤ' ਅਵਸਥਾ ਆਖਦੇ ਹਨ।

ਸਿਰ ਤਾਂ ਇਨਸਾਨ, ਔਰਤਾਂ ਵਾਸਤੇ ਵੀ ਦਿੰਦੇ ਆਏ ਹਨ, ਬਾਦਸ਼ਾਹਾਂ ਤੋਂ ਵਡਿਆਈ ਹਾਸਲ ਕਰਨ ਲਈ ਵੀ ਦਿੰਦੇ ਆਏ ਹਨ, ਪਰ ਇਹ ਸਾਰੀ ਹਉਮੈ ਦੀ ਖੇਡ ਹੈ, ਹੋਰ ਕੁਝ ਨਹੀਂ। ਇਸ ਤਰ੍ਹਾਂ ਦੇ ਸਿਰ ਦਿਤੇ ਹਉਮੈ ਨੂੰ ਸਗੋਂ ਮਜ਼ਬੂਤ ਕਰਦੇ ਹਨ। ਧਰਮ ਜਾਂ ਆਤਮ ਮਾਰਗ ਉਤੇ ਇਨਸਾਨ ਦੀ ਸਭ ਤੋਂ ਵਡੀ ਫਤਹਿ ਖੁਦੀ, ਤਕੱਬਰ, ਹੰਕਾਰ ਜਾਂ ਹਉਮੈ ਨੂੰ ਮਾਰਨਾ ਜਾਂ ਜਿਤਣਾ ਹੁੰਦੀ ਹੈ।

ਜਿਹੜਾ 'ਚੰਗਾ ਕੰਮ' ਹਉਮੈ ਦੇ ਜਜ਼ਬੇ ਦੇ ਮਾਤਹਿਤ ਰਹਿ ਕੇ ਕੀਤਾ ਜਾਵੇ, ਉਹ ਇਨਸਾਨ ਦੀਆਂ ਅੱਖਾਂ ਨੂੰ ਧੋਖਾ ਦੇ ਸਕਦਾ ਹੈ, ਆਰਜ਼ੀ ਤੌਰ ਤੇ ਵਾਹ ਵਾਹ ਕਰਵਾ ਸਕਦਾ ਹੈ, ਪਰ ਇਹ ਵਾਹ ਵਾਹ ਹਉਮੈ ਰੋਗ ਨੂੰ ਹੋਰ ਵਧਾਵੇਗੀ ਅਤੇ 'ਚੰਗਾ ਕੰਮ' ਕਰਨ ਵਾਲੇ ਦੀਆਂ ਜੰਜੀਰਾਂ ਹੋਰ ਮਜਬੂਤ ਕਰੇਗੀ।

ਪੰਜਾਂ ਪਿਆਰਿਆਂ ਦੇ ਸਿਰਾਂ ਦੀ ਮੰਗ ਪਿਛੇ ਉਹਨਾਂ ਦੀ ਹਉਮੈ ਦੀ ਮੰਗ ਸੀ। ਗੁਰੂ ਗੋਬਿੰਦ ਸਿੰਘ ਜੀ ਗੁਰੂ ਨਾਨਕ ਦੇਵ ਜੀ ਵਾਂਗਰ ਹੀ ਸਿੱਖ ਨੂੰ ਹਉਮੈ ਤੋਂ ਆਜ਼ਾਦ ਕਰਨਾ ਚਾਹੁੰਦੇ ਸਨ,

ਹਉਮੈ ਤੋਂ ਰਹਿਤ ਸਿੱਖ ਹੀ ਅਸਲ ਅਰਥਾਂ ਵਿਚ ਪਰਉਪਕਾਰ ਕਰ ਸਕਦਾ ਹੈ, ਇਨਸਾਫ ਕਰ ਸਕਦਾ ਹੈ, ਪੂਰਾ ਤੋਲ ਸਕਦਾ ਹੈ, ਬਚਨ ਉਤੇ ਕਾਇਮ ਰਹਿ ਸਕਦਾ ਹੈ, ਖੋਪਰੀ ਉਤਰਵਾ ਸਕਦਾ ਹੈ, ਡਾਂਗਾਂ ਖਾ ਸਕਦਾ ਹੈ ਅਤੇ ਆਪਣੇ ਸਰੀਰ ਦਾ ਕੀਮਾ ਕਰਵਾ ਸਕਦਾ ਹੈ।

ਹਉਮੈਂ ਤੋਂ ਰਹਿਤ ਮਨੁੱਖ ਹੀ ਲੱਖਾਂ ਸ਼ਤਰੂਆਂ ਸਾਹਮਣੇ ਨਿਰਭੈ ਹੋ ਕੇ ਖਲੋ ਸਕਦਾ ਹੈ, ਨਿਰਵੈਰ ਹੋ ਕੇ ਸਿਰ ਲੈ ਸਕਦਾ ਹੈ ਜਾਂ ਸਿਰ ਦੇ ਸਕਦਾ ਹੈ।

ਹਉਮੈਂ ਤੋਂ ਰਹਿਤ ਸਿੱਖ, ਸਿੱਖ ਜਾਮੇ ਵਿਚ ਗੁਰੂ ਦਾ ਰੂਪ ਹੁੰਦਾ ਹੈ, ਅਕਾਲ ਪੁਰਖ ਦਾ ਨੁਮਾਇੰਦਾ ਹੁੰਦਾ ਹੈ, ਨਿਰਵੈਰ ਹੁੰਦਾ ਹੈ, ਨਿਰਭੈ ਹੁੰਦਾ ਹੈ, ਅਕਾਲ ਅਤੇ ਲਾਹੱਦ ਹੁੰਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਦਾ ਮਨੋਰਥ ਅਨੰਦਪੁਰ ਦੀ ਵਿਸਾਖੀ ਤੇ ਐਸੇ ਸਿਰਲਥ, ਬੇਗਰਜ਼, ਨਿਰਭੈ ਅਤੇ ਨਿਰਵੈਰ ਸਿੱਖਾਂ ਦੇ ਜਥੇ ਦੀ ਨੀਂਹ ਰਖਣਾ ਸੀ।

# ਸਿੱਖ ਦਾ ਆਦਰਸ਼ ਗੁਰੂ ਨਾਨਕ ਹੈ

ਕਤਕ ਮਹੀਨੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ, ਜਿਥੇ ਜਿਥੇ ਵੀ ਸਿੱਖ ਕੌਮ ਹੈ ਉਥੇ ਉਥੇ ਹੀ, ਬੜੀ ਧੂਮਧਾਮ ਨਾਲ ਮਨਾਇਆ ਜਾਵੇਗਾ। ਗੁਰਪ੍ਰਬ ਕਮੇਟੀਆਂ ਬਨਣਗੀਆਂ, ਨਗਰ ਕੀਰਤਨ ਨਿਕਲਣਗੇ, ਦੀਵਾਨ ਸਜਣਗੇ, ਰਾਗੀ ਤੇ ਪਰਚਾਰਕ ਗੁਰੂ ਬਾਬੇ ਨਾਨਕ ਦੇ ਜਸ ਗਾਉਣਗੇ ਅਤੇ ਆਪ ਦੀ ਜੀਵਨ ਕਥਾ ਵਿਚੋਂ ਪਰਸੰਗ ਸੁਣਾ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਇਕ ਵਾਰੀ ਫੇਰ ਸਾਰੀ ਸਿੱਖ ਕੌਮ ਵਿਚੋਂ "ਧੰਨ ਗੁਰੂ ਨਾਨਕ" "ਧੰਨ ਗੁਰੂ ਨਾਨਕ" ਦੀ ਧੁਨੀ ਉਠੇਗੀ ਅਤੇ ਅਰਸ਼ਾਂ ਤੇ ਪਹੁੰਚੇਗੀ। ਇਸ ਤੋਂ ਬਾਅਦ ਕੀ ਹੋਵੇਗਾ? ਓਹੋ ਜੋ ਹਰ ਸਾਲ ਹੁੰਦਾ ਹੈ। ਗੁਰਪੁਰਬ ਮਗਰੋਂ ਗੁਰਸਿੱਖ ਮੁੜ ਆਪੋ ਆਪਣੇ ਕੰਮਾਂ ਕਾਜਾਂ ਵਿਚ ਰੁਝ ਜਾਣਗੇ ਅਤੇ ਗੁਰੂ ਨਾਨਕ ਦੀ ਯਾਦ ਨੂੰ ਮੁੜ ਅਗਲੇ ਸਾਲ ਦੇ ਗੁਰਪੁਰਬ ਤੇ ਮੁੜ ਮੰਨਾਉਣ ਲਈ ਛਡਿਆ ਜਾਵੇਗਾ।

ਸਵਾਲ ਪੈਦਾ ਹੁੰਦਾ ਹੈ ਕਿ ਕੀ ਸਿੱਖ ਕੌਮ ਤੋਂ ਗੁਰੂ ਨਾਨਕ ਦੇਵ ਇਤਨੀ ਹੀ ਉਮੀਦ ਰਖਦੇ ਹਨ ਕਿ ਉਹ ਸਾਲ ਮਗਰੋਂ ਆਪ ਦੇ ਜਨਮ ਦਿਹਾੜੇ ਸਜ ਧਜ ਨਾਲ ਮਨਾ ਲਿਆ ਕਰੇ? ਜਾਂ ਕੀ ਗੁਰੂ ਨਾਨਕ ਵਰਗੇ ਮਹਾਂਪੁਰਖ ਦੀ ਕੇਵਲ ਇਸੇ ਗਲ ਵਿਚ ਤਸੱਲੀ ਹੋ ਸਕਦੀ ਹੈ ਕਿ ਉਸ ਦੇ ਸਿੱਖ ਹਰ ਸਾਲ ਉਸ ਦੇ

ਜਨਮ ਦਿਨ ਤੇ ਇਕੱਤਰ ਹੋ ਕੇ ਉਸ ਦੀਆਂ ਸਿਫਤਾਂ ਕਰ ਛਡਿਆ ਕਰਨ? ਜਸ ਗਾ ਦਿਆ ਕਰਨ?

ਜਿਸ ਨੇ ਗੁਰੂ ਨਾਨਕ ਦੇਵ ਦੇ ਬਚਨਾਂ ਨੂੰ ਗੁਰੂ ਗਰੰਥ ਸਾਹਿਬ ਵਿਚੋਂ ਗਹੁ ਨਾਲ ਪੜ੍ਹਿਆ ਹੋਵੇ, ਉਸ ਵਾਸਤੇ ਗੁਰੂ ਨਾਨਕ ਦੇ ਸੁਭਾਓ ਦਾ ਪਤਾ ਲਗਾਣਾ ਕੋਈ ਮੁਸ਼ਕਲ ਗਲ ਨਹੀਂ ਰਹਿੰਦੀ। ਗੁਰੂ ਨਾਨਕ ਦੇ ਬਚਨਾਂ ਨੂੰ ਵਿਚਾਰਨ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਦਾ ਸੁਭਾ, ਖੁਸ਼ਾਮਦ ਪਸੰਦ ਨਹੀਂ ਸੀ, ਉਹ ਆਪਣੀਆਂ ਨਿਰੀਆਂ ਤਾਰੀਫਾਂ ਕਰਨ ਵਾਲੇ ਤੇ ਕਦੀ ਖੁਸ਼ ਨਹੀਂ ਸਨ ਹੋ ਸਕਦੇ। ਆਪਣੀਆਂ ਤਾਰੀਫ਼ਾਂ ਕਰਵਾ ਕੇ ਜਾਂ ਜੱਸ ਕਰਵਾ ਕੇ ਖੁਸ਼ ਹੋਣਾ ਇਨਸਾਨੀ ਫਿਤਰਤ ਦੀ ਕਮਜ਼ੋਰੀ ਹੈ ਜੋ ਮਹਾਂਪੁਰਖਾਂ ਦੇ ਨਜ਼ਦੀਕ ਤਕ ਨਹੀਂ ਆਉਂਦੀ। ਗੁਰੂ ਨਾਨਕ ਦੀ ਮਲਕ ਭਾਗੋ ਤੇ ਭਾਈ ਲਾਲੋ ਵਾਲੀ ਸਾਖੀ ਸਿਧ ਕਰਦੀ ਹੈ ਕਿ ਗੁਰੂ ਨਾਨਕ ਉਸ ਸਿੱਖ ਉਤੇ ਹੀ ਖੁਸ਼ ਹੋ ਸਕਦੇ ਸਨ ਜਿਸ ਦਾ ਜੀਵਨ ਆਪ ਦੇ ਪਸੰਦ ਆਵੇ, ਜਿਸ ਦਾ ਜੀਵਨ ਆਪ ਦੀ ਸਿਖਸ਼ਾ ਅਨੁਸਾਰ ਬਤੀਤ ਹੋ ਰਿਹਾ ਹੋਵੇ। ਜਿਹੜਾ ਗੁਰੂ ਨਾਨਕ ਪਾਤਸ਼ਾਹਾਂ ਤੇ ਰਾਖਸ਼ਾਂ ਦੇ ਸਾਹਮਣੇ ਨਿਰਭੈ ਤੇ ਬੇਲਿਹਾਜ਼ ਗਲ ਕਰ ਸਕਦਾ ਸੀ, ਉਸ ਨੂੰ ਉਸ ਦੇ ਜਨਮ ਦਿਨ ਤੇ ਉਸ ਦੀਆਂ ਤਾਰੀਫਾਂ ਕਰ ਕੇ ਪ੍ਰਸੰਨ ਕਰ ਲੈਣ ਦਾ ਖਿਆਲ ਕਦੀ ਸਫਲਤਾ ਪ੍ਰਾਪਤ ਨਹੀਂ ਕਰ ਸਕੇਗਾ।

ਗੁਰੂ ਨਾਨਕ ਇਕ ਕਰੜੇ ਸੁਭਾ ਵਾਲੇ ਮਹਾਂਪੁਰਸ਼ ਸਨ, ਆਪ ਨੂੰ ਆਪਣੇ ਸਿੱਖਾਂ ਦੀ ਕਰੜੀ ਪਰੀਖਿਆ ਲੈਣ ਦੀ ਆਦਤ ਸੀ, ਇਸ ਪਰੀਖਿਆ ਵਿਚ ਪੁਤਰਾਂ ਦਾ ਵੀ ਲਿਹਾਜ਼ ਨਹੀਂ ਸੀ ਕੀਤਾ ਜਾਂਦਾ। ਹਜ਼ੂਰ ਕੇਵਲ ਉਸ ਸਿੱਖ ਤੇ ਹੀ ਖੁਸ਼ ਹੁੰਦੇ ਸਨ ਜੋ ਆਪ ਦੀ ਪਰੀਖਿਆ ਵਿਚੋਂ ਕਾਮਯਾਬ ਹੋਵੇ, ਜੋ ਅਸਲ ਅਰਥਾਂ ਵਿਚ ਆਪ ਦੀ ਖੁਸ਼ੀ ਦਾ ਹਕਦਾਰ ਹੋਵੇ।

ਐਸੇ ਗੁਰੂ ਨਾਨਕ ਨੂੰ, ਸਿੱਖ ਕੌਮ, ਅਜ ਜੇਕਰ ਉਸ ਦੇ ਜਨਮ ਦਿਨ ਤੇ ਕੇਵਲ ਉਸ ਦੇ ਜਸ ਕਰ ਕੇ ਹੀ ਰੀਝਾਨਾ ਚਾਹੁੰਦੀ ਹੈ ਤਾਂ ਇਹ ਉਸ ਦੀ ਗਲਤੀ ਹੈ, ਉਸ ਨੂੰ ਗੁਰੂ ਨਾਨਕ ਦੇ ਸੁਭਾ ਦਾ ਹੀ ਅਜੇ ਤਕ ਪਤਾ ਨਹੀਂ।

ਸਾਡੇ ਤੇ ਇਹ ਸਵਾਲ ਕੀਤਾ ਜਾ ਸਕਦਾ ਹੈ ਕਿ ਜੇਕਰ ਮਹਾਂਪੁਰਸ਼ ਆਪਣੀ ਤਾਰੀਫ ਜਾਂ ਜਸ ਕਰਵਾ ਕੇ ਖੁਸ਼ ਨਹੀਂ ਹੁੰਦੇ ਤਾਂ ਫਿਰ ਉਹਨਾਂ ਦੀ ਤਾਰੀਫ਼ ਜਾਂ ਜਸ ਕਰਨਾ ਫਜ਼ੂਲ ਹੁੰਦਾ ਹੈ, ਅਤੇ ਇਸ ਕਰਕੇ ਬੰਦ ਹੋ ਜਾਣਾ ਚਾਹੀਦਾ ਹੈ? ਇਸ ਦਾ ਜਵਾਬ ਅਸੀਂ ਅਗੇ ਵੀ ਆਪਣੀ ਲਿਖਤ ਵਿਚ ਕਈ ਵਾਰੀ ਦੇ ਚੁਕੇ ਹਾਂ ਅਤੇ ਹੁਣ ਫੇਰ ਦੋਹਰਾਣਾ ਚਾਹੁੰਦੇ ਹਾਂ ਕਿ ਮਹਾਂਪੁਰਸ਼ਾਂ ਦਾ ਜਸ ਇਸ ਖਿਆਲ ਨਾਲ ਹਰਗਿਜ਼ ਨਹੀਂ ਕਰਨਾ ਚਾਹੀਦਾ ਕਿ ਉਹ ਆਪਣੀ ਤਾਰੀਫ ਸੁਣ ਕੇ ਖੁਸ਼ ਹੋ ਜਾਣਗੇ। ਤਾਰੀਫ ਕਰਨ ਅਤੇ ਕਰਵਾਣ ਵਾਲਾ ਦੋਵੇਂ ਘਟੀਆ ਸ਼ਰੇਣੀ ਦੇ ਮਨੁੱਖ ਹੁੰਦੇ ਹਨ। ਜਸ ਕਰਨ ਦਾ ਇਕੋ ਹੀ ਫਾਇਦਾ ਹੋ ਸਕਦਾ ਹੈ ਅਤੇ ਉਹ ਇਹ ਕਿ ਜਸ ਕਰਨ ਵਾਲੇ ਵਿਚ ਜਿਸ ਦਾ ਉਹ ਜਸ ਕਰੇ, ਉਸ ਵਰਗਿਆਂ ਬਣ ਜਾਣ ਦੀ ਰੀਝ ਪੈਦਾ ਹੋਵੇ। ਅਗਰ ਜਸ ਕਰਨ ਵਾਲੇ ਦੇ ਦਿਲ ਵਿਚ ਜਿਸ ਦਾ ਉਹ ਜਸ ਕਰੇ, ਉਸ ਵਰਗਿਆਂ ਬਨਣ ਦੀ ਖਾਹਿਸ਼ ਪੈਦਾ ਨਹੀਂ ਹੁੰਦੀ, ਤਾਂ ਉਹ ਜਸ, ਜਸ ਕਰਨ ਵਾਲੇ ਨੂੰ ਬਜਾਏ ਫਾਇਦੇ ਦੇ ਨੁਕਸਾਨ ਪਹੁੰਚਾਂਦਾ ਹੈ। ਐਸੇ ਜਸ ਕਰਨ ਵਾਲੇ ਦਾ ਦਰਜਾ ਸਿਵਾਏ ਹਡ ਹਰਾਮ, ਖੁਸ਼ਾਮਦੀ ਦੇ ਹੋਰ ਕੁਝ ਨਹੀਂ। ਗੁਰੂ ਘਰ ਵਿਚ ਐਸੇ ਹਡ ਹਰਾਮੀ ਖੁਸ਼ਾਮਦੀਆਂ ਦੀ ਨਾ ਕਦੀ ਪਿਛੇ ਦਾਲ ਗਲੀ ਹੈ ਤੇ ਨਾ ਹੀ ਕਦੇ ਅਗਾਂਹ ਨੂੰ ਦਾਲ ਗਲੇਗੀ। ਇਸ ਘਰ ਵਿਚ ਮਾਨ, ਦਿਖਾਵੇ ਤੇ ਨਹੀਂ ਬਲਿਕ ਨੀਯਤ ਦੀ ਰਾਸਤੀ ਉਤੇ ਮਿਲਦਾ ਹੈ।

*ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥*
*ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ ॥*
*ਅੰਗ - 463*

ਅਸੀਂ ਇਸ ਲੇਖ ਦਵਾਰਾ ਗੁਰੂ ਬਾਬੇ ਨਾਨਕ ਦੇ ਆਸ਼ਕਾਂ, ਉਸ ਦੇ ਭੌਰਿਆਂ, ਉਸ ਦੇ ਸ਼ਰਧਾਲੂਆਂ ਦੇ ਦਿਲਾਂ ਤੋਂ ਇਹ ਗਲਤਫਹਿਮੀ ਦੂਰ ਕਰਨਾ ਚਾਹੁੰਦੇ ਹਾਂ ਕਿ ਗੁਰੂ ਨਾਨਕ ਸਾਹਿਬ ਆਪਣਾ ਜਸ ਕਰਵਾ ਕੇ ਆਪਣੇ ਸਿੱਖਾਂ ਉਤੇ ਖੁਸ਼ ਹੋ ਸਕਦੇ ਹਨ। ਗੁਰੂ ਬਾਬੇ ਦੇ ਜਨਮ ਦਿਨ ਤੇ ਗੁਰਮੁਖਾਂ ਨੂੰ ਆਪਣੀ ਵਿਚਾਰ ਦਾ ਸਭ ਤੋਂ ਜ਼ਿਆਦਾ ਹਿਸਾ ਇਹ ਸੋਚਣ ਵਿਚ ਖਰਚ ਕਰਨਾ ਚਾਹੀਦਾ ਹੈ ਕਿ ਗੁਰੂ ਨਾਨਕ ਦੀ ਵਡਿਆਈ ਕਿਨ੍ਹਾਂ ਸਿਫਤਾਂ ਉਤੇ ਨਿਰਭਰ ਸੀ। ਇਹਨਾਂ ਸਿਫਤਾਂ ਨੂੰ ਉਹ ਕਿਸ ਤਰ੍ਹਾਂ ਆਪਣੇ ਅੰਦਰ ਪੈਦਾ ਕਰ ਸਕਦੇ ਹਨ, ਗੁਰੂ ਨਾਨਕ ਉਤੇ ਕਰਤਾਰ ਕਿਉਂ ਖੁਸ਼ ਸੀ, ਕੀ ਅਸੀਂ ਵੀ ਕਰਤਾਰ ਨੂੰ ਗੁਰੂ ਨਾਨਕ ਵਾਂਗਰ ਖੁਸ਼ ਕਰ ਸਕਦੇ ਹਾਂ, ਕੀ ਗੁਰੂ ਨਾਨਕ ਨੇ ਸਾਨੂੰ ਵੀ ਕਰਤਾਰ ਨੂੰ ਖੁਸ਼ ਕਰਨ ਦਾ ਕੋਈ ਰਸਤਾ ਜਾਂ ਤਰੀਕਾ ਦਸਿਆ ਹੈ? ਕੀ ਅਸੀਂ ਇਸ ਰਸਤੇ ਉਤੇ ਪਿਛਲੇ ਸਾਲ ਤੁਰ ਸਕੇ ਹਾਂ? ਸਾਨੂੰ ਇਸ ਰਸਤੇ ਤੇ ਤੁਰਨ ਵਿਚ ਕੀ ਕੀ ਦਿਕਤਾਂ ਆਈਆਂ ਹਨ? ਇਹ ਦਿਕਤਾਂ ਕਿਉਂ ਆਈਆਂ ਹਨ, ਅਤੇ ਇਹਨਾਂ ਨੂੰ ਅਗੇ ਲਈ ਰੋਕਣ ਦਾ ਕੀ ਉਪਰਾਲਾ ਹੋਣਾ ਚਾਹੀਦਾ ਹੈ? ਅਸੀਂ ਪਿਛਲੇ ਸਾਲ ਵਿਚ ਗੁਰੂ ਸਿੱਖੀ ਦੇ ਪ੍ਰੋਗਰਾਮ ਉਤੇ ਕਿਤਨੇ ਕੁ ਚਲੇ ਹਾਂ? ਅਸੀਂ ਸ਼ਖਸੀ ਅਤੇ ਕੌਮੀ ਹੈਸੀਅਤ ਵਿਚ ਗੁਰੂ ਨਾਨਕ ਦੇ ਆਦਰਸ਼ ਨੂੰ ਕਿਥੋਂ ਤਕ ਦੁਨੀਆਂ ਵਿਚ ਪੁਚਾਇਆ ਹੈ? ਅਸਾਂ ਗੁਰੂ ਨਾਨਕ ਦੀ ਸਿਖਸ਼ਾ ਤੇ ਚਲ ਕੇ ਪਿਛਲੇ ਸਾਲ ਅੰਦਰ ਦੁਨੀਆਂ ਦੀ, ਮਨੁੱਖ ਮਾਤਰ ਦੀ ਭਲਾਈ ਲਈ ਕੀ ਕੰਮ ਕੀਤਾ ਹੈ? ਆਪਣੀ ਸ਼ਖਸੀ ਤੇ ਕੌਮ ਕਮਜ਼ੋਰੀਆਂ ਨੂੰ ਅਸੀਂ ਕਿਥੋਂ ਤਕ ਕਾਬੂ ਵਿਚ ਲਿਆਂਦਾ ਹੈ?

ਅੰਤ ਵਿਚ ਗੁਰੂ ਨਾਨਕ ਦੇ ਜਨਮ ਦਿਨ ਉਤੇ ਅਸੀਂ ਗੁਰੂ ਨਾਨਕ ਦੇ ਸਿੱਖਾਂ ਨੂੰ ਇਹ ਯਾਦ ਕਰਾਣਾ ਚਾਹੁੰਦੇ ਹਾਂ ਕਿ ਗੁਰੂ ਨਾਨਕ ਦੇ ਦਿਲ ਵਿਚ ਆਪਣੇ ਸਿੱਖਾਂ ਦੀ ਆਪਣੇ ਪੁਤਰਾਂ ਨਾਲੋਂ ਵੀ ਵਧ ਇੱਜ਼ਤ ਤੇ ਕਦਰ ਸੀ, ਉਸ ਨੇ ਆਪਣੇ ਸਿੱਖਾਂ ਨੂੰ ਉਹ ਕੁਝ ਦੇ ਦਿਤਾ ਜਿਹੜਾ ਕੁਝ ਹਾਸਲ ਕਰਨ ਲਈ ਉਸ ਦੇ ਪੁੱਤਰ ਤਰਸਦੇ ਸਨ। ਏਸ ਲਈ ਸਾਡੇ ਤੇ, ਹੁਣ ਗੁਰੂ ਨਾਨਕ ਵਲੋਂ ਬੜੀਆਂ ਭਾਰੀਆਂ ਜ਼ਿਮੇਵਾਰੀਆਂ ਹਨ, ਅਸੀਂ ਜਗਤ ਜਲੰਦੇ ਨੂੰ ਠੰਢ ਪਾਣ ਵਾਸਤੇ, ਗੁਰੂ ਬਾਬੇ ਦੇ ਜਨਮ ਦਿਨ ਤੋਂ ਮਗਰੋਂ ਵੀ ਦਿਨ ਰਾਤ ਦੀਆਂ ਲਗਾਤਾਰ ਕੋਸ਼ਿਸ਼ਾਂ ਜਾਰੀ ਰਖਣੀਆਂ ਹਨ, ਅਸਾਂ ਗੁਰਪੁਰਬ ਮਗਰੋਂ ਵੀ ਗੁਰੂ ਬਾਬੇ ਦੀ ਸਿਖਿਆ ਨੂੰ ਯਾਦ ਰਖਣਾ ਹੈ, ਕਰਤਾਰ ਨੂੰ ਆਪਣੇ ਸਦਾ ਸੰਗ ਜਾਣਨਾ ਹੈ, ਕਰਤਾਰ ਦੇ ਆਸਰੇ ਆਪਣੇ ਮਨ ਨੂੰ ਜਿਤਣਾ ਤੇ ਦੁਨੀਆਂ ਦੀ ਤਪਸ਼ ਨੂੰ ਦੂਰ ਕਰਨਾ ਹੈ, ਗੁਰੂ ਬਾਬੇ ਦੇ ਝੰਡੇ ਨੂੰ ਪਿਛਲੇ ਸਾਲ ਨਾਲੋਂ ਅਗਾਹਾਂ ਲੈ ਜਾਣਾ ਹੈ ਤਾਕਿ ਅਗਲੇ ਗੁਰਪੁਰਬ ਨੂੰ ਮੂੰਹ ਉਚਾ ਕਰ ਕੇ ਬਾਬੇ ਦੇ ਨੂਰੀ ਚਿਹਰੇ ਵਲ ਇਕ ਹੋਣਹਾਰ ਪੁੱਤਰ ਦੀ ਤਰ੍ਹਾਂ ਤਕ ਸਕੀਏ।

# ਗੁਰਮੁਖ ਅਤੇ ਨੇਕ ਪੁਰਸ਼

ਵਾਹਿਗੁਰੂ ਦਾ ਪਿਆਰਾ ਜਾਂ ਗੁਰਮੁਖ ਹੋਣਾ ਹੋਰ ਗੱਲ ਹੈ ਅਤੇ ਚੰਗੇ ਕਰਮ ਕਰਨ ਵਾਲਾ ਇਖਲਾਕੀ ਤੌਰ ਤੇ ਨੇਕ ਇਨਸਾਨ ਹੋਣਾ ਹੋਰ ਗੱਲ ਹੈ। ਬਾਹਰੋਂ ਤਕਿਆਂ ਇਕ ਗੁਰਮੁਖ ਜਾਂ ਰਬ ਦੇ ਪਿਆਰੇ ਅਤੇ ਨੇਕ ਜਾਂ ਸ਼ੁਭ ਕਰਮ ਕਰਨ ਵਾਲੇ ਇਨਸਾਨ ਵਿਚ ਘਟ ਹੀ ਫਰਕ ਨਜ਼ਰ ਆਵੇਗਾ। ਬਾਹਰੋਂ ਇਵੇਂ ਦਿਸੇਗਾ, ਜਿਵੇਂ ਇਕ ਤਰ੍ਹਾਂ ਦੇ ਇਨਸਾਨ ਹਨ, ਐਪਰ ਐਸਾ ਸਮਝਣਾ ਭੁਲ ਹੋਵੇਗੀ। ਇਹਨਾਂ ਦੋਹਾਂ ਪੁਰਸ਼ਾਂ ਦੇ ਦ੍ਰਿਸ਼ਟੀਕੋਣ ਵਿਚ ਬੜਾ ਫਰਕ ਹੁੰਦਾ ਹੈ। ਗੁਰਮੁਖ ਦਾ ਜੀਵਨ-ਆਦਰਸ਼ ਵਾਹਿਗੁਰੂ ਪ੍ਰਾਪਤੀ, ਵਾਹਿਗੁਰੂ ਦੇ ਨਮਿਤ ਨੇਕ ਕਰਮ ਕਰਨੇ, ਵਾਹਿਗੁਰੂ ਜੀ ਨੂੰ ਸਵਾਸ ਸਵਾਸ ਯਾਦ ਰਖਣਾ। ਇਖਲਾਕੀ ਤੌਰ ਉਤੇ ਨੇਕ ਪੁਰਸ਼ ਦਾ ਆਦਰਸ਼ ਸਮਾਜ ਸੇਵਾ, ਸਮਾਜ ਭਲਾਈ, ਸਮਾਜ ਦੀ ਖੁਸ਼ੀ, ਸਮਾਜ ਦਾ ਸਤਿਕਾਰ ਆਦਿ ਹੁੰਦਾ ਹੈ। ਗੁਰਮੁਖ ਵੀ ਕਈ ਕਰਮ ਸਮਾਜ ਭਲਾਈ ਦੇ ਕਰਦਾ ਹੈ, ਪਰ ਸਮਾਜ ਨੂੰ ਵਾਹਿਗੁਰੂ ਦਾ ਰੂਪ ਸਮਝ ਕੇ, ਵਾਹਿਗੁਰੂ ਦੀ ਸੇਵਾ ਤੇ ਖੁਸ਼ੀ ਲਈ ਹੀ ਸਮਾਜ ਭਲਾਈ ਕਰਦਾ ਹੈ। ਇਖਲਾਕੀ ਦ੍ਰਿਸ਼ਟੀਕੋਣ ਵਾਲੇ ਪੁਰਸ਼ ਦੇ ਚੰਗੇ ਕੰਮ ਆਪਣਾ ਫਰਜ਼ ਨਿਭਾਣ ਦੀ ਗਰਜ਼ ਨਾਲ ਹੁੰਦੇ ਹਨ, ਪਰ ਗੁਰਮੁਖ ਦੇ ਚੰਗੇ ਕਰਮ ਇਸ ਲਈ ਹੁੰਦੇ ਹਨ ਕਿ ਉਹ ਸਿਵਾਏ ਚੰਗੇ ਕਰਮ ਕਰਨ ਤੋਂ ਹੋਰ ਕੁਝ ਕਰ ਨਹੀਂ ਸਕਦਾ। ਨੇਕ ਪੁਰਸ਼ ਨੂੰ ਚੰਗੇ ਕਰਮ ਕਰਨ ਵਿਚ

ਕੋਸ਼ਿਸ਼ ਕਰਨੀ ਪੈਂਦੀ ਹੈ, ਗੁਰਮੁਖ ਦੇ ਚੰਗੇ ਕਰਮ ਸਹਿਜ ਸੁਭਾਵ ਹੁੰਦੇ ਹਨ। ਨੇਕ ਪੁਰਸ਼ ਲਈ ਜ਼ਰੂਰੀ ਨਹੀਂ ਕਿ ਉਸ ਨੂੰ ਆਪਣੀ ਨੇਕੀ ਦਾ ਅਹਿਸਾਸ ਨਾ ਹੋਵੇ। ਨੇਕ ਪੁਰਸ਼ ਕੇਵਲ ਨੇਕ ਹੁੰਦਾ ਹੈ ਪਰ ਗੁਰਮੁਖ ਨੇਕ ਵੀ ਹੁੰਦਾ ਹੈ ਅਤੇ ਇਸ ਤੋਂ ਅਗੇ ਹੋਰ ਵੀ ਬਹੁਤ ਕੁਝ ਹੈ।

"We must make the distinction between the ordinary man and the man who has realised God. To be truly useful to society after one has realised God or to derive the social benefit for one's own moral and spiritual preparation is one thing; to deny and forget Him by being fired with the enthusiasm of social consciousness and of physical health is quite another thing.

The religion of the spiritual man mainly consists of the internal apprehension of God and the silent contemplation on His Name.

V. H. Date.

# ਸਾਡੀ ਅਸਲੀਅਤ

ਆਤਮ ਸਾਇਸ ਦੇ ਮਾਹਿਰਾਂ ਨੇ ਇਨਸਾਨ ਦੀ ਬਨਾਵਟ ਸਬੰਧੀ ਇਸ ਦੇ ਧੁਰ ਅੰਦਰ ਤਕ ਟੁਭੀ ਲਾ ਕੇ ਜੋ ਕੁਛ ਦੇਖਿਆ ਹੈ ਉਹ ਇਸ ਨਕਸ਼ੇ ਤੋਂ ਕਾਫੀ ਸਮਝ ਆ ਸਕਦਾ ਹੈ।

<table>
<tr><td colspan="2">ਅਸਥੂਲ ਸਰੀਰ (Material body)</td></tr>
<tr><td colspan="2">ਸ਼ਕਤੀ (Vitality)</td></tr>
<tr><td colspan="2">ਸੂਖਸ਼ਮ ਸਰੀਰ (Astra body)</td></tr>
<tr><td rowspan="2">ਜੀਵ</td><td>ਮਲੀਨ ਹਉਮੈ (Mortal mind lower self)</td></tr>
<tr><td>ਸ਼ੁਧ ਹਉਮੈ (Divine mind higher self)</td></tr>
<tr><td colspan="2">ਆਤਮਾ (Soul)</td></tr>
<tr><td colspan="2">ਬ੍ਰਹਮ, ਪਰਮ-ਆਤਮਾ (Brahm, Supreme Soul)</td></tr>
</table>

ਸਭ ਕੁਝ ਬ੍ਰਹਮ ਤੋਂ ਉਤਪੰਨ ਹੁੰਦਾ ਹੈ। ਬ੍ਰਹਮ ਜਾਂ ਪ੍ਰਮਾਤਮਾ ਤੋਂ ਆਤਮਾ, ਜੀਵ, ਜੀਵ ਦੀ ਸ਼ੁਧ ਅਤੇ ਮਲੀਨ ਹਉਮੈਂ, ਸੂਖਸ਼ਮ ਸਰੀਰ, ਸਭ ਸ਼ਕਤੀ ਅਤੇ ਅਸਥੂਲ ਸਰੀਰ ਉਤਪੰਨ ਹੁੰਦੇ ਹਨ।

ਸੂਖਸ਼ਮ ਸਰੀਰ ਤੋਂ ਭਾਵ ਉਸ ਖਿਆਲੀ ਸਰੀਰ ਤੋਂ ਹੈ, ਜੋ ਸੁਪਨੇ ਵਿਚ ਸਾਡੇ ਨਾਲ ਰਹਿੰਦਾ ਹੈ। ਬ੍ਰਹਮ ਤੋਂ ਉਤਪੰਨ ਹੋਣ ਕਰ ਕੇ ਇਹਨਾਂ ਸਭ ਦਾ ਕਿਸੇ ਵੇਲੇ ਮੁੜ ਬ੍ਰਹਮ ਵਿਚ ਲੀਨ ਹੋਣਾ ਜ਼ਰੂਰੀ ਹੈ। ਚੰਗੇ ਕੰਮ ਸਾਥੋਂ ਸ਼ੁਧ ਅਤੇ ਮਾੜੇ ਕੰਮ ਅਸ਼ੁਧ ਹਉਮੈਂ ਕਰਵਾਂਦੀ ਹੈ।

ਸਾਡੀ ਮੌਤ ਦੇ ਸਮੇਂ ਸਾਡੇ ਅਸਥੂਲ (ਜਿਸਮਾਨੀ) ਸਰੀਰ ਤੇ ਇਸ ਦੀਆਂ ਸਭ ਸ਼ਕਤੀਆਂ ਦਾ ਨਾਸ਼ ਹੋ ਜਾਂਦਾ ਹੈ ਪਰ ਬਾਕੀ ਜੋ ਕੁਝ ਪਿਛੇ ਰਹਿ ਜਾਂਦਾ ਹੈ ਉਸ ਦਾ ਨਾਸ਼ ਨਹੀਂ ਹੁੰਦਾ ਅਤੇ ਉਸ ਵਿਚੋਂ ਹੀ ਮੁੜ ਸਭ ਸ਼ਕਤੀਆਂ ਤੇ ਅਸਥੂਲ ਸਰੀਰ ਪੈਦਾ ਹੋ ਜਾਂਦਾ ਹੈ।

ਮੁਕਤੀ ਵਾਸਤੇ ਸਾਨੂੰ ਆਪਣੇ ਮਨ ਦੇ ਪਿਛੇ ਆਪਣੀ ਆਤਮਾ ਤੇ ਉਸ ਦੇ ਗੁਣਾਂ ਤੇ ਸ਼ਕਤੀਆਂ ਦਾ ਪੂਰਾ ਗਿਆਨ ਹੋਣਾ ਜ਼ਰੂਰੀ ਹੈ। ਜਦ ਸਾਨੂੰ ਪਤਾ ਲਗ ਜਾਵੇ ਕਿ ਮਨ ਤੇ ਸਰੀਰ ਨਾਲ ਅਸੀਂ ਜਿਸ ਸੁਖ ਸਾਗਰ ਨੂੰ ਲਭਦੇ ਪਏ ਹਾਂ, ਉਹ ਸਾਡੀ ਆਪਣੀ ਆਤਮਾ ਦੇ ਅੰਦਰ ਹੀ ਮੌਜਦੂ ਹੈ, ਤਦ ਫੇਰ ਅਸੀਂ ਬਾਹਰ ਢੂੰਡਣ ਦੀ ਬਜਾਏ ਆਪਣੇ ਧੁਰ ਅੰਦਰ ਜਾਂ ਮਰਕਜ਼ ਵਲ ਮੁੜਦੇ ਹਾਂ। ਸਾਨੂੰ ਅਸਲ ਤੇ ਸਦੀਵੀ ਸ਼ਾਂਤੀ ਮਿਲਦੀ ਹੀ ਆਤਮਾ ਵਿਚ (ਜਾਂ ਆਪਣੇ ਨਿਜ ਘਰ ਵਿਚ) ਟਿਕ ਕੇ ਹੈ। ਜਦ ਸਾਨੂੰ ਆਪਣੀ ਆਤਮਾ ਦੀ ਆਤਮਾ ਜਾਂ ਪਰਮ ਆਤਮਾ ਬ੍ਰਹਮ ਦਾ ਪਤਾ ਲਗਦਾ ਹੈ ਅਤੇ ਉਸ ਨਾਲ ਜੁੜ ਕੇ ਪਰਮ ਆਨੰਦ ਤੇ ਪਰਮ ਸੁਖ ਮਾਨਣ ਦਾ ਮੌਕਾ ਮਿਲਦਾ ਹੈ। ਇਸ ਅਵਸਥਾ ਦਾ ਅਭਿਆਸੀ ਫਿਰ ਮਨ ਅਤੇ ਮਨ ਦੇ ਜ਼ਰੀਏ ਪਰਮ ਸੁਖ ਲਭਣ ਦੀ ਇਛਆ ਸਦਾ ਲਈ ਤਿਆਗਦਾ ਤੇ ਬ੍ਰਹਮ ਨਾਲ ਜੁੜਦਾ ਜੁੜਦਾ ਬ੍ਰਹਮ ਰੂਪ ਹੋ ਜਾਂਦਾ ਹੈ।

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥* *ਅੰਗ - 846*

ਮੌਤ ਦਾ ਡਰ ਤਦ ਤਕ ਹੀ ਹੈ, ਜਦ ਤਕ ਸਾਨੂੰ ਆਪਣੀ ਅਸਲੀਅਤ ਜਾਂ ਆਪਣੇ 'ਆਪੇ' ਦਾ ਗਿਆਨ ਨਹੀਂ ਹੁੰਦਾ। ਅਸੀਂ ਸਰੀਰ ਨੂੰ ਹੀ ਆਪਣਾ ਆਪ ਸਮਝ ਕੇ ਮੌਤ ਤੋਂ ਭੈ-ਭੀਤ ਹੁੰਦੇ ਹਾਂ। ਜਦ ਸਾਨੂੰ ਨਿਸਚਾ ਆ ਜਾਵੇ ਕਿ ਅਸੀਂ ਸਰੀਰ ਨਹੀਂ, ਸਰੀਰ ਤਾਂ ਸਾਡਾ ਕੇਵਲ ਇਕ ਖੋਲ ਜਾਂ ਹਿਸਾ ਹੈ, ਜਿਸ ਹਿਸੇ ਦੇ ਨਾਸ਼ ਹੋਣ ਨਾਲ ਅਸੀਂ ਨਾਸ਼ ਨਹੀਂ ਹੁੰਦੇ, ਬਲਕਿ ਆਪਣੀ ਇਛਿਆ ਨਾਲ ਅਨੇਕ ਸਰੀਰ ਪੈਦਾ ਕਰ ਸਕਦੇ ਹਾਂ, ਤਾਂ ਸਾਡਾ ਸਰੀਰ ਨਾਲ ਐਨਾ ਮੋਹ ਨਹੀਂ ਰਹਿੰਦਾ ਅਤੇ ਸਮਾਂ ਆਉਣ ਉਤੇ ਸਰੀਰ ਨੂੰ ਉਸੇ ਤਰ੍ਹਾਂ ਖੁਸ਼ੀ ਖੁਸ਼ੀ ਤਿਆਗ ਸਕਦੇ ਹਾਂ, ਜਿਵੇਂ ਸੱਪ ਆਪਣੀ ਕੁੰਜ ਨੂੰ ਆਪਣੀ ਮਰਜ਼ੀ ਅਤੇ ਖੁਸ਼ੀ ਨਾਲ ਤਿਆਗ ਦਿੰਦਾ ਹੈ।

ਗੁਰਸਿਖ ਜਾਗ! ਤੂੰ
ਪਾਤਸ਼ਾਹ ਹੈਂ, ਫਕੀਰ ਨਹੀਂ।
ਆਜ਼ਾਦ ਹੈਂ, ਅਸੀਰ ਨਹੀਂ।
ਸਭ ਕੁਛ ਹੈਂ, ਹਕੀਰ ਨਹੀਂ।
ਆਤਮਾ ਹੈਂ, ਸਰੀਰ ਨਹੀਂ।

# ਸਰਬ ਨਿਵਾਸੀ ਸਦਾ ਅਲੇਪਾ

ਸ੍ਰੀ ਗੁਰੂ ਗਰੰਥ ਸਾਹਿਬ ਵਿਖੇ ਵਾਹਿਗੁਰੂ ਜੀ ਦੇ ਅਨੇਕ ਗੁਣ ਅਤੇ ਸਿਫਤਾਂ ਲਿਖੀਆਂ ਹਨ। ਇਹਨਾਂ ਵਿਚੋਂ ਕਿਸੇ ਗੁਣ ਜਾਂ ਸਿਫਤ ਨੂੰ ਸਮਝਣ ਵਿਚ ਇਤਨੀ ਦਿਕਤ ਪੇਸ਼ ਨਹੀਂ ਆਉਂਦੀ ਜਿਤਨੀ ਕਿ 'ਸਰਬ ਨਿਵਾਸੀ ਸਦਾ ਅਲੇਪਾ' ਦੇ ਸਮਝਣ ਵਿਚ ਆਉਂਦੀ ਹੈ। ਸ੍ਰੀ ਗੁਰੂ ਗਰੰਥ ਸਾਹਿਬ ਅਨੁਸਾਰ ਵਾਹਿਗੁਰੂ ਜੀ ਦਿਆਲੂ, ਕਿਰਪਾਲੂ, ਬਖਸ਼ਿੰਦ, ਸਰਬ ਸ਼ਕਤੀਮਾਨ, ਸਰਬ ਵਿਆਪਕ, ਸਰਬ ਪ੍ਰਤਿਪਾਲਕ ਆਦਿ ਆਦਿ ਹਨ। ਗੁਰਸਿੱਖ ਨੂੰ ਵਾਹਿਗੁਰੂ ਜੀ ਵਿਚ ਉਕਤ ਗੁਣ ਹੋਣੇ ਅਸਾਨੀ ਨਾਲ ਸਮਝ ਆ ਜਾਂਦੇ ਹਨ। ਜਿਥੇ ਸ੍ਰੀ ਗੁਰੂ ਗਰੰਥ ਸਾਹਿਬ ਵਿਖੇ ਲਿਖਿਆ ਹੈ ਕਿ ਵਾਹਿਗੁਰੂ ਜੀ ਸਰਬ ਨਿਵਾਸੀ ਅਤੇ ਸਦਾ ਅਲੇਪਾ ਹਨ, ਉਥੇ ਬਹੁਤ ਗੁਰਸਿੱਖਾਂ ਨੂੰ ਇਕੋ ਵਾਹਿਗੁਰੂ ਵਿਚ ਉਕਤ ਦੋਹਾਂ ਸਿਫਤਾਂ ਦਾ ਹੋਣਾ ਸਮਝ ਨਹੀਂ ਆਉਂਦਾ। ਇਸ ਲੇਖ ਵਿਚ ਅਸੀਂ ਵਾਹਿਗੁਰੂ ਦੇ ਸਰਬ ਨਿਵਾਸੀ ਅਤੇ ਸਦਾ ਅਲੇਪਾ ਹੋਣ ਸਬੰਧੀ ਵਿਚਾਰ ਕਰਨੀ ਚਾਹੁੰਦੇ ਹਾਂ।

ਵਾਹਿਗੁਰੂ ਜੀ ਕਿਉਂਕਿ ਸਾਡੇ ਅੰਦਰ (ਹਰ ਚੀਜ਼ ਦੇ ਅੰਦਰ) ਰਹਿੰਦੇ ਹਨ ਇਸ ਕਰ ਕੇ ਵਾਹਿਗੁਰੂ ਜੀ ਦੀ ਜਦ ਵੀ ਖੋਜ ਕੀਤੀ ਗਈ ਹੈ, ਉਹ ਖੋਜ ਅਸਲ ਵਿਚ ਆਦਮੀ ਦੀ ਆਪਣੀ ਅਸਲੀਅਤ ਜਾਂ ਆਤਮਾ ਦੀ ਹੀ ਖੋਜ ਹੁੰਦੀ ਹੈ। ਜਦ ਸਿਮਰਨ

ਅਭਿਆਸ ਕਮਾਈ ਨਾਲ ਆਪਣੇ ਅੰਦਰ ਆਪਣੇ ਸਰੀਰ ਅਤੇ ਮਨ ਤੋਂ ਪਰੇ ਆਪਣੀ ਆਤਮਾ ਦੇ ਦੀਦਾਰ ਹੋਣ ਲਗ ਜਾਣ ਜਾਂ ਇਸ ਤੋਂ ਅਗੇ ਆਪਣੀ ਆਤਮਾ ਦੀ ਆਤਮਾ, ਪਰਮ ਆਤਮਾ, ਅਨੁਭਵ ਦੇ ਨੇਤ੍ਰਾਂ ਨੂੰ ਦਿਸਣ ਲਗ ਜਾਵੇ ਤਦ ਸਾਡੇ ਲਈ ਆਪਣੀ ਆਤਮਾ ਦੀ ਆਤਮਾ ਪਰਮ ਆਤਮਾ ਵਿਚ 'ਸਰਬ ਨਿਵਾਸੀ' ਹੋਣ ਅਤੇ ਨਾਲ ਹੀ 'ਸਦਾ ਅਲੇਪਾ' ਰਹਿਣ ਦਾ ਗੁਣ ਦੇਖ ਸਕਣਾ ਮੁਸ਼ਕਲ ਨਹੀਂ ਰਹਿ ਜਾਂਦਾ, ਪਰ ਇਸ ਅਵਸਥਾ ਤਕ ਪਹੁੰਚਣ ਤੋਂ ਪਹਿਲੇ ਜ਼ਰੂਰੀ ਹੈ ਕਿ ਸਾਨੂੰ ਇਹ ਭੇਦ ਭਰੀ ਬਾਤ ਕਿਸੇ ਹੋਰ ਤਰੀਕੇ ਨਾਲ ਸਮਝਾਈ ਜਾਵੇ।

ਵਾਹਿਗੁਰੂ ਜੀ ਦੀ ਅੰਸ਼ ਹੋਣ ਕਰ ਕੇ ਜੀਵ ਛੋਟੇ ਪੈਮਾਨੇ ਉਤੇ ਵਾਹਿਗੁਰੂ ਜੀ ਦੀਆਂ ਬਹੁਤ ਸਾਰੀਆਂ ਸਿਫਤਾਂ ਰਖਦਾ ਹੈ। ਜੇਕਰ ਸਾਨੂੰ ਇਹ ਸਮਝ ਆ ਜਾਵੇ ਕਿ ਜੀਵ ਜਗਤ ਵਿਚ ਅਨੇਕ ਪਰਕਾਰ ਦਾ ਜੀਵਨ ਬਤੀਤ ਕਰਦਾ ਹੋਇਆ, ਉਸ ਜੀਵ ਤੋਂ ਅਲੇਪ ਰਹਿੰਦਾ ਹੈ ਤਾਂ ਸਾਡੇ ਲਈ ਜੀਵ ਸੋਮੇ ਦੇ ਜਾਂ ਪਿਤਾ (ਵਾਹਿਗੁਰੂ) ਦੇ ਅਲੇਪ ਹੋਣ ਸਬੰਧੀ ਸਮਝ ਆਉਣੀ ਮੁਸ਼ਕਲ ਨਹੀਂ ਹੋਵੇਗੀ।

ਜਦ ਜੀਵ ਸੌਂ ਜਾਂਦਾ ਹੈ ਅਤੇ ਸੁਤਿਆਂ ਪਿਆਂ ਇਸ ਨੂੰ ਸੁਪਨਾ ਆਉਂਦਾ ਹੈ ਤਦ ਸੁਪਨੇ ਵਾਲੀ ਸਾਰੀ ਰਚਨਾ ਜੀਵ ਦੇ ਅੰਦਰੋਂ ਉਤਪੰਨ ਹੋ ਕੇ ਉਸ ਦੇ ਇਰਦ-ਗਿਰਦ ਇਕ ਵਡਾ ਜਗਤ ਪੈਦਾ ਕਰ ਦੇਂਦੀ ਹੈ। ਉਸ ਜਗਤ ਵਿਚ ਜੀਵ ਆਪ ਕੁਝ ਬਣ ਕੇ ਜਾਂ ਆਪਣੇ ਆਪ ਨੂੰ ਕੋਈ ਖਾਸ ਪਾਰਟ ਸੌਂਪ ਕੇ ਅਨੇਕ ਪ੍ਰਕਾਰ ਦੀ ਲੀਲ੍ਹਾ ਜਾਂ ਤਮਾਸ਼ਾ ਕਰਦਾ ਹੈ। ਜਦ ਤਕ ਸੁਪਨਾ ਕਾਇਮ ਰਹੇ ਜੀਵ ਇਸ ਨੂੰ ਸੱਚ ਸਮਝਦਾ ਹੈ ਪਰ ਜਦ ਇਸ ਦੀ ਜਾਗ ਖੁਲ੍ਹ ਜਾਵੇ ਤਾਂ ਸੁਪਨੇ ਦੀ ਸਾਰੀ ਰਚਨਾ ਨੂੰ ਝੂਠ ਜਾਂ ਮਿਥਿਆ ਆਖਦਾ ਹੈ।

ਇਹ ਸੁਪਨੇ ਦੀ ਰਚਨਾ ਜਾਂ ਇਸ ਦਾ ਕੋਈ ਹਿਸਾ ਪੈਦਾ ਹੀ ਨਹੀਂ ਹੋ ਸਕਦਾ ਜਦ ਤੀਕ ਜੀਵ ਸੌਂ ਕੇ ਆਪਣੇ ਅੰਦਰੋਂ ਸੁਪਨਾ ਪੈਦਾ ਨਾ ਕਰੇ। ਇਸ ਕਰ ਕੇ ਜੀਵ ਆਪਣੇ ਸੁਪਨੇ ਦੀ ਰਚਨਾ ਅੰਦਰ 'ਸਰਬ ਨਿਵਾਸੀ' ਹੁੰਦਾ ਹੈ। ਭਾਵੇਂ ਇਸ ਗੱਲ ਦਾ ਜੀਵ ਨੂੰ ਪਤਾ ਨਹੀਂ ਹੁੰਦਾ ਕਿ ਉਹ ਸੁਪਨੇ ਦੀ ਰਚਨਾ ਦਾ 'ਕਰਤਾ' ਹੈ ਅਤੇ ਸੁਪਨੇ ਦੀ ਸਾਰੀ ਰਚਨਾ ਦੇ ਜ਼ੱਰੇ ਜ਼ੱਰੇ ਵਿਚ ਉਹ ਖੁਦ ਰਵਿਆ ਹੋਇਆ ਹੈ ਪਰ ਅਸਲੀਅਤ ਇਹ ਹੈ ਕਿ ਜੀਵ ਦੇ ਸੁਪਨੇ ਦੀ ਸਾਰੀ ਰਚਨਾ ਜੀਵ ਤੋਂ ਉਤਪੰਨ ਹੋਣ ਕਰ ਕੇ, ਉਸ ਰਚਨਾ ਦੇ ਹਰ ਅੰਗ ਅਤੇ ਹਰ ਅੰਗ ਦੇ ਹਰ ਪ੍ਰਮਾਣੂੰ ਵਿਚ ਜੀਵ ਖੁਦ ਰਵਿਆ ਹੋਇਆ ਜਾਂ ਫੈਲਿਆ ਹੋਇਆ ਹੁੰਦਾ ਹੈ।

ਜਦ ਜੀਵ ਦੀ ਸੁਪਨੇ ਤੋਂ ਅੱਖ ਖੁਲ੍ਹ ਜਾਵੇ ਤਾਂ ਉਹ ਦੇਖਦਾ ਹੈ ਕਿ ਮੇਰਾ ਸੁਪਨੇ ਦੀ ਰਚਨਾ ਨਾਲ ਕੋਈ ਸੰਬੰਧ ਨਹੀਂ ਰਿਹਾ। ਉਹ ਇਕ ਸੁਪਨੇ ਵਿਚ ਕਲਪਤ ਰਚਨਾ ਸੀ ਜਿਹੜੀ ਕਿ ਜਾਗ ਆਉਣ ਉਤੇ ਗਾਇਬ ਹੋ ਗਈ ਹੈ। ਜੀਵ ਆਪਣੇ ਸੁਪਨੇ ਦੀ ਰਚਨਾ ਵਿਚ ਭੋਗੇ ਸੁਖਾਂ ਦੁਖਾਂ ਨਾਲ ਜਾਗ ਆਉਣ ਉਤੇ ਕੋਈ ਸੰਬੰਧ ਨਹੀਂ ਦੇਖਦਾ। ਇਸ ਦ੍ਰਿਸ਼ਟੀਕੋਣ ਤੋਂ ਦੇਖਿਆਂ ਸਿਧ ਹੋਵੇਗਾ ਕਿ ਜੀਵ ਆਪਣੇ ਸੁਪਨੇ ਦੀ ਰਚਨਾ ਤੋਂ ਜਾਗ ਆਉਣ ਉਤੇ ਬਿਲਕੁਲ ਅਲੇਪ ਹੁੰਦਾ ਹੈ।

ਉਕਤ ਵਿਚਾਰ ਤੋਂ ਸਾਨੂੰ ਪਤਾ ਲਗੇਗਾ ਕਿ ਜੀਵ ਜੋ ਕਰਤਾਰ ਦੀ ਅੰਸ ਹੈ, ਉਹ ਆਪਣੇ ਸੁਪਨੇ ਦੀ ਰਚਨਾ ਵਿਚ ਸੁਪਨੇ ਸਮੇਂ 'ਸਰਬ ਨਿਵਾਸੀ' ਅਤੇ ਸੁਪਨੇ ਤੋਂ ਜਾਗ ਖੁਲ੍ਹਣ ਉਤੇ ਬਿਲਕੁਲ ਅਲੇਪ ਹੁੰਦਾ ਹੈ।

ਜੇਕਰ ਜੀਵ ਗਿਆਨਵਾਨ ਹੋਵੇ ਅਤੇ ਜਾਣਦਾ ਹੋਵੇ ਕਿ ਸੁਪਨੇ ਦੀ ਰਚਨਾ ਉਸ ਦੇ ਆਪਣੇ ਅੰਦਰੋਂ ਉਤਪੰਨ ਹੁੰਦੀ ਅਤੇ

ਫੇਰ ਉਸ ਨੂੰ ਹੀ ਬੜੀ ਵਡੀ ਭਾਸਦੀ ਹੈ ਅਤੇ ਇਸ ਸਾਰੀ ਰਚਨਾ ਦੇ ਅੰਦਰ ਉਹ ਆਪ ਹੀ ਨਿਵਾਸ ਕਰਦਾ ਹੈ ਤੇ ਜਾਗ ਖੁਲ੍ਹਣ ਉਤੇ ਉਹ ਆਪਣੇ ਸੁਪਨੇ ਦੀ ਰਚਨਾ ਤੋਂ ਆਪ ਅਲੇਪ ਹੁੰਦਾ ਹੈ ਤਾਂ ਐਸੇ ਗਿਆਨੀ ਜੀਵ ਨੂੰ ਸੁਪਨੇ ਦੇ ਵੇਲੇ ਵੀ ਪਤਾ ਹੋਵੇਗਾ ਕਿ ਉਹ ਉਸ ਵਿਚ 'ਸਰਬ ਨਿਵਾਸੀ' ਵੀ ਹੈ ਅਤੇ 'ਸਦਾ ਅਲੇਪਾ' ਵੀ ਹੈ। ਐਸਾ ਗਿਆਨੀ ਜੀਵ ਸੁਪਨੇ ਦੇ ਦੌਰਾਨ ਵਿਚ ਅਤੇ ਸੁਪਨੇ ਦੇ ਖਤਮ ਹੋਣ ਉਤੇ ਸ਼ਾਂਤ ਅਤੇ ਅਭੋਲ ਹੋਵੇਗਾ।

ਇਸੇ ਤਰ੍ਹਾਂ ਵਾਹਿਗੁਰੂ ਜੀ ਨੂੰ ਕਿਉਂਕਿ ਹਰ ਇਕ ਬਾਤ ਦਾ ਪੂਰਨ ਗਿਆਨ ਹੈ, ਇਸ ਲਈ ਉਹ ਆਪਣੇ ਵਿਚੋਂ ਅਨੰਤ ਜਗਤ ਪੈਦਾ ਕਰ ਕੇ ਉਹਨਾਂ ਵਿਚ, ਸਰਬ ਨਿਵਾਸੀ, ਰਹਿੰਦੇ ਹੋਏ ਆਪਣੀ ਸਾਰੀ ਰਚਨਾ ਤੋਂ ਅਲੇਪ ਰਹਿੰਦੇ ਹਨ।

*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥*

*ਅੰਗ - 684*

*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥*

*ਅੰਗ - 937*

*ਸਭਿ ਘਟ ਭੋਗਵੈ ਅਲਿਪਤੁ ਰਹੈ ਅਲਖੁ ਨ ਲਖਣਾ ਜਾਈ ॥*

*ਅੰਗ - 592*

# ਆਜ਼ਾਦੀ ਅਤੇ ਸੁਖ

ਜਦ ਹਿੰਦੁਸਤਾਨ ਅੰਗਰੇਜ਼ ਦਾ ਗੁਲਾਮ ਸੀ ਅਤੇ ਇਸ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਅਨੇਕ ਪਰਕਾਰ ਦੀ ਕੁਰਬਾਨੀ ਦੇ ਰਿਹਾ ਸੀ, ਤਦ ਬਹੁਤ ਸਾਰੇ ਹਿੰਦੁਸਤਾਨੀਆਂ ਨੂੰ ਇੰਜ ਜਾਪਦਾ ਸੀ ਕਿ ਜਦ ਆਜ਼ਾਦੀ ਮਿਲ ਜਾਵੇਗੀ ਤਾਂ ਉਹ ਅਤੇ ਸਾਰਾ ਦੇਸ਼ ਬੜਾ ਸੁਖੀ ਹੋ ਜਾਵੇਗਾ। ਕਿਉਂਕਿ ਇਨਸਾਨ ਸੁਖ ਦਾ ਚਾਹਵਾਨ ਹੈ, ਇਸ ਕਰਕੇ ਭਾਰਤ ਵਾਸੀ ਆਪਣੀ ਰਾਜਨੀਤਕ ਆਜ਼ਾਦੀ ਨੂੰ ਆਪਣੇ ਸੁਖਾਂ ਦਾ ਵਡਾ ਸਾਧਨ ਸਮਝਦੇ ਸੀ।

ਭਾਵੇਂ ਅਸੀਂ ਇਸ ਨਿਸਚੇ ਦੇ ਹਾਂ ਕਿ ਹਰ ਇਕ ਦੇਸ਼ ਦਾ ਅਤੇ ਹਰ ਇਕ ਦੇਸ਼ ਵਾਸੀ ਦਾ ਜਮਾਂਦਰੂ ਹੱਕ ਆਜ਼ਾਦੀ ਹੈ ਅਤੇ ਭਾਵੇਂ ਕੋਈ ਦੇਸ਼ ਆਜ਼ਾਦ ਹੋ ਕੇ ਵੀ ਸੁਖੀ ਨਾ ਹੋ ਸਕੇ, ਫਿਰ ਵੀ ਉਸ ਨੂੰ ਆਜ਼ਾਦ ਹੀ ਰਹਿਣਾ ਚਾਹੀਦਾ ਹੈ। ਅਤੇ ਰਾਜਨੀਤਕ ਗੁਲਾਮੀ ਨਾਲੋਂ ਰਾਜਨੀਤਕ ਸੁਤੰਤਰਤਾ ਹਰ ਹਾਲਤ ਵਿਚ ਚੰਗੀ ਅਤੇ ਹਰ ਕੀਮਤ ਉਤੇ ਸਸਤੀ ਹੈ, ਐਪਰ ਅਸੀਂ ਬਹੁਤ ਸਾਰੇ ਭਾਰਤ ਵਾਸੀਆਂ ਦੇ ਇਸ ਖਿਆਲ ਨਾਲ ਸ਼ੁਰੂ ਤੋਂ ਹੀ ਸਹਿਮਤ ਨਹੀਂ ਕਿ ਹਿੰਦੁਸਤਾਨ ਦੇ ਆਜ਼ਾਦ ਹੋਣ ਉਤੇ ਹਿੰਦੁਸਤਾਨੀ ਪੂਰੇ ਸੁਖੀ ਹੋ ਜਾਣਗੇ।

ਸਾਡੇ ਇਸ ਖਿਆਲ ਦੀ ਪੁਸ਼ਟੀ ਦੁਨੀਆਂ ਦਾ ਇਤਿਹਾਸ ਕਰਦਾ ਹੈ। ਹਿੰਦੁਸਤਾਨ ਅਜ ਆਜ਼ਾਦ ਹੋਇਆ ਹੈ ਪਰ ਬਹੁਤ ਸਾਰੇ

ਦੇਸ਼ ਐਸੇ ਹਨ ਜਿਹੜੇ ਸਦੀਆਂ ਤੋਂ ਆਜ਼ਾਦ ਚਲੇ ਆਉਂਦੇ ਹਨ। ਇੰਗਲੈਂਡ, ਫਰਾਂਸ, ਅਮਰੀਕਾ, ਆਦਿ ਸਦੀਆਂ ਤੋਂ ਰਾਜਨੀਤਕ ਤੌਰ ਉਤੇ ਪੂਰੇ ਆਜ਼ਾਦ ਹਨ, ਪਰ ਦੇਖਣ ਵਿਚ ਆਉਂਦਾ ਹੈ ਕਿ ਸਦੀਆਂ ਤੋਂ ਆਜ਼ਾਦ ਹੋਣ ਦੇ ਬਾਵਜੂਦ ਅਮਰੀਕਾ, ਇੰਗਲੈਂਡ ਅਤੇ ਫਰਾਂਸ ਦੇ ਵਸਨੀਕ ਸੁਖੀ ਨਹੀਂ। ਉਹਨਾਂ ਪਾਸ ਖਾਣ ਤੇ ਪਹਿਨਣ ਵਾਸਤੇ ਕਾਫ਼ੀ ਕੁਝ ਹੋਣ ਤੋਂ ਇਲਾਵਾ ਜੀਵਨ ਦੇ ਹੋਰ ਅਨੇਕਾਂ ਆਰਾਮ ਅਤੇ ਅਸਾਇਸ਼ਾਂ ਹਨ ਪਰ ਫੇਰ ਵੀ ਉਹਰ ਸੁਖੀ ਨਹੀਂ।

ਜੇਕਰ ਅਮਰੀਕਾ ਦੇ ਆਜ਼ਾਦ ਲੋਕ ਮਾਦੀ ਤੌਰ ਉਤੇ ਇਤਨੀ ਤਰੱਕੀ ਕਰਕੇ .ਵੀ ਸੁਖੀ ਨਹੀਂ ਹੋ ਸਕੇ ਤਾਂ ਹਿੰਦੁਸਤਾਨ ਦੇ ਵਸਨੀਕਾਂ ਨੂੰ ਆਪਣੀ ਰਾਜਨੀਤਕ ਆਜ਼ਾਦੀ ਤੋਂ ਪੂਰਨ ਸੁਖੀ ਹੋਣ ਦੀ ਆਸ ਵੀ ਸਦਾ ਨਿਰਾਸ ਰਖੇਗੀ। ਇਸ ਦਾ ਭਾਵ ਇਹ ਨਹੀਂ ਕਿ ਹਿੰਦੁਸਤਾਨ ਨੇ ਆਜ਼ਾਦੀ ਹਾਸਲ ਕਰਨ ਵਿਚ ਕੋਈ ਗਲਤੀ ਕੀਤੀ ਹੈ, ਜਾਂ ਹਿੰਦੁਸਤਾਨ ਦੀ ਆਜ਼ਾਦੀ ਹਿੰਦੁਸਤਾਨੀਆਂ ਨੂੰ ਅਗੇ ਨਾਲੋਂ ਵਧੇਰੇ ਸੁਖੀ ਨਹੀਂ ਬਣਾਵੇਗੀ। ਅਸੀਂ ਮੰਨਦੇ ਹਾਂ ਕਿ ਆਰਥਕ ਤੌਰ ਉਤੇ ਹਿੰਦੁਸਤਾਨੀ ਅਗੇ ਨਾਲੋਂ ਕੁਝ ਵਧੇਰੇ ਸੁਖੀ ਹੋ ਜਾਣਗੇ ਅਤੇ ਹਿੰਦ ਵਾਸੀਆਂ ਨੂੰ ਅਗੇ ਨਾਲੋਂ ਵਧੇਰੇ ਚੰਗੀ ਅਤੇ ਵਧੇਰੇ ਖੁਰਾਕ, ਵਧੇਰੇ ਕਪੜੇ ਅਤੇ ਰਹਿਣ ਵਾਸਤੇ ਵਧੇਰੇ ਚੰਗੇ ਮਕਾਨ ਮਿਲ ਜਾਣਗੇ। ਪਰ ਅਸੀਂ ਇਹ ਵੀ ਜਾਣਦੇ ਹਾਂ ਕਿ ਜੇਕਰ ਅਮਰੀਕਾ ਨਿਵਾਸੀਆਂ ਨੂੰ ਉਥੋਂ ਦੀ ਆਰਥਕ ਤਰੱਕੀ ਨੇ ਸਚੇ ਅਰਥਾਂ ਵਿਚ ਸੁਖੀ ਨਹੀਂ ਬਣਾਇਆ ਤਾਂ ਹਿੰਦੁਸਤਾਨੀਆਂ ਨੂੰ ਇਥੋਂ ਦੀ ਆਰਥਕ ਤਰੱਕੀ ਵੀ ਸਚੇ ਅਰਥਾਂ ਵਿਚ ਕਦੀ ਸੁਖੀ ਨਹੀਂ ਬਣਾ ਸਕਦੀ। ਇਸਦਾ ਕੀ ਕਾਰਨ ਹੈ?

ਆਮ ਲੋਕਾਂ ਦੀ ਭੁਲ ਇਹ ਹੈ ਕਿ ਉਹ ਆਪਣੇ ਆਪ ਨੂੰ

ਕੇਵਲ ਸਰੀਰ ਮੰਨਦੇ ਹਨ ਅਤੇ ਸਰੀਰ ਦੀਆਂ ਜ਼ਰੂਰਤਾਂ ਪੂਰੀਆਂ ਹੋ ਜਾਣ ਉਤੇ ਆਪਣੀਆਂ ਜ਼ਰੂਰਤਾਂ ਪੂਰੀਆਂ ਹੋ ਗਈਆਂ ਸਮਝਦੇ ਹਨ। ਐਸੇ ਲੋਕਾਂ ਨੂੰ ਜੇ ਖਾਣ ਲਈ ਰਜਵੀਂ ਰੋਟੀ ਮਿਲ ਜਾਵੇ, ਪਹਿਨਣ ਲਈ ਚੰਗੇ ਬਸਤਰ ਅਤੇ ਰਹਿਣ ਨੂੰ ਚੰਗੇ ਮਕਾਨ ਮਿਲ ਜਾਣ, ਤਾਂ ਉਹ ਸਮਝਦੇ ਕਿ ਉਹ ਪੂਰੇ ਸੁਖੀ ਹੋ ਗਏ। ਐਪਰ ਇਨਸਾਨ ਕੇਵਲ ਸਰੀਰ ਨਹੀਂ। ਸਰੀਰ ਤਾਂ ਇਕ ਘਟੀਆ ਹਿਸਾ ਹੁੰਦਾ ਹੈ। ਸਰੀਰ ਨਾਲੋਂ ਵਧੇਰੇ ਜ਼ਰੂਰੀ ਇਨਸਾਨ ਦਾ ਹਿਸਾ ਉਸ ਦਾ ਮਨ ਹੁੰਦਾ ਹੈ ਅਤੇ ਮਨ ਨਾਲੋਂ ਵੀ ਵਧੇਰੇ ਜ਼ਰੂਰੀ ਹਿਸਾ ਇਨਸਾਨ ਦੀ ਆਤਮਾ ਹੁੰਦੀ ਹੈ। ਜਿਹੜੇ ਮਿਤਰ ਆਪਣੇ ਆਪ ਨੂੰ ਕੇਵਲ ਸਰੀਰ ਹੀ ਸਮਝਦੇ ਹਨ, ਉਹ ਸਰੀਰ ਦੀਆਂ ਸਭ ਜ਼ਰੂਰਤਾਂ ਪੂਰੀਆਂ ਹੋ ਜਾਣ ਉਤੇ ਵੀ ਆਪਣੇ ਆਪ ਨੂੰ ਪੂਰੇ ਸੁਖੀ ਨਾ ਵੇਖਣ ਤਾਂ ਉਹਨਾਂ ਨੂੰ ਹੈਰਾਨ ਨਹੀਂ ਹੋਣਾ ਚਾਹੀਦਾ। ਇਨਸਾਨ ਨੂੰ ਜਿਥੇ ਸਰੀਰ ਕਾਇਮ ਅਤੇ ਸੁਖੀ ਰਖਣ ਲਈ ਖੁਰਾਕ ਪੁਸ਼ਾਕ ਅਤੇ ਮਕਾਨ ਦੀ ਲੋੜ ਹੈ, ਉਥੇ ਮਨ ਸੁਖੀ ਤੇ ਬਲਵਾਨ ਰਖਣ ਲਈ ਉਤਮ ਖਿਆਲਾਂ ਦੀ ਜ਼ਰੂਰਤ ਹੈ। ਜਿਵੇਂ ਸਰੀਰ ਨੂੰ ਚੰਗੀ ਖੁਰਾਕ ਬਲਵਾਨ ਤੇ ਸੁਖੀ ਬਣਾਂਦੀ ਹੈ ਤਿਵੇਂ ਮਨ ਨੂੰ ਸ਼ੁਭ ਅਤੇ ਪਵਿਤਰ ਖਿਆਲ ਸੁਖੀ ਅਤੇ ਬਲਵਾਨ ਬਣਾਂਦੇ ਹਨ। ਇਸ ਤੋਂ ਇਲਾਵਾ ਆਤਮਾ ਨੂੰ ਸੁਖੀ ਅਤੇ ਬਲਵਾਨ ਬਨਾਣ ਵਾਸਤੇ ਇਕਾਗਰਤਾ ਅਤੇ ਲਿਵ ਦੀ ਜ਼ਰੂਰਤ ਹੈ। ਜਦ ਤਕ ਇਨਸਾਨ ਦੇ ਤਿੰਨ ਹਿਸਿਆਂ (ਸਰੀਰ, ਮਨ ਅਤੇ ਆਤਮਾ) ਨੂੰ ਪੂਰੀ, ਰੋਜ਼ਾਨਾ ਖੁਰਾਕ ਨਾ ਮਿਲੇ, ਇਨਸਾਨ ਕਦੀ ਪੂਰੇ ਤੌਰ ਉਤੇ ਸੁਖੀ, ਸੰਤੁਸ਼ਟ ਅਤੇ ਖੁਸ਼ ਨਹੀਂ ਹੁੰਦਾ।

ਦੇਸ਼ ਦੀ ਆਜ਼ਾਦੀ ਇਨਸਾਨ ਦੇ ਸਰੀਰ ਨੂੰ ਸੁਖੀ ਬਨਾਣ ਵਿਚ ਕਾਫੀ ਮਦਦ ਕਰਦੀ ਹੈ, ਆਜ਼ਾਦ ਗਵਰਨਮੈਂਟ ਆਪਣੇ ਦੇਸ਼ ਵਾਸੀਆਂ ਨੂੰ ਚੰਗੀ ਤੇ ਪੂਰੀ ਖੁਰਾਕ, ਚੰਗੇ ਤੇ ਕਾਫੀ ਬਸਤਰ, ਚੰਗੇ

ਤੇ ਹਵਾਦਾਰ ਮਕਾਨ ਤਾਂ ਦੇ ਸਕਦੀ ਹੈ, ਦੇਸ਼ ਵਾਸੀਆਂ ਦੀ ਆਰਥਕ ਦਸ਼ਾ ਤਾਂ ਉਚਿਆਂ ਕਰ ਸਕਦੀ ਹੈ, ਪਰ ਦੇਸ਼ ਵਾਸੀਆਂ ਨੂੰ ਹਿਰਸ, ਲਾਲਚ, ਨਫਰਤ, ਗੁੱਸੇ, ਡਰ, ਚਿੰਤਾ ਅਤੇ ਹੰਕਾਰ ਦੇ ਪੰਜੇ ਤੋਂ ਨਹੀਂ ਛੁਡਾ ਸਕਦੀ। ਰਾਜਨੀਤਕ ਆਜ਼ਾਦੀ ਦੇਸ਼ ਵਾਸੀਆਂ ਨੂੰ ਕਾਮ, ਕ੍ਰੋਧ ਲੋਭ, ਮੋਹ ਅਤੇ ਹੰਕਾਰ ਦੀ ਗੁਲਾਮੀ ਤੋਂ ਆਜ਼ਾਦ ਨਹੀਂ ਕਰਾ ਸਕਦੀ। ਜਦ ਤਕ ਇਨਸਾਨ ਆਪਣੀ ਨਫਸ ਦਾ ਗੁਲਾਮ ਹੈ, ਉਹ ਚਾਹੇ ਕਿਤਨੇ ਹੀ ਆਜ਼ਾਦ ਦੇਸ਼ ਦਾ ਵਾਸੀ ਕਿਉਂ ਨਾ ਹੋਵੇ, ਸਦਾ ਅਸੰਤੁਸ਼ਟ ਤੇ ਦੁਖੀ ਰਹੇਗਾ।

ਭਾਰਤ ਵਾਸੀਆਂ ਨੇ ਅਗਰ ਸਚੇ ਅਰਥਾਂ ਵਿਚ ਆਜ਼ਾਦ ਅਤੇ ਸੁਖੀ ਹੋਣਾ ਹੈ ਤਾਂ ਉਹਨਾਂ ਨੂੰ ਰਾਜਨੀਤਕ ਆਜ਼ਾਦੀ ਮਿਲਣ ਤੋਂ ਮਗਰੋਂ ਵੀ ਭਾਰਤ ਵਰਸ਼ ਵਿਚ ਹੋ ਚੁਕੇ ਰਿਸ਼ੀਆਂ, ਮੁਨੀਆਂ, ਗੁਰੂਆਂ, ਭਗਤਾਂ, ਸੰਤਾਂ ਅਤੇ ਫਕੀਰਾਂ ਦੀ ਸ਼ਰਨ ਵਿਚ ਆਉਣਾ ਹੋਵੇਗਾ, ਅਸਲ ਸੁਖ, ਅਸਲ ਆਜ਼ਾਦੀ, ਅਸਲ ਪਾਤਸ਼ਾਹੀ ਮਹਾਂਪੁਰਖਾਂ ਦੇ ਚਰਨਾਂ ਵਿਚੋਂ ਮਿਲਿਆ ਕਰਦੀ ਹੈ, ਕੇਵਲ ਦੇਸ਼ ਦੀ ਰਾਜਨੀਤਕ ਸੁਤੰਤਰਤਾ ਤੋਂ ਨਹੀਂ।

# ਸੁਪਨਾ

ਸੁਪਨੇ ਵਿਚ ਵੇਖੀਆਂ ਸਭ ਚੀਜ਼ਾਂ ਤੇ ਪਦਾਰਥ ਮਿਥਿਆ ਹੁੰਦੇ ਹਨ, ਕਿਉਂਕਿ ਉਹ ਸਭ ਸਾਡੇ ਸਰੀਰ ਅੰਦਰ ਹੀ ਨਜ਼ਰ ਆਉਂਦੇ ਹਨ ਅਤੇ ਛੋਟੀ ਜਿਹੀ ਹਦ ਵਾਲੀ ਥਾਂ ਵਿਚ ਹੁੰਦੇ ਹਨ। ਸੁਪਨੇ ਦਾ ਪਹਾੜ ਕੇਵਲ ਸਾਡੇ ਅੰਦਰ ਹੀ ਹੁੰਦਾ ਹੈ। ਪਹਾੜ ਸਾਡੇ ਨਿਕੇ ਜਿਹੇ ਅੰਦਰ ਕਿਵੇਂ ਹੋ ਸਕਦਾ ਹੈ? ਇਸ ਲਈ ਉਹ ਸੁਪਨੇ ਦਾ ਪਹਾੜ ਸੱਚਾ ਨਹੀਂ ਹੁੰਦਾ, ਅਸੱਤ ਜਾਂ ਝੂਠ ਹੁੰਦਾ ਹੈ।

ਸਾਡੇ ਅੰਦਰ ਕੋਈ ਦੇਸ਼ ਜਾਂ ਫਾਸਲਾ ਤਾਂ ਹੁੰਦਾ ਨਹੀਂ, ਜਿਸ ਵਿਚ ਮੋਟਰਕਾਰ ਜਾਂ ਵਡੇ ਵਡੇ ਮਕਾਨ ਖਲੋ ਸਕਣ, ਇਸ ਕਰਕੇ ਸੁਪਨੇ ਵਿਚ ਦੇਖੇ ਮਕਾਨ, ਜਾਨਵਰ ਦਰਿਆ, ਪਹਾੜ ਆਦਿ ਅਸਲ ਵਿਚ ਕੁਝ ਨਹੀਂ ਹੁੰਦੇ, ਐਵੇਂ ਸਾਡੇ ਮਨ ਨੂੰ ਭਾਸਦੇ ਹਨ। ਸਾਡੇ ਮਨ ਅੰਦਰ ਤਾਂ ਇਕ ਵਾਲ ਰਖਣ ਦੀ ਥਾਂ ਵੀ ਨਹੀਂ। ਇਸ ਲਈ ਸੁਪਨੇ ਵਿਚ ਦਿਸਣ ਵਾਲੇ ਸਭ ਦ੍ਰਿਸ਼ ਤੇ ਨਜ਼ਾਰੇ ਝੂਠੇ ਹੁੰਦੇ ਹਨ, ਅਸਲ ਵਿਚ ਹੁੰਦੇ ਨਹੀਂ, ਐਵੇਂ ਭਾਸਦੇ ਹਨ। ਜਦ ਸਾਡੇ ਮਨ ਅੰਦਰ ਕਿਸੇ ਚੀਜ਼ ਦੇ ਰਖਣ ਲਈ ਥਾਂ ਹੀ ਨਹੀਂ ਤਾਂ ਕੁਦਰਤੀ ਤੌਰ ਤੇ ਸੁਪਨੇ ਵਿਚ ਦਿਸਦੀਆਂ ਸਭ ਚੀਜ਼ਾਂ ਦੀ ਹਸਤੀ ਨਹੀਂ ਹੋ ਸਕਦੀ।

ਸੁਪਨੇ ਵਿਚ ਵਕਤ ਜਾਂ ਸਮਾਂ ਇਤਨਾ ਥੋੜਾ ਹੁੰਦਾ ਹੈ ਕਿ ਸੁਪਨੇ ਵਿਚ ਦਿਸ ਰਹੀਆਂ ਥਾਵਾਂ ਤੇ ਜਾ ਕੇ ਉਹਨਾਂ ਨੂੰ ਵੇਖਣ

ਦਾ, ਨਾ ਸੁਪਨੇ ਵਿਚ ਹੀ ਸਮਾਂ ਹੁੰਦਾ ਹੈ ਤੇ ਨਾ ਜਾਗ ਕੇ ਉਥੇ ਜਾਣ ਦਾ ਮੌਕਾ ਹੁੰਦਾ ਹੈ। ਮੰਜੇ ਤੇ ਲੇਟਿਆਂ ਆਦਮੀ ਸੁਪਨੇ ਅੰਦਰ ਸੈਂਕੜੇ ਮੀਲਾਂ ਦੇ ਫਾਸਲੇ ਦੇ ਵਸਦੇ ਸ਼ਹਿਰਾਂ ਅਤੇ ਥਾਵਾਂ ਤੇ ਪਹੁੰਚਦਾ ਹੈ ਪਰ ਉਸ ਦਾ ਸਰੀਰ ਤਾਂ ਮੰਜੀ ਤੇ ਪਿਆ ਹੁੰਦਾ ਹੈ, ਇਸ ਕਰਕੇ ਉਸ ਦਾ ਸੈਂਕੜੇ ਮੀਲਾਂ ਤੇ ਵਸਦੇ ਸ਼ਹਿਰਾਂ ਨੂੰ ਸੁਪਨੇ ਵਿਚ ਦੇਖਣਾ ਐਵੇਂ ਭਰਮ ਹੀ ਹੁੰਦਾ ਹੈ, ਅਸਲੀਅਤ ਜਾਂ ਸਚਾਈ ਨਹੀਂ ਹੁੰਦੀ। ਸੁਪਨੇ ਅੰਦਰ ਦੂਰ ਦੂਰ ਦੀਆਂ ਥਾਵਾਂ ਵੇਖਣ ਵਾਲੇ ਦੀ ਜਦ ਅੱਖ ਖੁਲ੍ਹੇ ਤਾਂ ਉਹ ਆਪਣੇ ਆਪ ਨੂੰ ਮੰਜੇ ਤੇ ਲੇਟਿਆ ਹੀ ਦੇਖਦਾ ਹੈ। ਉਸ ਦਾ ਦੂਰ ਦੂਰ ਜਾਣਾ ਸਚ ਨਹੀਂ ਸੀ, ਉਸ ਦੇ ਮਨ ਨੂੰ ਐਵੇਂ ਭੁਲੇਖਾ ਲਗਿਆ ਹੈ।

ਸੁਪਨੇ ਵਿਚ ਦੇਖੇ ਨਜ਼ਾਰੇ ਦਰਿਆ, ਪਹਾੜ, ਜਾਨਵਰ ਸੁਪਨਾ ਆਉਣ ਤੋਂ ਪਹਿਲਾਂ ਵੀ ਨਹੀਂ ਸਨ ਅਤੇ ਸੁਪਨੇ ਮਗਰੋਂ ਅੱਖ ਖੁਲ੍ਹਣ ਉਤੇ ਵੀ ਨਹੀਂ ਹੁੰਦੇ, ਇਸ ਲਈ ਉਹ ਸੁਪਨਾ ਆਉਣ ਵੇਲੇ ਵੀ ਅਸਲ ਵਿਚ ਨਹੀਂ ਸਨ, ਐਵੇਂ ਭਾਸੇ ਸਨ, ਪਰਤੀਤ ਹੋਏ ਸਨ ਪਰ ਵਾਸਤਵ ਵਿਚ ਕਦੀ ਵੀ ਨਹੀਂ ਸਨ।

ਆਤਮ ਮਾਰਗ ਦੇ ਸਾਇੰਸਦਾਨ ਦਸਦੇ ਹਨ ਕਿ ਜਾਗ ਕੇ ਦਿਸਣ ਵਾਲਾ ਜਗਤ ਅਤੇ ਉਸ ਦੀਆਂ ਅਨੇਕਾਂ ਚੀਜ਼ਾਂ, ਪਦਾਰਥ ਵੀ ਸੁਪਨੇ ਦੇ ਜਗਤ ਵਾਂਗਰ ਮਿਥਿਆ ਹਨ, ਝੂਠੇ ਹਨ, ਹੈਨ ਨਹੀਂ ਪਰ ਐਵੇਂ ਭਾਸਦੇ ਹਨ। ਸੁਪਨੇ ਦੇ ਅਤੇ ਜਾਗਰਤ ਦੇ ਜਗਤ ਵਿਚ ਕੋਈ ਖਾਸ ਫਰਕ ਨਹੀਂ। ਜਿਵੇਂ ਸੁਪਨੇ ਵੇਲੇ ਸਭ ਕੁਝ ਸਚ ਪਰਤੀਤ ਹੁੰਦਾ ਹੈ ਪਰ ਅੱਖ ਦੇ ਖੁਲ੍ਹਣ ਤੇ ਅਲੋਪ ਹੋ ਜਾਂਦਾ ਹੈ, ਏਸ ਤਰ੍ਹਾਂ ਜਾਗਰਤ ਵੇਲੇ ਵੇਖੀਆਂ ਸਭ ਚੀਜ਼ਾਂ ਤੇ ਪਦਾਰਥ ਵੀ ਤਦ ਤਕ ਹੀ ਸਚੇ ਤੇ ਕਾਇਮ ਪਏ ਨਜ਼ਰ ਆਉਂਦੇ ਹਨ, ਜਦ ਤਕ ਸਾਡਾ ਜੀਵਨ ਸੁਪਨਾਂ ਜਾਂ ਜਾਗ ਕੇ ਦਿਸਣ ਵਾਲਾ ਸੁਪਨਾ ਕਾਇਮ ਹੈ। ਮੌਤ ਸਮੇਂ ਜਾਗ ਕੇ ਵੇਖਿਆ ਸਭ ਕੁਝ ਸੁਪਨਾ ਬਣ

ਜਾਂਦਾ ਹੈ।

ਹਰ ਪੁਰਸ਼ ਦੀ ਬੀਤ ਚੁਕੀ ਉਮਰ ਸੁਪਨਾਂ ਹੋ ਗਈ ਹੈ, ਬੀਤ ਰਹੀ ਉਮਰ ਸੁਪਨਾ ਬਣਦੀ ਜਾ ਰਹੀ  ਅਤੇ ਬੀਤਣ ਵਾਲੀ ਉਮਰ ਸੁਪਨਾ ਹੋ ਜਾਵੇਗੀ।

ਜਵਾਨੀ ਆਉਣ ਉਤੇ ਬਚਪਨ ਸੁਪਨਾ ਬਣ ਜਾਂਦਾ ਹੈ, ਬੁੜ੍ਹਾਪਾ ਆਉਣ ਉਤੇ ਜਵਾਨੀ ਸੁਪਨਾ ਬਣ ਜਾਂਦੀ ਹੈ ਅਤੇ ਮੌਤ ਆਉਣ ਉਤੇ ਬਚਪਨ ਜਵਾਨੀ ਅਤੇ ਬੁੜ੍ਹਾਪਾ, ਸਭ ਸੁਪਨਾ ਬਣ ਜਾਂਦੇ ਹਨ।

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥* *ਅੰਗ - 808*

*ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ ॥*
*ਅੰਗ - 138*

*ਇਹੁ ਜਗੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾ ਐਡਾਨੋ ॥*
*ਸੰਗਿ ਤਿਹਾਰੈ ਕਛੂ ਨ ਚਾਲੈ ਤਾਹਿ ਕਹਾ ਲਪਟਾਨੋ ॥*

AM - *1186*

*ਸਮ ਸੁਪਨੈ ਕੈ ਇਹੁ ਜਗੁ ਜਾਨੁ ॥*
*ਬਿਨਸੈ ਛਿਨ ਮੈ ਸਾਚੀ ਮਾਨੁ ॥* *ਅੰਗ - 1187*

ਸਚ ਦੀ ਸਾਇੰਸ ਦੇ ਮਾਹਿਰ ਦਸਦੇ ਹਨ ਕਿ ਭਾਵੇਂ ਸੁਪਨੇ ਵਿਚ ਭਾਵੇਂ ਜਾਗ ਕੇ ਜੋ ਕੁਝ ਵੀ ਦਿਸਦਾ ਹੈ, ਨਜ਼ਰ ਆਉਂਦਾ ਹੈ, ਪਰਤੀਤ ਹੁੰਦਾ ਹੈ, ਇਹ ਸਭ ਕੁਝ ਕਿਸੇ ਸਮੇਂ ਨਹੀਂ ਸੀ ਅਤੇ ਕਿਸੇ ਸਮੇਂ ਨਹੀਂ ਰੇਹਗਾ, ਇਸ ਲਈ ਵਿਚਲੇ ਸਮੇਂ ਵਿਚ ਵੀ ਇਹ ਹੈ ਨਹੀਂ, ਐਵੇਂ ਸਾਨੂੰ ਭਾਸ ਰਿਹਾ ਹੈ। ਜੋ ਚੀਜ਼ ਆਦਿ ਵਿਚ ਨਹੀਂ ਸੀ ਅਤੇ ਅੰਤ ਵਿਚ ਨਹੀਂ ਰਹੇਗੀ, ਉਹ ਚੀਜ਼ ਮਧ ਵਿਚ ਵੀ ਨਹੀਂ, ਐਵੇਂ ਭਾਸ ਰਹੀ ਹੈ, ਭੁਲੇਖੇ ਵਿਚ ਪਈ ਸਚੀ ਪਰਤੀਤ ਹੁੰਦੀ ਹੈ। ਹਨੇਰੇ ਵਿਚ ਪਈ ਰੱਸੀ ਸਪ ਭਾਸਦੀ ਹੈ ਪਰ ਸੱਪ ਉਸ ਰੱਸੀ

ਵਿਚ ਨਾ ਪਹਿਲੇ ਸੀ ਅਤੇ ਨਾ ਹੀ ਚਾਨਣ ਹੋਣ ਉਤੇ ਰਹਿੰਦਾ ਹੈ। ਇਸ ਲਈ ਜਦ ਹਨੇਰੇ ਵਿਚ ਰੱਸੀ ਦੇ ਅੰਦਰ ਸਪ ਦਿਸਦਾ ਹੈ ਤਾਂ ਵਾਸਤਵ ਵਿਚ ਉਸ ਵੇਲੇ ਵੀ ਹੁੰਦਾ ਨਹੀਂ, ਐਵੇਂ ਭੁਲੇਖੇ ਵਿਚ ਭਾਸਦਾ ਹੈ।

ਸਾਨੂੰ ਆਪਣੇ ਘਰ ਵਿਚ ਪਈ ਕੁਰਸੀ, ਮੇਜ਼, ਪੱਖਾ, ਤਸਵੀਰਾਂ ਜੋ ਕੁਝ ਵੀ ਪਿਆ ਦਿਸਦਾ ਹੈ, ਕਿਸੇ ਵੇਲੇ ਨਹੀਂ ਸਨ ਅਤੇ ਇਕ ਐਸਾ ਸਮਾਂ ਜ਼ਰੂਰ ਆਵੇਗਾ (ਭਾਵੇਂ ਉਹ ਸੌ ਸਾਲ ਮਗਰੋਂ ਆਵੇ ਜਾਂ ਪੰਜ ਸੌ ਸਾਲ ਮਗਰੋਂ ਆਵੇ) ਜਦ ਕਿ ਇਹ ਚੀਜ਼ਾਂ ਨਹੀਂ ਹੋਣਗੀਆਂ, ਇਸ ਕਰਕੇ ਇਹ ਅਜ ਕਲ ਵੀ ਵਾਸਤਵ ਵਿਚ ਨਹੀਂ ਹਨ, ਸੁਪਨੇ ਦੀਆਂ ਚੀਜ਼ਾਂ ਵਾਂਗ ਹੀ ਸਚ ਪਈਆਂ ਲਗਦੀਆਂ ਹਨ, ਵਾਸਤਵ ਵਿਚ ਕੁਝ ਹੈਨ ਨਹੀਂ।

*ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥* *ਅੰਗ - 1083*

*ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ ॥*
*ਅੰਗ - 808*

*ਜੋ ਦੀਸੈ ਸੋ ਵਿਣਸਣਾ ਸਭ ਬਿਨਸਿ ਬਿਨਾਸੀ ॥* *ਅੰਗ - 1100*

ਜਦ ਇਹ ਸਮਝ ਆ ਜਾਵੇ ਕਿ ਦਿਸਣ ਵਾਲੀ ਹਰ ਚੀਜ਼, ਕਦੇ ਨਹੀਂ ਸੀ, ਕਦੇ ਨਹੀਂ ਹੋਵੇਗੀ ਅਤੇ ਇਸ ਕਰ ਕੇ ਹੁਣ ਵੀ ਨਹੀਂ ਹੋ ਸਕਦੀ, ਐਵੇਂ ਭਾਸਦੀ ਹੈ, ਤਾਂ ਫਿਰ ਜਾਗ ਕੇ ਦਿਸਣ ਵਾਲੇ ਜਗਤ ਅਤੇ ਸੁਪਨੇ ਵਿਚ ਦਿਸਣ ਵਾਲੇ ਜਗਤ ਵਿਚ ਕੋਈ ਫਰਕ ਨਹੀਂ ਰਹਿ ਜਾਂਦਾ। ਸੁਪਨੇ ਵਿਚ ਦਿਸਣ ਵਾਲੀਆਂ ਚੀਜ਼ਾਂ ਅਤੇ ਜਾਗ ਕੇ ਦਿਸਣ ਵਾਲੀਆਂ ਚੀਜ਼ਾਂ ਦੀ ਹਕੀਕਤ ਇਕੋ ਹੀ ਹੈ ਕਿ ਉਹ ਕਿਸੇ ਵੇਲੇ ਨਹੀਂ ਸਨ ਅਤੇ ਕਿਸੇ ਵੇਲੇ ਨਹੀਂ ਰਹਿਣਗੀਆਂ। ਇਸ ਕਰਕੇ ਹੁਣ ਵੀ ਨਹੀਂ ਹਨ, ਐਵੇਂ ਭੁਲੇਖੇ ਵਿਚ ਭਾਸ ਰਹੀਆਂ ਹਨ। ਸੁਪਨੇ ਦੀਆਂ ਚੀਜ਼ਾਂ ਜਿਨਾ ਚਿਰ ਅੱਖ ਨਹੀਂ ਖੁਲ੍ਹਦੀ ਉਤਨਾ ਚਿਰ ਭਾਸਦੀਆਂ ਜਾਂ ਪਰਤੀਤ ਹੁੰਦੀਆਂ ਹਨ ਅਤੇ

ਜਾਗ ਕੇ ਦਿਸਣ ਵਾਲੀਆਂ ਚੀਜ਼ਾਂ ਉਤਨਾ ਚਿਰ ਆਪਣਾ ਭੁਲੇਖਾ ਕਾਇਮ ਰਖਦੀਆਂ ਹਨ ਜਿਤਨਾ ਚਿਰ ਮੌਤ ਸਾਡੀ ਅੱਖ ਬੰਦ ਨਹੀਂ ਕਰਦੀ।

ਗਿਆਨੀ ਮਹਾਂਪੁਰਖ ਦਸਦੇ ਹਨ ਕਿ ਜਿਵੇਂ ਨਜ਼ਰ ਆਉਣ ਵਾਲੀਆਂ ਸਭ ਚੀਜ਼ਾਂ ਸੁਪਨਾ ਹਨ, ਐਵੇਂ ਭਾਸਦੀਆਂ ਹਨ ਪਰ ਵਾਸਤਵ ਵਿਚ ਹਨ ਨਹੀਂ। ਜਿਤਨੇ ਰਸ, ਭੋਗ, ਖੁਸ਼ੀਆਂ, ਗਮੀਆਂ ਇਨਸਾਨ ਦੇ ਤਜਰਬੇ ਵਿਚ ਆਉਂਦੀਆਂ ਹਨ, ਉਹ ਸਭ ਸੁਪਨੇ ਵਿਚ ਭੋਗੀਆਂ ਚੀਜ਼ਾਂ ਵਾਂਗ ਅਸੱਤ ਅਤੇ ਝੂਠੀਆਂ ਹਨ। ਜਿਵੇਂ ਦਿਸਣ ਵਾਲੀ ਸਭ ਰਚਨਾ ਮਿਥਿਆ ਜਾਂ ਅਸੱਤ ਹੈ, ਉਸੇ ਤਰ੍ਹਾਂ ਮਹਿਸੂਸ ਹੋਣ ਵਾਲੇ ਜਾਂ ਭੋਗਣ ਵਾਲੇ ਸਭ ਸਵਾਦ, ਰਸ ਭੀ ਝੂਠੇ ਹਨ, ਭਾਸਦੇ ਹਨ ਪਰ ਵਾਸਤਵ ਵਿਚ ਨਹੀਂ ਹਨ।

*ਸੁਪਨੈ ਹਭਿ ਰੰਗ ਮਾਣਿਆ ਮਿਠਾ ਲਗੜਾ ਮੋਹੁ ॥*
*ਨਾਨਕ ਨਾਮ ਵਿਹੂਣੀਆ ਸੁੰਦਰਿ ਮਾਇਆ ਧ੍ਰੋਹੁ ॥* ਅੰਗ - 707

*ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥* ਅੰਗ - 1429

*ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥*
ਅੰਗ - 1429

*ਬਿਆਪਤ ਅਹੰਬੁਧਿ ਕਾ ਮਾਤਾ ॥*
*ਬਿਆਪਤ ਪੁਤ੍ਰ ਕਲਤ੍ਰ ਸੰਗਿ ਰਾਤਾ ॥*
*ਬਿਆਪਤ ਹਸਤਿ ਘੋੜੇ ਅਰੁ ਬਸਤਾ ॥*
*ਬਿਆਪਤ ਰੂਪ ਜੋਬਨ ਮਦ ਮਸਤਾ ॥*
*ਬਿਆਪਤ ਭੂਮਿ ਰੰਕ ਅਰੁ ਰੰਗਾ ॥*
*ਬਿਆਪਤ ਗੀਤ ਨਾਦ ਸੁਣਿ ਸੰਗਾ ॥*
*ਬਿਆਪਤ ਸੇਜ ਮਹਲ ਸੀਗਾਰ ॥*
*ਪੰਚ ਦੂਤ ਬਿਆਪਤ ਅੰਧਿਆਰ ॥* ਅੰਗ - 182

ਬਿਆਪਤ ਦੇ ਅਰਥ ਹਨ 'ਭਾਸਦਾ ਹੈ ਪਰ ਹੈ ਨਹੀਂ।'

ਸਚ ਦੇ ਖੋਜੀ ਦੇ ਮਨ ਅੰਦਰ ਇਹ ਸਵਾਲ ਪੈਦਾ ਹੋ ਸਕਦਾ ਹੈ ਕਿ ਜੇਕਰ ਸੁਪਨੇ ਵਿਚ ਦਿਸਣ ਵਾਲੀ ਜਗਤ ਰਚਨਾ ਅਤੇ ਜਾਗ ਕੇ ਦਿਸਣ ਵਾਲੀ ਜਗਤ ਰਚਨਾ, ਇਕੋ ਜਹੀਂ ਮਿਥਿਆ, ਝੂਠ ਜਾਂ ਅਸੱਤ ਹਨ ਤਾਂ ਫਿਰ ਸੁਪਨੇ ਦੀ ਜਗਤ ਰਚਨਾ ਅਤੇ ਜਾਗ ਕੇ ਦਿਸਣ ਵਾਲੀ ਜਗਤ ਰਚਨਾ, ਜਿਸ ਨੂੰ ਦਿਸਦੀ ਹੈ, ਉਹ ਆਪ ਕੀ ਹੈ? ਕੀ ਮਿਥਿਆ ਸੰਸਾਰ, ਰਚਨਾ ਨੂੰ ਦੇਖਣ ਵਾਲਾ ਆਪ ਵੀ ਮਿਥਿਆ ਹੈ ਜਾਂ ਕੁਝ ਹੋਰ?

ਗਿਆਨੀ ਮਹਾਂਪੁਰਸ਼ ਦਸਦੇ ਹਨ ਕਿ ਜਗਤ ਰਚਨਾ ਦੇ ਸੁਪਨੇ ਨੂੰ ਦੇਖਣ ਵਾਲਾ ਆਪ ਸਦਾ ਸਲਾਮਤ ਤੇ ਕਾਇਮ ਹੈ। ਮਾਇਆ ਦੀ, ਤਬਦੀਲੀ ਦੀ ਹਾਲਤ ਵਿਚ ਰਹਿਣ ਵਾਲਾ ਦੇਖ ਨਹੀਂ ਸਕਦਾ, ਇਸ ਕਰ ਕੇ ਦੇਖਣ ਵਾਲਾ ਅਸਥਿਰ ਤੇ ਅਸੱਤ ਹੈ।

*ਪਵਨ ਝੁਲਾਰੇ ਮਾਇਆ ਦੇਇ ॥*
*ਹਰਿ ਕੇ ਭਗਤ ਸਦਾ ਥਿਰੁ ਸੇਇ ॥* *ਅੰਗ - 801*

*ਸੰਤਨ ਕੇ ਬੰਧਨ ਕਾਟੇ ਹਰਿ ਰਾਇ ॥*
*ਤਾ ਕਉ ਕਹਾ ਬਿਆਪੈ ਮਾਇ ॥*
*ਕਹੁ ਨਾਨਕ ਜਿਨਿ ਧੂਰਿ ਸੰਤ ਪਾਈ ॥*
*ਤਾ ਕੈ ਨਿਕਟਿ ਨ ਆਵੈ ਮਾਈ ॥* *ਅੰਗ - 182*

*ਨਿਹਚਲੁ ਏਕੁ ਆਪਿ ਅਬਿਨਾਸੀ*
*ਸੋ ਨਿਹਚਲੁ ਜੋ ਤਿਸਹਿ ਧਿਆਇਦਾ ॥* *ਅੰਗ - 1076*

# ਸੰਤ

ਸਿੱਖ ਕੌਮ ਵਿਚ ਅਜ ਕਲ ਕਈ ਮਿੱਤਰ ਆਪਣੇ ਆਪ ਨੂੰ ਸੰਤ ਅਖਵਾ ਕੇ ਖੁਸ਼ ਹੁੰਦੇ ਹਨ। ਕਈ ਮਿਤਰ ਖੁਦ ਆਪਣੇ ਨਾਮ ਨਾਲ 'ਸੰਤ' ਲਿਖਦੇ ਹਨ। ਸਾਨੂੰ ਕਈ ਚਿੱਠੀਆਂ ਆਉਂਦੀਆਂ ਹਨ, ਜਿਨ੍ਹਾਂ ਹੇਠਾਂ ਚਿੱਠੀ ਲਿਖਣ ਵਾਲੇ ਸਜਣ ਆਪਣੇ ਨਾਮ ਨਾਲ 'ਸੰਤ' ਲਿਖਦੇ ਹਨ। ਵੈਸੇ 'ਸੰਤ' ਅਖਵਾਂਦੇ ਤਾਂ ਬਹੁਤ ਮਿਤਰ ਹਨ ਅਤੇ 'ਸੰਤ' ਅਖਵਾਣ ਦਾ ਰਿਵਾਜ ਦਿਨ ਬਦਿਨ ਵਧ ਰਿਹਾ ਹੈ।

ਜਦ ਸ੍ਰੀ ਗੁਰੂ ਗਰੰਥ ਸਾਹਿਬ ਵਿਖੇ 'ਸੰਤ' ਦੀ ਤਾਰੀਫ ਜਾਂ 'ਸੰਤ ਰਹਿਤ' ਜਾਂ 'ਸੰਤ ਦਾ ਜੀਵਨ' ਪੜ੍ਹੀਦਾ ਹੈ ਤਾਂ ਮਾਲੂਮ ਹੁੰਦਾ ਹੈ ਕਿ ਅਜ ਕਲ ਜਿਤਨੇ ਮਿਤਰ ਵੀ ਆਪਣੇ ਆਪ ਨੂੰ 'ਸੰਤ' ਅਖਵਾਂਦੇ ਹਨ, ਬੜੀ ਭੁਲ ਕਰਦੇ ਹਨ। ਉਹ ਨਾ ਕੇਵਲ ਆਪਣੇ ਆਪ ਨਾਲ ਵੈਰ ਕਰਦੇ ਹਨ, ਸਗੋਂ ਲੋਕਾਂ ਨੂੰ ਵੀ ਡਾਵੇਂ ਡੋਲੇ ਵਿਚ ਪਾਂਦੇ ਹਨ। ਸ੍ਰੀ ਗੁਰੂ ਗਰੰਥ ਸਾਹਿਬ ਵਿਖੇ ਸੰਤ ਦੇ ਜੀਵਨ ਸਬੰਧੀ ਲਿਖਿਆ ਹੈ:

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥* *ਅੰਗ - 319*

*ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ ॥*
*ਸੰਤ ਜਨਾ ਕੈ ਹਿਰਦੈ ਸਭਿ ਧਰਮ ॥*

*ਸੰਤ ਜਨਾ ਸੁਨਹਿ ਸੁਭ ਬਚਨ ॥*
*ਸਰਬ ਬਿਆਪੀ ਰਾਮ ਸੰਗਿ ਰਚਨ ॥*
*ਜਿਨਿ ਜਾਤਾ ਤਿਸ ਕੀ ਇਹ ਰਹਤ ॥*
*ਸਤਿ ਬਚਨ ਸਾਧੂ ਸਭਿ ਕਹਤ ॥* *ਅੰਗ - 294*

ਜਦ ਸ੍ਰੀ ਗੁਰੂ ਗਰੰਥ ਸਾਹਿਬ ਵਿਖੇ ਸੰਤ ਦੀ ਉਚਤਾ ਸਬੰਧੀ ਐਸੀਆਂ ਗੱਲਾਂ ਪੜ੍ਹੀਦੀਆਂ ਹਨ, ਤਾਂ ਸਵਾਲ ਪੈਦਾ ਹੁੰਦਾ ਹੈ ਕਿ ਸਾਸ ਗਿਰਾਸ, ਅਠੇ ਪਹਿਰ ਨਾਮ ਜਪਣ ਵਾਲੇ ਜੋ ਸਦਾ ਜਾਗਣ ਅਤੇ ਨਾਮ ਜਪਣ ਜਪਾਣ ਤੋਂ ਸਿਵਾ ਜਿਨ੍ਹਾਂ ਦਾ ਹੋਰ ਕੋਈ ਕੰਮ ਹੀ ਨਾ ਹੋਵੇ, ਇਸ ਜਗਤ ਵਿਚ ਕਿਤਨੇ ਹੋ ਸਕਦੇ ਹਨ? ਇਸ ਸਵਾਲ ਦਾ ਜਵਾਬ ਸ੍ਰੀ ਗੁਰੂ ਗਰੰਥ ਸਾਹਿਬ ਖੁਦ ਆਪ ਇਸ ਤਰ੍ਹਾਂ ਦੇਂਦੇ ਹਨ:

*ਏਕ ਟੇਕ ਗੋਵਿੰਦ ਕੀ ਤਿਆਗੀ ਅਨ ਆਸ ॥*
*ਸਭ ਊਪਰਿ ਸਮਰਥ ਪ੍ਰਭ ਪੂਰਨ ਗੁਣਤਾਸ ॥*
*ਜਨ ਕਾ ਨਾਮੁ ਅਧਾਰੁ ਹੈ ਪ੍ਰਭ ਸਰਣੀ ਪਾਹਿ ॥*
*ਪਰਮੇਸਰ ਕਾ ਆਸਰਾ ਸੰਤਨ ਮਨ ਮਾਹਿ ॥* *ਅੰਗ - 812*

*ਆਠ ਪਹਰ ਗੁਨ ਗਾਵਤ ਪ੍ਰਭ ਕੇ ਕਾਮ ਕ੍ਰੋਧ ਇਸੁ ਤਨ ਤੇ ਜਾਤ ॥*
*ਤ੍ਰਿਪਤਿ ਅਘਾਏ ਪੇਖਿ ਪ੍ਰਭ ਦਰਸਨੁ ਅੰਮ੍ਰਿਤ ਹਰਿ ਰਸੁ ਭੋਜਨੁ ਖਾਤ॥*
*ਅੰਗ - 821*

*ਸੋਈ ਸੰਤੁ ਜਿ ਭਾਵੈ ਰਾਮ ॥*
*ਸੰਤ ਗੋਬਿੰਦ ਕੈ ਏਕੈ ਕਾਮ ॥* *ਅੰਗ - 867*

*ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋੁ ॥ ਅੰਗ - 793*

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*
*ਅੰਗ - 708*

*ਭਿੰਨੀ ਰੈਨੜੀਐ ਚਾਮਕਨਿ ਤਾਰੇ ॥*
*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥*
*ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ ॥*
*ਅੰਗ - 459*

ਜਦ ਸ੍ਰੀ ਗੁਰੂ ਗਰੰਥ ਸਾਹਿਬ ਵਿਖੇ ਸੰਤ ਦੀ ਉਚਤਾ ਸਬੰਧੀ ਐਸੀਆਂ ਗੱਲਾਂ ਪੜ੍ਹੀਦੀਆਂ ਹਨ, ਤਾਂ ਸਵਾਲ ਪੈਦਾ ਹੁੰਦਾ ਹੈ ਕਿ ਸਾਸ ਗਿਰਾਸ, ਅਠੇ ਪਹਿਰ ਨਾਮ ਜਪਣ ਵਾਲੇ ਜੋ ਸਦਾ ਜਾਗਣ ਅਤੇ ਨਾਮ ਜਪਣ ਜਪਾਣ ਤੋਂ ਸਿਵਾ ਜਿਨ੍ਹਾਂ ਦਾ ਹੋਰ ਕੋਈ ਕੰਮ ਹੀ ਨਾ ਹੋਵੇ, ਇਸ ਜਗਤ ਵਿਚ ਕਿਤਨੇ ਹੋ ਸਕਦੇ ਹਨ? ਇਸ ਸਵਾਲ ਦਾ ਜਵਾਬ ਸ੍ਰੀ ਗੁਰੂ ਗਰੰਥ ਸਾਹਿਬ ਖੁਦ ਆਪ ਇਸ ਤਰ੍ਹਾਂ ਦੇਂਦੇ ਹਨ -

*ਰਾਮ ਸੰਤ ਮਹਿ ਭੇਦੁ ਕਿਛੁ ਨਾਹੀ*
*ਏਕੁ ਜਨੁ ਕਈ ਮਹਿ ਲਾਖ ਕਰੋਰੀ ॥* *ਅੰਗ - 208*

ਜਦ ਸ੍ਰੀ ਗੁਰੂ ਗਰੰਥ ਸਾਹਿਬ ਵਿਚੋਂ ਸੰਤ ਦੇ ਉਪਰ ਦਸੇ ਲਛਣ ਅਤੇ ਸੰਤ ਦਾ ਇਤਨਾ ਦੁਰਲਭ ਹੋਣਾ ਦਿਸਦਾ ਹੈ ਤਾਂ ਫਿਰ ਦਿਲ ਵਿਚ ਖਿਆਲ ਆਉਂਦਾ ਹੈ ਕਿ ਇਤਨੇ ਲੋਕ ਜਿਨ੍ਹਾਂ ਦਾ ਜੀਵਨ ਸੰਤ ਜੀਵਨ ਤੋਂ ਇਤਨਾ ਨੀਵਾਂ ਹੋਵੇ, ਕਿਉਂ ਆਪਣੇ ਆਪ ਨੂੰ 'ਸੰਤ' ਅਖਵਾਣ ਦੀ ਭੁਲ ਕਰਦੇ ਹਨ।

ਸਾਡੇ ਉਕਤ ਖਿਆਲ ਦੀ ਪਰੋੜ੍ਹਤਾ ਸਾਰਾ ਸਿੱਖ ਇਤਿਹਾਸ ਕਰਦਾ ਹੈ। ਸਾਰੇ ਸਿੱਖ ਇਤਿਹਾਸ ਵਿਚ ਨਾ ਕਿਸੇ ਸਿੱਖ ਨੇ ਆਪਣੇ ਆਪ ਨੂੰ 'ਸੰਤ' ਅਖਵਾਇਆ ਹੈ, ਨਾ ਹੀ ਸਿੱਖ ਕੌਮ ਨੇ ਕਿਸੇ ਸਿੱਖ ਨੂੰ 'ਸੰਤ' ਦੀ ਪਦਵੀ ਦਿਤੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਕਿਸੇ ਸਿੱਖ ਨੂੰ 'ਸੰਤ' ਨਹੀਂ ਕਿਹਾ ਗਿਆ। ਕੀ ਭਾਈ ਬੁਢਾ ਜੀ, ਭਾਈ ਗੁਰਦਾਸ ਜੀ, ਭਾਈ ਜੇਠਾ ਜੀ, ਭਾਈ ਪੈੜਾ ਜੀ, ਭਾਈ ਮਨੀ

ਸਿੰਘ ਜੀ ਤੇ ਨੰਦ ਲਾਲ ਜੀ ਦਾ ਜੀਵਨ ਅਜ ਕਲ 'ਸੰਤ' ਅਖਵਾਣ ਵਾਲਿਆਂ ਨਾਲੋਂ ਨੀਵਾਂ ਸੀ? ਕੀ ਉਹ ਅਜ ਕਲ ਨਾਲੋਂ ਗੁਰਸਿੱਖੀ ਜੀਵਨ ਵਿਚ ਕਿਸੇ ਨਾਲੋਂ ਘਟ ਸੀ? ਫਿਰ ਕਿਉਂ ਉਹਨਾਂ ਨੇ ਆਪਣੇ ਆਪ ਨੂੰ 'ਸੰਤ' ਨਹੀਂ ਅਖਵਾਇਆ ਜਾਂ ਕਿਉਂ ਉਹਨਾਂ ਨੂੰ ਪੰਥ ਨੇ 'ਸੰਤ' ਦਾ ਖਿਤਾਬ ਨਹੀਂ ਦਿਤਾ? ਆਖਦੇ ਹਨ ਕਿ ਭਾਈ ਬਿਧੀ ਚੰਦ ਜੀ ਦੇ ਰੋਮ ਰੋਮ ਵਿਚੋਂ 'ਵਾਹਿਗੁਰੂ' ਸ਼ਬਦ ਦੀ ਆਵਾਜ਼ ਨਿਕਲਦੀ ਹੁੰਦੀ ਸੀ। ਪਰ ਐਸੀ ਉਚੀ ਕਰਨੀ ਵਾਲੇ ਗੁਰਸਿੱਖ ਨੂੰ ਇਤਿਹਾਸ ਵਿਚ 'ਭਾਈ' ਬਿਧੀ ਚੰਦ ਕਰਕੇ ਲਿਖਿਆ ਹੈ, ਸੰਤ ਬਿਧੀ ਚੰਦ ਕਰਕੇ ਨਹੀਂ ਲਿਖਿਆ? ਕਿਉਂ? ਕਿਉਂਕਿ 'ਸੰਤ' ਬ੍ਰਹਮ ਗਿਆਨੀ ਸਾਧੂ ਸਭ ਕੁਝ ਸ੍ਰੀ ਗੁਰੂ ਸਾਹਿਬ ਨੂੰ ਹੀ ਮੰਨਿਆਂ ਜਾਂਦਾ ਹੈ। ਸਿੱਖ ਦਾ, ਸਾਧੂ, ਸੰਤ, ਬ੍ਰਹਮ ਗਿਆਨੀ, ਗੁਰੂ ਆਦਿ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਨੌਂ ਗੁਰੂ ਸਾਹਿਬ ਹੀ ਹਨ।

ਨਾਮ ਸਿਮਰਨ ਦਾ ਜੀਵਨ ਬਤੀਤ ਕਰਨ ਵਾਲਾ ਜੇਕਰ ਠੀਕ ਗੁਰਮਤਿ ਦੇ ਰਸਤੇ ਤੇ ਜਾ ਰਿਹਾ ਹੋਵੇ ਤਾਂ ਉਸ ਦੀ ਵਡੀ ਨਿਸ਼ਾਨੀ 'ਹਉਮੈ' ਦਾ ਤਿਆਗ ਹੈ।

ਜਿਸ ਹਿਰਦੇ ਵਿਚ ਨਾਮ ਦਾ ਨਿਵਾਸ ਹੋਵੇ, ਉਥੇ 'ਹਉਮੈ' ਦਾ ਨਾਸ ਹੋਣਾ ਜ਼ਰੂਰੀ ਹੈ। ਐਸਾ ਗੁਰਮੁਖ ਆਪਣੇ ਆਪ ਨੂੰ ਕਦੀ 'ਸੰਤ' 'ਮਹਾਤਮਾ' ਅਖਵਾਣ ਦਾ ਚਾਹਵਾਨ ਨਹੀਂ ਹੋ ਸਕਦਾ। ਅਗਰ ਉਸ ਨੂੰ ਦੂਸਰੇ ਲੋਕ ਮਹਾਤਮਾ ਜਾਂ ਸੰਤ ਆਖਣ ਤਾਂ ਵੀ ਉਸ ਦਾ ਹੀ ਕਸੂਰ ਹੈ, ਕਿਉਂਕਿ ਜੇਕਰ ਉਹ 'ਸੰਤ' ਅਖਵਾਣਾ ਨਾ ਚਾਹੇ ਤਾਂ ਲੋਕ ਉਸ ਦੀ ਮਰਜ਼ੀ ਦੇ ਖਿਲਾਫ, ਉਸ ਨੂੰ ਨਾਰਾਜ਼ ਕਰਨ ਵਾਲਾ ਕੰਮ ਕਦੀ ਨਹੀਂ ਕਰਨਗੇ। ਇਸ ਲਈ 'ਸੰਤ' ਅਖਵਾਣਾ ਜਾਂ ਨਾ ਅਖਵਾਣਾ ਹਰ ਇਕ ਆਦਮੀ ਦੇ ਆਪਣੇ ਹੱਥ

ਹੈ।

ਸਚੇ ਸਿੱਖ ਨੂੰ 'ਸੰਤ' ਅਖਵਾਣ ਵਿਚ ਬੜਾ ਨੁਕਸਾਨ ਤੇ ਖਤਰਾ ਹੈ। ਜਦ ਕਿਸੇ ਨੂੰ ਲੋਕੀ ਸੰਤ ਆਖਣ ਲਗ ਪੈਣ ਤਾਂ ਉਸ ਨੂੰ ਖਿਆਲ ਆਉਣ ਲਗ ਪੈਂਦਾ ਹੈ ਕਿ ਮੇਰਾ ਜੀਵਨ ਸੰਤਾਂ ਵਰਗਾ ਹੋਣਾ ਹੈ, ਇਸ ਲਈ ਮੈਨੂੰ ਸੰਤ ਆਖਦੇ ਹਨ। ਕੁਝ ਦਿਨਾਂ ਬਾਦ ਉਸ ਨੂੰ ਨਿਸਚਾ ਹੋ ਜਾਂਦਾ ਹੈ ਕਿ ਉਹ ਜ਼ਰੂਰ ਸੰਤ ਹੈ। ਇਸ ਨਿਸਚੇ ਦੇ ਨਾਲ ਉਸ ਵਿਚ ਮਾਣ ਪੈਦਾ ਹੁੰਦਾ ਹੈ। ਉਹ ਆਪਣੀ ਇੱਜ਼ਤ ਤੇ ਸਤਿਕਾਰ ਕਰਾਣਾ ਆਪਣਾ ਹੱਕ ਸਮਝਣ ਲਗ ਪੈਂਦਾ ਹੈ। ਜਿਥੇ ਉਸ ਦੀ ਮਾਨਤਾ ਨਾ ਹੋਵੇ ਉਥੇ ਉਹ ਖੁਸ਼ ਨਹੀਂ ਹੁੰਦਾ, ਜਿਥੇ ਮਾਨਤਾ ਹੋਵੇ ਉਥੇ ਖੁਸ਼ ਹੁੰਦਾ ਹੈ। ਉਸ ਨੂੰ ਦੂਸਰੇ ਲੋਕਾਂ ਨਾਲੋਂ ਆਪਣੇ ਆਪ ਨੂੰ ਸਰੇਸ਼ਟ ਅਤੇ ਉਚਾ ਸਮਝਣ ਦੀ ਆਦਤ ਪੈ ਜਾਂਦੀ ਹੈ। ਇਸ ਅਵਸਥਾ ਵਿਚ ਉਹ ਆਪਣੇ ਗੁਣ ਸਦਾ ਸਾਹਮਣੇ ਰਖਦਾ ਹੈ ਅਤੇ ਆਪਣੇ ਔਗੁਣਾਂ ਵਲੋਂ ਬੇ-ਪਰਵਾਹੀ ਕਰਦਾ ਹੈ ਜਾਂ ਆਪਣੇ ਔਗੁਣਾਂ ਨੂੰ ਵੀ ਗੁਣ ਹੀ ਸਮਝਣ ਲਗ ਪੈਂਦਾ ਹੈ।

ਨਾਮ ਜਪਣ ਦਾ ਮੁਖ ਮੰਤਵ ਹੀ ਖੁਦੀ ਨੂੰ ਮਾਰ ਕੇ ਨਾਮੀ ਨਾਲ ਅਭੇਦਤਾ ਦਾ ਦਰਜਾ ਪੈਦਾ ਕਰਨਾ ਹੈ। ਇਹ ਅਭੇਦਤਾ ਤਦ ਤਕ ਸਚੇ ਅਰਥਾਂ ਵਿਚ ਪੈਦਾ ਹੀ ਨਹੀਂ ਹੁੰਦੀ ਜਦ ਤਕ ਨਾਮ ਅਭਿਆਸੀ ਨੂੰ ਦਰਿੜ ਨਿਸਚਾ ਨਾ ਹੋ ਜਾਵੇ ਕਿ ਉਹ ਖੁਦ ਕਦੀ ਕੁਝ ਨਹੀਂ ਸੀ। ਇਹ ਸਭ ਕੁਝ ਨਾਮੀ ਜਾਂ ਵਾਹਿਗੁਰੂ ਦਾ ਹੀ ਪਰਤਾਪ ਸੀ।

*ਹਮ ਕਿਛੁ ਨਾਹੀ ਏਕੈ ਓਹੀ ॥*
*ਆਗੈ ਪਾਛੈ ਏਕੋ ਸੋਈ ॥* *ਅੰਗ - 391*

ਸੰਤ ਅਖਵਾਣ ਦੀ ਇਛਿਆ ਜਿਸ ਦੇ ਵੀ ਹਿਰਦੇ ਵਿਚ ਹੈ, ਉਸ ਨੂੰ ਯਕੀਨ ਕਰਨਾ ਚਾਹੀਦਾ ਹੈ ਕਿ ਉਹ ਸੰਤ ਨਹੀਂ।

ਅਗਰ ਉਹ ਸੰਤ ਨਹੀਂ ਤਾਂ ਉਸ ਦਾ ਸੰਤ ਅਖਵਾਨਾ ਆਪਣੇ ਆਪ ਨਾਲ ਧੋਖਾ ਕਰਨਾ ਹੈ। ਐਸਾ ਕਰਨ ਨਾਲ ਉਸ ਦੀ ਆਤਮਕ ਤਰੱਕੀ ਰੁਕ ਜਾਵੇਗੀ।

ਜੋ ਅਸਲ ਅਰਥਾਂ ਵਿਚ ਗੁਰਬਾਣੀ ਅਨੁਸਾਰ ਸੰਤ ਦਾ ਜੀਵਨ ਬਤੀਤ ਕਰਦਾ ਹੋਵੇ, ਉਸ ਨੂੰ ਕਦਾਚਿਤ ਸੰਤ ਜਾਂ ਮਹਾਤਮਾ ਕਹਾਣ ਦੀ ਇਛਾ ਪੈਦਾ ਨਹੀਂ ਹੋਵੇਗੀ। ਜਿਉਂ ਜਿਉਂ ਉਹ ਨਾਮ ਜਪ ਕੇ ਆਪਣੇ ਕਰਤਾਰ ਦੇ ਨੇੜੇ ਪਹੁੰਚਦਾ ਜਾਵੇਗਾ ਤਿਉਂ ਤਿਉਂ ਉਸ ਨੂੰ ਆਪਣੀਆਂ ਊਣਤਾਈਆਂ ਅਤੇ ਕਰਤਾਰ ਦੀ ਪੂਰਨਤਾ ਦਾ ਵਧੇਰੇ ਅਹਿਸਾਸ ਹੁੰਦਾ ਜਾਵੇਗਾ।

ਅਸੀਂ ਮੰਨਦੇ ਹਾਂ ਕਿ ਗੁਰਸਿੱਖਾਂ ਵਿਚ ਉਚੇ ਜੀਵਨ ਵਾਲੇ ਨਾਮ ਅਭਿਆਸੀ ਅਜ ਕਲ ਹੈਨ ਪਰ ਉਹਨਾਂ ਨੂੰ ਗੁਰੂ ਸਾਹਿਬਾਨ ਦੇ ਸਮੇਂ ਵਾਂਗ 'ਭਾਈ ਸਾਹਿਬ' ਆਖਣਾ ਚਾਹੀਦਾ ਹੈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਗੁਰਸਿੱਖਾਂ ਵਿਚ ਕਿਤਨੀ ਬੜੀ ਹਸਤੀ ਸਨ। ਪਰ ਉਹ ਕਿਉਂਕਿ ਆਪਣੇ ਆਪ ਨੂੰ 'ਸੰਤ' 'ਮਹਾਤਮਾ' ਨਹੀਂ ਅਖਵਾਉਣਾ ਚਾਹੁੰਦੇ ਸੀ ਇਸ ਲਈ ਸਿੱਖ ਕੌਮ ਵਿਚ ਉਹਨਾਂ ਨੂੰ 'ਭਾਈ ਸਾਹਿਬ' ਆਖਿਆ ਜਾਂਦਾ ਹੈ।

ਇਸ ਲਈ ਸਮੂਹ ਸਿੱਖ ਪੰਥ ਅਗੇ ਸਾਡੀ ਬੇਨਤੀ ਹੈ ਕਿ 'ਸੰਤ' 'ਮਹਾਤਮਾ' 'ਬ੍ਰਹਮ-ਗਿਆਨੀ' ਆਦਿ ਦਾ ਅਖਰ ਕਿਸੇ ਦੇਹਧਾਰੀ ਮਨੁਖ ਦੇ ਨਾਮ ਨਾਲ ਨਾ ਵਰਤਿਆ ਜਾਵੇ। ਸਿੱਖਾਂ ਵਿਚ ਸਭ ਤੋਂ ਵਡਾ ਖਿਤਾਬ 'ਭਾਈ ਸਾਹਿਬ' ਦਾ ਸ਼ੁਰੂ ਤੋਂ ਚਲਦਾ ਆਇਆ ਹੈ ਅਤੇ ਉਹੋ ਹੀ ਕਾਇਮ ਰਹਿਣਾ ਚਾਹੀਦਾ ਹੈ। ਸਿੱਖਾਂ ਦੇ ਸੰਤ ਮਹਾਤਮਾ ਤੇ ਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਜੀ ਹੀ ਹਨ।

ਸ੍ਰੀਮਾਨ ਸ਼ੰਤ ਬਾਬਾ ਅਤਰ ਸਿੰਘ ਜੀ ਨੂੰ ਜਾਂ ਬਾਬਾ ਨੰਦ ਸਿੰਘ ਜੀ ਨੂੰ ਸੰਤ ਦਾ ਖਿਤਾਬ ਦੇਣ ਦਾ ਅਜ ਇਹ ਨਤੀਜਾ ਹੈ

ਕਿ ਉਹਨਾਂ ਦੇ ਕਰੀਬਨ ਸਭ ਸਤਸੰਗੀ ਜਾਂ ਸੇਵਕ ਆਪਣੇ ਆਪ ਨੂੰ ਸੰਤ ਅਖਵਾਂਦੇ ਹਨ ਅਤੇ ਇਹ ਰਿਵਾਜ ਦਿਨ-ਬਦਿਨ ਵਧਦਾ ਜਾ ਰਿਹਾ ਹੈ। ਅਜ ਕਲ ਕਈ ਕੀਰਤਨ ਕਰਨ ਵਾਲੇ ਗੁਰਸਿੱਖ ਦੇਖਣ ਵਿਚ ਆਏ ਹਨ ਜੋ ਕੀਰਤਨ ਭੇਟ ਮਾਇਆ ਲੈਂਦੇ ਹਨ ਅਤੇ ਜਦੋਂ ਮਾਇਆ ਵਧੇਰੇ ਕਰਕੇ ਨਾ ਮਿਲੇ, ਉਥੇ ਜਾ ਕੇ ਕੀਰਤਨ ਕਰਨਾ ਪਸੰਦ ਨਹੀਂ ਕਰਦੇ, ਪਰ ਆਪਣੇ ਆਪ ਨੂੰ ਸੰਤ ਅਖਵਾਂਦੇ ਹਨ। ਕੀ ਭਾਈ ਸਾਹਿਬ ਹੀਰਾ ਸਿੰਘ ਜੀ ਦਾ ਪਤਾ ਨਹੀਂ ਜੋ ਮੌਜੂਦਾ ਸਮੇਂ ਦੇ ਕੀਰਤਨ ਕਰਨ ਵਾਲਿਆਂ ਦੇ ਮੋਹਰੀ ਕਹੇ ਜਾ ਸਕਦੇ ਹਨ ਪਰ ਕਦੀ ਆਪਣੇ ਆਪ ਨੂੰ 'ਸੰਤ' ਨਹੀਂ ਸੀ ਅਖਵਾਂਦੇ।

ਗੁਰੂ ਘਰ ਵਿਚ ਜਾਂ ਤੇ ਸੰਤ, ਦੂਸਰੇ ਧਰਮਾਂ ਦੇ ਸਾਧੂ ਮਹਾਤਮਾ ਨੂੰ ਕਿਹਾ ਹੈ ਜੋ ਗੁਰੂ ਸਾਹਿਬਾਨ ਨੂੰ ਮਿਲਣ ਆਉਂਦੇ ਸੀ, ਜਾਂ ਜਿਨ੍ਹਾਂ ਨੂੰ ਗੁਰੂ ਸਾਹਿਬ ਮਿਲਣ ਜਾਂਦੇ ਸੀ।

*ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ ॥*
*ਤਿਸੁ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ ॥*
*ਮਸਤਕੁ ਕਾਟਿ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ ॥*
*ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ ॥*

*ਅੰਗ - 938*

ਪਰ ਗੁਰੂ ਘਰ ਵਿਚ ਕਿਸੇ ਸਿੱਖ ਨੂੰ ਕਦੀ ਸੰਤ ਨਹੀਂ ਕਿਹਾ ਗਿਆ। ਗੁਰਬਾਣੀ ਵਿਚ ਸਾਧੂ ਸੰਤ ਤੋਂ ਮੁਰਾਦ ਜਾਂ ਉਪਰ ਲਿਖੇ ਅਨੁਸਾਰ ਦੂਸਰੇ ਧਰਮਾਂ ਦੇ ਸਾਧੂ ਮਹਾਤਮਾ ਅਤੇ ਜਾਂ ਗੁਰੂ ਨਾਨਕ ਸਾਹਿਬ ਅਤੇ ਦੂਸਰੇ ਗੁਰੂ ਸਾਹਿਬਾਨ ਤੋਂ ਹੈ:

*ਸਾਧੁ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ ॥ ਅੰਗ - 21*

*ਸਤਿਗੁਰ ਸਾਧੁ ਨ ਸੇਵਿਆ ਹਰਿ ਭਗਤਿ ਨ ਭਾਈ ॥*

*ਅੰਗ - 422*

*ਦੀਨ ਦਇਆਲਿ ਗੁਰੁ ਸਾਧੁ ਮਿਲਾਇਆ*
*ਮਿਲਿ ਸਤਿਗੁਰ ਮਲੁ ਲਹਿ ਜਾਇ ਜੀਉ ॥* *ਅੰਗ - 445*

*ਤੇ ਨੇਤ੍ਰ ਭਲੇ ਪਰਵਾਣੁ ਹਹਿ ਮੇਰੀ ਜਿੰਦੁੜੀਏ*
*ਜੋ ਸਾਧੂ ਸਤਿਗੁਰੁ ਦੇਖਹਿ ਰਾਮ ॥* *ਅੰਗ - 540*

*ਗੁਰੁ ਸੰਤੁ ਪਾਇਆ ਪ੍ਰਭੁ ਧਿਆਇਆ ਸਗਲ ਇਛਾ ਪੁੰਨੀਆ ॥*
*ਹਉ ਤਾਪ ਬਿਨਸੇ ਸਦਾ ਸਰਸੇ ਪ੍ਰਭ ਮਿਲੇ ਚਿਰੀ ਵਿਛੁੰਨਿਆ ॥*
*ਅੰਗ - 779*

*ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ*
*ਤੇ ਹਰਿ ਦਰਗਹ ਕਾਢੇ ਮਾਰੀ ॥* *ਅੰਗ - 1135*

*ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸ ਕੀ ਧੂਰਿ ਮੁਖਿ ਲਾਈ ॥*
*ਅੰਗ - 1263*

*ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ ਦੁਰਜਨਾ ॥*
*ਨਾਨਕ ਰੋਗੁ ਵਞਾਇ ਮਿਲਿ ਸਤਿਗੁਰ ਸਾਧੂ ਸਜਨਾ ॥*
*ਅੰਗ - 1317*

*ਦੀਨ ਦਇਆਲਿ ਮਿਲਾਇਓ ਗੁਰੁ ਸਾਧੂ*
*ਗੁਰਿ ਮਿਲਿਐ ਹੀਰੁ ਪਰਾਖਾ ॥* *ਅੰਗ - 696*

*ਹਰਿ ਹਰਿ ਸਾਧ ਮੇਲਹੁ ਜਨ ਨੀਕੇ ਹਰਿ ਸਾਧੂ ਸਰਣਿ ਹਮ ਰਾਖਾ ॥*
*ਅੰਗ - 696*

ਅਸੀਂ ਆਸ ਕਰਦੇ ਹਾਂ ਕਿ ਗੁਰਸਿੱਖ ਸਿਵਾਏ ਸ੍ਰੀ ਗੁਰੂ ਗਰੰਥ ਜੀ ਤੋਂ ਹੋਰ ਕਿਸੇ ਨੂੰ ਕਦੀ ਸੰਤ ਮਹਾਤਮਾ ਜਾਂ ਗੁਰੂ ਨਹੀਂ ਮੰਨਣਗੇ ਅਤੇ ਐਸਾ ਕਰਨ ਨਾਲ ਸਿੱਖ ਕੌਮ ਵਿਚ ਜਾਹਲੀ ਜਾਂ ਨਕਲੀ ਸੰਤ ਬਣਨ ਦਾ ਜੋ ਰਿਵਾਜ ਵਧਦਾ ਜਾ ਰਿਹਾ ਹੈ, ਉਸ ਨੂੰ ਠਲ੍ਹ ਪਾਣਗੇ।

# ਅਸਲੀ ਧਰਮ

ਆਮ ਕਰਕੇ ਅਸੀਂ 'ਧਰਮ' ਦੇ ਅਸਲੀ ਅਰਥ ਨਹੀਂ ਸਮਝਦੇ। ਧਾਰਮਕ ਜੀਵਨ ਤੋਂ ਆਮ ਕਰਕੇ ਮੁਰਾਦ, ਗੁਰਬਾਣੀ ਦੇ ਪਾਠ, ਗੁਰਬਾਣੀ ਦਾ ਕੀਰਤਨ, ਗੁਰਦੁਆਰੇ ਜਾਣਾ ਹੀ ਸਮਝਿਆ ਜਾਂਦਾ ਹੈ। ਜਿਸ ਸਿੱਖ ਨੇ ਅੰਮ੍ਰਿਤ ਛਕਿਆ ਹੋਵੇ, ਗੁਰਦੁਆਰੇ ਜਾਂਦਾ ਹੋਵੇ, ਗੁਰਬਾਣੀ ਦਾ ਰੋਜ਼ ਪਾਠ ਕਰਦਾ ਹੋਵੇ, ਅਸੀਂ ਵੀ ਉਸ ਨੂੰ ਧਾਰਮਕ ਸਮਝਦੇ ਹਾਂ ਅਤੇ ਉਹ ਆਪ ਵੀ ਆਪਣੇ ਆਪ ਨੂੰ ਧਰਮੀ ਖਿਆਲ ਕਰਦਾ ਹੈ। ਏਸੇ ਤਰ੍ਹਾਂ ਜੇਕਰ ਕੋਈ ਗੁਰਸਿੱਖ ਚੰਗਾ ਕੀਰਤਨ ਕਰਦਾ ਹੋਵੇ, ਚੰਗਾ ਵਖਿਆਨ ਜਾਂ ਕਥਾ ਕਰਦਾ ਹੋਵੇ ਤਾਂ ਅਸੀਂ ਵੀ ਉਸ ਨੂੰ ਧਾਰਮਕ ਵਿਦਵਾਨ ਜਾਂ ਸੰਤ ਸਮਝਦੇ ਹਾਂ ਅਤੇ ਉਹ ਖੁਦ ਵੀ ਆਪਣੇ ਆਪ ਨੂੰ ਐਸਾ ਸਮਝਦਾ ਹੈ। ਦੂਸਰੇ ਅਖਰਾਂ ਵਿਚ ਧਾਰਮਕ ਜੀਵਨ ਤੋਂ ਸਾਡੀ ਆਮ ਕਰਕੇ ਮੁਰਾਦ, ਗੁਰਬਾਣੀ ਦਾ ਪਾਠ, ਕੀਰਤਨ ਕਥਾ, ਵਖਿਆਨ ਆਦਿ ਹੁੰਦੀ ਹੈ।

ਪਰ ਸ੍ਰੀ ਗੁਰੂ ਗਰੰਥ ਸਾਹਿਬ ਦੇ ਵਿਚਾਰ ਅਨੁਸਾਰ ਉਤੇ ਦਸਿਆ ਸਭ ਕੁਝ ਧਾਰਮਕ ਜੀਵਨ ਨਹੀਂ, ਬਲਕਿ ਧਾਰਮਕ ਜੀਵਨ ਦੀ ਤਿਆਰੀ ਹੈ। ਗੁਰਬਾਣੀ ਦੇ ਪਾਠ, ਗੁਰਬਾਣੀ ਦਾ ਕੀਰਤਨ, ਗੁਰਬਾਣੀ ਦਾ ਵਖਿਆਨ ਜਾਂ ਕਥਾ, ਸਾਨੂੰ ਇਕ ਖਾਸ ਕਿਸਮ ਦਾ ਜੀਵਨ ਬਤੀਤ ਕਰਨ ਵਾਸਤੇ ਪਰੇਰਦੇ ਹਨ। ਜੇਕਰ ਅਸੀਂ ਉਹ ਖਾਸ ਜੀਵਨ ਬਤੀਤ ਕਰਦੇ ਹਾਂ ਤਾਂ ਅਸੀਂ ਧਾਰਮਕ

ਹਾਂ, ਜੇਕਰ ਪਾਠ ਕਰਕੇ ਕੀਰਤਨ ਕਥਾ ਵਖਿਆਨ ਕਰਕੇ ਜਾਂ ਸੁਣ ਕੇ ਅਸੀਂ ਉਹ ਖਾਸ ਜੀਵਨ ਬਤੀਤ ਨਹੀਂ ਕਰਦੇ, ਤਾਂ ਅਸੀਂ ਧਾਰਮਕ ਪੁਰਸ਼ ਨਹੀਂ, ਕੇਵਲ ਧਾਰਮਕ ਪੁਰਸ਼ ਬਣਨ ਦੀ ਤਿਆਰੀ ਕਰ ਰਹੇ ਹਾਂ।

ਉਹ ਖਾਸ ਜੀਵਨ ਕੀ ਹੈ ਜਿਸ ਦੀ ਦੱਸ ਗੁਰਬਾਨੀ ਦੇ ਪਾਠ, ਕੀਰਤਨ ਅਤੇ ਕੀਰਤਨ ਵਿਖਿਆਨ ਪਾਂਦੇ ਹਨ? ਉਹ ਜੀਵਨ ਸ੍ਰੀ ਗੁਰੂ ਗਰੰਥ ਸਾਹਿਬ ਅਨੁਸਾਰ ਕੇਵਲ ਇਕ ਵਾਹਿਗੁਰੂ ਦੇ ਆਸਰੇ ਵਾਲਾ ਜੀਵਨ ਹੁੰਦਾ ਹੈ। ਇਸ ਜੀਵਨ ਦਾ ਆਦਰਸ਼, ਅਧਾਰ, ਖੁਸ਼ੀ, ਮਨੋਰਥ ਹਰ ਵਕਤ ਅਠੇ ਪਹਿਰ ਸਾਰੀ ਉਮਰ ਇਕ ਵਾਹਿਗੁਰੂ ਦੇ ਆਸਰੇ ਜੀਵਨ ਬਤੀਤ ਕਰਨਾ ਹੈ।

*ਏਕੋ ਜਪਿ ਏਕੋ ਸਾਲਾਹਿ ॥*
*ਏਕੁ ਸਿਮਰਿ ਏਕੋ ਮਨ ਆਹਿ ॥*
*ਏਕਸ ਕੇ ਗੁਨ ਗਾਉ ਅਨੰਤ ॥*
*ਮਨਿ ਤਨਿ ਜਾਪਿ ਏਕ ਭਗਵੰਤ ॥*
*ਏਕੋ ਏਕੁ ਏਕੁ ਹਰਿ ਆਪਿ ॥*
*ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥*
*ਅਨਿਕ ਬਿਸਥਾਰ ਏਕ ਤੇ ਭਏ ॥*
*ਏਕੁ ਅਰਾਧਿ ਪਰਾਛਤ ਗਏ ॥*
*ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥*
*ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥* *ਅੰਗ - 289*

ਗੁਰਬਾਨੀ ਦੇ ਪਾਠ ਗੁਰਬਾਨੀ ਦਾ ਕੀਰਤਨ, ਨਾਮ ਜਪਣਾ ਸਭ ਕੁਝ ਸਫਲ ਉਦੋ ਹੁੰਦਾ ਹੈ, ਜਦ ਗੁਰਸਿੱਖ ਦੀ ਦ੍ਰਿਸ਼ਟੀ ਵਿਚ 'ਕੇਵਲ' ਇਕ ਵਾਹਿਗੁਰੂ ਦੀ ਯਾਦ, ਇਕ ਵਾਹਿਗੁਰੂ ਦਾ ਆਸਰਾ, ਇਕ ਵਾਹਿਗੁਰੂ ਦਾ ਬਣ ਕੇ ਰਹਿਣ ਦਾ ਚਾਅ ਦਿਨ ਰਾਤ ਠਾਠਾਂ ਮਾਰਨ ਲਗ ਜਾਵੇ। ਐਸਾ ਗੁਰਸਿੱਖ ਦੁਨੀਆਂ ਦੇ ਸਭ ਕੰਮ ਇਕ ਵਾਹਿਗੁਰੂ ਦੇ ਆਸਰੇ ਤੇ ਕਰਦਾ ਹੈ। ਉਹ ਆਪਣੀ ਸਿਹਤ,

ਆਪਣਾ ਵਪਾਰ, ਆਪਣੀ ਨੌਕਰੀ, ਘਰ ਵਿਚ ਪਰਿਵਾਰ ਨਾਲ ਸਬੰਧ, ਘਰੋਂ ਬਾਹਰ ਸੁਸਾਇਟੀ ਨਾਲ ਵਰਤਾਰਾ ਕੇਵਲ ਇਕ ਵਾਹਿਗੁਰੂ ਜੀ ਦੇ ਆਸਰੇ ਉਤੇ ਕਰਦਾ ਹੈ। ਐਸੇ ਗੁਰਸਿੱਖ ਲਈ ਦੁਨੀਆਂ ਦੀ ਹਰ ਘਟਨਾ ਇਸ ਵਾਸਤੇ ਸੁਹਾਵਣੀ ਬਣ ਜਾਂਦੀ ਹੈ ਕਿ ਉਸ ਨੂੰ ਹਰ ਘਟਨਾ ਵਿਚ ਵਾਹਿਗੁਰੂ ਦੇ ਆਸਰੇ ਤੇ ਕੰਮ ਕਰਨ ਦਾ ਸੁਨਹਿਰੀ ਮੌਕਾ ਮਿਲਦਾ ਹੈ। ਐਸੇ ਆਦਮੀ ਲਈ ਹਰ ਮੁਸ਼ਕਿਲ, ਹਰ ਮੁਸੀਬਤ, ਹਰ ਦੁਰਘਟਨਾ ਇਸ ਲਈ ਮੁਸ਼ਕਿਲ, ਮੁਸੀਬਤ ਜਾਂ ਦੁਰਘਟਨਾ ਨਹੀਂ ਰਹਿੰਦੀ, ਕਿਉਂਕਿ ਉਸ ਨੂੰ ਵਾਹਿਗੁਰੂ ਜੀ ਦੀ ਸਹਾਇਤਾ ਨਾਲ, ਹਰ ਮੁਸ਼ਕਿਲ ਨੂੰ ਅਸਾਨ ਕਰਨ ਦਾ, ਹਰ ਮੁਸੀਬਤ ਨੂੰ ਹਲ ਕਰਨ ਦਾ, ਹਰ ਦੁਰਘਟਨਾ ਨੂੰ ਸ਼ੁਭ ਘਟਨਾ ਬਣਾ ਲੈਣ ਦਾ ਵੱਲ ਆ ਜਾਂਦਾ ਹੈ। ਐਸੇ ਗੁਰਸਿੱਖ ਲਈ ਜੀਵਨ ਖੁਸ਼ੀ ਤੇ ਕਾਮਯਾਬੀਆਂ ਦੀ ਲੜੀ ਬਣ ਜਾਂਦਾ ਹੈ।

*ਹਰਿ ਇਕਸੈ ਨਾਲਿ ਮੈ ਦੋਸਤੀ ਹਰਿ ਇਕਸੈ ਨਾਲਿ ਮੈ ਰੰਗੁ ॥*
*ਹਰਿ ਇਕੋ ਮੇਰਾ ਸਜਣੋ ਹਰਿ ਇਕਸੈ ਨਾਲਿ ਮੈ ਸੰਗੁ ॥*
*ਹਰਿ ਇਕਸੈ ਨਾਲਿ ਮੈ ਗੋਸਟੇ ਮੁਹੁ ਮੈਲਾ ਕਰੈ ਨ ਭੰਗੁ ॥*
*ਜਾਣੈ ਬਿਰਥਾ ਜੀਅ ਕੀ ਕਦੇ ਨ ਮੋੜੈ ਰੰਗੁ ॥*
*ਹਰਿ ਇਕੋ ਮੇਰਾ ਮਸਲਤੀ ਭੰਨਣ ਘੜਨ ਸਮਰਥੁ ॥*
*ਹਰਿ ਇਕੋ ਮੇਰਾ ਦਾਤਾਰੁ ਹੈ ਸਿਰਿ ਦਾਤਿਆ ਜਗ ਹਥੁ ॥*
*ਹਰਿ ਇਕਸੈ ਦੀ ਮੈ ਟੇਕ ਹੈ ਜੋ ਸਿਰਿ ਸਭਨਾ ਸਮਰਥੁ ॥*
*ਸਤਿਗੁਰਿ ਸੰਤੁ ਮਿਲਾਇਆ ਮਸਤਕਿ ਧਰਿ ਕੈ ਹਥੁ ॥*
*ਵਡਾ ਸਾਹਿਬੁ ਗੁਰੂ ਮਿਲਾਇਆ ਜਿਨਿ ਤਾਰਿਆ ਸਗਲ ਜਗਤੁ ॥*
*ਮਨ ਕੀਆ ਇਛਾ ਪੂਰੀਆ ਪਾਇਆ ਧੁਰਿ ਸੰਜੋਗ ॥*
*ਨਾਨਕ ਪਾਇਆ ਸਚੁ ਨਾਮੁ ਸਦ ਹੀ ਭੋਗੇ ਭੋਗ ॥*

*ਅੰਗ - 959*

ਗੁਰਸਿੱਖ ਨੂੰ ਆਪਣੀ ਗੁਰਸਿੱਖੀ ਦੀ ਪਰਖ ਇਸ ਗਲ ਤੋਂ

ਕਰਨੀ ਚਾਹੀਦੀ ਹੈ ਕਿ ਉਸ ਦਾ ਜੀਵਨ ਅਧਾਰ, ਉਸ ਦਾ ਜੀਵਨ ਸ਼ੁਗਲ ਵਾਹਿਗੁਰੂ ਜੀ ਬਣੇ ਹਨ ਕਿ ਨਹੀਂ? ਗੁਰਦੁਆਰੇ ਵਿਚ ਤਾਂ ਸਿੱਖ ਵਾਹਿਗੁਰੂ ਨੂੰ ਸਰਬ-ਸ਼ਕਤੀਮਾਨ, ਸਰਬ ਪ੍ਰਿਤਪਾਲਕ, ਸਰਬ ਵਿਆਪਕ ਅਤੇ ਅੰਤਰਜਾਮੀ ਆਖਦੇ ਹਨ, ਪਰ ਗੁਰਦੁਆਰੇ ਤੋਂ ਬਾਹਰ ਜਾ ਕੇ ਕੋਈ ਵਿਰਲੇ ਗੁਰਸਿੱਖ ਹੀ ਹੁੰਦੇ ਹਨ ਜੋ ਵਾਹਿਗੁਰੂ ਨੂੰ ਉਕਤ ਗੁਣਾਂ ਵਾਲਾ ਵਾਹਿਗੁਰੂ ਮੰਨਦੇ ਹਨ। ਜਦ ਜ਼ਰਾ ਜਿੰਨੀ ਔਕੜ ਆਵੇ, ਜਦ ਜ਼ਰਾ ਜਿੰਨੀ ਤਕਲੀਫ ਆਵੇ ਤਾਂ ਝਟ ਅਸੀਂ ਡੋਲ ਜਾਂਦੇ ਹਾਂ, ਪਰੇਸ਼ਾਨ ਤੇ ਚਿੰਤਾਤੁਰ ਹੋ ਜਾਂਦੇ ਹਾਂ। ਐਸੇ ਵਕਤ ਹੀ ਤਾਂ ਸਾਡੀ ਪਰਖ ਦੇ ਹੁੰਦੇ ਹਨ, ਐਸੇ ਵਕਤ ਹੀ ਤਾਂ ਅਸੀਂ ਸਾਬਤ ਕਰਨਾ ਹੁੰਦਾ ਹੈ ਕਿ ਅਸੀਂ ਗੁਰਬਾਣੀ ਉਤੇ ਨਿਸ਼ਚਾ ਰਖਦੇ ਹਾਂ, ਐਸੇ ਵਕਤ ਉਤੇ ਹੀ ਤਾਂ ਅਸੀਂ ਗੁਰਮਤਿ ਦੇ ਸਿਧਾਂਤਾਂ ਉਤੇ ਅਮਲ ਕਰਕੇ ਆਪਣੇ ਮਨ ਦੇ ਗ਼ਲਤ ਨਿਸ਼ਚਿਆਂ ਨੂੰ ਜਿੱਤਣਾ ਹੁੰਦਾ ਹੈ। ਸਾਡੀ ਅਸਲ ਗੁਰਸਿੱਖੀ ਤਾਂ ਗੁਰਬਾਣੀ ਦੇ ਨਿਸਚਿਆਂ ਨੂੰ ਅਮਲ ਵਿਚ ਲਿਆਣ ਨਾਲ ਹੀ ਪਕਦੀ ਤੇ ਫਲਦਾਇਕ ਹੁੰਦੀ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਨੂੰ ਆਪਣਾ ਗੁਰੂ ਮੰਨਣ ਵਾਲੇ ਗੁਰਸਿੱਖ ਲਈ, ਗੁਰਦੁਆਰੇ ਵਿਚ ਜਾ ਕੇ ਵਾਹਿਗੁਰੂ ਨੂੰ ਸਰਬ ਵਿਆਪਕ ਤੇ ਸਰਬ-ਸ਼ਕਤੀਮਾਨ ਆਖਣਾ ਤੇ ਗੁਰਦੁਆਰੇ ਤੋਂ ਬਾਹਰ ਜਾ ਕੇ ਉਕਤ ਮਹਾਨ ਸਚਾਈ ਨੂੰ ਭੁਲਾ ਕੇ ਦੁਨਿਆਵੀ ਤੇ ਨੀਵੇਂ ਆਸਰਿਆਂ ਦੀ ਟੇਕ ਪਕੜਨੀ ਆਪਣੀ ਗੁਰਸਿੱਖੀ ਨੂੰ ਹਾਸੋਹੀਣਿਆਂ ਬਣਾਉਣਾ ਹੈ।

ਧਰਮ ਦੇ ਮੰਡਲਾਂ ਵਿਚ ਧਾਰਮਿਕ ਸਿਧਾਂਤਾਂ ਦਾ ਰੋਜ਼ਾਨਾ ਪਾਠ ਇਸ ਵਾਸਤੇ ਜ਼ਰੂਰੀ ਰਖਿਆ ਹੈ ਤਾਂ ਕਿ ਸਾਨੂੰ ਰੋਜ਼ਾਨਾ ਜ਼ਿੰਦਗੀ ਦੇ ਕਿਸੇ ਹਿਸੇ ਵਿਚ ਵੀ ਉਚ ਧਾਰਮਿਕ ਸਿਧਾਂਤ ਨਾ

ਭੁਲਣ ਅਤੇ ਅਸੀਂ ਆਪਣੇ ਸਰਬ ਕਾਰਜ ਗੁਰਮਤਿ ਦੇ ਸਿਧਾਂਤਾਂ ਦੀ ਵਰਤੋਂ ਕਰਕੇ ਰਾਸ ਕਰੀਏ। ਕਿਤਨੇ ਅਫਸੋਸ ਦੀ ਗਲ ਹੈ ਕਿ ਅਸੀਂ ਗੁਰਮਤਿ ਦੇ ਸਿਧਾਂਤਾਂ ਨੂੰ ਬਜਾਏ ਅਮਲ ਵਿਚ ਲਿਆ ਕੇ ਉਹਨਾਂ ਤੋਂ ਅਮਲੀ ਲਾਭ ਉਠਾਉਣ ਦੇ, ਉਹਨਾਂ ਸਿਧਾਂਤਾਂ ਦਾ ਪਾਠ ਕਰਕੇ ਹੀ ਸਮਝਦੇ ਹਾਂ ਕਿ ਅਸੀਂ ਧਾਰਮਿਕ ਜੀਵਨ ਬਤੀਤ ਕਰ ਰਹੇ ਹਾਂ ਜਾਂ ਅਸੀਂ ਧਾਰਮਿਕ ਪੁਰਸ਼ ਹਾਂ। ਕਿਸੇ ਇਲਮ ਦਾ ਜਾਣਨਾ ਤਦ ਹੀ ਲਾਭਦਾਇਕ ਹੋ ਸਕਦਾ ਹੈ ਜਦ ਉਸ ਇਲਮ ਦੀ ਵਰਤੋਂ ਨਾਲ ਅਮਲੀ ਤੌਰ ਤੇ ਲਾਭ ਉਠਾਇਆ ਜਾਵੇ। ਵਕੀਲ, ਦੇਸ਼ ਦਾ ਕਾਨੂੰਨ ਜਾਣਦਾ ਹੈ ਪਰ ਉਸ ਦਾ ਕੇਵਲ ਕਾਨੂੰਨ ਜਾਣਨਾ ਕਿਸੇ ਕੰਮ ਨਹੀਂ ਜਦ ਤਕ ਕਿ ਉਹ ਆਪਣੇ ਇਲਮ ਦੀ ਮਦਦ ਨਾਲ ਨਿਰਦੋਸ਼ ਆਦਮੀਆਂ ਨੂੰ ਕਾਨੂੰਨ ਦੀ ਨਾਜਾਇਜ਼ ਗਰਿਫਤ ਜਾਂ ਸ਼ਿਕੰਜੇ ਵਿਚੋਂ ਨਾ ਕਢਾ ਸਕੇ। ਪਰ ਜੇਕਰ ਵਕੀਲ ਖੁਦ ਕਾਨੂੰਨ ਤੋੜੇ ਜਾਂ ਕਾਨੂੰਨ ਤੋੜਨ ਵਾਲਿਆਂ ਦੀ ਸਹਾਇਤਾ ਕਰੇ ਤਾਂ ਉਹ ਆਮ ਲੋਕਾਂ ਤੋਂ ਵਧੇਰੇ ਦੋਸ਼ੀ ਹੈ। ਕਾਨੂੰਨ ਜਾਨਣ ਵਾਲੇ ਲਈ ਕਾਨੂੰਨ ਤੋੜਨਾ, ਇਸ ਲਈ ਵਧੇਰੇ ਸ਼ਰਮਨਾਕ ਹੈ ਕਿਉਂਕਿ ਉਸਨੂੰ ਕਾਨੂੰਨ ਦਾ ਪਤਾ ਹੁੰਦਿਆਂ ਹੋਇਆਂ ਉਹ ਕਾਨੂੰਨ ਤੋੜਦਾ ਹੈ।

ਇਸੇ ਤਰ੍ਹਾਂ ਸ੍ਰੀ ਗੁਰੂ ਗਰੰਥ ਸਾਹਿਬ ਦੇ ਮਹਾਨ ਪਵਿਤਰ ਉਪਦੇਸ਼ਾਂ ਦੇ ਰੋਜ਼ਾਨਾ ਪਾਠ ਕਰਨ ਵਾਲੇ, ਗੁਰਬਾਣੀ ਦਾ ਕੀਰਤਨ ਕਰਨ ਸੁਨਣ ਵਾਲੇ, ਗੁਰਬਾਣੀ ਦੀ ਵਿਆਖਿਆ ਜਾਂ ਕਥਾ ਕਰਨ ਵਾਲੇ ਜੇਕਰ ਗੁਰਦੁਆਰੇ ਵਿਚ ਵਾਹਿਗੁਰੂ ਜੀ ਦੇ ਗੁਣ ਗਾਂਵਦੇ ਨਾ ਥਕਣ ਅਤੇ ਗੁਰਦੁਆਰੇ ਤੋਂ ਬਾਹਰ ਵਾਹਿਗੁਰੂ ਜੀ ਨੂੰ ਭੁਲਾ ਕੇ ਮਾਇਆ ਦੀ ਗੁਲਾਮੀ ਕਰਨ ਜਾਂ ਮਨ ਦੇ ਗਲਤ ਨਿਸ਼ਚਿਆਂ ਅਨੁਸਾਰ ਜੀਵਨ ਬਤੀਤ ਕਰਨ ਤਾਂ ਉਹ ਆਮ ਲੋਕਾਂ ਨਾਲੋਂ ਵਧੇਰੇ

ਅਪਰਾਧੀ ਹਨ। ਗੁਰਦੁਆਰੇ ਨਾ ਜਾਣ ਵਾਲਿਆਂ ਨੂੰ ਜਾਂ ਗੁਰਬਾਣੀ ਤੋਂ ਨਾ-ਵਾਕਿਫ ਲੋਕਾਂ ਨੂੰ ਤਾਂ ਵਾਹਿਗੁਰੂ ਜੀ ਦਾ ਪਤਾ ਨਹੀਂ ਹੁੰਦਾ ਇਸ ਲਈ ਉਹਨਾਂ ਲਈ ਵਾਹਿਗੁਰੂ ਜੀ ਨੂੰ ਭੁਲਾ ਕੇ ਆਪਣੇ ਗਲਤ ਨਿਸ਼ਚਿਆਂ ਅਨੁਸਾਰ ਜੀਵਨ ਬਤੀਤ ਕਰਨਾ ਇਤਨਾ ਅਪਰਾਧ ਨਹੀਂ ਜਿਤਨਾ ਉਹਨਾਂ ਲੋਕਾਂ ਵਾਸਤੇ ਜਿਹੜੇ ਗੁਰਦੁਆਰੇ ਜਾ ਕੇ ਕੀਰਤਨ ਸੁਣਦੇ ਅਤੇ ਘਰ ਵਿਚ ਰੋਜ਼ ਗੁਰਬਾਣੀ ਦਾ ਪਾਠ ਕਰਦੇ ਹਨ। ਐਸੇ ਆਦਮੀਆਂ ਨੂੰ ਸੰਬੋਧਨ ਕਰਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਆਖਦੇ ਹਨ:

*ਪ੍ਰਭੁ ਤਜਿ ਅਵਰ ਸੇਵਕੁ ਜੇ ਹੋਈ ਹੈ*
*ਤਿਤੁ ਮਾਨੁ ਮਹਤੁ ਜਸੁ ਘਾਟੈ ॥* *ਅੰਗ - 497*

# ਹਉਮੈ

ਜਦ ਪਾਣੀ ਨੂੰ ਸਰਦੀ ਲਗੇ ਤਾਂ ਬਰਫ ਬਣ ਜਾਂਦੀ ਹੈ ਅਤੇ ਜਦ ਬਰਫ ਨੂੰ ਗਰਮੀ ਲਗੇ, ਮੁੜ ਪਾਣੀ ਹੋ ਜਾਂਦੀ ਹੈ। ਸਰਦੀ ਤੇ ਗਰਮੀ, ਪਾਣੀ ਦੀਆਂ ਹਾਲਤਾਂ ਬਦਲ ਸਕਦੀਆਂ ਹਨ ਪਰ ਪਾਣੀ ਦੀ ਅਸਲੀਅਤ ਨੂੰ ਨਹੀਂ ਬਦਲ ਸਕਦੀਆਂ। ਬਰਫ ਭਾਵੇਂ ਰੂਪ ਪਾਣੀ ਤੋਂ ਵਖਰਾ ਬਣਾ ਲਵੇ ਪਰ ਨਾ ਪਾਣੀ ਤੋਂ ਵਖ ਹੋ ਸਕਦੀ ਹੈ ਤੇ ਨਾ ਹੀ ਆਪਣੀ ਅਸਲੀਅਤ ਪਾਣੀ ਤੋਂ ਵਖਰੀ ਕੁਝ ਹੋਰ ਬਣਾ ਸਕਦੀ ਹੈ।

ਏਸੇ ਤਰ੍ਹਾਂ ਬ੍ਰਹਮ (ਸ੍ਰੀ ਵਾਹਿਗੁਰੂ) ਦੇ ਸਾਗਰ ਵਿਚ 'ਹਉਮੈ' ਦੀ ਲਹਿਰ ਜਦ ਉਠਦੀ ਹੈ ਤਾਂ ਉਸ ਤੋਂ ਨਾਨਾ ਪ੍ਰਕਾਰ ਦਾ ਜਗਤ ਤਮਾਸ਼ਾ ਰਚਿਆ ਜਾਂਦਾ ਹੈ ਅਤੇ ਇਸ ਜਗਤ ਤਮਾਸ਼ੇ ਵਿਚ ਜੀਵ ਅਨੇਕ ਪਰਕਾਰ ਲੀਲਾ ਕਰਦਾ ਹੈ। ਬ੍ਰਹਮ ਤੋਂ ਪੈਦਾ ਹੋਣ ਕਰਕੇ ਜਗਤ ਰਚਨਾ ਵੀ ਬ੍ਰਹਮ ਰੂਪ ਹੁੰਦੀ ਹੈ ਅਤੇ ਲੀਲਾ ਕਰਨ ਵਾਲਾ ਵੀ ਬ੍ਰਹਮ ਰੂਪ ਹੁੰਦਾ ਹੈ।

'ਹਉਮੈ' ਦਾ ਮੁਢ ਸ੍ਰੀ ਗੁਰੂ ਨਾਨਕ ਸਾਹਿਬ ਨੇ ਬ੍ਰਹਮ ਜਾਂ ਅਕਾਲ ਪੁਰਖ ਦਾ 'ਹੁਕਮ' ਦਸਿਆ ਹੈ। ਆਸਾ ਜੀ ਦੀ ਵਾਰ ਵਿਚ ਆਇਆ ਹੈ, 'ਹਉਮੈ ਕਿਥਹੁ ਊਪਜੈ' ਅਤੇ ਇਸ ਦਾ ਜਵਾਬ ਦਿਤਾ ਹੈ ਕਿ 'ਹਉਮੈ ਏਹੋ ਹੁਕਮ ਹੈ।'

ਗੁਰਬਾਣੀ ਵਿਚ ਹੁਕਮ ਤੋਂ ਮੁਰਾਦ 'ਕਾਨੂੰਨ' ਜਾਂ 'ਨਿਯਮ'

ਹੀ ਲੈਣਾ ਚਾਹੀਏ। ਸ੍ਰੀ ਗੁਰੂ ਨਾਨਕ ਸਾਹਿਬ ਫੁਰਮਾਂਦੇ ਹਨ ਕਿ 'ਹਉਮੈ' ਅਕਾਲ ਪੁਰਖ (ਬ੍ਰਹਮ) ਦੇ ਕਾਨੂੰਨ ਜਾਂ ਨਿਯਮ ਅਨੁਸਾਰ ਪੈਦਾ ਹੁੰਦੀ ਹੈ।

ਜਗਤ ਰਚਨਾ ਵਿਚ ਜੀਵ 'ਹਉਮੈ' ਦੇ ਆਸਰੇ ਆਪਣੀ ਜਗਤ ਖੇਡ ਖੇਡਦਾ ਹੈ। ਜਿਵੇਂ ਉਤਰੀ ਸਾਗਰ ਵਿਚ ਸਖਤ ਸਰਦੀ ਦੇ ਕਾਰਨ ਸਾਗਰ ਦਾ ਕੁਝ ਹਿਸਾ ਬਰਫ ਬਣ ਜਾਂਦਾ ਹੈ ਅਤੇ ਬਰਫ ਬਣ ਕੇ ਸਾਗਰ ਵਿਚ ਹੀ ਤੈਰਦਾ ਫਿਰਦਾ ਹੈ, ਉਸੇ ਤਰ੍ਹਾਂ ਜੀਵ 'ਹਉਮੈ' ਦੇ ਕਾਰਨ ਆਪਣੇ ਆਪ ਨੂੰ ਬ੍ਰਹਮ ਤੋਂ ਵਖਰਾ ਪ੍ਰਤੀਤ ਕਰਦਾ ਅਤੇ ਆਪਣੀ ਦੁਨੀਆਂ ਰਚ ਕੇ ਉਸ ਵਿਚ ਅਨੇਕ ਪ੍ਰਕਾਰ ਦੇ ਸੁਖ ਦੁਖ ਭੋਗਦਾ ਹੈ। ਬਰਫ ਦਾ ਤੋਦਾ ਪਾਣੀ ਵਿਚੋਂ ਹੀ ਪੈਦਾ ਹੁੰਦਾ ਹੈ, ਪਾਣੀ ਦੇ ਆਸਰੇ ਹੀ ਕਾਇਮ ਰਹਿੰਦਾ ਹੈ ਅਤੇ ਆਪਣੀ ਹਸਤੀ ਦੇ ਦੌਰਾਨ ਵਿਚ ਸਦਾ ਪਾਣੀ ਹੁੰਦਾ ਹੋਇਆ ਅੰਤ ਪਾਣੀ ਵਿਚ ਹੀ ਲੀਨ ਹੋ ਜਾਂਦਾ ਹੈ। ਇਸੇ ਤਰ੍ਹਾਂ ਜੀਵ ਦੀ ਹਉਮੈ, ਬ੍ਰਹਮ ਤੋਂ ਪੈਦਾ ਹੋ ਕੇ, ਬ੍ਰਹਮ ਦੇ ਆਸਰੇ ਹੀ ਕਾਇਮ ਰਹਿੰਦੀ ਹੈ, ਅਤੇ ਆਪਣੀ ਅਸਲੀਅਤ ਵਿਚ ਸਦਾ ਬ੍ਰਹਮ ਰੂਪ ਰਹਿੰਦੀ ਹੋਈ, ਅੰਤ ਬ੍ਰਹਮ ਵਿਚ ਲੀਨ ਹੋ ਜਾਂਦੀ ਹੈ।

ਜੀਵ ਦੀ ਹਉਮੈ ਉਸ ਨੂੰ ਬ੍ਰਹਮ ਤੋਂ ਵਿਛੋੜ ਤਾਂ ਦੇਂਦੀ ਹੈ ਪਰ ਵਿਛੜਿਆ ਜੀਵ ਵਿਛੜਨ ਮਗਰੋਂ ਵੀ ਲਭਦਾ ਆਪਣੇ ਸੋਮੇ ਬ੍ਰਹਮ (ਪਰਮ ਸੁਖ) ਨੂੰ ਹੀ ਹੈ। ਬ੍ਰਹਮ ਵਿਚ ਪਰਮ ਸੁਖ ਤੇ ਪਰ ਅਨੰਦ ਸੀ। ਜੀਵ ਇਸ ਤੋਂ ਹਉਮੈ ਕਰਕੇ ਵਿਛੜ ਤਾਂ ਗਿਆ ਪਰ ਹਉਮੈ ਦੀ ਦੁਨੀਆਂ ਵਿਚ ਵੀ ਜੀਵ ਲਭਦਾ ਪਰਮ ਸੁਖ ਨੂੰ ਹੀ ਰਹਿੰਦਾ ਹੈ।

ਜਦ ਤਕ ਜੀਵ ਅਗਿਆਨੀ ਰਹਿੰਦਾ ਹੈ, ਇਹ ਸੁਖ ਨੂੰ ਹਉਮੈ ਦੀ ਦੁਨੀਆਂ ਵਿਚ ਆਪਣੇ ਤੋਂ ਬਾਹਰ ਲਭਦਾ ਹੈ ਅਤੇ ਅਨੇਕ ਜਨਮ ਇਸ ਤਲਾਸ਼ ਵਿਚ ਭਟਕਦਾ ਹੈ।

*ਹਉ ਵਿਚਿ ਆਇਆ ਹਉ ਵਿਚਿ ਗਇਆ ॥*
*ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥*
*ਹਉ ਵਿਚਿ ਦਿਤਾ ਹਉ ਵਿਚਿ ਲਇਆ ॥*
*ਹਉ ਵਿਚਿ ਖਟਿਆ ਹਉ ਵਿਚਿ ਗਇਆ ॥*
*ਹਉ ਵਿਚਿ ਸਚਿਆਰੁ ਕੂੜਿਆਰੁ ॥*
*ਹਉ ਵਿਚਿ ਪਾਪ ਪੁੰਨ ਵੀਚਾਰੁ ॥*
*ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥*
*ਹਉ ਵਿਚਿ ਹਸੈ ਹਉ ਵਿਚਿ ਰੋਵੈ ॥*
*ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥*
*ਹਉ ਵਿਚਿ ਜਾਤੀ ਜਿਨਸੀ ਖੋਵੈ ॥*
*ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥*
*ਮੋਖ ਮੁਕਤਿ ਕੀ ਸਾਰ ਨ ਜਾਣਾ ॥*
*ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥*
*ਹਉਮੈ ਕਰਿ ਕਰਿ ਜੰਤ ਉਪਾਇਆ ॥*
*ਹਉਮੈ ਬੂਝੈ ਤਾ ਦਰੁ ਸੂਝੈ ॥*
*ਗਿਆਨ ਵਿਹੂਣਾ ਕਥਿ ਕਥਿ ਲੂਝੈ ॥* *ਅੰਗ - 466*

ਪਰਮ ਸੁਖ ਦੀ ਤਲਾਸ਼ ਵਿਚ ਜੀਵ ਅਨੇਕ ਜਨਮ, ਉਪਰ ਦਸੇ ਅਨੁਸਾਰ ਭਟਕਦਾ ਹੈ। ਜਦ ਭਰਮ ਭਰਮ ਕੇ ਤੇ ਭਟਕ ਭਟਕ ਕੇ ਜੀਵ ਅਤਿ ਦੁਖੀ ਤੇ ਨਿਰਾਸ ਹੋ ਜਾਂਦਾ ਹੈ, ਤਾਂ ਉਸ ਨੂੰ ਇਹ ਹਉਮੈ ਦੀ ਖੇਡ ਡਾਢੀ ਡਰਾਵਣੀ ਪਰਤੀਤ ਹੁੰਦੀ ਹੈ। ਉਸ ਵਕਤ ਜੀਵ ਦੇ ਅੰਦਰੋਂ ਇਹ ਅਰਦਾਸ ਉਤਪੰਨ ਹੁੰਦੀ ਹੈ।

*ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ ॥*
*ਭਵਜਲ ਤੇ ਕਾਢਹੁ ਪ੍ਰਭੂ ਨਾਨਕ ਤੇਰੀ ਟੇਕ ॥* *ਅੰਗ - 261*

ਫਿਰ ਜੀਵ ਦਾ 'ਹਉਮੈ ਰੋਗ' ਹੀ ਉਸਦਾ ਇਲਾਜ ਜਾਂ ਮੁਕਤੀ ਦਾ ਕਾਰਨ ਬਣ ਜਾਂਦਾ ਹੈ।

ਜੀਵ ਦੀਆਂ ਭਵ ਸਾਗਰ ਤੋਂ ਪਾਰ ਹੋਣ ਦੀਆਂ ਅਰਦਾਸਾਂ ਫਿਰ ਇਸ ਨੂੰ ਸਤਿਗੁਰੂ ਦਾ ਮੇਲ ਕਰਵਾਂਦੀਆਂ ਹਨ। ਜਦ ਜੀਵ

ਸਤਿਗੁਰ ਦੇ ਉਪਦੇਸ਼ ਦੀ ਕਮਾਈ ਕਰਦਾ ਹੈ ਤੇ ਜਿਵੇਂ ਬਰਫ ਨੂੰ ਗਰਮੀ ਲਗੇ ਤਾਂ ਉਹ ਨਰਮ ਹੋ ਕੇ, ਪਿਘਲ ਜਾਂਦੀ ਤੇ ਮੁੜ ਪਾਣੀ ਬਣ ਜਾਂਦੀ ਹੈ, ਉਵੇਂ ਸਤਿਗੁਰੂ ਦੇ ਉਪਦੇਸ਼ ਦੀ ਕਮਾਈ ਕਰਕੇ ਇਸ ਜੀਵ ਦੀ ਹਉਮੈ ਸ਼ੁਧ ਹੁੰਦੀ ਹੁੰਦੀ ਬਿਲਕੁਲ ਅਲੋਪ ਹੋ ਜਾਂਦੀ ਹੈ ਅਤੇ ਜੀਵ ਦਾ ਆਪਣੇ ਅਸਲੇ, ਆਪਣੀ ਅਸਲੀਅਤ ਬ੍ਰਹਮ ਨਾਲ ਮਿਲਾਪ ਹੋ ਜਾਂਦਾ ਹੈ।

*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥*
*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥*
*ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥*

*ਅੰਗ - 466*

ਹਉਮੈ ਦੇ ਦੋ ਹਿਸੇ ਕੀਤੇ ਜਾ ਸਕਦੇ ਹਨ। ਇਕ ਅਸ਼ੁਧ ਹਉਮੈ ਅਤੇ ਦੂਸਰੀ ਸ਼ੁਧ ਹਉਮੈ। ਅਸ਼ੁਧ ਹਉਮੈ ਜੀਵ ਤੋਂ ਮਾੜੇ ਕਰਮ ਕਰਵਾ ਕੇ ਸ੍ਰੀ ਵਾਹਿਗੁਰੂ ਜੀ ਤੋਂ ਦੂਰ ਲੈ ਜਾਂਦੀ ਹੈ। ਸ਼ੁਧ ਹਉਮੈ ਜੀਵ ਤੋਂ ਚੰਗੇ ਕੰਮ ਕਰਵਾ ਕੇ ਵਾਹਿਗੁਰੂ ਜੀ ਦੇ ਨਜ਼ਦੀਕ ਲੈ ਆਉਂਦੀ ਹੈ। ਵਾਹਿਗੁਰੂ ਜੀ ਦੇ ਨਜ਼ਦੀਕ ਆਇਆ ਜੀਵ, ਸਤਿਗੁਰੂ ਦੇ ਦਸੇ ਉਕਤ ਸ਼ਬਦ ਦੀ ਕਮਾਈ ਕਰਦਾ ਹੈ। 'ਸ਼ਬਦ' ਤੋਂ ਮੁਰਾਦ ਗੁਰਉਪਦੇਸ਼ ਹੈ। ਗੁਰੂ-ਉਪਦੇਸ਼ ਦੀ ਕਮਾਈ ਤੋਂ ਮੁਰਾਦ ਗੁਰਬਾਣੀ ਅਨੁਸਾਰ ਜੀਵਨ ਬਤੀਤ ਕਰਨਾ ਅਤੇ ਨਾਮ ਜਾਪ ਨਾਲ ਅੰਦਰਲੀ ਸ਼ੁਧ ਹਉਮੈ ਨੂੰ ਨਿਰਮਲ ਕਰ ਕੇ ਵਾਹਿਗੁਰੂ ਜੀ ਨਾਲ ਅਭੇਦ ਕਰਨਾ ਹੈ।

# ਸੁਖ ਦੀ ਭਾਲ

ਇਨਸਾਨ ਅੰਦਰ ਵਾਹਿਗੁਰੂ ਵਲੋਂ 'ਸੁਖ ਦੀ ਭਾਲ' ਦੀ ਲਗਨ ਹੈ। ਹਰ ਇਨਸਾਨ ਆਪਣੀ ਸਮਝ ਤੇ ਆਪਣੇ ਵਿਤ ਮੂਜਬ ਸੁਖੀ ਹੋਣ ਦੀ ਕੋਸ਼ਿਸ਼ ਵਿਚ ਲਗਾ ਦਿਸਦਾ ਹੈ। ਵਖੋ ਵਖਰੇ ਤੌਰ ਤੇ ਵੀ ਅਤੇ ਜਮਾਤੀ ਤੌਰ ਤੇ ਵੀ ਇਨਸਾਨ ਦੀਆਂ ਕੋਸ਼ਿਸ਼ਾਂ ਦਾ ਮਨੋਰਥ ਸੁਖੀ ਹੋਣਾ ਹੈ। ਹਰ ਕੌਮ, ਹਰ ਦੇਸ਼, ਹਰ ਸੁਸਾਇਟੀ ਦੀ ਇਹੋ ਕੋਸ਼ਿਸ਼ ਹੈ ਕਿ ਅਗੇ ਨਾਲੋਂ ਵਧੇਰੇ ਸੁਖੀ ਹੋ ਜਾਈਏ।

ਬਹੁਤ ਆਦਮੀ ਗਲਤੀ ਨਾਲ ਸੁਖ ਤੋਂ ਮਤਲਬ ਕੇਵਲ ਸਰੀਰਕ ਤੌਰ ਤੇ ਸੁਖੀ ਹੋਣਾ ਸਮਝ ਲੈਂਦੇ ਹਨ। ਕਈ ਇਹ ਸਮਝਦੇ ਹਨ ਕਿ ਦੁਨਿਆਵੀ ਕਾਮਯਾਬੀ ਵਿਚ ਸੁਖ ਹੈ। ਕਈ ਸਿਹਤ, ਦੌਲਤ, ਮਕਾਨ, ਕੋਠੀਆਂ ਤੇ ਪਦਾਰਥਾਂ ਵਿਚ ਸੁਖ ਸਮਝਦੇ ਹਨ। ਪਰ ਇਹ ਚੀਜ਼ਾਂ ਪ੍ਰਾਪਤ ਹੋਣ ਉਤੇ ਵੀ, ਇਨਸਾਨ ਆਪਣੇ ਆਪ ਨੂੰ ਸੁਖੀ ਨਾ ਵੇਖ ਕੇ ਬੜਾ ਨਿਰਾਸ ਹੁੰਦਾ ਹੈ। ਅਵਲ ਤੇ ਸਭ ਪਦਾਰਥ ਕਿਸੇ ਪਾਸ ਇਕੱਠੇ ਹੁੰਦੇ ਹੀ ਨਹੀਂ, ਪਰ ਜੇਕਰ ਫਰਜ਼ ਕਰੋ ਕਿਸੇ ਪਾਸ ਸਭ ਪਦਾਰਥ ਇਕੱਠੇ ਹੋ ਵੀ ਜਾਣ ਤਾਂ ਉਹ ਖੁਦ ਇਹਨਾਂ ਪਦਾਰਥਾਂ ਨੂੰ ਛਡ ਕੇ ਇਥੋਂ ਤੁਰ ਪੈਂਦਾ ਹੈ। ਇਨਸਾਨ ਦੇ ਇਕੱਠੇ ਕੀਤੇ ਸਭ ਪਦਾਰਥ, ਮੌਤ ਇਕ ਛਿਨ ਵਿਚ ਆ ਕੇ ਖੋਹ ਲੈਂਦੀ ਹੈ।

ਪਦਾਰਥ ਵੀ ਨਾਸਵੰਦ ਹਨ ਅਤੇ ਇਹਨਾਂ ਨੂੰ ਭੋਗਣ ਵਾਲਾ

ਇਨਸਾਨ ਵੀ ਨਾਸ਼ ਹੋ ਜਾਂਦਾ ਹੈ। ਫਿਰ ਪਦਾਰਥ ਇਕੋ ਜਿਹੀ ਸਦਾ ਖੁਸ਼ੀ ਤੇ ਸੁਖ ਨਹੀਂ ਦੇ ਸਕਦੇ। ਇਨਸਾਨ ਤਬਦੀਲੀ ਤੇ ਨਵੀਨਗੀ ਚਾਹੁੰਦਾ ਰਹਿੰਦਾ ਹੈ। ਪਦਾਰਥਾਂ ਦੀ ਤਬਦੀਲੀ ਤੇ ਨਵੀਨਗੀ ਦੀ ਕੋਈ ਹਦ ਨਹੀਂ, ਇਸ ਕਰ ਕੇ ਪਦਾਰਥ ਕਦੀ ਕਿਸੇ ਆਦਮੀ ਨੂੰ ਹਮੇਸ਼ਾ ਲਈ ਸੁਖੀ ਨਹੀਂ ਕਰ ਸਕਦੇ।

ਸਰੀਰਕ ਰਸਾਂ ਜਾਂ ਪਦਾਰਥਾਂ ਦੇ ਭੋਗਾਂ ਨਾਲ ਇਨਸਾਨ ਦੇ ਮਨ ਦੀ ਕਦੀ ਤਸੱਲੀ ਤੇ ਸ਼ਾਂਤੀ ਨਹੀਂ ਹੁੰਦੀ। ਜਿਵੇਂ ਲਕੜੀਆਂ ਨੂੰ ਖਾ ਖਾ ਕੇ ਅੱਗ ਨਹੀਂ ਰੱਜਦੀ, ਏਸੇ ਤਰ੍ਹਾਂ ਭੋਗਾਂ ਨੂੰ ਭੋਗ ਕੇ ਇਨਸਾਨ ਦਾ ਮਨ ਨਹੀਂ ਰੱਜਦਾ। ਤਾਂ ਫਿਰ ਅਸਲ ਤੇ ਪਕਾ ਸੁਖ ਕਿਥੇ ਹੈ ਤੇ ਕਿਸ ਤਰ੍ਹਾਂ ਪ੍ਰਾਪਤ ਹੋ ਸਕਦਾ ਹੈ। ਇਸ ਸਵਾਲ ਦਾ ਜਵਾਬ ਕੇਵਲ ਉਹੋ ਹੀ ਦੇ ਸਕਦੇ ਹਨ ਜਿਨ੍ਹਾਂ ਨੇ ਸਦੀਵੀ ਜਾਂ ਅਟੱਲ ਸੁਖ ਪ੍ਰਾਪਤ ਕੀਤਾ ਹੋਵੇ।

ਸ੍ਰੀ ਗੁਰੂ ਗਰੰਥ ਸਾਹਿਬ ਵਿਚ ਐਸੇ ਮਹਾਂਪੁਰਖਾਂ ਨੇ ਜਿਨ੍ਹਾਂ ਖੁਦ ਅਟਲ ਸੁਖ ਪਰਾਪਤ ਕੀਤਾ, ਬੜੇ ਸਪਸ਼ਟ ਅੱਖਰਾਂ ਵਿਚ ਇਨਸਾਨ ਨੂੰ ਦਸਿਆ ਹੈ ਕਿ ਸਦੀਵੀ ਸੁਖ ਵਾਹਿਗੁਰੂ ਦੇ ਚਰਨਾਂ ਵਿਚ ਵਾਹਿਗੁਰੂ ਦੀ ਯਾਦ ਵਿਚੋਂ ਅਤੇ ਵਾਹਿਗੁਰੂ ਜੀ ਨੂੰ ਆਪਣੇ ਆਪ ਵਿਚੋਂ ਲਭ ਕੇ ਉਸ ਨਾਲ ਅਭੇਦ ਹੋਇਆਂ ਪਰਾਪਤ ਹੁੰਦਾ ਹੈ।

*ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥*

*ਅੰਗ - 1427*

*ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ ॥*

*ਅੰਗ - 714*

*ਮਨ ਮੇਰਿਆ ਅੰਤਰਿ ਤੇਰੈ ਨਿਧਾਨੁ ਹੈ ਬਾਹਰਿ ਵਸਤੁ ਨ ਭਾਲਿ ॥*

*ਅੰਗ - 569*

# ਸਿੱਖ ਅਤੇ ਵਾਹਿਗੁਰੂ ਜੀ ਦੇ ਕਈ ਰਿਸ਼ਤੇ

ਦੁਨੀਆਂ ਦੇ ਰਿਸ਼ਤੇ ਆਮ ਤੌਰ ਉਤੇ ਬਦਲਦੇ ਨਹੀਂ। ਸਾਡਾ ਨੌਕਰ ਆਮ ਤੌਰ ਉਤੇ ਨੌਕਰ ਹੀ ਰਹਿੰਦਾ ਹੈ। ਸਾਡੀ ਨੌਕਰੀ ਛਡ ਕੇ ਕਿਸੇ ਹੋਰ ਦੀ ਨੌਕਰੀ ਕਰ ਸਕਦਾ ਹੈ ਪਰ ਰਹਿੰਦਾ ਆਮ ਕਰ ਕੇ ਨੌਕਰ ਹੀ ਹੈ। ਸਾਡੀ ਇਸਤ੍ਰੀ ਹਮੇਸ਼ਾਂ ਸਾਡੀ ਇਸਤ੍ਰੀ ਹੀ ਰਹਿੰਦੀ ਹੈ। ਸਾਡਾ ਪੁੱਤਰ ਹਮੇਸ਼ਾਂ ਹੀ ਸਾਡਾ ਪੁੱਤਰ ਹੀ ਰਹਿੰਦਾ ਹੈ। ਪਰ ਸਿੱਖ ਅਤੇ ਵਾਹਿਗੁਰੂ ਜੀ ਦਾ ਅਜੀਬ ਰਿਸ਼ਤਾ ਹੈ ਕਿ ਇਹ ਹਮੇਸ਼ਾ ਬਦਲਦਾ ਰਹਿੰਦਾ ਹੈ। ਇਸ ਦਾ ਜਲਦੀ ਬਦਲਣਾ ਜਾਂ ਹੌਲੀ ਹੌਲੀ ਬਦਲਣਾ ਸਿੱਖ ਦੇ ਆਪਣੇ ਅਖਤਿਆਰ ਵਿਚ ਹੈ। ਵਾਹਿਗੁਰੂ ਜੀ ਵਲੋਂ ਸਿੱਖ ਨੂੰ ਖੁਲ੍ਹ ਹੈ ਕਿ ਉਹ ਆਪਣਾ ਰਿਸ਼ਤਾ ਆਪਣੀ ਮਰਜ਼ੀ ਅਨੁਸਾਰ ਵਾਹਿਗੁਰੂ ਜੀ ਨਾਲ ਜੋੜ ਸਕੇ।

ਪਹਿਲੇ ਪਹਿਲ ਸਿੱਖ ਨੂੰ ਵਾਹਿਗੁਰੂ ਜੀ ਦਾ ਕੋਈ ਪਤਾ ਨਹੀਂ ਹੁੰਦਾ। ਆਪਣੇ ਸਤਿਗੁਰੂ ਤੋਂ ਵਾਹਿਗੁਰੂ ਜੀ ਦੀਆਂ ਸਿਫਤਾਂ ਸੁਣ ਸੁਣ ਕੇ ਸਿੱਖ ਦੇ ਦਿਲ ਵਿਚ ਵਾਹਿਗੁਰੂ ਜੀ ਨੂੰ ਮਿਲਣ ਦਾ ਚਾਅ ਪੈਦਾ ਹੁੰਦਾ ਹੈ। ਜਦ ਸਤਿਗੁਰ ਸਿੱਖ ਨੂੰ ਵਾਹਿਗੁਰੂ ਦੀਆਂ ਸਿਫਤਾਂ ਕਰ ਕੇ ਦਸਣ:

*ਪ੍ਰੀਤਿ ਲਗੀ ਤਿਸੁ ਸਚ ਸਿਉ ਮਰੈ ਨ ਆਵੈ ਜਾਇ ॥*

*ਨਾ ਵੇਛੋੜਿਆ ਵਿਛੁੜੈ ਸਭ ਮਹਿ ਰਹਿਆ ਸਮਾਇ ॥*
*ਦੀਨ ਦਰਦ ਦੁਖ ਭੰਜਨਾ ਸੇਵਕ ਕੈ ਸਤ ਭਾਇ ॥*
*ਅਚਰਜ ਰੂਪੁ ਨਿਰੰਜਨੋ ਗੁਰਿ ਮੇਲਾਇਆ ਮਾਇ ॥*
*ਭਾਈ ਰੇ ਮੀਤੁ ਕਰਹੁ ਪ੍ਰਭੁ ਸੋਇ ॥*
*ਮਾਇਆ ਮੋਹ ਪਰੀਤਿ ਧ੍ਰਿਗੁ ਸੁਖੀ ਨ ਦੀਸੈ ਕੋਇ ॥*
*ਦਾਨਾ ਦਾਤਾ ਸੀਲਵੰਤੁ ਨਿਰਮਲੁ ਰੂਪੁ ਅਪਾਰੁ ॥*
*ਸਖਾ ਸਹਾਈ ਅਤਿ ਵਡਾ ਊਚਾ ਵਡਾ ਅਪਾਰੁ ॥*
*ਬਾਲਕੁ ਬਿਰਧਿ ਨ ਜਾਣੀਐ ਨਿਹਚਲੁ ਤਿਸੁ ਦਰਵਾਰੁ ॥*
*ਜੋ ਮੰਗੀਐ ਸੋਈ ਪਾਈਐ ਨਿਧਾਰਾ ਆਧਾਰੁ ॥*
*ਜਿਸੁ ਪੇਖਤ ਕਿਲਵਿਖ ਹਿਰਹਿ ਮਨਿ ਤਨਿ ਹੋਵੈ ਸਾਂਤਿ ॥*
*ਇਕ ਮਨਿ ਏਕੁ ਧਿਆਈਐ ਮਨ ਕੀ ਲਾਹਿ ਭਰਾਂਤਿ ॥*
*ਗੁਣ ਨਿਧਾਨੁ ਨਵਤਨੁ ਸਦਾ ਪੂਰਨ ਜਾ ਕੀ ਦਾਤਿ ॥*
*ਸਦਾ ਸਦਾ ਆਰਾਧੀਐ ਦਿਨੁ ਵਿਸਰਹੁ ਨਹੀ ਰਾਤਿ ॥*
*ਜਿਨ ਕਉ ਪੂਰਬਿ ਲਿਖਿਆ ਤਿਨ ਕਾ ਸਖਾ ਗੋਵਿੰਦੁ ॥*
*ਤਨੁ ਮਨੁ ਧਨੁ ਅਰਪੀ ਸਭੋ ਸਗਲ ਵਾਰੀਐ ਇਹ ਜਿੰਦੁ ॥*
*ਦੇਖੈ ਸੁਣੈ ਹਦੂਰਿ ਸਦ ਘਟਿ ਘਟਿ ਬ੍ਰਹਮੁ ਰਵਿੰਦੁ ॥*
*ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ ॥*

*ਅੰਗ - 47*

ਤਾਂ ਸਿੱਖ ਦੇ ਦਿਲ ਵਿਚ ਸਤਿਗੁਰੂ ਦੇ ਦਸੇ ਅਨੁਸਾਰ ਉਕਤ ਸਿਫਤਾਂ ਵਾਲੇ ਵਾਹਿਗੁਰੂ ਜੀ ਦੇ ਮਿਲਣ ਦੀ ਰੀਝ ਪੈਦਾ ਹੁੰਦੀ ਹੈ। ਜਿਉਂ ਜਿਉਂ ਸਿੱਖ ਸਤਿਗੁਰ ਦੇ ਦਸੇ ਅਨੁਸਾਰ ਗੁਰ ਉਪਦੇਸ਼ ਦੀ ਕਮਾਈ ਕਰਦਾ ਹੈ ਤਿਉਂ ਤਿਉਂ ਉਸ ਦੀ ਵਾਹਿਗੁਰੂ ਜੀ ਨੂੰ ਮਿਲਣ ਦੀ ਰੀਝ ਪਰਬਲ ਤੇ ਤੀਖਣ ਹੁੰਦੀ ਜਾਂਦੀ ਹੈ। ਸਿੱਖ ਦੀ ਰੀਝ ਪਰੇਮ, ਗੁਰ ਉਪਦੇਸ਼ ਦੀ ਕਮਾਈ ਅਨੁਸਾਰ ਕਈ ਰੂਪ ਵਟਾਂਦੀ ਚਲੀ ਜਾਂਦੀ ਹੈ। ਪਹਿਲੇ ਪਹਿਲ ਸਿੱਖ ਆਪਣੇ ਆਪ ਨੂੰ ਵਾਹਿਗੁਰੂ ਜੀ ਦਾ ਸੇਵਕ ਸਮਝਣ ਵਿਚ ਬੜੀ ਖੁਸ਼ੀ ਪ੍ਰਤੀਤ ਕਰਦਾ ਹੈ। ਇਸ ਅਵਸਥਾ ਵਿਚ ਉਹ ਵਾਹਿਗੁਰੂ ਨੂੰ ਜਗਤ ਵਿਚ ਹਰ ਪਾਸੇ ਰਮਿਆ ਜਾਣ ਕੇ ਜਗਤ ਦੀ ਸੇਵਾ, ਸੁਸਾਇਟੀ ਦੀ

ਸੇਵਾ, ਬਾਲ ਬੱਚਿਆਂ ਦੀ ਸੇਵਾ, ਮਾਤਾ ਪਿਤਾ, ਦੋਸਤਾਂ, ਸਤਸੰਗੀਆਂ ਦੀ ਸੇਵਾ ਕਰਦਾ ਹੈ ਅਤੇ ਸਾਰੀ ਸੇਵਾ ਵਾਹਿਗੁਰੂ ਦੇ ਨਮਿਤ ਅਤੇ ਸਭ ਵਿਚ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਸਮਝ ਕੇ ਕਰਦਾ ਹੈ। ਸ੍ਰੀ ਗੁਰੂ ਗਰੰਥ ਸਾਹਿਬ ਵਿਚੋਂ ਇਸ ਅਵਸਥਾ ਦੇ ਸਿੱਖ ਨੂੰ ਇਸ ਤਰ੍ਹਾਂ ਦੇ ਸ਼ਬਦ ਬੜੇ ਚੰਗੇ ਲਗਦੇ ਹਨ:

*ਸੇ ਭਗਤ ਹਰਿ ਭਾਵਦੇ ਜੋ ਗੁਰਮੁਖਿ ਭਾਇ ਚਲੰਨਿ ॥*
*ਆਪੁ ਛੋਡਿ ਸੇਵਾ ਕਰਨਿ ਜੀਵਤ ਮੁਏ ਰਹੰਨਿ ॥* ਅੰਗ - 233

*ਐਸੀ ਸੇਵਕੁ ਸੇਵਾ ਕਰੈ ॥*
*ਜਿਸ ਕਾ ਜੀਉ ਤਿਸੁ ਆਗੈ ਧਰੈ ॥*
*ਸਾਹਿਬ ਭਾਵੈ ਸੋ ਪਰਵਾਣੁ ॥*
*ਸੋ ਸੇਵਕੁ ਦਰਗਹ ਪਾਵੈ ਮਾਣੁ ॥* ਅੰਗ - 661

*ਨਾਨਕ ਸੇਵਕੁ ਸੋਈ ਆਖੀਐ*
*ਜੋ ਸਿਰੁ ਧਰੇ ਉਤਾਰਿ ॥* ਅੰਗ - 1247

*ਸੇਵਕ ਕਉ ਸੇਵਾ ਬਨਿ ਆਈ ॥*
*ਹੁਕਮੁ ਬੂਝਿ ਪਰਮ ਪਦੁ ਪਾਈ ॥* ਅੰਗ - 292

ਜਦ ਗੁਰ ਸਿੱਖ ਸੇਵਾ ਕਰਦਾ ਕਰਦਾ ਸੇਵਕਾਂ ਦੀ ਅਵਸਥਾ ਵਿਚ ਪਰਪੱਕ ਹੋ ਜਾਂਦਾ ਹੈ ਤਾਂ ਉਸ ਨੂੰ ਗੁਰਬਾਣੀ ਵਿਚੋਂ ਇਸ ਪ੍ਰਕਾਰ ਦਾ ਉਪਦੇਸ਼ ਚੰਗਾ ਲਗਣ ਲਗ ਪੈਂਦਾ ਹੈ। ਗੁਰਬਾਣੀ ਗੁਰਸਿੱਖ ਨੂੰ ਆਖਦੀ ਹੈ ਕਿ ਦੇਖ ਸਾਰੀ ਉਮਰ ਵਾਹਿਗੁਰੂ ਦਾ ਸੇਵਕ ਹੀ ਨਹੀਂ ਬਣੇ ਰਹਿਣਾ। ਹੁਣ ਵਾਹਿਗੁਰੂ ਦੇ ਜ਼ਰਾ ਨਜ਼ਦੀਕ ਹੋ ਕੇ ਵੇਖ, ਉਹ ਕੇਵਲ ਤੇਰਾ ਸਾਹਿਬ ਹੀ ਨਹੀਂ, ਤੇਰਾ ਮਿਤਰ ਹੈ, ਤੇਰਾ ਦੋਸਤ ਹੈ। ਸਾਹਿਬ ਅਤੇ ਸੇਵਕ ਦੇ ਰਿਸ਼ਤੇ ਵਿਚ ਸੇਵਕ ਦੇ ਦਿਲ ਅੰਦਰ ਸਾਹਿਬ ਦਾ ਡਰ ਹੁੰਦਾ ਹੈ। ਉਹ ਸਭ ਕੰਮ ਸਾਹਿਬ ਨੂੰ ਖੁਸ਼ ਕਰਨ ਲਈ ਕਰਦਾ ਹੈ। ਪਰ ਇਹ ਰਿਸ਼ਤਾ ਕੋਈ ਆਦਰਸ਼ਕ ਰਿਸ਼ਤਾ ਨਹੀਂ। ਮਾਲਕ ਤੇ ਚਾਕਰ ਦੇ ਰਿਸ਼ਤੇ ਨਾਲੋਂ ਮਿਤਰ ਅਤੇ ਦੋਸਤ ਦਾ ਰਿਸ਼ਤਾ ਚੰਗੇਰਾ ਹੈ। ਤੂੰ ਹੁਣ ਵਾਹਿਗੁਰੂ

ਨੂੰ ਆਪਣਾ ਪਰਮ ਮਿਤਰ, ਆਪਣਾ ਪੱਕਾ ਦੋਸਤ ਸਮਝਿਆ ਕਰ। ਤੂੰ ਹੁਣ ਵਾਹਿਗੁਰੂ ਤੋਂ ਡਰਿਆ ਨਾ ਕਰ ਸਗੋਂ ਉਸ ਨੂੰ ਆਪਣਾ ਸਚਾ ਹਮਦਰਦ ਅਤੇ ਖੈਰਖਾਹ ਸਮਝਿਆ ਕਰ। ਉਹ ਤੇਰਾ ਹੁਣ ਸਾਹਿਬ ਨਹੀਂ ਰਿਹਾ, ਸਗੋਂ ਤੇਰੀ ਸੇਵਾ ਤੋਂ ਖੁਸ਼ ਹੋ ਕੇ ਤੈਨੂੰ ਉਸ ਨੇ ਸੇਵਕ ਤੋਂ ਦੋਸਤ ਬਣਾ ਲਿਆ ਹੈ। ਇਸ ਅਵਸਥਾ ਦੇ ਗੁਰਸਿੱਖ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਦੇ ਇਸ ਪ੍ਰਕਾਰ ਦੇ ਸ਼ਬਦ ਬੜੇ ਚੰਗੇ ਲਗਦੇ ਹਨ:

*ਡਰਿ ਡਰਿ ਮਰਤੇ ਜਬ ਜਾਨੀਐ ਦੂਰਿ ॥*
*ਡਰੁ ਚੂਕਾ ਦੇਖਿਆ ਭਰਪੂਰਿ ॥* *ਅੰਗ - 186*

*ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ ॥*
*ਅੰਗ - 475*

ਗੁਰਸਿੱਖ ਨੂੰ ਸਿਮਰਨ ਕਮਾਈ ਅਤੇ ਗੁਰਬਾਣੀ ਦੀ ਵੀਚਾਰ ਇਕ ਦਿਨ ਸੇਵਕ ਦੇ ਦਰਜੇ ਤੋਂ ਉਚਿਆਂ ਚੁਕ ਕੇ ਵਾਹਿਗੁਰੂ ਦੇ ਮਿੱਤਰ ਦਾ ਦਰਜਾ ਦਿਲਵਾ ਦੇਂਦੀ ਹੈ। ਇਸ ਅਵਸਥਾ ਵਿਚ ਗੁਰਸਿੱਖ ਇਹ ਦੇਖ ਕੇ, ਹੈਰਾਨ ਹੋ ਕੇ ਰਹਿ ਜਾਂਦਾ ਹੈ ਕਿ ਹੁਣ ਵਾਹਿਗੁਰੂ ਜੀ ਉਸ ਦੀ ਸੇਵਾ ਕਰ ਰਹੇ ਹਨ, ਉਸ ਦੇ ਸੁਭਚਿੰਤਕ ਅਤੇ ਪਰਮ ਮਿਤਰ ਹਨ। ਦਿਨ ਰਾਤ ਉਸ ਦੀ ਰਾਖੀ ਕਰਦੇ ਹਨ, ਉਸ ਨੂੰ ਉਸ ਦੇ ਆਪਣੇ ਅੰਦਰੋਂ ਵਾਹਿਗੁਰੂ ਜੀ ਸ਼ੁਭ ਫੁਰਨੇ ਭੇਜ ਕੇ ਉਸ ਦੀ ਹਰ ਪਾਸੇ ਰਹਿਨੁਮਾਈ ਕਰ ਰਹੇ ਹਨ। ਇਸ ਅਵਸਥਾ ਦੇ ਗੁਰਸਿੱਖ ਨੂੰ ਵਾਹਿਗੁਰੂ ਨੂੰ ਆਪਣੇ ਨਾਲੋਂ ਵੀ ਵਧੇਰੇ ਸ਼ੁਭਚਿੰਤਕ ਅਤੇ ਹਮਦਰਦ ਦੇਖ ਕੇ ਬੜੀ ਅਸਚਰਜ ਤੇ ਪਰਸੰਨਤਾ ਹੁੰਦੀ ਹੈ। ਆਪਣੇ ਮਿੱਤਰ ਵਾਹਿਗੁਰੂ ਨੂੰ ਜਦ ਗੁਰਸਿੱਖ ਸਮਰਥ, ਬੇਪਰਵਾਹ, ਅਤੇ ਸਭ ਘਟਨਾਵਾਂ ਦਾ ਕਾਰਨ ਕਰ ਦੇਖਦਾ ਹੈ ਤਾਂ ਉਸ ਦੇ ਵਿਚ ਅਜੀਬ ਤਸੱਲੀ, ਅਜੀਬ ਸ਼ਾਂਤੀ ਅਤੇ ਅਜੀਬ ਨਿਰਭੈਤਾ ਪੈਦਾ ਹੁੰਦੀ ਹੈ। ਉਹ ਆਪਣੇ ਮਿੱਤਰ ਵਲੋਂ ਆਪਣੀ ਇਤਨੀ ਖਬਰਗੀਰੀ ਸਹਾਇਤਾ ਅਤੇ ਸ਼ੁਭ ਇਛਿਆ ਦੇਖ ਕੇ ਕਿਸੇ ਵੇਲੇ

ਬੜਾ ਸ਼ਰਮਿੰਦਾ ਹੁੰਦਾ ਹੈ ਅਤੇ ਆਖਦਾ ਹੈ ਕਿ ਹੇ ਸਚੇ ਪਾਤਸ਼ਾਹ! ਤੂੰ ਮੈਨੂੰ ਸੇਵਕ ਤੋਂ ਚੁਕ ਕੇ ਮਿੱਤਰ ਬਣਾ ਲਿਆ ਹੈ। ਮੈਂ ਤੇ ਇਸ ਪਦਵੀ ਦੇ ਯੋਗ ਨਹੀਂ। ਮੈਂ ਤਾਂ ਤੇਰਾ ਅਜੇ ਵੀ ਦਾਸ ਹਾਂ। ਤੂੰ ਮੈਨੂੰ ਨਿਮਾਣੇ ਨੂੰ ਆਪਣੀ ਮਿਤਰਤਾਈ ਦਾ ਮਾਣ ਬਖਸ਼ ਕੇ ਡਾਹਢਾ ਸ਼ਰਮਿੰਦਾ ਕਰ ਰਿਹਾ ਹੈਂ। ਮੈਂ ਤੇ ਤੇਰਾ ਸੇਵਕ ਹੋਣ ਦੇ ਵੀ ਯੋਗ ਨਹੀਂ ਪਰ ਤੂੰ ਮੈਨੂੰ ਆਪਣਾ ਮਿੱਤਰ ਸਮਝਦਾ ਹੈਂ। ਇਹ ਤੇਰੀ ਕੀ ਅਸਚਰਜ ਲੀਲਾ ਹੈ?

ਹੁਣ ਗੁਰਸਿੱਖ ਨੂੰ ਗੁਰਬਾਣੀ ਵਿਚੋਂ ਇਸ ਪਰਕਾਰ ਦੇ ਸ਼ਬਦ ਡਾਹਡੇ ਚੰਗੇ ਲਗਦੇ ਹਨ ਅਤੇ ਉਹ ਡਾਹਡੇ ਉਤਸ਼ਾਹ ਅਤੇ ਪਰੇਮ ਨਾਲ ਇਸ ਕਿਸਮ ਦੇ ਸ਼ਬਦਾਂ ਨੂੰ ਪੜ੍ਹ ਪੜ੍ਹ ਕੇ ਨਿਹਾਲ ਹੁੰਦਾ ਹੈ:

*ਮੀਤੁ ਕਰੈ ਸੋਈ ਹਮ ਮਾਨਾ ॥*
*ਮੀਤ ਕੇ ਕਰਤਬ ਕੁਸਲ ਸਮਾਨਾ ॥*
*ਏਕਾ ਟੇਕ ਮੇਰੈ ਮਨਿ ਚੀਤ ॥*
*ਜਿਸੁ ਕਿਛੁ ਕਰਣਾ ਸੁ ਹਮਰਾ ਮੀਤ ॥*
*ਮੀਤੁ ਹਮਾਰਾ ਵੇਪਰਵਾਹਾ ॥*
*ਗੁਰ ਕਿਰਪਾ ਤੇ ਮੋਹਿ ਅਸਨਾਹਾ ॥*
*ਮੀਤੁ ਹਮਾਰਾ ਅੰਤਰਜਾਮੀ ॥*
*ਸਮਰਥ ਪੁਰਖੁ ਪਾਰਬ੍ਰਹਮੁ ਸੁਆਮੀ ॥*
*ਹਮ ਦਾਸੇ ਤੁਮ ਠਾਕੁਰ ਮੇਰੇ ॥*
*ਮਾਨੁ ਮਹਤੁ ਨਾਨਕ ਪ੍ਰਭੁ ਤੇਰੇ ॥* **ਅੰਗ - 188**

ਮਿਤਰ ਦੀ ਅਵਸਤਾ ਵਿਚ ਗੁਰਸਿੱਖ ਰਹਿਣ ਲਗ ਜਾਵੇ ਤਾਂ ਗੁਰਬਾਣੀ ਗੁਰਸਿੱਖ ਨੂੰ ਵਾਹਿਗੁਰੂ ਦਾ ਸਿੱਖ-ਮਿਤਰ ਤੋਂ ਵੀ ਇਕ ਵਡਾ ਰਿਸ਼ਤਾ ਦਸਣ ਲਗ ਜਾਂਦੀ ਹੈ। ਗੁਰਬਾਣੀ ਆਖਦੀ ਹੈ ਕਿ ਭਾਵੇਂ ਮਿੱਤਰ ਦੀ ਪਦਵੀ ਵੀ ਬੜੀ ਵੱਡੀ ਹੈ ਪਰ ਇਸ ਨਾਲੋਂ ਵੀ ਵੱਡੀ ਇਕ ਹੋਰ ਪਦਵੀ ਹੈ। ਤੂੰ ਅਸਲ ਵਿਚ ਵਾਹਿਗੁਰੂ ਨੂੰ ਮਿਤਰ ਨਾਲੋਂ ਵੀ ਪਿਆਰਾ ਹੈਂ, ਤੂੰ ਤਾਂ ਵਾਹਿਗੁਰੂ ਦਾ ਅਸਲ

ਵਿਚ ਪੁਤੱਰ ਹੈਂ। ਮਿੱਤਰ ਮਿੱਤਰ ਦਾ ਭਾਵੇਂ ਕਿਡਾ ਪਿਆਰ ਸਤਿਕਾਰ ਹੋਵੇ ਪਰ ਮਿੱਤਰ, ਮਿੱਤਰ ਦੀ ਜਾਇਦਾਦ ਦਾ ਮਾਲਕ ਨਹੀਂ ਹੋ ਸਕਦਾ। ਇਸ ਲਈ ਤੂੰ ਵਾਹਿਗੁਰੂ ਦਾ ਅਸਲ ਵਿਚ ਪੁਤਰ ਹੈਂ, ਉਸ ਦੀਆਂ ਸਭ ਸ਼ਕਤੀਆਂ ਅਤੇ ਬਰਕਤਾਂ ਦਾ ਮਾਲਕ ਹੈਂ, ਵਾਰਿਸ ਹੈਂ। ਨੌਕਰ ਅਤੇ ਮਿਤਰ ਭਾਵੇਂ ਕਿਤਨੇ ਵੀ ਚੰਗੇ ਕਿਉਂ ਨਾ ਹੋਣ ਪਰ ਉਹ ਖੂਨ ਦਾ ਰਿਸ਼ਤਾ ਨਹੀਂ ਹੋ ਸਕਦੇ, ਸਦਾ ਅਲੈਹਦਾ ਹੀ ਰਹਿਣਗੇ, ਪਰ ਪਿਤਾ ਪੁੱਤਰ ਵਿਚ ਇਕ ਖੂਨ ਹੋਣ ਕਰ ਕੇ ਕੋਈ ਫਰਕ ਨਹੀਂ ਹੁੰਦਾ। ਪੁੱਤਰ ਪਿਤਾ ਦੀਆਂ ਸਭ ਚੀਜ਼ਾਂ ਦਾ ਮਾਲਕ ਹੁੰਦਾ ਹੈ, ਪੁਤਰ ਪਿਤਾ ਦੀ ਥਾਂ ਤੇ ਖਲੋ ਸਕਦਾ ਹੈ ਅਤੇ ਪੁਤਰ ਉਹ ਕੰਮ ਕਰ ਸਕਦਾ ਹੈ ਜੋ ਪਿਤਾ ਕਰਦਾ ਹੋਵੇ। ਗੁਰਬਾਣੀ ਦੀਆਂ ਐਸੀਆਂ ਦਿਲਬਰੀਆਂ ਸੁਣ ਕੇ ਗੁਰਸਿੱਖ ਦੇ ਅੰਦਰ ਇਕ ਨਵਾਂ ਚਾਅ ਤੇ ਉਤਸ਼ਾਹ ਪੈਦਾ ਹੁੰਦਾ ਹੈ। ਉਹ ਹੁਣ ਵਾਹਿਗੁਰੂ ਨੂੰ ਆਪਣਾ ਪਿਤਾ ਮਾਤਾ, ਆਪਣਾ ਮੰਬਾ ਸਿਰਚਸ਼ਮਾ ਸਮਝਦਾ ਹੈ। ਵਾਹਿਗੁਰੂ ਤੋਂ ਪੈਦਾ ਹੋਣ ਕਰਕੇ ਗੁਰਸਿੱਖ ਨੂੰ ਗੁਰਬਾਣੀ ਦਸਦੀ ਹੈ ਕਿ ਤੇਰੇ ਅੰਦਰ ਸਭ ਉਹ ਸਿਫਤਾਂ ਮੌਜੂਦ ਹਨ ਜੋ ਤੇਰੇ ਪਿਤਾ ਵਾਹਿਗੁਰੂ ਵਿਚ ਹਨ। ਐਸੀਆਂ ਗੱਲਾਂ ਗੁਰਬਾਣੀ ਤੋਂ ਸੁਣ ਸੁਣ ਕੇ ਗੁਰਸਿੱਖ ਆਪਣੇ ਪਿਤਾ ਦੀਆਂ ਸਭ ਨਿਸ਼ਾਨੀਆਂ, ਸਭ ਸਿਫਤਾਂ ਆਪਣੇ ਆਪ ਵਿਚ ਮਹਿਸੂਸ ਕਰਨ ਲਗ ਜਾਂਦਾ ਹੈ। ਹੁਣ ਉਸ ਦੀ ਆਤਮਕ ਅਵਸਥਾ ਵਿਚ ਬੜਾ ਫਰਕ ਆਉਂਦਾ ਹੈ। ਉਹ ਆਪਣੀਆਂ ਪਹਿਲੀਆਂ ਸੇਵਕ ਅਤੇ ਮਿਤਰ ਵਾਲੀਆਂ ਦੋਹਾਂ ਅਵਸਥਾਵਾਂ ਨੂੰ ਟਪ ਕੇ ਹੁਣ ਆਪਣੇ ਆਪ ਨੂੰ ਵਾਹਿਗੁਰੂ ਦਾ ਪੁਤਰ ਮਹਿਸੂਸ ਕਰਦਾ ਹੈ। ਹੁਣ ਉਹ ਜਗਤ ਨੂੰ ਆਪਣੇ ਪਿਤਾ ਦੀ ਚੀਜ਼ ਸਮਝਦਾ ਹੈ ਅਤੇ ਪੁਤਰ ਹੋਣ ਕਰ ਕੇ ਜਗਤ ਉਤੇ, ਜਗਤ ਦੀਆਂ ਸ਼ਕਤੀਆਂ ਤੇ ਬਰਕਤਾਂ ਉਤੇ ਆਪਣਾ ਜਮਾਂਦਰੂ ਹਕ ਸਮਝਦਾ ਹੈ। ਉਹ ਆਪਣੇ ਆਪ ਨੂੰ ਸਾਰੀ ਰਚਨਾ ਦਾ ਸਿਰਤਾਜ ਜਾਂ ਪਾਤਸ਼ਾਹ ਖਿਆਲ ਕਰਦਾ ਹੈ। ਉਹ ਹੁਣ

ਆਪਣੇ ਤੋਂ ਉਤੇ ਕੇਵਲ ਵਾਹਿਗੁਰੂ ਨੂੰ ਹੀ ਦੇਖਦਾ ਹੈ ਅਤੇ ਵਾਹਿਗੁਰੂ ਤੋਂ ਜੰਮਿਆ ਜਾਇਆ ਹੋਣ ਕਰ ਕੇ ਸਾਰੀ ਜਗਤ ਰਚਨਾ ਵਿਚ ਆਪਣੇ ਵਰਗੀ ਉਚੀ ਅਤੇ ਅਸਚਰਜ ਕੋਈ ਚੀਜ਼ ਨਹੀਂ ਦੇਖਦਾ। ਵਾਹਿਗੁਰੂ ਦਾ ਪੁਤਰ ਹੋਣ ਕਰ ਕੇ ਉਹ ਆਪ ਉਤੇ ਇਸ ਜਗਤ ਸਬੰਧੀ ਬੜੀਆਂ ਜ਼ਿੰਮੇਵਾਰੀਆਂ ਮਹਿਸੂਸ ਕਰਦਾ ਹੈ। ਉਹ ਹੁਣ ਜਗਤ ਦੇ ਹੋਰ ਜੀਵਾਂ ਨੂੰ ਆਪਣੇ ਪਿਤਾ ਦਾ ਪਤਾ ਦਸ ਦਸ ਕੇ, ਪਿਤਾ ਦਾ ਜਸ ਤੇ ਸਿਫਤਾਂ ਕਰ ਕਰ ਕੇ ਜਗਤ ਦੇ ਅਗਿਆਨੀ ਜੀਵਾਂ ਨੂੰ ਉਸ ਸਚੇ ਤੇ ਉਚੇ ਰਸਤੇ ਉਤੇ ਲਿਆਉਣ ਦੀ ਕੋਸ਼ਿਸ਼ ਕਰਦਾ ਹੈ, ਜਿਸ ਰਸਤੇ ਉਤੇ ਉਸ ਨੂੰ ਇਸ ਵੇਲੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਅਕਾਲੀ ਗੁਰਬਾਣੀ ਨੇ ਲਿਆਂਦਾ ਹੈ। ਉਹ ਆਪਣੇ ਆਪ ਨੂੰ ਹੁਣ ਪਰਮ ਸੁਖੀ ਅਤੇ ਪਰਮ ਸ਼ਾਂਤ ਦੇਖ ਕੇ ਚਾਹੁੰਦਾ ਹੈ ਕਿ ਜਗਤ ਦੇ ਦੁਖੀ, ਡਾਵਾਂਡੋਲ ਅਤੇ ਭਟਕ ਰਹੇ ਜੀਵ ਵੀ ਉਸ ਦੀ ਤਰ੍ਹਾਂ ਸ਼ਾਂਤ ਤੇ ਸੁਖੀ ਹੋ ਜਾਣ। ਉਸ ਦਾ ਜੀਵਨ ਵਾਹਿਗੁਰੂ ਦੇ ਅਤੇ ਆਪਣੇ, ਪਿਤਾ ਪੁਤਰ ਵਾਲੇ ਰਿਸ਼ਤੇ ਦੇ ਮਹਾਂ ਅਨੰਦ ਨੂੰ ਮਾਨਣਾ ਅਤੇ ਜਗਤ ਦੇ ਪਰੇਸ਼ਾਨ ਜੀਵਾਂ ਨੂੰ ਵਾਹਿਗੁਰੂ ਦੇ ਪਾਸੇ ਲਿਆ ਕੇ ਸੁਖੀ ਬਨਾਣਾ ਹੁੰਦਾ ਹੈ। ਇਸ ਅਵਸਥਾ ਦੇ ਗੁਰਸਿੱਖ ਨੂੰ ਗੁਰਬਾਣੀ ਵਿਚੋਂ ਇਸ ਪਰਕਾਰ ਦੇ ਸ਼ਬਦ ਡਾਹਢੇ ਚੰਗੇ ਅਤੇ ਆਪਣੀ ਅੰਦਰਲੀ ਅਵਸਥਾ ਦੇ ਅਨੁਕੂਲ ਜਾਪਦੇ ਹਨ:

*ਨਾ ਓਹੁ ਮਰਤਾ ਨਾ ਹਮ ਡਰਿਆ ॥*
*ਨਾ ਓਹੁ ਬਿਨਸੈ ਨਾ ਹਮ ਕੜਿਆ ॥*
*ਨਾ ਓਹੁ ਨਿਰਧਨੁ ਨਾ ਹਮ ਭੂਖੇ ॥*
*ਨਾ ਓਸੁ ਦੂਖੁ ਨ ਹਮ ਕਉ ਦੂਖੇ ॥*
*ਅਵਰੁ ਨ ਕੋਊ ਮਾਰਨਵਾਰਾ ॥*
*ਜੀਅਉ ਹਮਾਰਾ ਜੀਉ ਦੇਨਹਾਰਾ ॥*
*ਨਾ ਉਸੁ ਬੰਧਨ ਨਾ ਹਮ ਬਾਧੇ ॥*
*ਨਾ ਉਸੁ ਧੰਧਾ ਨਾ ਹਮ ਧਾਧੇ ॥*
*ਨਾ ਉਸੁ ਮੈਲੁ ਨ ਹਮ ਕਉ ਮੈਲਾ ॥*

*ਓਸੁ ਅਨੰਦੁ ਤ ਹਮ ਸਦ ਕੇਲਾ ॥*
*ਨਾ ਉਸੁ ਸੋਚੁ ਨ ਹਮ ਕਉ ਸੋਚਾ ॥*
*ਨਾ ਉਸੁ ਲੇਪੁ ਨ ਹਮ ਕਉ ਪੋਚਾ ॥*
*ਨਾ ਉਸੁ ਭੂਖ ਨ ਹਮ ਕਉ ਤ੍ਰਿਸਨਾ ॥*
*ਜਾ ਉਹੁ ਨਿਰਮਲੁ ਤਾਂ ਹਮ ਜਚਨਾ ॥* *ਅੰਗ - 391*

ਭਾਵੇਂ ਸਿੱਖ ਤੇ ਵਾਹਿਗੁਰੂ ਦਾ ਪਿਤਾ ਪੁਤਰ ਦਾ ਰਿਸ਼ਤਾ ਬੜਾ ਉਚਾ ਰਿਸਤਾ ਹੈ ਐਪਰ ਗੁਰਬਾਣੀ ਗੁਰਸਿੱਖ ਨੂੰ ਪਿਤਾ ਪੁਤਰ ਵਾਲੇ ਰਿਸ਼ਤੇ ਤੋਂ ਉਪਰ ਵਲ ਲੈ ਜਾਂਦੀ ਹੈ। ਭਾਵੇਂ ਪਿਤਾ ਦੀਆਂ ਚੀਜ਼ਾਂ ਪੁਤੱਰ ਵਾਸਤੇ ਹੀ ਹੁੰਦੀਆਂ ਹਨ ਪਰ ਪਿਤਾ ਦੇ ਹੁੰਦਿਆਂ ਪਿਤਾ ਦੀਆਂ ਚੀਜ਼ਾਂ ਦਾ ਪੁੱਤਰ ਪੂਰਨ ਮਾਲਕ ਨਹੀਂ ਹੁੰਦਾ। ਇਸ ਤੋਂ ਇਲਾਵਾ ਪਿਤਾ ਅਤੇ ਪੁੱਤਰ ਭਾਵੇਂ ਇਕ ਦੂਜੇ ਦੇ ਕਿਤਨੇ ਹੀ ਪ੍ਰੇਮੀ ਕਿਉਂ ਨਾ ਹੋਣ, ਇਕ ਦੂਜੇ ਦੇ ਕਿਤਨੇ ਹੀ ਨਜ਼ਦੀਕ ਕਿਉਂ ਨਾ ਹੋਣ, ਫੇਰ ਵੀ ਉਹਨਾਂ ਦੀਆਂ ਵਖੋ ਵਖ ਦੋ ਹਸਤੀਆਂ ਅਤੇ ਦੋ ਰਿਸ਼ਤੇ ਹੁੰਦੇ ਹਨ। ਗੁਰਸਿੱਖ ਜਦ ਨਾਮ ਕਮਾਈ ਕਰਦਾ ਆਪਣੇ ਮੂਲ, ਆਪਣੇ ਆਪ ਨੂੰ ਗਹੁ ਨਾਲ ਦੇਖਦਾ ਹੈ ਤਾਂ ਉਸ ਵਿਚ ਅਤੇ ਉਸ ਦੇ ਮੂਲ ਵਿਚ ਜੋ ਸੂਖਸ਼ਮ ਦਵੈਤ ਹੁੰਦੀ ਹੈ, ਉਹ ਵੀ ਦੁਖਦਾਈ ਪ੍ਰਤੀਤ ਹੋਣ ਲਗ ਜਾਂਦੀ ਹੈ। ਇਸ ਅਵਸਥਾ ਦੇ ਗੁਰਸਿੱਖ ਅੰਦਰ ਆਪਣੇ ਮੂਲ ਵਿਚ ਚੁਭੀ ਲਾ ਕੇ ਗਵਾਚ ਜਾਣ ਦੀ, ਆਪਣੇ ਮੂਲ ਨਾਲ ਅਭੇਦ ਹੋਣ ਦੀ ਅਜੀਬ ਤੀਖਣ ਖਾਹਿਸ਼ ਪੈਦਾ ਹੁੰਦੀ ਹੈ। ਗੁਰਬਾਣੀ ਉਸ ਦੀ ਇਸ ਰੀਝ ਨੂੰ ਬਜਾਏ ਦਬਾਣ ਦੇ ਵਧਾਂਦੀ ਹੈ। ਉਸ ਦੀ ਹੌਸਲਾ ਅਫਜ਼ਾਈ ਕਰਦੀ ਅਤੇ ਉਸ ਦੀ ਆਤਮਾ ਦੀ ਪਰਮ-ਆਤਮਾ ਵਿਚ ਲੀਨ ਹੋਣ ਦੀ ਖਾਹਿਸ਼ ਦੀ ਸ਼ਲਾਘਾ ਕਰਦੀ ਹੈ। ਸਿਮਰਨ ਅਭਿਆਸੀ ਕਿਸੇ ਕਿਸੇ ਵੇਲੇ ਆਪਣੇ ਮੂਲ ਜਾਂ ਆਪਣੀ ਪਰਮ-ਆਤਮਾ ਵਿਚ ਚੁਭੀ ਲਾ ਕੇ ਦੇਖਦਾ ਹੈ ਕਿ ਐਸਾ ਕਰਨ ਨਾਲ ਉਸ ਦੇ ਜੀਵ-ਪਣੇ ਵਾਲੀ ਸਾਰੀ ਸਮਝ ਸੋਚ ਖਤਮ ਹੋ ਜਾਂਦੀ ਹੈ। ਐਪਰ ਉਹ ਇਕ ਅਜੀਬ

ਉਚੀ ਸਮਝ (Divine consciousness) ਵਿਚ ਜਾਗ ਉਠਦਾ ਹੈ। ਅਭਿਆਸੀ ਇਥੇ ਦੇਖਦਾ ਹੈ ਕਿ ਵਾਹਿਗੁਰੂ ਨਾਲ ਅਭੇਦ ਹੋਣ ਵਿਚ ਉਸ ਦਾ ਆਪਣਾ ਆਪ ਗਵਾਚਦਾ ਨਹੀਂ ਸਗੋਂ ਇਕ ਨਵੀਂ ਜ਼ਿੰਦਗੀ ਅਖਤਿਆਰ ਕਰਦਾ ਹੈ। ਇਸ ਨਵੀਂ ਜ਼ਿੰਦਗੀ ਦੇ ਸਭ ਦ੍ਰਿਸ਼ਟੀਕੋਣ ਉਸ ਦੇ ਜੀਵ ਵਾਲੇ ਦ੍ਰਿਸ਼ਟੀਕੋਣਾਂ ਦੇ ਉਲਟ ਹੁੰਦੇ ਹਨ। ਇਸ ਨਵੀਂ ਜ਼ਿੰਦਗੀ ਦੇ ਨਵੇਂ ਦ੍ਰਿਸ਼ਟੀਕੋਣ ਤੋਂ ਦੇਖਿਆਂ ਉਸ ਨੂੰ ਪ੍ਰਤੀਤ ਹੁੰਦਾ ਹੈ ਕਿ ਉਹ ਆਪ ਕਦੀ ਵੀ ਕੁਝ ਨਹੀਂ ਸੀ, ਸਗੋਂ ਉਸ ਦਾ ਮੂਲ ਹੀ ਆਪਣੀਆਂ ਵਖੋ ਵਖ ਹਾਲਤਾਂ ਵਿਚ ਵਿਚਰ ਕੇ ਇਕ ਅਜੀਬ ਚੋਜ ਜਾਂ ਖੇਡ ਖੇਡ ਰਿਹਾ ਸੀ। ਉਸ ਦਾ ਇੰਦਰਿਆਂ ਦੇ ਜੀਵਨ ਤੋਂ ਅਸੰਤੁਸ਼ਟ ਹੋਣਾ, ਉਸ ਦਾ ਸਤਿਗੁਰੂ ਦੀ ਸ਼ਰਨ ਵਿਚ ਆਉਣਾ, ਉਸ ਨੂੰ ਵਾਹਿਗੁਰੂ ਦੀ ਦੱਸ ਪੈਣੀ, ਉਸ ਦਾ ਵਾਹਿਗੁਰੂ ਦਾ ਪਹਿਲੋਂ ਸੇਵਕ ਤੇ ਮਗਰੋਂ ਮਿਤਰ ਬਣਨਾ, ਉਸ ਦਾ ਮਿਤਰ ਦੇ ਦਰਜੇ ਤੋਂ ਉਚੇ ਹੋ ਕੇ ਵਾਹਿਗੁਰੂ ਦਾ ਪੁਤਰ ਹੋਣਾ, ਇਹ ਸਭ ਵਾਹਿਗੁਰੂ ਜੀ ਦੀਆਂ ਹੀ ਕਈ ਹਾਲਤਾਂ ਦੇ ਵਖੋ ਵਖ ਨਾਮ ਸਨ। ਅਸਲ ਵਿਚ ਦੋਹੀਂ ਪਾਸੀਂ ਵਾਹਿਗੁਰੂ ਆਪ ਹੀ ਪਾਰਟ ਅਦਾ ਕਰ ਰਿਹਾ ਸੀ:

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ ਕੇਲ.ਕਰਤ ਬਿਚਿ ਸੁਆਮੀ ਮੇਰਾ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ ਸਗਲ ਬਸੇਰਾ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ ਕਹ ਕਹ ਠਾਕੁਰੁ ਕਹ ਕਹ ਚੇਰਾ ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ ਜਹ ਜਹ ਪੇਖਉ ਤਹ ਤਹ ਨੇਰਾ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ ਅਨ ਹੇਰਾ॥*

*ਅੰਗ - 827*

ਆਤਮ ਮਾਰਗ ਦੀ ਇਸ ਅਖੀਰੀ ਅਤੇ ਸੁਭਾਗ ਅਵਸਤਾ ਵਿਚ ਸਿੱਖ ਵਾਹਿਗੁਰੂ ਦਾ ਰੂਪ ਹੋ ਜਾਂਦਾ ਹੈ ਅਤੇ ਵਾਹਿਗੁਰੂ ਦਾ

ਰੂਪ ਹੋ ਕੇ ਬ੍ਰਹਮ ਦ੍ਰਿਸ਼ਟੀ ਨਾਲ ਸਭ ਕਰਮ ਕਰਦਾ ਹੈ। ਐਸੇ ਗੁਰਸਿੱਖ ਨੂੰ ਗੁਰਬਾਣੀ ਵਿਚ ਬ੍ਰਹਮ ਗਿਆਨੀ ਆਖਿਆ ਹੈ। ਐਸੇ ਬ੍ਰਹਮ ਗਿਆਨੀ ਦੇ ਲੱਛਣ ਇਸ ਪ੍ਰਕਾਰ ਲਿਖੇ ਹਨ:

*ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥*
*ਜੈਸੇ ਮੈਲੁ ਨ ਲਾਗੈ ਜਲਾ ॥*
*ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ॥*
*ਜੈਸੇ ਧਰ ਊਪਰਿ ਆਕਾਸੁ ॥*
*ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰੁ ਸਮਾਨਿ ॥*
*ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ ॥*
*ਬ੍ਰਹਮ ਗਿਆਨੀ ਊਚ ਤੇ ਊਚਾ ॥*
*ਮਨਿ ਅਪਨੈ ਹੈ ਸਭ ਤੇ ਨੀਚਾ ॥*
*ਬ੍ਰਹਮ ਗਿਆਨੀ ਸੇ ਜਨ ਭਏ ॥*
*ਨਾਨਕ ਜਿਨ ਪ੍ਰਭੁ ਆਪਿ ਕਰੇਇ ॥* ਅੰਗ - 272

*ਬ੍ਰਹਮ ਗਿਅਨੀ ਬ੍ਰਹਮ ਕਾ ਬੇਤਾ ॥*
*ਬ੍ਰਹਮ ਗਿਆਨੀ ਏਕ ਸੰਗਿ ਹੇਤਾ ॥*
*ਬ੍ਰਹਮ ਗਿਆਨੀ ਕੈ ਹੋਇ ਅਚਿੰਤ ॥*
*ਬ੍ਰਹਮ ਗਿਆਨੀ ਕਾ ਨਿਰਮਲ ਮੰਤ ॥*
*ਬ੍ਰਹਮ ਗਿਆਨੀ ਜਿਸੁ ਕਰੈ ਪ੍ਰਭੁ ਆਪਿ ॥*
*ਬ੍ਰਹਮ ਗਿਆਨੀ ਕਾ ਬਡ ਪਰਤਾਪ ॥*
*ਬ੍ਰਹਮ ਗਿਆਨੀ ਕਾ ਦਰਸੁ ਬਡਭਾਗੀ ਪਾਈਐ ॥*
*ਬ੍ਰਹਮ ਗਿਆਨੀ ਕਉ ਬਲਿ ਬਲਿ ਜਾਈਐ ॥*
*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥* ਅੰਗ - 273

# ਜੀਵ ਰਸੀਆ ਹੈ,
# ਸਦਾ ਅਨੰਦ ਭਾਲਦਾ ਹੈ

ਵਾਹਿਗੁਰੂ ਅਨੰਦ ਦੀ ਕਾਨ ਜਾਂ ਅਨੰਦ ਦਾ ਸਾਗਰ ਹੈ। ਜੀਵ ਜਦ ਵਾਹਿਗੁਰੂ ਜੀ ਤੋਂ ਵਿਛੜ ਕੇ ਜਨਮ ਧਾਰਦਾ ਹੈ ਤਾਂ ਸਰੀਰ ਧਾਰ ਕੇ ਲਭਦਾ ਮੁੜ ਮੁੜ ਅਨੰਦ ਹੀ ਹੈ ਜਿਵੇਂ ਮਛੀ ਦੀ ਪਾਣੀ ਨਾਲ ਪਰੀਤ ਹੁੰਦੀ ਹੈ ਅਤੇ ਪਾਣੀ ਤੋਂ ਵਿਛੜ ਕੇ ਮਰ ਜਾਂਦੀ ਹੈ ਅਤੇ ਖਾਣ ਵਾਲਿਆਂ ਦੇ ਪੇਟ ਅੰਦਰ ਜਾ ਕੇ ਵੀ ਪਾਣੀ ਦੀ ਭੜਕੀ ਜਾਂ ਪਿਆਸ ਪੈਦਾ ਕਰਦੀ ਹੈ, ਉਸੇ ਤਰ੍ਹਾਂ ਜੀਵ ਆਪਣੇ ਸੋਮੇ ਵਾਹਿਗੁਰੂ ਤੋਂ ਵਿਛੜ ਕੇ ਅਨੇਕ ਜਨਮ ਜਨਮਾਤਰਾਂ ਵਿਚ ਮੁੜ ਮੁੜ ਅਨੰਦ ਭਾਲਦਾ ਫਿਰਦਾ ਹੈ। ਅਨੰਦ ਨੂੰ ਭਾਲਣ ਦੀ ਜੀਵ ਦੀ ਕੋਸ਼ਿਸ਼ ਤਦ ਤਕ ਖਤਮ ਨਹੀਂ ਹੁੰਦੀ ਜਦ ਤਕ ਜੀਵ ਮੁੜ ਆਪਣੇ ਮੂਲ ਅਸਲੇ, ਆਪਣੇ ਵਾਹਿਗੁਰੂ ਨੂੰ ਨਾ ਮਿਲੇ ਅਤੇ ਮੁੜ ਅਨੰਦ ਰੂਪ ਨਾ ਹੋ ਜਾਵੇ।

ਆਪਣੇ ਜੀਵਨ ਉਤੇ ਅਗਰ ਨਜ਼ਰ ਮਾਰੀਏ ਤਾਂ ਲਗੇਗਾ ਕਿ ਅਸੀਂ ਸਾਰੀ ਉਮਰ ਵਿਚ ਜਿਤਨੇ ਵੀ ਕਰਮ ਕੀਤੇ ਹਨ, ਉਹਨਾਂ ਦਾ ਆਸ਼ਾ ਕੋਈ ਰਸ, ਕੋਈ ਤਸੱਲੀ, ਕੋਈ ਖੁਸ਼ੀ ਜਾਂ ਕੋਈ ਅਨੰਦ ਸੀ। ਸਾਡਾ ਹਰ ਇਕ ਸੁਖ ਸਾਨੂੰ ਚੰਗਾ ਤਦ ਤਕ ਲਗਦਾ ਹੈ ਜਦ ਤਕ ਉਹ ਸਾਨੂੰ ਅਨੰਦ ਦੇਵੇ। ਚੰਗਾ ਖਾਣਾ, ਚੰਗਾ ਪਹਿਨਣਾ,

ਚੰਗੀ ਥਾਂ ਤੇ ਰਹਿਣਾ ਇਸ ਕਰ ਕੇ ਚੰਗਾ ਲਗਦਾ ਹੈ ਕਿ ਇਸ ਵਿਚੋਂ ਅਨੰਦ ਆਉਂਦਾ ਹੈ। ਲੋਕੀ ਅਗਰ ਸਾਡੀ ਉਸਤਤਿ ਕਰਨ, ਸਾਡਾ ਸਤਿਕਾਰ ਕਰਨ, ਸਾਨੂੰ ਚੰਗਾ ਆਖਣ ਤਾਂ ਸਾਨੂੰ ਅਨੰਦ ਆਉਂਦਾ ਹੈ। ਅਸੀਂ ਦੇਸ਼-ਭਗਤੀ ਕਿਉਂ ਕਰਦੇ ਹਾਂ? ਕਿਉਂ ਦੇਸ਼ ਲਈ ਕੁਰਬਾਨੀਆਂ ਕਰਦੇ ਹਾਂ? ਕਿਉਂਕਿ ਐਸਾ ਕਰਨ ਨਾਲ ਸਾਡੇ ਮਨ ਨੂੰ ਆਪਣਾ ਫਰਜ਼ ਪੂਰਾ ਕਰਨ ਦੀ ਖੁਸ਼ੀ ਜਾਂ ਅਨੰਦ ਪ੍ਰਾਪਤ ਹੁੰਦਾ ਹੈ। ਦਾਨੀ ਦਾਨ ਕਿਉਂ ਕਰਦੇ ਹਨ? ਸੇਵਕ ਲੋਕ ਸੇਵਾ ਕਿਉਂ ਕਰਦੇ ਹਨ? ਕਿਉਂਕਿ ਉਹਨਾਂ ਨੂੰ ਐਸਾ ਕਰਨ ਵਿਚ ਸ਼ਾਂਤੀ ਤੇ ਅਨੰਦ ਆਉਂਦਾ ਹੈ।

ਜਦ ਸਾਡੀ ਕੋਈ ਖਾਹਿਸ਼ ਪੂਰੀ ਹੋਵੇ, ਸਾਨੂੰ ਅਨੰਦ ਆਉਂਦਾ ਹੈ। ਜਦ ਸਾਡੀ ਕੋਈ ਖਾਹਿਸ਼ ਪੂਰੀ ਨਾ ਹੋਵੇ ਸਾਨੂੰ ਅਨੰਦ ਨਹੀਂ ਆਉਂਦਾ। ਅਸੀਂ ਭਾਵੇਂ ਕਿਤਨੀ ਉਚੀ ਅਵਸਥਾ ਦੇ ਜਾਂ ਕਿਤਨੇ ਵਡੇ ਇਨਸਾਨ ਕਿਉਂ ਨਾ ਬਣ ਜਾਈਏ, ਸਾਡੀ ਹਰ ਖਾਹਿਸ਼ ਦਾ ਮਨੋਰਥ ਅਨੰਦ ਮਾਨਣਾ ਜਾਂ ਸੁਖ ਭੋਗਣਾ ਹੈ। ਜਿਵੇਂ ਮਛੀ ਦੀ ਪਾਣੀ ਨਾਲ ਪਰੀਤ ਹੈ, ਪਾਣੀ ਤੋਂ ਬਗੈਰ ਰਹਿ ਨਹੀਂ ਸਕਦੀ ਅਤੇ ਪਾਣੀ ਤੋਂ ਵਿਛੜ ਕੇ ਮਰ ਜਾਂਦੀ ਹੈ, ਤਿਵੇਂ ਜੀਵ ਦੀ ਅਨੰਦ ਨਾਲ ਪਰੀਤ ਹੈ, ਅਨੰਦ ਤੋਂ ਬਗੈਰ ਰਹਿ ਨਹੀਂ ਸਕਦਾ ਅਤੇ ਅਨੰਦ ਦੀ ਆਸ ਨਾ ਰਹੇ ਤਾਂ ਸਰੀਰ ਛਡ ਜਾਂਦਾ ਹੈ ਜਾਂ ਬੀਮਾਰ ਹੋ ਜਾਂਦਾ ਹੈ। ਬਿਮਾਰ ਬੀਮਾਰੀ ਨੂੰ ਬੁਰਾ ਕਿਉਂ ਸਮਝਦਾ ਹੈ। ਕਿਉਂਕਿ ਬੀਮਾਰੀ ਉਸ ਨੂੰ ਅਨੰਦ ਤੋਂ ਜੁਦਾ ਕਰਦੀ ਹੈ। ਬੀਮਾਰ ਪੁਰਸ਼ ਅਨੰਦ ਤੋਂ ਵਿਛੜ ਕੇ ਮਛੀ ਵਾਂਗ ਤੜਫਦਾ ਹੈ। ਜੇਕਰ ਬੀਮਾਰੀ ਵਧ ਜਾਵੇ ਅਤੇ ਮੁੜ ਰਾਜ਼ੀ ਹੋਣ ਦੀ ਆਸ ਨਾ ਰਹੇ ਤਾਂ ਜੀਵ ਅਨੰਦ ਦੇ ਵਿਛੋੜੇ ਨੂੰ ਨਾ ਸਹਾਰਦਾ ਹੋਇਆ, ਸਰੀਰ ਤਿਆਗ ਦੇਂਦਾ ਹੈ। ਸਰੀਰ ਤਿਆਗ ਕੇ ਵੀ ਜੀਵ ਦੀ ਅਨੰਦ

ਲਈ ਤੜਫ ਮੁਕਦੀ ਨਹੀਂ। ਸਗੋਂ ਅਨੰਦ ਦੀ ਤੜਫ ਜੀਵ ਨੂੰ ਮੁੜ ਮੁੜ ਨਵੇਂ ਸਰੀਰ ਵਿਚ ਲਿਆਉਂਦੀ ਰਹਿੰਦੀ ਹੈ।

ਜੀਵ ਵਾਹਿਗੁਰੂ ਜੀ ਤੋਂ ਜੋ ਕਿ ਪਰਮ ਅਨੰਦ ਹੈ, ਵਿਛੜ ਕੇ ਫੇਰ ਵਾਹਿਗੁਰੂ, ਪਰਮਾਨੰਦ ਤਕ ਪਹੁੰਚਣ ਵਾਸਤੇ ਜੋ ਲੰਬਾ ਸਫਰ ਤਹਿ ਕਰਦਾ ਹੈ, ਉਸ ਸਫਰ ਦੀਆਂ ਤਿੰਨ ਮੰਜ਼ਲਾਂ ਜਾਂ ਅਵਸਥਾਵਾਂ ਹਨ। ਇਹ ਤਿੰਨ ਅਵਸਥਾਵਾਂ ਇਸ ਪ੍ਰਕਾਰ ਹਨ:

1) ਭੋਗ ਅਨੰਦ

2) ਭਜਨ ਅਨੰਦ

3) ਬ੍ਰਹਮ ਅਨੰਦ

## ਭੋਗ ਅਨੰਦ

ਪਹਿਲੀ ਅਵਸਥਾ ਵਿਚ ਜੀਵ ਅਗਿਆਨੀ ਹੋਣ ਕਰ ਕੇ, ਇੰਦਰੀਆਂ ਦੇ ਭੋਗਾਂ ਵਿਚੋਂ ਜੋ ਆਨੰਦ ਆਉਂਦਾ ਹੈ, ਉਸ ਨੂੰ ਹੀ ਵਡਾ ਅਨੰਦ ਸਮਝਦਾ ਹੈ। ਕਈ ਜਨਮ ਦਿਨ ਰਾਤ ਇੰਦਰੀਆਂ ਦੇ ਰਸਾਂ ਨੂੰ ਭੋਗਦਾ ਤੇ ਖੁਸ਼ ਹੁੰਦਾ ਰਹਿੰਦਾ ਹੈ। ਇਸ ਅਵਸਥਾ ਦੇ ਪੁਰਸ਼ ਨੂੰ ਸਰੀਰਕ ਰਸਾਂ ਤੋਂ ਪਰੇ ਹੋਰ ਕਿਸੇ ਅਨੰਦ ਦਾ ਪਤਾ ਹੀ ਨਹੀਂ ਹੁੰਦਾ। ਸਰੀਰਕ ਰਸਾਂ ਦੀ ਪਰਾਪਤੀ ਲਈ ਉਹ ਮਾੜੇ ਮਾੜੇ ਕਰਮ ਕਰਨੇ, ਧੋਖਾ ਫਰੇਬ, ਜ਼ੁਲਮ, ਅਨਿਆਏ ਕਰਨਾ, ਸਭ ਕੁਝ ਜਾਇਜ਼ ਸਮਝਦਾ ਹੈ।

ਸਰੀਰਕ ਸੁਖਾਂ ਦਾ ਕਾਇਦਾ ਹੈ ਕਿ ਉਹ ਥੋੜੀ ਦੇਰ ਵਾਸਤੇ ਖੁਸ਼ੀ ਜਾਂ ਸੁਖ ਦੇਂਦੇ ਹਨ। ਚੰਗੇ ਖਾਣੇ ਖਾਓ, ਥੋੜਾ ਚਿਰ ਸੁਆਦ ਆਉਂਦਾ ਹੈ। ਫਿਰ ਉਹ ਸੁਆਦ ਖਤਮ ਹੋ ਜਾਂਦਾ ਹੈ, ਫੇਰ ਭੁਖ

ਲਗਦੀ ਤੇ ਚੰਗੇ ਖਾਣਿਆਂ ਲਈ ਦਿਲ ਭਟਕਦਾ ਹੈ। ਜੇਕਰ ਹਰ ਰੋਜ਼ ਚੰਗੇ ਖਾਣੇ ਮਿਲਣ ਤਾਂ ਫੇਰ ਚੰਗੇ ਖਾਣੇ ਵੀ ਸਵਾਦ ਨਹੀਂ ਲਗਦੇ, ਪਹਿਲੇ ਜਿਤਨੀ ਖੁਸ਼ੀ ਨਹੀਂ ਦੇਂਦੇ। ਚੰਗੇ ਕਪੜੇ ਪਹਿਨਿਆਂ ਅਨੰਦ ਮਹਿਸੂਸ ਹੁੰਦਾ ਹੈ ਪਰ ਕਪੜੇ ਫਟ ਜਾਂਦੇ ਹਨ। ਜੇਕਰ ਹਰ ਰੋਜ਼ ਜਾਂ ਨਿਤ ਨਵੇਂ ਚੰਗੇ ਅਤੇ ਕੀਮਤੀ ਕਪੜੇ ਪਹਿਨੀਏ ਤਾਂ ਉਹਨਾਂ ਦੀ ਆਦਤ ਹੋ ਜਾਂਦੀ ਹੈ ਅਤੇ ਉਹ ਪਹਿਲੇ ਜਿਤਨਾ ਅਨੰਦ ਨਹੀਂ ਦੇਂਦੇ। ਅੱਖਾਂ ਨੂੰ ਜੇਕਰ ਰੋਜ਼ ਸਿਨੇਮਾ, ਥੀਏਟਰ, ਰੰਗ ਤਮਾਸ਼ੇ ਦਿਖਾਓ, ਕੁਝ ਚਿਰ ਲਈ ਅੱਖਾਂ ਖੁਸ਼ ਹੁੰਦੀਆਂ ਹਨ, ਫੇਰ ਹੋਰ ਤਮਾਸ਼ਿਆਂ ਲਈ ਤਰਸਦੀਆਂ ਹਨ। ਜੇਕਰ ਅੱਖਾਂ ਨੂੰ ਰੋਜ਼ ਰੋਜ਼ ਰੰਗ ਤਮਾਸ਼ੇ ਦਿਖਾਓ ਤਾਂ ਇਹਨਾਂ ਨੂੰ ਤਮਾਸ਼ੇ ਦੇਖਣ ਦੀ ਆਦਤ ਪੈ ਜਾਂਦੀ ਹੈ ਅਤੇ ਤਮਾਸ਼ੇ ਪਹਿਲੇ ਜਿਤਨੀ ਖੁਸ਼ੀ ਨਹੀਂ ਦੇਂਦੇ। ਸੁੰਦਰ ਮਾੜੀਆਂ ਅਤੇ ਉਹਨਾਂ ਵਿਚ ਨਰਮ ਗਦੇਲਿਆਂ ਤੇ ਸੋਹਣੀਆਂ ਸੇਜਾਂ ਦਾ ਵੀ ਏਹੋ ਹਾਲ ਹੈ। ਪਹਿਲੇ ਸਵਾਦ ਆਉਂਦਾ ਹੈ ਪਰ ਜਦ ਆਦੀ ਹੋ ਜਾਵੇ ਤਾਂ ਫਿਰ ਇਹ ਚੀਜ਼ਾਂ ਵੀ ਮਾਮੂਲੀ ਲਗਣ ਲਗ ਜਾਂਦੀਆਂ ਹਨ ਅਤੇ ਪਹਿਲੇ ਜਿਤਨੀ ਤਸੱਲੀ ਤੇ ਅਨੰਦ ਨਹੀਂ ਦਿੰਦੀਆਂ।

ਸਰੀਰਕ ਸੁਖ ਭੋਗ ਭੋਗ ਕੇ ਜੀਵ ਰਜਦਾ ਤਾਂ ਨਹੀਂ, ਸਗੋਂ ਇਹਨਾਂ ਦਾ ਗੁਲਾਮ ਹੋ ਜਾਂਦਾ ਹੈ, ਚੰਗੇ ਖਾਣੇ ਖਾਣ ਦੀ, ਚੰਗੇ ਚੰਗੇ ਕਪੜੇ ਪਹਿਨਣ ਦੀ ਅਤੇ ਚੰਗੇ ਮਕਾਨਾਂ ਵਿਚ ਮਖਮਲੀ ਗਦੇਲਿਆਂ ਤੇ ਸੌਣ ਦੀ ਜੇਕਰ ਆਦਤ ਪੈ ਜਾਵੇ ਤਾਂ ਇਹਨਾਂ ਬਗੈਰ ਜੀਵਿਆ ਹੀ ਨਹੀਂ ਜਾਂਦਾ। ਇਹ ਨਾ ਮਿਲਣ ਤਾਂ ਭਾਰੀ ਦੁਖ ਹੁੰਦਾ ਹੈ। ਸਰੀਰਕ ਸੁਖਾਂ ਨੂੰ ਭੋਗਣ ਵਾਲੇ ਪੁਰਸ਼ ਦੀ ਜਿਉਂ ਜਿਉਂ ਉਹ ਸਰੀਰਕ ਸੁਖ ਭੋਗੇ, ਤਿਉਂ ਤਿਉਂ ਹੋਰ ਸੁਖਾਂ ਦੀ ਤ੍ਰਿਸ਼ਨਾ ਵਧਦੀ ਹੈ। ਜਿਵੇਂ ਅੱਗ ਵਿਚ ਜਿਉਂ ਜਿਉਂ ਲਕੜਾਂ ਪਾਈਏ ਤਿਉਂ ਤਿਉਂ

ਅਗ ਭੜਕਦੀ ਹੈ, ਤੇਜ਼ ਹੁੰਦੀ ਹੈ, ਏਸੇ ਤਰ੍ਹਾਂ ਸਰੀਰਕ ਵਿਸ਼ੇ ਜਿਉਂ ਜਿਉਂ ਜੀਵ ਭੋਗੇ ਉਸ ਦੀ ਭਟਕਣਾ ਤੇ ਖਾਹਿਸ਼ ਹੋਰ ਭੋਗਣ ਲਈ ਵਧਦੀ ਹੈ। ਸਰੀਰਕ ਸੁਖਾਂ ਦਾ ਰਸੀਆ ਜੀਵ ਕਿਸੇ ਵੇਲੇ ਆਪਣੇ ਆਪ ਨੂੰ ਸਰੀਰਕ ਵਿਸ਼ਿਆਂ ਦਾ ਡਾਢਾ ਗੁਲਾਮ ਦੇਖਦਾ ਹੈ। ਸਰੀਰਕ ਸੁਖਾਂ ਵਿਚ ਸਦਾ ਲਈ ਸੁਖੀ ਬਨਾਣ ਦੀ ਸਿਫਤ ਨਾ ਹੋਣ ਕਰ ਕੇ ਜੀਵ ਦੀ ਸਰੀਰਕ ਸੁਖਾਂ ਤੋਂ ਪੂਰੀ ਤਸੱਲੀ ਨਹੀਂ ਹੁੰਦੀ। ਇਕ ਦਿਨ ਉਹ ਦੇਖਦਾ ਹੈ ਕਿ ਸਰੀਰਕ ਸੁਖਾਂ ਜਾਂ ਇੰਦਰਿਆਂ ਦੇ ਭੋਗਾਂ ਨੇ ਉਸ ਨੂੰ ਤ੍ਰਿਪਤ ਕਰਨ ਦੀ ਬਜਾਏ ਆਪਣੇ ਅਧੀਨ ਬਣਾ ਕੇ ਸਗੋਂ ਅਸ਼ਾਂਤ ਕਰ ਦਿਤਾ ਹੈ। ਉਹ ਫੇਰ ਦੇਖਦਾ ਹੈ ਕਿ ਸਰੀਰਕ ਸੁਖਾਂ ਦੀ ਉਸ ਦੀ ਖਾਹਿਸ਼ ਤਾਂ ਮੁਕਣ ਦੀ ਬਜਾਏ ਸਗੋਂ ਭੜਕ ਉਠੀ ਹੈ, ਐਪਰ ਮੌਤ ਨੇ ਆ ਕੇ ਉਸ ਦੀਆਂ ਸਾਰੀਆਂ ਖੁਸ਼ੀਆਂ ਤੇ ਪਾਣੀ ਫੇਰ ਦਿਤਾ ਹੈ। ਇਸ ਤਰ੍ਹਾਂ ਜੀਵ ਸਰੀਰਕ ਭੋਗਾਂ ਨੂੰ ਭੋਗਦਾ ਅਨੇਕ ਜਨਮ ਬਤੀਤ ਕਰਦਾ ਹੈ। ਹਰ ਜਨਮ ਦੇ ਵਿਚ ਉਸ ਦੀ ਕੋਸ਼ਿਸ ਸਰੀਰਕ ਰਸਾਂ ਭੋਗਾਂ ਨਾਲ ਆਪਣੇ ਆਪ ਨੂੰ ਸੰਤੁਸ਼ਟ ਕਰਨ ਦੀ ਹੁੰਦੀ ਹੈ ਅਤੇ ਹਰ ਜਨਮ ਬਾਦ ਉਹ ਦੇਖਦਾ ਹੈ ਕਿ ਉਹ ਸਰੀਰਕ ਸੁੱਖਾਂ ਨਾਲ ਰੱਜ ਨਹੀਂ ਸਕਿਆ। ਉਹ ਆਪ ਤਾਂ ਸਰੀਰਕ ਸੁਖ ਭੋਗਦਾ ਭੋਗਦਾ ਖਤਮ ਹੋ ਜਾਂਦਾ ਹੈ ਐਪਰ ਸਰੀਰਕ ਰਸਾਂ ਭੋਗਾਂ ਦੀ ਖਾਹਿਸ਼ ਖਤਮ ਨਹੀਂ ਹੁੰਦੀ।

ਵਾਹਿਗੁਰੂ ਜੀ ਤੋਂ ਵਿਛੜ ਕੇ ਜੀਵ ਅੰਦਰ ਮੁੜ ਕਿਸੇ ਅਟਲ ਸੁਖ ਜਾਂ ਅਨੰਦ ਦੀ ਪਰਾਪਤੀ ਦੀ ਖਾਹਿਸ਼ ਸਦਾ ਕਾਇਮ ਰਹਿੰਦੀ ਹੈ। ਸਰੀਰਕ ਸੁਖਾਂ ਦੇ ਭੋਗਾਂ ਵਿਚ ਕਿਉਂਕਿ ਜੀਵ ਨੂੰ ਅਟਲ ਤੇ ਅਬਿਨਾਸੀ ਅਨੰਦ ਨਹੀਂ ਮਿਲਦਾ, ਇਸ ਕਰ ਕੇ ਇਹ ਨਿਰਾਸ ਹੋ ਜਾਂਦਾ ਹੈ ਅਤੇ ਨਿਰਾਸ਼ ਹੋ ਕੇ ਕਦੀ ਇਸ ਦੇ ਅੰਦਰੋਂ

ਅਰਦਾਸ ਨਿਕਲਦੀ ਹੈ:

*ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ ॥*
*ਭਵਜਲ ਤੇ ਕਾਢਹੁ ਪ੍ਰਭੂ ਨਾਨਕ ਤੇਰੀ ਟੇਕ ॥*

*ਅੰਗ - 261*

ਜਦ ਜੀਵ ਦੇ ਅੰਦਰ ਕਿਸੇ ਅਚਲ ਸੁਖ ਦੀ ਖਾਹਿਸ਼ ਪੈਦਾ ਹੋ ਜਾਵੇ ਤਾਂ ਫਿਰ ਇਹ ਅਟਲ ਸੁਖ ਦੀ ਤਲਾਸ਼ ਵਿਚ ਧਾਰਮਕ ਜਾਂ ਆਤਮਕ ਪੁਰਸ਼ਾਂ ਦੀ ਸ਼ਰਨ ਆਉਂਦਾ ਹੈ ਅਤੇ ਉਹਨਾਂ ਦੀ ਸਿਖਸ਼ਾ ਅਨੁਸਾਰ ਸਿਮਰਨ ਭਜਨ ਦਾ ਜੀਵਨ ਬਤਤੀ ਕਰਨਾ ਅਰੰਭਦਾ ਹੈ।

## ਭਜਨ ਅਨੰਦ

ਆਤਮਕ ਮਹਾਂਪੁਰਸ਼ ਜੀਵ ਨੂੰ ਦਸ ਦੇਂਦੇ ਹਨ ਕਿ ਉਹ ਅਟਲ ਤੇ ਅਬਿਨਾਸੀ ਸੁਖ ਜਿਸ ਦੀ ਤੂੰ ਮੁਦਤ ਤੋਂ ਤਲਾਸ਼ ਕਰ ਰਿਹਾ ਹੈਂ, ਮੈਨੂੰ ਵਾਹਿਗੁਰੂ, ਜੀ ਨੂੰ ਮੁੜ ਮਿਲਣ ਉਤੇ ਹੀ ਪਰਾਪਤ ਹੋਵੇਗਾ। ਮਹਾਂਪੁਰਸ਼ ਉਸ ਨੂੰ ਉਸ ਦੀ ਸਾਰੀ ਕਹਾਣੀ ਸੁਣਾਂਦੇ ਹਨ ਕਿ ਉਹ ਪਹਿਲੇ ਵਾਹਿਗੁਰੂ ਜੀ ਦੇ ਪਾਸ ਵਾਹਿਗੁਰੂ ਜੀ ਨਾਲ ਅਭੇਦ ਹੋਇਆ ਰਹਿੰਦਾ ਸੀ ਅਤੇ ਪਰਮ ਆਨੰਦ ਨੂੰ ਮਾਣਦਾ ਸੀ। ਉਹ ਵਾਹਿਗੁਰੂ ਜੀ ਤੋਂ ਵਿਛੜ ਗਿਆ ਅਤੇ ਅਨੇਕ ਜਨਮ ਸਰੀਰਕ ਭੋਗਾਂ ਵਿਚੋਂ ਪਰਮ ਅਨੰਦ ਪਰਾਪਤ ਨਾ ਹੋ ਸਕਿਆ ਤਾਂ ਹੁਣ ਉਹ ਪਰਮ ਅਨੰਦ ਦੀ ਤਲਾਸ਼ ਵਿਚ ਆਤਮ ਸਾਇੰਸ (Spiritualism) ਦੀ ਸ਼ਰਨ ਵਿਚ ਆਇਆ ਹੈ। ਮਹਾਂਪੁਰਸ਼ ਜੀਵ ਨੂੰ ਇਹ ਵੀ ਦਸਦੇ ਹਨ ਕਿ ਵਾਹਿਗੁਰੂ ਜਿਸ ਤੋਂ ਜੀਵ ਵਿਛੜ ਗਿਆ ਸੀ, ਉਹ ਉਸ ਦੇ ਆਪਣੇ ਅੰਦਰ ਹੀ ਸਦਾ ਗੁਪਤ ਹਾਲਤ ਵਿਚ ਮੌਜੂਦ ਹੈ ਅਤੇ ਵਾਹਿਗੁਰੂ ਨੂੰ ਮਿਲ ਕੇ ਹੀ ਜੀਵ ਨੂੰ ਮੁੜ

ਅਟਲ ਤੇ ਅਬਨਾਸੀ ਅਨੰਦ ਹਾਸਲ ਹੋਵੇਗਾ। ਮਹਾਂਪੁਰਸ਼ ਜੀਵ ਨੂੰ ਦਸਦੇ ਹਨ ਕਿ ਵਾਹਿਗੁਰੂ ਤਕ ਪਹੁੰਚਣ ਦਾ ਤਰੀਕਾ ਗੁਰਬਾਣੀ ਨੂੰ ਸਮਝ ਸੋਚ ਕੇ ਪੜ੍ਹਨਾ, ਗੁਰਬਾਣੀ ਦਵਾਰਾ ਵਾਹਿਗੁਰੂ ਦੇ ਸੁਭਾਉ ਅਤੇ ਉਸ ਦੀਆਂ ਸਿਫਤਾਂ ਤੋਂ ਵਾਕਿਫ ਹੋਣਾ ਅਤੇ ਫਿਰ ਵਾਹਿਗੁਰੂ ਜੀ ਨੂੰ ਨਿਰਮਾਣ ਹੋ ਕੇ ਪਿਆਰ ਨਾਲ ਯਾਦ ਕਰਨਾ ਜਾਂ ਨਾਮ ਕਮਾਈ ਕਰਨਾ ਹੈ। ਇਸ ਪ੍ਰੇਰਨਾ ਅਨੁਸਾਰ ਜੀਵ ਭਜਨ ਕਰਨਾ (ਨਾਮ ਜਪਣਾ) ਸ਼ੁਰੂ ਕਰਦਾ ਹੈ। ਵਾਹਿਗੁਰੂ ਜੀ ਤਕ ਪਹੁੰਚਣ ਦੇ ਰਸਤੇ ਦੀ ਜੀਵ ਲਈ ਹੁਣ ਇਹ ਦੂਸਰੀ ਮੰਜ਼ਲ ਹੁੰਦੀ ਹੈ।

ਵਾਹਿਗੁਰੂ ਤਕ ਪਹੁੰਚਣ ਵਾਲੇ ਰਸਤੇ ਦੀ ਦੂਸਰੀ ਮੰਜ਼ਲ ਵਿਚ ਜੀਵ ਈਸ਼ਵਰ ਦੀਆਂ ਬੇਅੰਤ ਸਿਫਤਾਂ ਗੁਰਬਾਣੀ ਜਾਂ ਹੋਰ ਧਰਮ ਗਰੰਥਾਂ ਤੋਂ ਸੁਣਦਾ ਅਤੇ ਐਸੇ ਗੁਣਾਂ ਵਾਲੇ ਅਤੇ ਸੁਖ ਸਾਗਰ ਵਾਹਿਗੁਰੂ ਦੀ ਯਾਦ ਅਰੰਭ ਕਰਦਾ ਹੈ। ਜਿਉਂ ਜਿਉਂ ਉਸ ਨੂੰ ਵਾਹਿਗੁਰੂ ਜੀ ਦੇ ਗੁਣਾਂ ਦਾ ਪਤਾ ਲਗਦਾ ਹੈ ਅਤੇ ਉਹ ਵਾਹਿਗੁਰੂ ਜੀ ਦਾ ਨਾਮ ਜਪਦਾ ਹੈ, ਤਿਉਂ ਤਿਉਂ ਉਸ ਦਾ ਮਨ ਆਪਣੇ ਅੰਦਰ ਐਸਾ ਅਸਚਰਜ ਅਨੰਦ ਮਹਿਸੂਸ ਕਰਦਾ ਹੈ ਜਿਸ ਵਰਗਾ ਅਨੰਦ ਸਰੀਰਕ ਸੁਖਾਂ ਜਾਂ ਇੰਦਰਿਆਂ ਦੇ ਵਿਸ਼ਿਆਂ ਭੋਗਾਂ ਵਿਚ ਕਦੀ ਨਹੀਂ ਸੀ ਆਇਆ। ਇਸ ਅਵਸਥਾ ਵਿਚ ਜੀਵ ਨੂੰ ਅਸਲ ਅਨੰਦ ਦਾ ਪਤਾ ਲਗਦਾ ਹੈ ਅਤੇ ਉਹ ਮਹਿਸੂਸ ਕਰਦਾ ਹੈ ਕਿ ਉਸ ਨੇ ਜਿਤਨੇ ਜਨਮ ਸਰੀਰਕ ਸੁਖਾਂ ਜਾਂ ਇੰਦਰੀਆਂ ਦੇ ਵਿਸ਼ੇ ਭੋਗਣ ਵਿਚ ਗੁਜ਼ਾਰੇ, ਉਹ ਭਜਨ ਦੇ ਅਨੰਦ ਦੇ ਮੁਕਾਬਲੇ ਵਿਚ ਤੁਛ ਸਨ। ਉਸ ਨੂੰ ਇਸ ਅਵਸਥਾ ਵਿਚ ਆਪਣੇ ਅੰਦਰੋਂ ਆ ਰਹੇ ਆਤਮਕ ਅਨੰਦ ਦੀ ਉਚਤਾ ਅਤੇ ਸਰੇਸ਼ਟਤਾ ਦਾ ਗਿਆਨ ਹੁੰਦਾ ਹੈ।

ਇਹ ਅਵਸਥਾ ਭਾਵੇਂ 'ਅਨੰਦ ਭੋਗ' ਵਾਲੀ ਅਵਸਥਾ ਤੋਂ ਬਹੁਤ ਚੰਗੀ ਹੁੰਦੀ ਹੈ ਪਰ ਇਸ ਵਿਚ ਜੀਵ ਜੋ ਅਨੰਦ ਭਜਨ ਵੇਲੇ ਮਾਣਦਾ ਹੈ ਉਹ ਹਰ ਵੇਲੇ ਨਹੀਂ ਰਹਿੰਦਾ। ਸੁਖਮਨੀ ਜੀ ਦਾ ਪਾਠ ਕਰਦਿਆਂ ਜੋ ਆਤਮਕ ਅਨੰਦ ਆਉਂਦਾ ਹੈ, ਉਹ ਪਾਠ ਮਗਰੋਂ ਗਾਇਬ ਹੋ ਜਾਂਦਾ ਹੈ, ਨਾਮ ਕਮਾਈ ਵੇਲੇ ਜਦ ਮਨ ਇਕਾਗਰ ਹੋਵੇ ਤਾਂ ਇਸ ਮਹਾਂ ਅਨੰਦ ਦਾ ਸਵਾਦ ਆਉਂਦਾ ਹੈ, ਉਹ ਹਰ ਵੇਲੇ ਨਹੀਂ ਰਹਿੰਦਾ। ਜੀਵ ਚਾਹੁੰਦਾ ਹੈ ਕਿ ਭਜਨ ਵੇਲੇ ਆਇਆ ਅਨੰਦ ਉਸ ਨੂੰ ਹਰ ਵੇਲੇ ਆਵੇ ਪਰ ਐਸਾ ਨਹੀਂ ਹੁੰਦਾ। ਇਸ ਅਵਸਥਾ ਦੇ ਸ਼ੁਰੂ ਸ਼ੁਰੂ ਵਿਚ ਜੀਵ ਦਾ ਮਨ ਬੜਾ ਡੋਲਦਾ ਹੈ, ਕਦੀ ਸਰੀਰਕ ਸੁਖਾਂ ਦੀ ਐਸੀ ਖਿਚ ਪੈਂਦੀ ਹੈ ਕਿ ਉਹ ਭਜਨ, ਬੰਦਗੀ, ਇਬਾਦਤ ਸਭ ਕੁਝ ਭੁਲ ਕੇ ਮੁੜ ਇੰਦਰਿਆਂ ਦੇ ਵਿਸ਼ੇ ਭੋਗਾਂ ਵਿਚ ਫਸ ਜਾਂਦਾ ਹੈ। ਬੜੀ ਮੁਸ਼ਕਲ ਨਾਲ ਇੰਦਰਿਆਂ ਦੇ ਰਸਾਂ ਤੋਂ ਉਪਰਾਮ ਹੋ ਕੇ ਜੇਕਰ ਆਤਮਕ ਰਸ ਵਿਚ ਲੀਨ ਹੋਵੇ ਵੀ ਤਾਂ ਆਤਮਕ ਰਸ ਹਮੇਸ਼ਾਂ ਇਕ ਤਾਰ ਨਹੀਂ ਆਉਂਦਾ। ਮਨ ਦੇ ਪੁਰਾਣੇ ਨਿਸਚੇ ਅਤੇ ਦਿਲਚਸਪੀਆਂ ਮੁੜ ਮੁੜ ਆਤਮਕ ਰਸ ਵਿਚ ਵਿਘਨ ਪਾਂਦੀਆਂ ਹਨ।

ਭਜਨ-ਅਨੰਦ, ਭਜਨ ਦੀ ਅਖੀਰਲੀ ਅਵਸਥਾ ਵਿਚ ਬੜਾ ਸੁਹਾਵਣਾ ਹੋ ਜਾਂਦਾ ਹੈ। ਭਜਨ ਵਿਚ ਬੈਠਿਆਂ ਕਈ ਵਾਰ ਅੰਦਰੋਂ ਗਿਆਨ ਹੋਣ ਲਗ ਜਾਂਦਾ ਹੈ, ਮਾਮਲੇ ਦੀ ਸਮਝ ਆਉਣ ਲਗ ਜਾਂਦੀ ਹੈ। ਗੁਰਬਾਣੀ ਪੜ੍ਹਦਿਆਂ ਉਹਨਾਂ ਮਹਾਂਵਾਕਾਂ ਦੀ ਸਮਝ ਪੈਣ ਲਗ ਜਾਂਦੀ ਹੈ, ਜਿਨ੍ਹਾਂ, ਦੀ ਪਹਿਲੇ ਬਿਲਕੁਲ ਸਮਝ ਨਹੀਂ ਸੀ ਆਉਂਦੀ।

ਭਜਨ ਦੀ ਅਖੀਰਲੀ ਅਵਸਥਾ ਵਿਚ ਗੁਰਬਾਣੀ ਦੇ ਅੰਤਰੀਵ ਭਾਵ ਨਾਮ ਅਭਿਆਸੀ ਤੇ ਖੁਲਣੇ ਸ਼ੁਰੂ ਹੁੰਦੇ ਹਨ।

ਗੁਰਬਾਣੀ ਅਭਿਆਸੀ ਨੂੰ ਦਸਦੀ ਹੈ ਕਿ ਵਾਹਿਗੁਰੂ ਜੋ ਸੁਖਾਂ ਦਾ ਸਗਰ ਹੈ, ਅਨੰਦ ਹੀ ਅਨੰਦ ਹੈ, ਉਹ ਤੇਰਾ ਆਪਣਾ ਮੂਲ ਹੈ, ਤੇਰੀ ਆਪਣੀ ਅਸਲੀਅਤ ਹੈ, ਤੇਰਾ ਆਪਣਾ ਅਸਲ 'ਆਪਾ' ਹੈ। ਵਾਹਿਗੁਰੂ ਦਾ ਤੇ ਤੇਰਾ ਅਟਲ ਤੇ ਅਤੁਟ ਰਿਸ਼ਤਾ ਹੈ। ਤੂੰ ਅਸਲ ਵਿਚ ਵਾਹਿਗੁਰੂ ਦਾ ਪੁਤਰ ਹੈਂ। ਤੇਰੇ ਵਿਚ ਵਾਹਿਗੁਰੂ ਜੀ ਦੀਆਂ ਸਿਫਤਾਂ ਵਾਹਿਗੁਰੂ ਜੀ ਵਲੋਂ ਹੀ ਹਨ। ਤੈਨੂੰ ਵਾਹਿਗੁਰੂ ਜੀ ਨਾਲ ਹਮੇਸ਼ਾ ਲਈ ਮਿਲਣ ਜਾਂ ਅਭੇਦ ਹੋਣ ਵਾਸਤੇ ਕੇਵਲ ਆਪਣੇ ਅਤੁਟ ਤੇ ਅਟਲ ਰਿਸ਼ਤੇ ਨੂੰ ਸਮਝਣਾ ਚਾਹੀਦਾ ਹੈ। ਜਦ ਤੂੰ ਵਾਹਿਗੁਰੂ ਜੀ ਦਾ ਨਾਮ ਸਵਾਸ ਸਵਾਸ ਜਪਦਾ ਰਹੇਂਗਾ ਤਾਂ ਤੇਰੀ ਅਤੇ ਤੇਰੇ ਪਿਤਾ ਦੀ ਆਪਸ ਵਿਚ ਅਭੇਦਤਾ ਪੈਦਾ ਹੋਣ ਲਗ ਜਾਵੇਗੀ ਅਤੇ ਆਖਰ ਇਕ ਐਸੀ ਅਵਸਥਾ ਆ ਜਾਵੇਗੀ ਜਦ ਤੂੰ ਵਾਹਿਗੁਰੂ ਜੀ ਦਾ ਰੂਪ ਹੋ ਜਾਵੇਂਗਾ। ਤੈਨੂੰ ਫੇਰ ਦੁਨੀਆਂ ਦੀ ਕੋਈ ਸ਼ਕਤੀ ਵਾਹਿਗੁਰੂ ਜੀ ਤੋਂ ਵਿਛੋੜ ਨਹੀਂ ਸਕੇਗੀ। ਜਦ ਜੀਵ ਗੁਰਬਾਣੀ ਦੀ ਪ੍ਰੇਰਨਾ ਅਨੁਸਾਰ ਪੂਰਨ ਨਾਮ ਕਮਾਈ ਕਰੇ ਤਾਂ ਫਿਰ ਉਸ ਨੂੰ ਬ੍ਰਹਮ (ਵਾਹਿਗੁਰੂ ਜੀ) ਦਾ ਗਿਆਨ ਹੋ ਜਾਂਦਾ ਹੈ ਅਤੇ ਬ੍ਰਹਮ ਗਿਆਨੀ ਦੀ ਉਚੀ ਅਵਸਥਾ ਮਾਣਦਾ ਹੈ।

## ਬ੍ਰਹਮ ਅਨੰਦ

ਬ੍ਰਹਮ ਗਿਆਨੀ ਸਦਾ ਬ੍ਰਹਮ ਅਨੰਦ ਨੂੰ ਮਾਣਦਾ ਹੈ। ਬ੍ਰਹਮ ਗਿਆਨੀ ਬ੍ਰਹਮ ਅਨੰਦ (ਮਹਾਂਅਨੰਦ) ਨੂੰ ਮਾਣਦਾ ਆਪ ਮਹਾਂ ਅਨੰਦ ਹੋ ਜਾਂਦਾ ਹੈ।

ਬ੍ਰਹਮ ਅਨੰਦ ਜਦ ਜੀਵ ਨੂੰ ਆਉਣ ਲਗ ਜਾਵੇ ਤਾਂ ਫਿਰ ਇਸ ਨੂੰ ਭੋਗ ਅਨੰਦ ਦੀ ਕੋਈ ਇਛਿਆ ਨਹੀਂ ਰਹਿੰਦੀ। ਭਜਨ

ਵੇਲੇ ਜੋ ਅਨੰਦ ਕਦੀ ਕਦੀ ਆਉਂਦਾ ਸੀ, ਉਹ ਅਨੰਦ ਹੁਣ ਵਧ ਕੇ ਮਹਾਂ ਅਨੰਦ ਹੋ ਜਾਂਦਾ ਹੈ ਅਤੇ ਕਦੀ ਕਦੀ ਆਉਣ ਦੀ ਬਜਾਏ ਹਰ ਵੇਲੇ ਇਕ ਤਾਰ ਆਉਂਦਾ ਹੈ। ਜੀਵ ਨੂੰ ਹੁਣ ਪਤਾ ਲਗਦਾ ਹੈ ਕਿ ਉਹ ਕਿਸੇ ਵੇਲੇ ਏਸੇ ਬ੍ਰਹਮ-ਅਨੰਦ (ਵਾਹਿਗੁਰੂ) ਤੋਂ ਵਿਛੜ ਗਿਆ ਸੀ ਤੇ ਇਸ ਤੋਂ ਵਿਛੜ ਕੇ ਮੁੜ ਇਸੇ ਪਰਮ ਅਨੰਦ ਦੀ ਤਲਾਸ਼ ਵਿਚ ਪਹਿਲੇ ਭੋਗ ਅਨੰਦ ਦੇ ਮੰਡਲਾਂ ਵਿਚ ਫਿਰਦਾ ਰਿਹਾ ਅਤੇ ਫੇਰ ਭਜਨ ਅਨੰਦ ਦੀ ਅਵਸਤਾ ਵਿਚੋਂ ਆਪਣੀ ਢੂੰਡ ਜਾਰੀ ਰਖ ਕੇ ਅਖੀਰ ਆਪਣੇ ਅਸਲੀ ਅਸਥਾਨ ਤਕ ਪਹੁੰਚਿਆ ਹੈ। ਬ੍ਰਹਮ ਅਨੰਦ ਨੂੰ ਮਾਣ ਕੇ ਜੀਵ ਫੇਰ ਜਨਮ ਨਹੀਂ ਲੈਂਦਾ। ਜਨਮ ਲਵੇ ਵੀ ਫੇਰ ਕਾਹਦੇ ਲਈ।

*ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ ॥*
*ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ ॥* *ਅੰਗ - 273*

*ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥*
*ਅੰਗ - 13*

# ਭਗਤੀ ਦੀਆਂ ਦੋ ਅਵਸਥਾਵਾਂ

ਆਤਮ ਸਾਗਰ ਵਿਚ ਵੈਸੇ ਤਾਂ ਕਈ ਅਵਸਥਾਵਾਂ ਆਉਂਦੀਆਂ ਹਨ ਪਰ ਦੋ ਅਵਸਥਾਵਾਂ ਐਸੀਆਂ ਹਨ ਜਿਨ੍ਹਾਂ ਅੰਦਰ ਬਾਕੀ ਦੀਆਂ ਸਾਰੀਆਂ ਅਵਸਥਾਵਾਂ ਸ਼ਾਮਿਲ ਕੀਤੀਆਂ ਜਾ ਸਕਦੀਆਂ ਹਨ। ਇਹ ਦੋ ਅਵਸਥਾਵਾਂ ਇਸ ਪ੍ਰਕਾਰ ਹਨ:

### ਪਹਿਲੀ ਅਵਸਥਾ

ਇਸ ਅਵਸਥਾ ਵਿਚ ਗੁਰਸਿੱਖ ਵਾਹਿਗੁਰੂ ਜੀ ਨੂੰ ਮਿਲਣ ਸਬੰਧੀ ਆਪ ਕੋਸ਼ਿਸ਼ਾਂ ਕਰਦਾ ਹੈ। ਉਹ ਸਾਧ ਸੰਗਤ ਵਿਚ ਜਾਂਦਾ ਹੈ, ਕੀਰਤਨ ਸੁਣਦਾ ਹੈ, ਗੁਰਬਾਣੀ ਪੜ੍ਹਦਾ ਤੇ ਵਿਚਾਰਦਾ ਹੈ, ਸਿਮਰਨ ਕਰਦਾ ਹੈ, ਸੇਵਾ ਤੇ ਪਰਉਪਕਾਰ ਕਰਦਾ ਹੈ ਅਤੇ ਆਪਣੇ ਦੁਨਿਆਵੀ ਤੇ ਆਤਮਕ ਭਲੇ ਲਈ ਅਰਦਾਸਾਂ ਕਰਦਾ ਹੈ। ਇਸ ਅਵਸਥਾ ਦਾ ਗੁਰਸਿੱਖ ਆਪਣੀ ਕੋਸ਼ਿਸ਼ ਨਾਲ ਅਤੇ ਆਪਣੇ ਪ੍ਰੋਗਰਾਮ ਅਨੁਸਾਰ ਆਤਮ ਮਾਰਗ ਤੇ ਚਲਦਾ ਹੈ ਅਤੇ ਉਸ ਦੀ ਹਮੇਸ਼ਾ ਅਰਦਾਸ ਇਹ ਹੁੰਦੀ ਹੈ ਕਿ ਵਾਹਿਗੁਰੂ ਕਿਰਪਾ ਕਰੇ ਤੇ ਮੈਨੂੰ ਸਾਧ ਸੰਗਤ ਬਖਸ਼ੇ, ਕੀਰਤਨ ਵਿਚ ਮੇਰਾ ਮਨ ਜੋੜੇ, ਗੁਰਬਾਣੀ ਦੀ ਮੈਨੂੰ ਸੂਝ ਬਖਸ਼ੇ, ਮੈਥੋਂ ਨਾਮ ਜਪਾਵੇ, ਸੇਵਾ ਤੇ ਪਰਉਪਕਾਰ ਕਰਾਵੇ, ਮੈਨੂੰ ਆਪਣਾ ਬਣਾ ਲਵੇ, ਮੈਨੂੰ ਦੇਹ ਅਰੋਗਤਾ ਬਖਸ਼ੇ, ਮੇਰਾ ਕਾਰੋਬਾਰ ਚੰਗਾ ਚਲਾਵੇ, ਮੇਰੀ ਔਲਾਦ ਨੇਕ ਤੇ ਗੁਰਮੁਖ ਹੋਵੇ, ਮੈਨੂੰ ਦੀਨ ਦੁਨੀਆਂ ਵਲੋਂ ਸੁਰਖਰੂਈ ਅਤੇ ਕਾਮਯਾਬੀ ਬਖਸ਼ੇ।

ਆਤਮ ਮਾਰਗ ਦੀ ਇਸ ਅਵਸਥਾ ਦੇ ਪਾਂਧੀ ਦੀ ਹਾਲਤ ਇਕ ਮਿਸਾਲ ਦੇ ਕੇ ਚੰਗੀ ਤਰ੍ਹਾਂ ਵਰਨਣ ਕੀਤੀ ਜਾ ਸਕਦੀ ਹੈ। ਬਾਂਦਰੀ ਦਾ ਬੱਚਾ ਆਪਣੀ ਮਾਤਾ ਨੂੰ ਚੰਬੜਿਆ ਰਹਿੰਦਾ ਹੈ। ਬਾਂਦਰੀ ਤੁਰਦੀ ਫਿਰਦੀ ਦਰਖਤਾਂ ਤੇ ਚੜ੍ਹਦੀ ਦੌੜ ਦੌੜ ਛਾਲਾਂ ਮਾਰਦੀ ਤੇ ਕੋਠੇ ਟਪਦੀ ਫਿਰਦੀ ਹੈ ਪਰ ਉਸ ਦਾ ਬੱਚਾ, ਉਹ ਜਿਥੇ ਵੀ ਜਾਵੇ ਉਸ ਨੂੰ ਘੁਟ ਕੇ ਫੜੀ ਰਖਦਾ ਹੈ ਅਤੇ ਡਿਗਣ ਤੋਂ ਬਚਿਆ ਰਹਿੰਦਾ ਹੈ। ਬਾਂਦਰੀ ਬੱਚੇ ਨੂੰ ਢਿਡ ਨਾਲ ਤਾਂ ਲਾਈ ਫਿਰਦੀ ਹੈ ਪਰ ਘੁਟ ਕੇ ਫੜਿਆ ਹੋਇਆ ਬੱਚੇ ਨੇ ਹੁੰਦਾ ਹੈ ਬਾਂਦਰੀ ਨੇ ਨਹੀਂ। ਕੀ ਬਾਂਦਰੀ ਚਾਹੁੰਦੀ ਹੈ ਕਿ ਉਸ ਦਾ ਬੱਚਾ ਡਿੱਗ ਪਵੇ? ਨਹੀਂ! ਪਰ ਡਿਗਣ ਨਾ ਡਿਗਣ ਦੀ ਸਾਰੀ ਜ਼ਿਮੇਵਾਰੀ ਬੱਚੇ ਨੇ ਆਪਣੇ ਉਤੇ ਲਈ ਹੁੰਦੀ ਹੈ। ਉਹ ਖੁਦ ਮਾਤਾ ਨੂੰ ਘੁਟ ਕੇ ਫੜੀ ਰਖਦਾ ਹੈ ਇਸ ਕਰਕੇ ਉਹ ਨਹੀਂ ਡਿਗਦਾ। ਜੇ ਬਾਂਦਰੀ ਦਾ ਬੱਚਾ ਆਪਣੇ ਹਥ ਛਡ ਦੇਵੇ, ਆਪਣੀ ਪਕੜ ਢਿੱਲੀ ਕਰ ਦੇਵੇ ਤਾਂ ਜ਼ਰੂਰ ਡਿਗ ਸਕਦਾ ਹੈ। ਇਸ ਲਈ ਬਾਂਦਰੀ ਆਪਣੇ ਬੱਚੇ ਵਲੋਂ ਨਿਸਚਿੰਤ ਹੁੰਦੀ ਹੈ। ਉਸ ਨੂੰ ਪਤਾ ਹੁੰਦਾ ਹੈ ਕਿ ਉਸ ਦੇ ਬੱਚੇ ਨੇ ਉਸ ਨੂੰ ਘੁਟ ਕੇ ਪਕੜਿਆ ਹੋਇਆ ਹੈ। ਇਸ ਲਈ ਬਾਂਦਰੀ ਦੇ ਬੱਚੇ ਦੇ ਡਿਗਣ ਦੀ ਜ਼ਿਮੇਵਾਰੀ ਬੱਚੇ ਦੇ ਸਿਰ ਤੇ ਹੁੰਦੀ ਹੈ, ਬਾਂਦਰੀ ਦੇ ਸਿਰ ਤੇ ਨਹੀਂ।

ਇਸ ਅਵਸਥਾ ਦਾ ਆਤਮ ਪਾਂਧੀ ਵੀ ਡਿਗ ਸਕਦਾ ਹੈ, ਪਾਪ ਕਰ ਸਕਦਾ ਹੈ। ਮਨਮੁਖ ਬਣ ਸਕਦਾ ਹੈ। ਉਸ ਨੂੰ ਹੰਕਾਰ ਆ ਸਕਦਾ ਹੈ ਅਤੇ ਹੰਕਾਰ ਤੋਂ ਪੈਦਾ ਹੋਣ ਵਾਲੀਆਂ ਸਾਰੀਆਂ ਬੁਰਾਈਆਂ ਤੇ ਤਕਲੀਫਾਂ ਦਾ ਸ਼ਿਕਾਰ ਹੋ ਸਕਦਾ ਹੈ।

## ਦੂਸਰੀ ਅਵਸਥਾ

ਆਤਮ ਮਾਰਗ ਦੀ ਦੂਸਰੀ ਅਵਸਥਾ ਦਾ ਗੁਰਸਿੱਖ

ਵਾਹਿਗੁਰੂ ਜੀ ਦੇ ਸੁਭਾਉ ਤੋਂ ਵਧੇਰੇ ਜਾਣੂ ਹੋ ਜਾਂਦਾ ਹੈ। ਉਸ ਨੂੰ ਪਤਾ ਲਗ ਜਾਂਦਾ ਹੈ ਕਿ ਵਾਹਿਗੁਰੂ ਜੀ ਉਸ ਦੇ ਅੰਗ ਸੰਗ ਹਨ, ਵਾਹਿਗੁਰੂ ਜੀ ਉਸ ਦੇ ਸਭ ਤੋਂ ਵਧ, ਉਸ ਦੇ ਆਪਣੇ ਆਪ ਨਾਲੋਂ ਵੀ ਵਧ ਸ਼ੁਭਚਿੰਤਕ ਹਨ। ਜੋ ਕੁਝ ਵਾਹਿਗੁਰੂ ਜੀ ਕਰਦੇ ਹਨ ਉਸ ਵਿਚ ਉਸ ਦਾ ਅਸਲ ਅਤੇ ਸੱਚਾ ਲਾਭ ਹੁੰਦਾ ਹੈ। ਉਸ ਨੂੰ ਪਤਾ ਲਗ ਜਾਂਦਾ ਹੈ ਕਿ ਵਾਹਿਗੁਰੂ ਜੀ ਉਸ ਦੇ ਹਰ ਥਾਂ ਰਾਖੇ ਅਤੇ ਸਹਾਰੇ ਹਨ। ਵਾਹਿਗੁਰੂ ਜੀ ਚੰਗੇ ਹਨ, ਉਹ ਸਿਵਾਏ ਚੰਗਿਆਈ ਦੇ ਹੋਰ ਕੁਝ ਕਰਦੇ ਹੀ ਨਹੀਂ। ਵਾਹਿਗੁਰੂ ਜੀ ਉਸ ਨੂੰ ਸਦਾ ਸੁਖੀ ਅਤੇ ਕਾਮਯਾਬ ਦੇਖਣਾ ਚਾਹੁੰਦੇ ਹਨ।

ਇਸ ਦੂਸਰੀ ਅਵਸਥਾ ਦੇ ਗੁਰਸਿੱਖ ਨੂੰ ਪਤਾ ਲਗ ਜਾਂਦਾ ਹੈ ਕਿ ਵਾਹਿਗੁਰੂ ਜੀ ਦਾ ਹੁਕਮ (ਕਾਨੂੰਨ) ਸਦਾ ਉਸ ਦੇ ਹਕ ਤੇ ਲਾਭ ਵਾਸਤੇ ਕੰਮ ਕਰਦਾ ਹੈ ਅਤੇ ਹੁਕਮ ਅਨੁਸਾਰ ਜੀਵਨ ਬਤੀਤ ਕਰਨ ਵਿਚ ਉਸ ਨੂੰ ਸਦਾ ਸ਼ਾਂਤੀ, ਖੁਸ਼ੀ, ਬੇਫਿਕਰੀ ਹੋਵੇਗੀ। ਉਸਨੂੰ ਇਹ ਵੀ ਪਤਾ ਲਗ ਜਾਂਦਾ ਹੈ ਕਿ ਵਾਹਿਗੁਰੂ ਦਾ (ਹੁਕਮ) ਕਾਨੂੰਨ ਸਭ ਦਾ ਭਲਾ ਚਾਹੁੰਦਾ ਹੈ ਪਰ ਅਗਿਆਨੀ ਜੀਵ, ਵਾਹਿਗੁਰੂ ਜੀ ਦੇ ਸੁਭਾਵ ਤੋਂ ਅਨਜਾਣ ਜੀਵ ਆਪਣੀਆਂ ਗਲਤ ਤੇ ਹੋਛੀਆਂ ਕੋਸ਼ਿਸ਼ਾਂ ਕਰਕੇ ਵਾਹਿਗੁਰੂ ਦੇ ਹੁਕਮ (ਕਾਨੂੰਨ) ਦੇ ਰਸਤੇ ਵਿਚ ਰੋੜੇ ਅਟਕਾਂਦੇ ਹਨ, ਵਾਹਿਗੁਰੂ ਦੇ ਹੁਕਮ ਨੂੰ ਚੰਗੀ ਤਰ੍ਹਾਂ ਵਰਤੋਂ ਵਿਚ ਨਹੀਂ ਆਉਣ ਦਿੰਦੇ ਅਤੇ ਇਸ ਤਰ੍ਹਾਂ ਵਾਹਿਗੁਰੂ ਜੀ ਦੇ ਹੁਕਮ (ਕਾਨੂੰਨ) ਤੋਂ ਲਾਭ ਨਹੀਂ ਉਠਾਂਦੇ।

ਇਸ ਅਵਸਥਾ ਦੇ ਗੁਰਮੁਖ ਨੂੰ ਇਹ ਵੀ ਪਤਾ ਲਗ ਜਾਂਦਾ ਹੈ ਕਿ ਵਾਹਿਗੁਰੂ ਜੀ ਸਰਬ ਵਿਆਪਕ ਹੋਣ ਕਰਕੇ ਉਸ ਦੇ ਦਿਲ ਤੋਂ, ਮਨ ਤੋਂ ਤੇ ਮਨ ਦੇ ਹਰ ਵਿਚਾਰ ਤੋਂ ਜਾਣੂ ਹਨ, ਇਸ ਲਈ ਉਹਨਾਂ ਅਗੇ ਉਚੀ ਉਚੀ ਅਰਦਾਸਾਂ ਕਰਨ ਦੀ ਲੋੜ ਨਹੀਂ। ਉਹ ਸਭ ਕੁਝ ਜਾਣਦੇ ਹਨ, ਉਹਨਾਂ ਨੂੰ ਪਤਾ ਹੈ ਕਿ ਗੁਰਸਿੱਖ ਦੀਆਂ

ਕੀ ਜ਼ਰੂਰਤਾਂ ਹਨ ਅਤੇ ਉਹਨਾਂ ਜ਼ਰੂਰਤਾਂ ਨੂੰ ਕਿਵੇਂ ਪੂਰਿਆਂ ਕਰਨਾ ਹੈ।

ਆਤਮ ਮਾਰਗ ਦੀ ਇਹ ਸੁਹਾਵਣੀ ਅਵਸਥਾ ਵੀ ਇਕ ਮਿਸਾਲ ਦੇ ਕੇ ਚੰਗੀ ਤਰ੍ਹਾਂ ਵਰਨਣ ਕੀਤੀ ਜਾ ਸਕਦੀ ਹੈ। ਬਿੱਲੀ ਦੇ ਬੱਚੇ ਨੂੰ ਆਪਣੀ ਮਾਤਾ ਦੇ ਪਰੇਮ, ਸਮਰਥਾ ਅਤੇ ਸੁਭਚਿੰਤਕ ਹੋਣ ਉਤੇ ਇਤਨਾ ਭਰੋਸਾ ਹੁੰਦਾ ਹੈ ਕਿ ਉਹ ਬਾਂਦਰੀ ਦੇ ਬੱਚੇ ਵਾਂਗਰ ਮਾਤਾ ਨੂੰ ਆਪ ਨਹੀਂ ਚਿੰਬੜਦਾ ਸਗੋਂ ਆਪ ਖਲੋ ਜਾਂਦਾ ਹੈ ਅਤੇ ਆਪਣੀ ਸਹੀ ਸਲਾਮਤੀ ਦੀ ਜ਼ਿੰਮੇਵਾਰੀ ਆਪਣੀ ਮਾਤਾ ਨੂੰ ਸੌਂਪਦਾ ਹੈ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਬਿੱਲੀ ਦੇ ਛੋਟੇ ਬੱਚੇ ਨੂੰ ਉਸਦੀ ਮਾਤਾ ਆਪ ਮੂੰਹ ਵਿਚ ਚੁਕਦੀ ਹੈ ਅਤੇ ਬਗੈਰ ਡਿਗਣ ਤੇ ਬਗੈਰ ਕਿਸੇ ਨੁਕਸਾਨ ਪੁਚਾਣ ਦੇ, ਸਹੀ ਸਲਾਮਤੀ ਨਾਲ, ਬੱਚੇ ਨੂੰ ਘਰ ਘਰ ਦੀ ਸੈਰ ਕਰਾਂਦੀ ਹੈ। ਬਿੱਲੀ ਦੇ ਬੱਚੇ ਨੂੰ ਡਿਗਣ ਦਾ ਕੋਈ ਖਤਰਾ ਹੀ ਨਹੀਂ ਹੁੰਦਾ, ਕਿਉਂਕਿ ਉਸ ਨੇ ਆਪਣੀ ਸਲਾਮਤੀ, ਆਪਣੀ ਰਖਸ਼ਾ, ਆਪਣੀ ਸਿਆਣੀ ਤੇ ਤਜਰਬੇਕਾਰ ਮਾਤਾ ਦੇ ਹੱਥ ਵਿਚ ਸੌਂਪੀ ਹੋਈ ਹੁੰਦੀ ਹੈ। ਇਸ ਲਈ ਬਿੱਲੀ ਦਾ ਬੱਚਾ ਡਿਗ ਨਹੀਂ ਸਕਦਾ, ਡਿਗ ਕੇ ਚੋਟਾਂ ਨਹੀਂ ਖਾ ਸਕਦਾ।

ਦੂਸਰੀ ਆਤਮਕ ਅਵਸਥਾ ਦਾ ਗੁਰਸਿੱਖ ਵੀ ਕਦੇ ਪਾਪ ਨਹੀਂ ਕਰ ਸਕਦਾ, ਕਦੀ ਕਿਸੇ ਦੁਖ ਤਕਲੀਫ ਮੁਸੀਬਤ ਜਾਂ ਹਾਦਸੇ ਵਿਚ ਨਹੀਂ ਫਸ ਸਕਦਾ, ਕਿਉਂਕਿ ਉਸ ਨੇ ਆਪਣੇ ਡਿਗਣ ਦੀ ਜ਼ਿੰਮੇਵਾਰੀ ਅਪਣੇ ਵਾਹਿਗੁਰੂ ਜੀ ਨੂੰ ਆਪਣੇ ਸਮਰਥ ਪਿਤਾ ਵਾਹਿਗੁਰੂ ਜੀ ਨੂੰ ਸੌਂਪੀ ਹੁੰਦੀ ਹੈ। ਇਸ ਅਵਸਥਾ ਦਾ ਗੁਰਮੁਖ ਸਿਵਾਏ ਸਿਮਰਨ ਅਤੇ ਸੇਵਾ ਦੇ ਹੋਰ ਕੁਝ ਨਹੀਂ ਕਰਦਾ, ਹੋਰ ਕੋਈ ਆਪਣਾ ਜੀਵਨ ਪ੍ਰੋਗਰਾਮ ਨਹੀਂ ਬਣਾਂਦਾ, ਸਗੋਂ ਵਾਹਿਗੁਰੂ ਜੀ ਵਲ ਤਕ ਤਕ ਕੇ ਉਸ ਦੀ ਉਸਤਤਿ ਕਰਦਾ

ਰਹਿੰਦਾ ਹੈ ਅਤੇ ਜੋ ਪ੍ਰੋਗਰਾਮ ਉਸ ਲਈ ਵਾਹਿਗੁਰੂ ਜੀ ਬਣਾਉਣ, ਜਿਹਨਾਂ ਘਟਨਾਵਾਂ ਵਿਚੋਂ ਉਸ ਨੂੰ ਵਾਹਿਗੁਰੂ ਜੀ ਲੰਘਾਣਾ ਚਾਹੁਣ, ਉਹਨਾਂ ਵਿਚੋਂ ਉਹ ਵਾਹਿਗੁਰੂ ਜੀ ਦੇ ਹੁਕਮ (ਕਾਨੂੰਨ) ਨਾਲ ਪੂਰੀ ਮਿਲਵਰਤਣ ਕਰਦਾ, ਖਿੜੇ ਮਥੇ ਲੰਘਦਾ ਹੈ ਅਤੇ ਜੋ ਸਿਖਸ਼ਾ ਜਾਂ ਰਾਜ਼ ਜੀਵਨ ਭੇਤ ਉਸ ਨੂੰ ਵਾਹਿਗੁਰੂ ਵਲੋਂ ਸਮਝਾਏ ਜਾਣ, ਉਹਨਾਂ ਨੂੰ ਸ਼ੁਕਰ ਸ਼ੁਕਰ ਕਰ ਕੇ ਕਬੂਲਦਾ, ਜੀਵਨ ਦੀ ਅਖੀਰਲੀ ਉਚਾਈ ਉਤੇ ਵਾਹਿਗੁਰੂ ਜੀ ਦੇ ਆਸਰੇ ਪਹੁੰਚ ਜਾਂਦਾ ਹੈ ਜਿਥੇ ਪਿਤਾ-ਪੁਤ ਇਕ ਹੋ ਜਾਂਦੇ ਹਨ।

ਇਹ ਖਿਆਲ ਗਲਤ ਹੈ ਕਿ 'ਹੁਕਮ' ਵਿਚ ਖੇਡਣ ਵਾਲਾ ਗੁਰਸਿੱਖ ਵਿਹਲਾ ਨਿਕੰਮਾ ਹੈ। ਉਸ ਨੂੰ ਜ਼ਿੰਦਗੀ ਨਾਲ ਦਿਲਚਸਪੀ ਨਹੀਂ ਰਹਿੰਦੀ। ਉਸ ਦੇ ਉਲਟ ਸਹੀ ਬਾਤ ਇਹ ਹੈ ਕਿ ਜਦ ਗੁਰਸਿੱਖ ਆਪਣਾ ਆਪ ਆਪਣੇ ਕਰਤਾਰ ਦੇ ਹਵਾਲੇ ਕਰ ਦੇਵੇ ਤਾਂ ਕਰਤਾਰ ਵਲੋਂ ਗੁਰਸਿੱਖ ਦੇ ਜੀਵ ਦਾ ਪ੍ਰੋਗਰਾਮ ਬਣਦਾ ਹੈ ਜਿਸ ਵਿਚ ਗੁਰਸਿੱਖ ਸ਼ਾਂਤ, ਬੇਫਿਕਰ, ਬੇਪਰਵਾਹ ਤਾਂ ਰਹਿੰਦਾ ਹੈ ਅਤੇ ਹਰ ਘੜੀ ਜਗਤ ਦੀ ਲੇਬਾਰੇਟਰੀ (Laboratory) ਵਿਚ, ਕੋਈ ਨਾ ਕੋਈ ਕਰਤਾਰ ਵਲੋਂ ਰਚਿਆ ਤਜਰਬਾ ਕਰਦਾ ਅਤੇ ਸਿਆਣਾ ਹੁੰਦਾ ਰਹਿੰਦਾ ਹੈ।

# ਆਰਾਮ

ਅਸਲ ਆਰਾਮ ਕੀ ਹੈ? ਇਹ ਵਿਹਲਿਆਂ ਬੈਠਣ ਨੂੰ ਨਹੀਂ ਕਹਿੰਦੇ। ਵਿਹਲਿਆਂ ਬੈਠਿਆਂ ਤਾਂ ਦਿਲ ਉਕਤਾ ਜਾਂਦਾ ਹੈ ਅਤੇ ਮਨ ਆਪਣੇ ਆਪ ਨੂੰ ਬੁਧੂ ਜਾਂ ਬੇਵਕੂਫ ਮਹਿਸੂਸ ਕਰਨ ਲਗ ਜਾਂਦਾ ਹੈ। ਵਿਹਲਿਆਂ ਬੈਠਿਆਂ ਮਨ ਚੈਨ ਲੈਣ ਦੀ ਥਾਂ ਸਗੋਂ ਘਬਰਾਣ ਲਗ ਜਾਂਦਾ ਹੈ। ਅਸਲ ਆਰਾਮ ਉਹ ਹੈ ਜਿਸ ਨਾਲ ਦਿਲ ਖਿੜ ਜਾਵੇ ਅਤੇ ਮਨ ਨਵਾਂ ਨਰੋਆ ਹੋ ਜਾਵੇ।

ਜਿਹੜੇ ਮਿੱਤਰਾਂ ਦਾ ਇਹ ਖਿਆਲ ਹੈ ਕਿ ਸਰੀਰ ਆਰਾਮ ਕਰਦਾ ਹੈ, ਉਹ ਭੁਲੇਖੇ ਵਿਚ ਹਨ। ਸਰੀਰ ਆਪਣੇ ਆਪ ਵਿਚ ਜੜ ਵਸਤੂ ਹੈ ਜਿਸ ਵਿਚ ਮਹਿਸੂਸ ਕਰਨ ਦੀ ਸ਼ਕਤੀ ਹੀ ਨਹੀਂ। ਸਰੀਰ ਨਾ ਕਦੀ ਥਕਦਾ ਹੈ ਅਤੇ ਨਾ ਕਦੀ ਆਰਾਮ ਕਰਦਾ ਹੈ। ਸਰੀਰ ਕੇਵਲ ਸਾਡੇ ਮਨ ਦਾ ਪਰਛਾਵਾਂ ਹੈ। ਪਰਛਾਵੇਂ ਦਾ ਕੰਮ ਹੁਕਮ ਮੰਨਣਾ ਜਾਂ ਨਕਲ ਕਰਨਾ ਹੁੰਦਾ ਹੈ। ਆਪਣੇ ਪਰਛਾਵੇਂ ਨੂੰ ਕਦੀ ਸ਼ੀਸ਼ੇ ਵਿਚ ਦੇਖੋ। ਜੇ ਤੁਸੀਂ ਹਸੋਗੇ ਤਾਂ ਪਰਛਾਵਾਂ ਵੀ ਹਸੇਗਾ, ਜੇ ਤੁਸੀਂ ਰੋਵੋਗੇ ਤਾਂ ਪਰਛਾਵਾਂ ਵੀ ਰੋਵੇਗਾ। ਜੇ ਤੁਸੀਂ ਬਾਂਹ ਉਚੀ ਕਰੋਗੇ ਤਾਂ ਸ਼ੀਸ਼ੇ ਵਿਚ ਤੁਹਾਡਾ ਪਰਛਾਵਾਂ ਵੀ ਆਪਣੀ ਬਾਂਹ ਉਚੀ ਕਰ ਦੇਵੇਗਾ। ਜੇ ਤੁਸੀਂ ਨੱਚਣ ਲਗ ਪਵੋ ਤਾਂ ਤੁਹਾਡਾ ਪਰਛਾਵਾਂ ਵੀ ਨੱਚਣ ਲਗ ਪਵੇਗਾ। ਸਰੀਰ ਮਨ ਦਾ ਪਰਛਾਵਾਂ

ਹੈ। ਜੇ ਮਨ ਖੁਸ਼ ਹੈ ਤਾਂ ਸਰੀਰ ਖੁਸ਼, ਜੇ ਮਨ ਸੁਸਤ ਹੈ ਤੇ ਸਰੀਰ ਸੁਸਤ, ਜੇ ਮਨ ਅਰੋਗ ਤਾਂ ਸਰੀਰ ਵੀ ਅਰੋਗ, ਜੇ ਮਨ ਬੀਮਾਰ ਤਾਂ ਤਨ ਵੀ ਬੀਮਾਰ।

ਆਰਾਮ ਦੀ ਲੋੜ ਸਾਡੇ ਮਨ ਨੂੰ ਹੁੰਦੀ ਹੈ, ਸਾਡੇ ਸਰੀਰ ਨੂੰ ਨਹੀਂ ਹੁੰਦੀ। ਜਦ ਸਾਡੇ ਮਨ ਨੂੰ ਪਰੇਸ਼ਾਨੀ, ਚਿੰਤਾ, ਫਿਕਰ ਹੋਵੇ ਤਾਂ ਪਲੰਘ ਉਤੇ ਸਰੀਰ ਨੂੰ ਲਿਟਾਇਆਂ ਵੀ ਚੈਨ ਨਹੀਂ ਆਉਂਦਾ, ਨੀਂਦਰ ਨਹੀਂ ਆਉਂਦੀ। ਮਨ ਵਿਚੋਂ ਚਿੰਤਾ ਫਿਕਰ ਪਰੇਸ਼ਾਨੀ ਦੂਰ ਹੋ ਜਾਵੇ ਤਾਂ ਸਰੀਰ ਖੁਦ ਬਖੁਦ ਢਿੱਲਾ ਤੇ ਨਿੱਸਲ ਹੋ ਜਾਂਦਾ ਹੈ।

ਅਜ ਕਲ ਦੇ ਜੀਵਨ ਵਿਚ ਮਨ ਨੂੰ ਪਰੇਸ਼ਾਨ ਕਰਨ ਅਤੇ ਚਿੰਤਾਵਾਨ ਬਨਾਣ ਵਾਲੇ ਇਤਨੇ ਕਾਰਨ ਮੌਜੂਦ ਹਨ ਕਿ ਮਨ ਦਾ ਅਸਲ ਅਰਥਾਂ ਵਿਚ ਆਰਾਮ ਕਰਨਾ ਅਸੰਭਵ ਹੈ। ਜਿਸ ਇਨਸਾਨ ਵਲ ਵੇਖੋ ਉਹ ਕਿਸੇ ਨਾ ਕਿਸੇ ਚਿੰਤਾ ਫਿਕਰ ਵਿਚ ਗਲਤਾਨ ਨਜ਼ਰ ਆਵੇਗਾ। ਚਿੰਤਾ ਫਿਕਰ ਮਨ ਦੀ ਐਸੀ ਬੀਮਾਰੀ ਹੈ ਜੋ ਇਸ ਨੂੰ ਕਦੀ ਆਰਾਮ ਲੈਣ ਨਹੀਂ ਦਿੰਦੀ। ਇਹ ਬੀਮਾਰੀ ਇਤਨੀ ਵਧ ਗਈ ਹੈ ਕਿ ਅਜ ਕਲ ਦੇ ਜੀਵਨ ਵਿਚ ਹੁਣ ਇਨਸਾਨਾਂ ਨੂੰ ਪਤਾ ਹੀ ਨਹੀਂ ਕਿ ਅਸਲ ਆਰਾਮ ਕੀ ਚੀਜ਼ ਹੈ। ਆਮ ਇਨਸਾਨ ਚਿੰਤਾ ਫਿਕਰ, ਜੀਵਨ ਦਾ ਇਕ ਜ਼ਰੂਰੀ ਹਿਸਾ ਸਮਝਦੇ ਹਨ। ਉਹਨਾਂ ਦੇ ਖਿਆਲ ਅਨੁਸਾਰ ਇਨਸਾਨੀ ਜੀਵਨ ਵਿਚ ਅਸਲ ਆਰਾਮ ਜਾਂ ਚੈਨ ਨੂੰ ਪਰਾਪਤ ਕਰ ਸਕਣਾ ਅਸੰਭਵ ਹੈ। ਵਰਤਮਾਨ ਸਮੇਂ ਤੋਂ ਛੁਟ ਪਿਛਲੇ ਜ਼ਮਾਨੇ ਵਿਚ ਵੀ ਇਸ ਖਿਆਲ ਦੇ ਆਦਮੀ ਹੁੰਦੇ ਰਹੇ ਹਨ। ਮੁਸਲਮਾਨਾਂ ਦਾ ਸਭ ਤੋਂ ਉਘਾ ਕਵੀ ਹਜ਼ਰਤ ਗਾਲਬ ਲਿਖਦਾ ਹੈ ਕਿ ਜੀਵਨ ਅਤੇ ਦੁਖ ਤਕਲੀਫਾਂ ਇਕੋ ਚੀਜ਼ ਦੇ ਦੋ ਨਾਮ ਹਨ। ਜ਼ਿੰਦਗੀ ਦਾ ਦਾਇਰਾ

ਅਤੇ ਗ਼ਮਾਂ ਦਾ ਦਾਇਰਾ ਅਸਲ ਵਿਚ ਇਕੋ ਹਨ। ਇਸ ਕਰਕੇ ਜਿਉਂਦੇ ਜੀ ਆਦਮੀ ਗ਼ਮ ਤੋਂ ਕਿਸ ਤਰ੍ਹਾਂ ਛੁਟਕਾਰਾ ਪਾ ਸਕਦਾ ਹੈ।

*ਬੰਦਾ ਗ਼ਮ ਵਾ-ਬੰਦੇ ਹਯਾਤ ਅਸਲ ਮੇਂ ਦੋਨੋਂ ਏਕ ਹੈਂ।*

*ਜੀਤੇ ਜੀ ਫਿਰ ਆਦਮੀ ਗ਼ਮ ਸੇ ਨਜ਼ਾਤ ਪਾਏ ਕਿਉਂ?*

ਐਸੀ ਦੁਨੀਆਂ ਵਿਚ ਜਿਥੇ ਚਿੰਤਾ ਫਿਕਰ ਗ਼ਮ ਨੂੰ ਜੀਵਨ ਦਾ ਪੱਕਾ ਸਾਥੀ ਮੰਨ ਲੀਤਾ ਗਿਆ ਹੋਵੇ ਅਤੇ ਐਸੇ ਜੀਵਨ ਵਿਚ ਜਿਸ ਵਿਚ ਗ਼ਮ ਫਿਕਰ ਚਿੰਤਾ ਤੋਂ ਆਜ਼ਾਦ ਹੋ ਸਕਣਾ ਅਸੰਭਵ ਸਮਝਿਆ ਗਿਆ ਹੋਵੇ, ਮਨੁੱਖ ਲਈ ਮਨ ਨੂੰ ਅਸਲ ਆਰਾਮ ਕਿਤੇ ਵੀ ਅਤੇ ਕਦੀ ਵੀ ਨਜ਼ਰ ਨਾ ਆਵੇ ਤਾਂ ਕੀ ਹੈਰਾਨੀ? ਕਈਆਂ ਦੇ ਖਿਆਲ ਵਿਚ ਮੌਤ ਮਗਰੋਂ ਆਰਾਮ ਜਾਂ ਚੈਨ ਮਿਲੇਗਾ ਪਰ ਇਹ ਵੀ ਬੜਾ ਭਾਰਾ ਭੁਲੇਖਾ ਹੈ। ਜਿਸ ਦੇ ਮਨ ਨੂੰ ਸਰੀਰਕ ਜੀਵਨ ਵਿਚ ਅਸਲ ਆਰਾਮ ਦਾ ਪਤਾ ਨਹੀਂ ਲਗ ਸਕਿਆ ਉਸ ਨੂੰ ਮਰਨ ਤੋਂ ਬਾਦ ਆਰਾਮ ਦਾ ਮਿਲਣਾ ਅਸੰਭਵ ਹੈ। ਮਰਨ ਤੋਂ ਬਹਾਅਦ ਤਾਂ ਇਨਸਾਨ ਨੂੰ ਉਹੋ ਕੁਝ ਮਿਲ ਸਕਦਾ ਹੈ ਜਿਸ ਦਾ ਬੀਜ ਉਸ ਨੇ ਜੀਵਨ ਵੇਲੇ ਬੀਜਿਆ ਹੈ। ਮਰਨ ਤੋਂ ਬਾਅਦ ਸਰੀਰ ਭਾਵੇਂ ਨਹੀਂ ਰਹਿੰਦਾ ਪਰ ਮਨ ਜਿਉਂ ਤਾ ਤਿਉਂ ਨਾਲ ਰਹਿੰਦਾ ਹੈ। ਇਸ ਮਨ ਨੂੰ ਜੀਵਨ ਵਿਚ ਆਰਾਮ ਦਾ ਪਤਾ ਨਹੀਂ ਲਗਾ, ਉਸ ਨੂੰ ਮਰਨ ਤੋਂ ਬਾਅਦ ਵੀ ਆਰਾਮ ਨਸੀਬ ਨਹੀਂ ਹੋ ਸਕੇਗਾ। ਇਸ ਲਈ ਜੀਉਂਦੇ ਜੀਅ ਅਸਲ ਆਰਾਮ, ਅਸਲ ਚੈਨ ਦੀ ਖੋਜ ਕਰਨੀ ਇਨਸਾਨ ਵਾਸਤੇ ਇਸ ਦੁਨੀਆਂ ਵਿਚ ਅਤੇ ਇਸ ਦੁਨੀਆਂ ਨੂੰ ਛਡਣ ਮਗਰੋਂ, ਆਪਣੇ ਆਪ ਨੂੰ ਸੁਖੀ ਬਨਾਣ ਦਾ ਇਕੋ ਇਕ ਸਾਧਨ ਹੈ।

ਅਸਲ 'ਆਰਾਮ' ਨੂੰ ਫਿਰ ਕਿਸ ਤਰ੍ਹਾਂ ਲਭਿਆ ਜਾਵੇ ਅਤੇ ਕਿਥੋਂ ਲਭਿਆ ਜਾਵੇ? ਅਸਲ ਆਰਾਮ ਵਾਸਤਵ ਵਿਚ ਕੋਈ ਚੀਜ਼ ਹੈ ਵੀ ਕਿ ਨਹੀਂ?

ਇਹਨਾਂ ਸਵਾਲਾਂ ਦਾ ਜਵਾਬ ਸ੍ਰੀ ਗੁਰੂ ਗਰੰਥ ਸਾਹਿਬ ਤੋਂ ਮਿਲਦਾ ਹੈ। ਅਸਲ 'ਆਰਾਮ' ਅਸਲ 'ਚੈਨ' ਜਿਸ ਨਾਲ ਮਨ ਸਦਾ ਖਿੜਿਆ ਰਹੇ ਅਤੇ ਨਵਾਂ-ਨਰੋਆ ਅਤੇ ਸ਼ਕਤੀਵਾਨ ਬਣਿਆ ਰਹੇ, ਗੁਰਮਤਿ ਨੂੰ ਚੰਗੀ ਤਰ੍ਹਾਂ ਸਮਝਣ ਨਾਲ ਮਿਲਦਾ ਹੈ। ਗੁਰਮਤਿ ਨੂੰ ਸਮਝਣ ਵਾਲਾ ਅਤੇ ਉਸ ਸਮਝ ਅਨੁਸਾਰ ਜੀਵਨ ਬਤੀਤ ਕਰਨ ਵਾਲਾ ਇਨਸਾਨ ਸਦਾ ਲਈ ਸੁਖੀ ਹੋ ਜਾਂਦਾ ਹੈ, ਉਸ ਦਾ ਮਨ ਹਰ ਵਕਤ ਉਹ ਆਰਾਮ ਭੋਗਦਾ ਹੈ ਜਿਸਦਾ ਸਹੀ ਬਿਆਨ ਅਖਰਾਂ ਵਿਚ ਕੀਤਾ ਨਹੀਂ ਜਾ ਸਕਦਾ। ਗੁਰਮਤਿ ਅਨੁਸਾਰ ਜੀਵਨ ਬਤੀਤ ਕਰਨ ਵਾਲੇ ਸੁਭਾਗੀ ਇਨਸਾਨ ਨੂੰ ਸੁਫਨੇ ਵਿਚ ਚਿੰਤਾ, ਫਿਕਰ, ਡਰ, ਪਰੇਸ਼ਾਨੀ ਸਤਾ ਨਹੀਂ ਸਕਦੇ।

ਗੁਰਮਤਿ ਕੀ ਹੈ? ਗੁਰਮਤਿ ਗੁਰੂ ਨਾਨਕ ਸਾਹਿਬ ਅਤੇ ਹੋਰ ਗੁਰੂ ਸਾਹਿਬਾਨ ਦਾ ਦਸਿਆ ਆਤਮਕ ਇਲਮ ਹੈ, ਆਤਮਕ ਸਾਇੰਸ ਹੈ, ਜਿਸ ਨੂੰ ਹਰ ਇਨਸਾਨ ਸਮਝ ਸਕਦਾ ਹੈ ਅਤੇ ਸਮਝ ਕੇ ਉਸ ਨੂੰ ਸਮਝ ਅਨੁਸਾਰ ਜੀਵਨ ਬਤੀਤ ਕਰਕੇ, ਏਸੇ ਦੁਨੀਆਂ ਵਿਚ ਸਦਾ ਲਈ ਸੁਖੀ ਹੋ ਸਕਦਾ ਹੈ।

ਗੁਰਮਤਿ ਅਨੁਸਾਰ ਅਸਲ ਆਰਾਮ ਜਾਂ ਚੈਨ ਮਨ ਦੇ ਆਪਣੇ ਅੰਦਰ ਹੈ, ਮਨ ਤੋਂ ਬਾਹਰ ਨਹੀਂ। ਮਨ ਜਦ ਤਕ ਅਸਲ ਆਰਾਮ ਬਾਹਰ ਦੇ ਜਗਤ ਅਤੇ ਜਗਤ ਦੇ ਪਦਾਰਥਾਂ ਵਿਚ ਭਾਲਦਾ ਰਹੇਗਾ, ਉਹ ਸਦਾ ਨਿਰਾਸ ਹੁੰਦਾ ਰਹੇਗਾ।

ਅਸਲ ਆਰਾਮ ਜਾਂ ਸਚਾ ਚੈਨ ਮਨ ਦੀ ਆਪਣੀ ਇਕ

ਉਚ ਹਾਲਤ ਤੋਂ ਉਪਜਦਾ ਹੈ, ਜਦ ਮਨ ਬਾਹਰ ਦੇ ਜਗਤ ਦੇ ਪਦਾਰਥਾਂ ਜਾਂ ਸਰੀਰਕ ਸੁਖਾਂ ਵਿਚੋਂ ਸੁਖ, ਚੈਨ ਭਾਲਣੋਂ ਹਟ ਕੇ ਆਪਣੇ ਆਪ ਵਿਚ ਠਹਿਰਨਾ ਜਾਂ ਖਲੋਣਾ ਸਿਖ ਲਵੇ ਤਾਂ ਮਨ ਆਪਣੇ ਆਪ ਵਿਚੋਂ ਉਹ ਸੁਖ, ਚੈਨ ਜਾਂ ਆਰਾਮ ਨਿਕਲਦਾ ਮਹਿਸੂਸ ਕਰੇਗਾ ਜੋ ਇਸ ਨੂੰ ਸਰੀਰਕ ਸੁਖਾਂ ਜਾਂ ਜਗਤ ਦੇ ਪਦਾਰਥਾਂ ਵਿਚੋਂ ਕਦੀ ਨਹੀਂ ਸੀ ਮਿਲਿਆ।

ਮਨ ਦੇ ਖਲੋ ਜਾਣ ਦਾ ਕੀ ਅਰਥ ਹੈ? ਜਦ ਮਨ ਵਿਚੋਂ ਹਰ ਪਰਕਾਰ ਦੇ ਫੁਰਨੇ, ਹਰ ਪਰਕਾਰ ਦੀਆਂ ਤਰੰਗਾਂ ਉਠਣੀਆਂ ਬੰਦ ਹੋ ਜਾਣ, ਉਸ ਨੂੰ ਮਨ ਦਾ ਖਲੋਣਾ ਆਖਦੇ ਹਨ। ਖਲੋਤਾ ਮਨ ਅੰਤਰ-ਮੁਖੀ ਹੋ ਜਾਂਦਾ ਹੈ ਅਤੇ ਆਪਣੇ ਅੰਦਰ ਵਰਤ ਰਹੀ ਘਟਨਾ ਦੇਖਣ ਦੇ ਯੋਗ ਹੋ ਜਾਂਦਾ ਹੈ। ਖਲੋਤਾ ਹੋਇਆ ਮਨ ਆਪਣੇ ਅੰਦਰ ਬਿਰਾਜਣ ਵਾਲੀ ਮਹਾਂ ਸ਼ਕਤੀ (ਬ੍ਰਹਮ) ਨੂੰ ਛੋਂਹਦਾ ਹੈ ਅਤੇ ਇਸ ਛੋਹ ਵਿਚੋਂ ਇਸ ਨੂੰ ਮਹਾਂ ਅਨੰਦ ਆਉਂਦਾ ਹੈ। ਇਸ ਮਹਾਂ ਅਨੰਦ ਵਿਚ ਉਹ ਆਰਾਮ ਹੁੰਦਾ ਹੈ, ਉਹ ਚੈਨ ਤੇ ਤਸੱਲੀ ਹੁੰਦੀ ਹੈ ਜਿਸ ਦਾ ਪਰਛਾਵਾਂ ਵੀ ਜਗਤ ਦੇ ਸਰਬ ਪਦਾਰਥਾਂ ਵਿਚੋਂ ਨਹੀਂ ਮਿਲਦਾ। ਇਸ ਅਨੰਦ ਸੁਖ ਤੇ ਆਰਾਮ ਨੂੰ ਮਾਨਣ ਵਾਲਾ ਮਨ ਸਦਾ ਖਿੜਿਆ ਅਤੇ ਨਵਾਂ ਨਰੋਆ ਰਹਿੰਦਾ ਹੈ। ਇਹ ਅਸਲ ਆਰਾਮ ਹੈ, ਇਹ ਅਸਲ ਚੈਨ ਹੈ।

*ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥*
*ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥*
*ਗੁਰ ਪਰਸਾਦੀ ਜਿਨੀ ਅੰਤਰਿ ਪਾਇਆ*
*ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥*
*ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥*
*ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥*

*ਅਨਦ ਬਿਨੋਦ ਕਰੇ ਦਿਨ ਰਾਤੀ*
*ਸਦਾ ਸਦਾ ਹਰਿ ਕੇਲਾ ਜੀਉ ॥* ਅੰਗ - 102

*ਚਲਤੌ ਠਾਕਿ ਰਖਹੁ ਘਰਿ ਅਪਨੈ*
*ਗੁਰ ਮਿਲਿਐ ਇਹ ਮਤਿ ਹੋਈ ਜੀਉ ॥*
*ਦੇਖਿ ਅਦ੍ਰਿਸਟੁ ਰਹਉ ਬਿਸਮਾਦੀ*
*ਦੁਖੁ ਬਿਸਰੈ ਸੁਖੁ ਹੋਈ ਜੀਉ ॥*
*ਪੀਵਹੁ ਅਪਿਉ ਪਰਮ ਸੁਖੁ ਪਾਈਐ*
*ਨਿਜ ਘਰਿ ਵਾਸਾ ਹੋਈ ਜੀਉ ॥* ਅੰਗ - 599

# ਵਾਹਿਗੁਰੂ ਕਰਨ ਕਾਰਨ ਹੈ

*ਕਿਆ ਉਠਿ ਉਠਿ ਦੇਖਹੁ ਬਪੁੜੇ*
*ਇਸੁ ਮੇਘੈ ਹਥਿ ਕਿਛੁ ਨਾਹਿ ॥*
*ਜਿਨਿ ਏਹੁ ਮੇਘੁ ਪਠਾਇਆ*
*ਤਿਸੁ ਰਾਖਹੁ ਮਨ ਮਾਂਹਿ ॥* *ਅੰਗ - 1280*

ਉਕਤ ਵਾਕ ਸ੍ਰੀ ਗੁਰੂ ਅਮਰ ਦਾਸ ਜੀ ਸਾਹਿਬ ਦਾ ਹੈ। ਇਹ ਵਾਕ ਬੰਬੀਹੇ ਨੂੰ ਸੰਬੋਧਨ ਕਰ ਕੇ ਕਿਹਾ ਗਿਆ ਹੈ ਕਿ ਹੇ ਬੰਬੀਹਾ, ਤੂੰ ਬੱਦਲਾਂ ਵਲ ਆਸ ਲਾਈ ਕਿਉਂ ਤੱਕ ਰਿਹਾ ਹੈਂ? ਬੱਦਲਾਂ ਦਾ ਵੱਸਣਾ ਬੱਦਲਾਂ ਦੇ ਆਪਣੇ ਵਸ ਵਿਚ ਨਹੀਂ। ਬੱਦਲਾਂ ਦਾ ਵੱਸਣਾ ਵਾਹਿਗੁਰੂ ਦੇ ਹੁਕਮ ਵਿਚ ਹੈ। ਜੇ ਵਾਹਿਗੁਰੂ ਜੀ ਚਾਹੁਣਗੇ ਤਾਂ ਹੀ ਬੱਦਲ ਵੱਸ ਸਕਦੇ ਹਨ। ਤਾਂ ਫਿਰ ਬੱਦਲਾਂ ਵਲ ਤੱਕਣ ਦੀ ਥਾਂ ਤੈਨੂੰ ਵਾਹਿਗੁਰੂ ਜੀ ਅਗੇ ਅਰਦਾਸ ਕਰਨੀ ਚਾਹੀਦੀ ਹੈ ਤਾਕਿ ਉਹ ਹੁਕਮ ਕਰਨ ਅਤੇ ਬੱਦਲ ਵੱਸਣ ਅਤੇ ਤੇਰੇ ਸੁਕੇ ਹੋਏ ਮੂੰਹ ਵਿਚ ਮੀਂਹ ਦੀ ਬੂੰਦ ਪਵੇ, ਜਿਸ ਨਾਲ ਤੇਰੀ ਪਿਆਸ ਬੁਝੇ ਤੇ ਤੈਨੂੰ ਸ਼ਾਂਤੀ ਆਵੇ।

ਅਗੇ ਚਲ ਕੇ ਸ੍ਰੀ ਗੁਰੂ ਅਮਰ ਦੇਵ ਜੀ ਦਸਦੇ ਹਨ ਕਿ ਬੰਬੀਹਾ ਤਾਂ ਪਸ਼ੂ ਹੈ, ਇਸ ਨੂੰ ਤਾਂ ਗਿਆਨ ਨਹੀਂ। ਅਸੀਂ ਇਸ ਬੰਬੀਹੇ ਨੂੰ ਨਹੀਂ ਸਗੋਂ ਜਗਤ ਰੂਪੀ ਬੰਬੀਹੇ ਨੂੰ ਇਹ ਬਚਨ ਆਖੇ ਹਨ:

*ਬਾਬੀਹਾ ਏਹੁ ਜਗਤੁ ਹੈ ਮਤ ਕੋ ਭਰਮਿ ਭੁਲਾਇ ॥*
*ਇਹੁ ਬਾਬੀਹਾ ਪਸੂ ਹੈ ਇਸ ਨੋ ਬੂਝਣੁ ਨਾਹਿ ॥*

*ਅੰਗ - 1283*

ਜਗਤ ਦੇ ਜੀਵ ਵੀ ਆਪਣੀ ਆਸਾ ਮਨਸਾ ਪੂਰੀ ਕਰਨ ਵਾਸਤੇ ਹਾਲਾਤ ਵਲ ਤੱਕਦੇ ਰਹਿੰਦੇ ਹਨ ਕਿ ਕਦ ਹਾਲਾਤ ਉਹਨਾਂ ਦੇ ਹੱਕ ਵਿਚ ਹੋਣ ਅਤੇ ਕਦ ਉਹਨਾਂ ਦੀ ਉਮੀਦ ਪੂਰੀ ਹੋਵੇ। ਮਨੁੱਖ ਨੂੰ ਜਦ ਕਿਸੇ ਚੀਜ਼ ਦੀ ਜ਼ਰੂਰਤ ਹੋਵੇ ਤਾਂ ਉਹ ਉਸ ਚੀਜ਼ ਨੂੰ ਹਾਸਲ ਕਰਨ ਵਾਸਤੇ ਉਹਨਾਂ ਵਸੀਲਿਆਂ ਵਲ ਜਾਂ ਉਹਨਾਂ ਹੀਲਿਆਂ ਵਲ ਧਿਆਨ ਦੇਂਦਾ ਹੈ ਜਿਨ੍ਹਾਂ ਤੋਂ ਉਸ ਦੀ ਜ਼ਰੂਰਤ ਦੇ ਪੂਰਾ ਹੋਣ ਦੀ ਆਸ ਹੋਵੇ। ਮਿਸਾਲ ਦੇ ਤੌਰ ਤੇ ਜੇ ਕਿਸੇ ਸਰਕਾਰੀ ਮੁਲਾਜ਼ਮ ਨੂੰ ਆਪਣੀ ਤਨਖਾਹ ਵਿਚ ਤਰੱਕੀ ਦੀ ਜ਼ਰੂਰਤ ਭਾਸਦੀ ਹੈ ਤਾਂ ਉਹ ਆਮ ਕਰਕੇ ਆਪਣੇ ਅਫਸਰਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ, ਆਪਣੇ ਕੰਮ ਦੀ ਬਾਬਤ ਆਪਣੇ ਹਕ ਵਿਚ ਚੰਗੀ ਰੀਪੋਰਟ ਲਿਖਵਾਣ ਦੀ ਕੋਸ਼ਿਸ਼ ਕਰਦਾ ਹੈ। ਉਸ ਦੇ ਖਿਆਲ ਵਿਚ ਜੇਕਰ ਉਸਦੇ ਅਫਸਰ ਉਸ ਦੀ ਸਿਫਾਰਿਸ਼ ਕਰ ਦੇਣ ਤਾਂ ਉਸ ਨੂੰ ਤਰੱਕੀ ਮਲ ਸਕਦੀ ਹੈ। ਇਸੇ ਤਰ੍ਹਾਂ ਜੇ ਕੋਈ ਆਦਮੀ ਮੁਕੱਦਮਾ ਜਿੱਤਣਾ ਚਾਹੁੰਦਾ ਹੈ ਤਾਂ ਉਸ ਦੀ ਕੋਸ਼ਿਸ਼ ਇਹ ਹੁੰਦੀ ਹੈ ਕਿ ਚੰਗਾ ਤਕੜਾ ਵਕੀਲ ਕੀਤਾ ਜਾਵੇ ਜੋ ਉਸ ਦੇ ਮਾਮਲੇ ਨੂੰ ਜੱਜਾਂ ਦੇ ਸਾਹਮਣੇ ਚੰਗੀ ਤਰ੍ਹਾਂ ਬਿਆਨ ਕਰ ਸਕੇ ਅਤੇ ਜੱਜਾਂ ਉਪਰ ਆਪਣੀਆਂ ਦਲੀਲਾਂ ਦਾ ਅਸਰ ਪਾ ਕੇ ਉਹਨਾਂ ਤੋਂ ਉਸ ਦੇ ਹਕ ਵਿਚ ਫੈਸਲਾ ਲੈ ਸਕੇ। ਦੂਸਰੇ ਅੱਖਰਾਂ ਵਿਚ ਮਨੁੱਖ ਆਪਣੇ ਕਾਰਜ ਦੀ ਪੂਰਤੀ ਲਈ ਐਸੇ ਹਾਲਾਤ ਬਨਾਉਣ ਦੀ ਕੋਸ਼ਿਸ ਕਰਦਾ ਹੈ, ਜਿਹੜੇ ਉਸ ਦੇ ਕਾਰਜ ਨੂੰ ਪੂਰਿਆਂ ਕਰਨ ਵਿਚ ਸਹਾਇਕ ਹੋਣ। ਪਰ ਗੁਰੂ ਅਮਰਦਾਸ ਜੀ

ਮਨੁੱਖ ਨੂੰ ਮੁਖਾਤਬ ਕਰ ਕੇ ਉਪਦੇਸ਼ ਦੇਂਦੇ ਹਨ ਕਿ ਕਾਰਨ ਭਾਵੇਂ ਕਿਤਨੇ ਚੰਗੇ ਨਜ਼ਰ ਪਏ ਆਵਣ ਜੇ ਵਾਹਿਗੁਰੂ ਜੀ ਦਾ ਹੁਕਮ ਨਾ ਹੋਵੇ ਤਾਂ ਚੰਗੇ ਕਾਰਨ ਵੀ ਚੰਗਾ ਨਤੀਜਾ ਕਢਣ ਤੋਂ ਅਸਮਰਥ ਹੁੰਦੇ ਹਨ। ਬੰਬੀਹਾ ਬੱਦਲ ਨੂੰ ਵੇਖ ਕੇ ਇਹ ਯਕੀਨ ਕਰ ਬੈਠਦਾ ਹੈ ਕਿ ਇਹ ਬੱਦਲ ਹੁਣ ਜ਼ਰੂਰ ਵਰ੍ਹੇਗਾ ਅਤੇ ਉਸ ਦੇ ਤਿਹਾਏ ਮੂੰਹ ਵਿਚ ਸੀਤਲ ਜਲ ਦੀ ਬੂੰਦ ਪਵੇਗੀ। ਪਰ ਉਸ ਨੂੰ ਇਹ ਪਤਾ ਨਹੀਂ ਹੁੰਦਾ ਕਿ ਕਈ ਵਾਰੀ ਬੱਦਲ ਆਉਂਦੇ ਤਾਂ ਹਨ ਪਰ ਵੱਸਦੇ ਨਹੀਂ। ਉਸ ਨੂੰ ਇਹ ਪਤਾ ਨਹੀਂ ਹੁੰਦਾ ਕਿ ਬੱਦਲਾਂ ਦੇ ਵਸਣ ਵਾਸਤੇ ਉਹਨਾਂ ਦਾ ਨਿਰਾ ਅਸਮਾਨ ਉਤੇ ਆ ਜਾਣਾ ਹੀ ਜ਼ਰੂਰੀ ਨਹੀਂ, ਉਸ ਨੂੰ ਇਹ ਪਤਾ ਨਹੀਂ ਹੁੰਦਾ ਕਿ ਕਿਸੇ ਕਾਰਜ ਦੇ ਰਾਸ ਹੋਣ ਵਾਸਤੇ ਨਿਰਾ ਇਹੀ ਜ਼ਰੂਰੀ ਨਹੀਂ ਕਿ ਉਸ ਕਾਰਜ ਨੂੰ ਰਾਸ ਕਰਨ ਵਾਲੇ ਕਾਰਨ ਮੌਜੂਦ ਹੋਣ, ਸਗੋਂ ਇਸ ਤੋਂ ਅਗੇ ਵਧੇਰੇ ਜ਼ਰੂਰੀ ਇਹ ਹੁੰਦਾ ਹੈ ਕਿ ਕਾਰਜ ਨੂੰ ਰਾਸ ਕਰਨ ਵਾਲੇ ਕਾਰਨ ਅਮਲ ਵਿਚ, ਵਰਤੋਂ ਵਿਚ ਆ ਕੇ ਉਸ ਕਾਰਜ ਨੂੰ ਪੂਰਾ ਕਰ ਦੇਣ। ਕਈ ਵਾਰੀ ਅਸੀਂ ਵੇਖਦੇ ਹਾਂ ਕਿ ਬਣੇ ਬਣਾਏ ਕੰਮ ਚੌੜ ਹੋ ਜਾਂਦੇ ਹਨ। ਜਿਹੜੇ ਕੰਮ ਸਬੰਧੀ ਸਾਨੂੰ ਪੂਰੀ ਆਸ ਹੋਵੇ ਕਿ ਇਹ ਕੰਮ ਜ਼ਰੂਰ ਸਿਰੇ ਚੜ੍ਹੇਗਾ, ਉਹ ਕੰਮ ਆਸ ਦੇ ਐਨ ਉਲਟ, ਖਰਾਬ ਹੋ ਜਾਂਦਾ ਹੈ। ਕਿਉਂ? ਕਿਉਂਕਿ ਸਾਡਾ ਇਹ ਸਮਝਣਾ ਸਾਡੀ ਭੁਲ ਹੈ ਕਿ ਕਿਉਂਕਿ ਇਸ ਕੰਮ ਨੂੰ ਸਿਰੇ ਚਾੜ੍ਹਨ ਵਾਲੇ ਸਭ ਕਾਰਨ ਪੂਰੇ ਹੋ ਗਏ ਹਨ, ਇਸ ਕਰ ਕੇ ਇਸ ਕੰਮ ਦਾ ਪੂਰਾ ਹੋਣਾ ਲਾਜ਼ਮੀ ਹੈ। ਸਾਡੇ ਹਥ ਵਿਚ ਜੇਕਰ ਦੁਧ ਦਾ ਭਰਿਆ ਗਲਾਸ ਹੈ ਤਾਂ ਸਾਡਾ ਇਹ ਯਕੀਨ ਕਰ ਲੈਣਾ, ਗੁਰੂ ਅਮਰ ਦੇਵ ਜੀ ਦੇ ਫੁਰਮਾਨ ਅਨੁਸਾਰ ਸਾਡੀ ਭੁਲ ਹੈ ਕਿ ਇਹ ਦੁਧ ਹੁਣ ਲਾਜ਼ਮੀ ਤੌਰ ਉਤੇ ਅਸੀਂ ਪੀ ਸਕਾਂਗੇ। ਹੋ ਸਕਦਾ ਹੈ ਕਿ ਗਲਾਸ ਸਾਡੇ

ਹਥੋਂ ਡਿਗ ਪਵੇ, ਹੋ ਸਕਦਾ ਹੈ ਕਿ ਗਲਾਸ ਸਾਡੇ ਕੋਲੋਂ ਐਨ ਪੀਣ ਵੇਲੇ ਕੋਈ ਖੋਹ ਲਵੇ, ਹੋ ਸਕਦਾ ਹੈ ਕਿ ਗਲਾਸ ਨੂੰ ਮੂੰਹ ਤਕ ਲੈ ਜਾਣ ਤਕ ਸਾਡੇ ਨਾਲ ਕੋਈ ਐਸੀ ਭਾਵੀ ਆਣ ਵਾਪਰੇ ਜਿਸ ਕਰ ਕੇ ਅਸੀਂ ਦੁਧ ਨਾ ਪੀ ਸਕੀਏ। ਕਈ ਵਾਰੀ ਦੇਖੀਦਾ ਹੈ ਕਿ ਥਾਲ ਵਿਚ ਖਾਣਾ ਤਾਂ ਪਰੋਸਿਆ ਗਿਆ ਹੈ ਅਤੇ ਥਾਲ ਖਾਣ ਵਾਲੇ ਦੇ ਅਗੇ ਵੀ ਰਖਿਆ ਗਿਆ ਹੈ ਪਰ ਖਾਣ ਵਾਲੇ ਨੂੰ ਖਾਣ ਦਾ ਮੌਕਾ ਨਹੀਂ ਮਿਲਿਆ। ਪਾਕਿਸਤਾਨ ਬਣਨ ਵੇਲੇ ਕਈ ਬੀਬੀਆਂ ਦਸਦੀਆਂ ਹਨ ਕਿ ਰੋਟੀਆਂ ਤਵਿਆਂ ਤੇ ਪਈਆਂ ਰਹਿ ਗਈਆਂ ਅਤੇ ਉਹਨਾਂ ਨੂੰ ਫੌਰਨ ਘਰ ਛਡਣੇ ਪਏ।

ਮੀਂਹ ਦੇ ਵਸਣ ਵਾਸਤੇ ਭਾਵੇਂ ਬਦਲਾਂ ਦਾ ਹੋਣਾ ਜ਼ਰੂਰੀ ਹੈ ਪਰ ਗੁਰੂ ਅਮਰ ਦਾਸ ਜੀ ਦਸਦੇ ਹਨ ਕਿ ਬੱਦਲ ਆਪਣੇ ਆਪ ਨਹੀਂ ਵੱਸ ਸਕਦੇ। ਬੱਦਲਾਂ ਨੂੰ ਵੱਸਣ ਦਾ ਜਦ ਕਰਤਾਰ ਦੇ ਬਣਾਏ ਨਿਯਮਾਂ ਵਲੋਂ ਹੁਕਮ ਹੋਵੇ ਉਦੋਂ ਬੱਦਲ ਵਸਦੇ ਹਨ। ਇਸੇ ਤਰ੍ਹਾਂ ਕਾਮਯਾਬੀ ਲਈ ਭਾਵੇਂ ਚੰਗੇ ਕਾਰਨਾਂ (Favourable causes) ਦਾ ਹੋਣਾ ਜ਼ਰੂਰੀ ਹੈ ਪਰ ਕਾਰਨ ਤਦ ਹੀ ਸਫਲਤਾ ਪੈਦਾ ਕਰ ਸਕਦੇ ਹਨ ਜਦ ਕਰਤਾਰ ਦੀ ਇਜਾਜ਼ਤ ਮਿਲੇ।

ਆਮ ਤੌਰ ਤੇ ਦੇਖਣ ਵਿਚ ਆਉਂਦਾ ਹੈ ਕਿ ਇਨਸਾਨ ਦੀ ਹਰ ਕੋਸ਼ਿਸ਼ ਦਾ ਨਤੀਜਾ ਲਾਜ਼ਮੀ ਤੌਰ ਉਤੇ ਕਾਮਯਾਬੀ ਨਹੀਂ ਹੁੰਦਾ। ਇਨਸਾਨ ਕੋਸ਼ਿਸ਼ ਤਾਂ ਸਦਾ ਹੀ ਕਰਦਾ ਰਹਿੰਦਾ ਹੈ ਪਰ ਕਾਮਯਾਬ ਕਦੀ ਹੁੰਦਾ ਹੈ ਕਦੀ ਨਹੀਂ ਹੁੰਦਾ। ਗੁਰੂ ਅਮਰ ਦੇਵ ਜੀ ਇਸ ਸਬੰਧੀ ਸਾਨੂੰ ਇਕ ਸੁਨਹਿਰੀ ਅਸੂਲ ਸਮਝਾਉਣਾ ਚਾਹੁੰਦੇ ਹਨ। ਇਹ ਅਸੂਲ ਇਸ ਪਰਕਾਰ ਹੈ ਕਿ ਕੋਸ਼ਿਸ਼ਾਂ ਅਤੇ ਕਾਮਯਾਬੀ ਦੇ ਦਰਮਿਆਨ ਸਦਾ ਇਕ ਵਿਥ ਜਾਂ ਵਿਰਲ (Vacuum) ਹੁੰਦੀ ਹੈ। ਕੋਸ਼ਿਸ਼ਾਂ ਤਦ ਹੀ ਕਾਮਯਾਬੀ ਦਾ ਦਰਜਾ ਹਾਸਲ ਕਰਦੀਆਂ

ਹਨ ਜਦ ਇਸ ਵਿਰਲ ਜਾਂ ਵਿਥ ਨੂੰ ਕਰਤਾਰ ਦੀ ਮੇਹਰ (Grace) ਆ ਕੇ ਭਰਪੂਰ ਕਰੇ। ਜਦ ਤਕ ਵਾਹਿਗੁਰੂ ਦੀ ਕਿਰਪਾ ਦਾ ਨਿਯਮ ਪੂਰਾ ਨਾ ਕੀਤਾ ਜਾਵੇ, ਸਾਡੀਆਂ ਕੋਸ਼ਿਸ਼ਾਂ ਨੂੰ ਸਫਲਤਾ ਪਰਾਪਤ ਨਹੀਂ ਹੋਵੇਗੀ। ਇਸ ਵਾਸਤੇ ਸਫਲਤਾ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਕਿ ਕੋਸ਼ਿਸ ਕਰਨ ਮਗਰੋਂ ਨਿਰਮਾਣਤਾ ਨਾਲ ਕੋਸ਼ਿਸ਼ਾਂ ਦੇ ਸਫਲ ਹੋਣ ਦੀ ਅਰਦਾਸ ਕੀਤੀ ਜਾਵੇ।

*ਬਾਬੀਹੈ ਹੁਕਮੁ ਪਛਾਣਿਆ ਗੁਰ ਕੈ ਸਹਜਿ ਸੁਭਾਇ ॥*
*ਮੇਘੁ ਵਰਸੈ ਦਇਆ ਕਰਿ ਗੂੜੀ ਛਹਬਰ ਲਾਇ ॥*
*ਬਾਬੀਹੇ ਕੂਕ ਪੁਕਾਰ ਰਹਿ ਗਈ ਸੁਖੁ ਵਸਿਆ ਮਨਿ ਆਇ ॥*
*ਨਾਨਕ ਸੋ ਸਾਲਾਹੀਐ ਜਿ ਦੇਂਦਾ ਸਭਨਾਂ ਜੀਆ ਰਿਜਕੁ ਸਮਾਇ ॥*

*ਅੰਗ - 1284*

# ਹੈ ਤੋ ਸਹੀ ਲਖੇ ਜੋ ਕੋਈ
# ਫਿਰ ਓਹ ਹੀ ਓਹ ਹੈ ਇਹ ਨਾ ਹੋਈ

ਸਰੀਰ - ਇਹ ਸਰੀਰ ਸਾਨੂੰ ਬਖਸ਼ਿਆ ਗਿਆ ਹੈ, ਅਸੀਂ ਇਸ ਸਰੀਰ ਦੇ ਕਰਤਾ ਨਹੀਂ। ਅਸੀਂ ਤਾਂ ਆਪਣਾ ਇਕ ਵਾਲ ਜਾਂ ਇਕ ਨੌਂਹ ਵੀ ਨਹੀਂ ਬਣਾ ਸਕਦੇ। ਸਾਨੂੰ ਤਾਂ ਇੰਨਾਂ ਵੀ ਪਤਾ ਨਹੀਂ ਕਿ ਸਰੀਰ ਦੇ ਅੰਦਰ ਸਾਰਾ ਕਾਰਖਾਨਾ ਕਿਵੇਂ ਦਿਨ ਰਾਤ ਲਗਾਤਾਰ ਚਲਦਾ ਰਹਿੰਦਾ ਹੈ। ਸਾਨੂੰ ਅੰਦਰੋਂ ਭੁਖ ਲਗਦੀ ਹੈ ਤਾਂ ਉਸ ਭੁਖ ਦੀ ਪਰੇਰਨਾ ਨਾਲ ਅਸੀਂ ਰੋਟੀ, ਦੁਧ, ਫਲ ਆਦਿ ਮੂੰਹ ਵਿਚ ਪਾਂਦੇ ਤੇ ਉਸ ਦੇ ਸਵਾਦ ਨੂੰ ਮਾਣਦੇ ਹਾਂ। ਪਰ ਮੂੰਹ ਵਿਚ ਖੁਰਾਕ ਪਾਣ ਮਗਰੋਂ ਸਾਨੂੰ ਕੁਝ ਪਤਾ ਨਹੀਂ ਕਿ ਖੁਰਾਕ ਕਿਵੇਂ ਹਜ਼ਮ ਹੁੰਦੀ ਹੈ, ਕਿਵੇਂ ਉਸ ਦਾ ਖ਼ੂਨ ਬਣਦਾ ਹੈ, ਕਿਵੇਂ ਉਹ ਖ਼ੂਨ ਸਾਡੇ ਜਿਸਮ ਦੇ ਹਰ ਪਾਸੇ ਪਹੁੰਚ ਕੇ ਸਾਡੇ ਸਰੀਰ ਨੂੰ ਤਾਕਤ ਦਿੰਦਾ ਤੇ ਕਾਇਮ ਰਖਦਾ ਹੈ। ਅਸੀਂ ਤਾਂ ਰਾਤ ਨੂੰ ਬੇਹੋਸ਼ ਹੋ ਕੇ ਸੌਂ ਜਾਂਦੇ ਹਾਂ ਪਰ ਸਾਡੇ ਸਰੀਰ ਅੰਦਰ ਸਭ ਕਿਰਿਆ ਜਿਉਂ ਦੀ ਤਿਉਂ ਜਾਰੀ ਰਹਿੰਦੀ ਹੈ। ਸਾਡਾ ਦਿਲ ਲਗਾਤਾਰ ਚਲਦਾ ਰਹਿੰਦਾ ਹੈ, ਸਾਡਾ ਮੇਦਾ, ਜਿਗਰ, ਗੁਰਦੇ ਆਦਿ ਸਭ ਆਪਣਾ ਆਪਣਾ ਕੰਮ ਕਰਦੇ ਰਹਿੰਦੇ ਹਨ, ਸਾਡਾ ਖ਼ੂਨ ਆਪਣਾ ਦੌਰਾ ਕਾਇਮ ਰਖਦਾ ਹੈ। ਇਸ ਤੋਂ ਸਿਧ ਹੁੰਦਾ ਹੈ ਕਿ ਸਾਡੇ ਅੰਦਰ ਸਾਡੇ ਨਾਲ ਹੀ ਸਾਡੇ ਤੋਂ ਕਿਤੇ ਵਧ ਸਿਆਣੀ ਤੇ ਸਾਡੀ ਸ਼ੁਭਚਿੰਤਕ ਇਕ ਹੋਰ

ਮਹਾਨ ਸ਼ਕਤੀ ਹੈ ਜਿਸ ਦੇ ਆਸਰੇ ਸਾਡੇ ਸਰੀਰ ਦੀ ਕਿਰਿਆ ਦਿਨ ਰਾਤ ਜਾਰੀ ਰਹਿੰਦੀ ਹੈ।

ਮਨ – ਜਿਸ ਤਰ੍ਹਾਂ ਅਸੀਂ ਆਪਣੇ ਸਰੀਰ ਦੇ ਕਰਤਾ ਨਹੀਂ, ਇਸੀ ਤਰ੍ਹਾਂ ਸਰੀਰ ਵਿਚ ਜੋ ਸਾਡਾ ਮਨ ਹੈ ਉਸ ਦੇ ਵੀ ਅਸੀਂ ਕਰਤਾ ਨਹੀਂ। ਜਿਵੇਂ ਸਰੀਰ ਸਾਨੂੰ ਬਖਸ਼ਿਆ ਗਿਆ ਹੈ ਉਸੇ ਤਰ੍ਹਾਂ ਸਰੀਰ ਦੇ ਅੰਦਰ ਮਨ ਵੀ ਸਾਨੂੰ ਬਖਸ਼ਿਆ ਗਿਆ ਹੈ। ਮਾਤਾ ਦੇ ਗਰਭ ਵਿਚ ਜਦ ਬੱਚੇ ਦੇ ਨਿੱਕੇ ਨਿੱਕੇ ਹੱਥ ਪੈਰ ਬਣਦੇ ਹਨ, ਅੱਖਾਂ ਅਤੇ ਭਰਵਟੇ ਬਣਦੇ ਹਨ, ਬਾਰੀਕ ਵਾਲ ਬਣਦੇ ਹਨ ਤਾਂ ਇਸ ਦਾ ਨਾ ਮਾਤਾ ਨੂੰ ਪਤਾ ਹੁੰਦਾ ਹੈ ਨਾ ਬੱਚੇ ਨੂੰ। ਇਹ ਸਭ ਕੁਝ ਕੌਣ ਬਣਾਂਦਾ ਹੈ? ਬੱਚੇ ਦੇ ਸਰੀਰ ਦੇ ਮੁਕੰਮਲ ਹੋ ਜਾਣ ਉਤੇ ਉਸ ਵਿਚ ਜਾਨ ਕੌਣ ਪਾਂਦਾ ਹੈ? ਉਸ ਸਰੀਰ ਵਿਚ ਮਨ ਕੌਣ ਬਣਾਂਦਾ ਹੈ? ਸਾਨੂੰ ਮੰਨਣਾ ਪਵੇਗਾ ਕਿ ਸਾਡੇ ਸਰੀਰ ਨੂੰ ਬਨਾਣ ਵਾਲਾ, ਸਾਡੇ ਸਰੀਰ ਵਿਚ ਮਨ ਬਨਾਣ ਵਾਲਾ, ਜਾਨ ਪਾਣ ਵਾਲਾ, ਸਾਡੇ ਤੋਂ ਅਲਹਿਦਾ ਕੋਈ ਹੋਰ ਹੈ ਜੋ ਸਾਡੇ ਤੋਂ ਸਿਆਣਾ ਕਾਰੀਗਰ ਹੈ, ਸਾਡਾ ਸ਼ੁਭਚਿੰਤਕ ਹੈ, ਸਾਨੂੰ ਪੈਦਾ ਕਰਨ ਵਾਲਾ ਹੈ।

ਜੀਵ – ਜਿਵੇਂ ਸਰੀਰ ਵਿਚ ਮਨ (ਸੋਚਣ ਵਾਲਾ, ਵਿਚਾਰਨ ਵਾਲਾ ਇੰਦਰਾ) ਹੈ, ਉਵੇਂ ਮਨ ਦੇ ਪਿਛੇ ਜੀਵ ਹੈ। ਇਹ ਜੀਵ ਸਾਡਾ ਆਪਣਾ ਆਪ ਹੈ। ਅਸੀਂ ਸਰੀਰ ਵਿਚ ਰਹਿੰਦੇ ਹਾਂ, ਅਸੀਂ ਮਨ ਦਵਾਰਾ ਸੋਚਦੇ ਸਮਝਦੇ ਹਾਂ ਅਤੇ ਆਪਣੀ ਵਿਚਾਰ ਜਾਂ ਸਮਝ ਅਨੁਸਾਰ ਸਰੀਰ ਤੋਂ ਕੰਮ ਲੈਂਦੇ ਹਾਂ। ਪਰ ਕੀ ਅਸੀਂ ਆਪਣੇ ਆਪ ਨੂੰ ਬਣਾ ਸਕਦੇ ਹਾਂ, ਕੀ ਅਸੀਂ ਆਪਣੇ ਆਪ ਨੂੰ ਪੈਦਾ ਕਰ ਸਕਦੇ ਹਾਂ? ਨਹੀਂ, ਹਰਗਿਜ਼ ਨਹੀਂ। ਸਾਨੂੰ ਤਾਂ ਇਹ ਵੀ ਪਤਾ ਨਹੀਂ ਕਿ ਅਸੀਂ ਕੀ ਹਾਂ, ਕੌਣ ਹਾਂ, ਕਿਵੇਂ ਇਸ ਸਰੀਰ ਵਿਚ ਆ ਗਏ ਹਾਂ ਕਦੋਂ ਤਕ ਇਸ ਸਰੀਰ ਵਿਚ ਰਹਿਣਾ ਹੈ, ਕਿਥੋਂ ਇਸ ਸਰੀਰ ਵਿਚ ਆਏ ਹਾਂ ਅਤੇ ਇਸ ਸਰੀਰ ਨੂੰ ਛਡਣ ਮਗਰੋਂ ਕਿਥੇ

ਜਾਵਾਂਗੇ? ਇਸ ਲਈ ਜਿਵੇਂ ਸਾਡੇ ਸਰੀਰ ਨੂੰ, ਸਾਡੇ ਮਨ ਨੂੰ, ਬਨਾਣ ਵਾਲਾ, ਪੈਦਾ ਕਰਨ ਵਾਲਾ ਸਾਥੋਂ ਇਲਾਵਾ ਕੋਈ ਹੋਰ ਹੈ, ਇਸੇ ਤਰ੍ਹਾਂ ਸਾਡਾ ਕਰਤਾ, ਸਾਨੂੰ ਬਨਾਣ ਵਾਲਾ, ਸਾਨੂੰ ਸਰੀਰ ਵਿਚ ਪਾਣ ਵਾਲਾ ਵੀ ਕੋਈ ਹੋਰ ਹੈ। ਇਹ ਹੋਰ ਕੌਣ ਹੈ? ਇਸ ਨੂੰ ਸਿੱਖਾਂ ਦੀ ਧਾਰਮਕ ਬੋਲੀ ਵਿਚ ਸ੍ਰੀ ਵਾਹਿਗੁਰੂ ਜੀ ਆਖਦੇ ਹਨ। ਵਾਹਿਗੁਰੂ ਜੀ ਹੀ ਜੀਵ ਨੂੰ ਸਰੀਰ ਅਤੇ ਸਰੀਰ ਵਿਚ ਮਨ ਬਖਸ਼ਦੇ ਹਨ। ਵਾਹਿਗੁਰੂ ਜੀ ਵਲੋਂ ਹੀ ਸਰੀਰ ਵਿਚ ਜੀਵ ਨੂੰ ਪ੍ਰਵੇਸ਼ ਕਰਾਇਆ ਜਾਂਦਾ ਹੈ ਅਤੇ ਵਾਹਿਗੁਰੂ ਜੀ ਹੀ ਜੀਵਾਂ ਨੂੰ ਪੈਦਾ ਕਰਦੇ ਹਨ। ਤਾਂ ਫਿਰ ਇਹ ਜੀਵ, ਜੀਵ ਦਾ ਸਰੀਰ, ਸਰੀਰ ਵਿਚ ਜੀਵ ਦਾ ਮਨ ਸਭ ਵਾਹਿਗੁਰੂ ਜੀ ਦੇ ਹਨ, ਨਾ ਕਿ ਜੀਵ ਦੇ। ਕੋਈ ਕਿਰਾਏਦਾਰ ਤਾਂ ਮਕਾਨ ਦਾ ਮਾਲਕ ਨਹੀਂ ਬਣ ਸਕਦਾ। ਪਰ ਜੀਵ ਤਾਂ ਕਿਰਾਇਆ ਵੀ ਨਹੀਂ ਦੇਂਦਾ। ਕਿਰਾਇਆ ਦੇਣ ਜੋਗਾ ਇਸਦੇ ਆਪਣੇ ਪਾਸ ਹੈ ਵੀ ਕੀ? ਇਸ ਦਾ ਆਪਣਾ ਆਪ, ਇਸ ਦਾ ਮਨ, ਇਸਦਾ ਸਰੀਰ, ਸਭ ਕੁਝ ਵਾਹਿਗੁਰ ਜੀ ਦਾ ਹੈ।

ਧਨ ਦੌਲਤ - ਜਦ ਸਰੀਰ ਤੇ ਮਨ ਜੀਵ ਦੇ ਆਪਣੇ ਨਹੀਂ ਤਾਂ ਸਰੀਰ ਤੇ ਮਨ ਦੇ ਆਸਰੇ ਜੀਵ ਜੋ ਕੁਝ ਇਕੱਤਰ ਕਰਦਾ ਹੈ - ਇਲਮ, ਦੌਲਤ, ਮਕਾਨ ਮੋਟਰਾਂ, ਪਰਿਵਾਰ, ਮਿਤ੍ਰ ਤੇ ਜਗਤ ਦੇ ਹੋਰ ਸਭ ਰਿਸ਼ਤੇ ਨਾਤੇ, ਸਭ ਵਾਹਿਗੁਰੂ ਜੀ ਦੇ ਬਖਸ਼ੇ ਹੋਏ ਹਨ। ਸਰੀਰ ਵਿਚ ਸ਼ਕਤੀ, ਮਨ ਵਿਚ ਵਿਚਾਰ, ਅਕਲ ਦਾਨਾਈ, ਹਿੰਮਤ, ਚਾਲਾਕੀ ਸਭ ਕੁਝ ਵਾਹਿਗੁਰੂ ਜੀ ਦੀ ਦਾਤ ਹੈ।

ਆਉ, ਹੁਣ ਦੇਖੀਏ ਕਿ ਗੁਰਬਾਣੀ ਦਾ ਫੁਰਮਾਨ ਕਿਤਨਾ ਸਚਾ ਤੇ ਵਿਗਿਆਨਕ ਹੈ:

*ਮਨੁ ਤਨੁ ਤੇਰਾ ਧਨੁ ਭੀ ਤੇਰਾ ॥*
*ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ ॥*

*ਜੀਉ ਪਿੰਡੁ ਸਭੁ ਰਾਸਿ ਤੁਮਾਰੀ*
*ਤੇਰਾ ਜੋਰੁ ਗੋਪਾਲਾ ਜੀਉ ॥*
*ਸਦਾ ਸਦਾ ਤੂੰਹੈ ਸੁਖਦਾਈ ॥*
*ਨਿਵਿ ਨਿਵਿ ਲਾਗਾ ਤੇਰੀ ਪਾਈ ॥* *ਅੰਗ - 106*

ਗੁਰਮਤਿ ਅਨੁਸਾਰ ਜਿਸ ਵਾਹਿਗੁਰੂ ਦਾ ਤਨ ਮਨ ਧਨ ਜੀਉ ਪਿੰਡ, ਸਭ ਕੁਝ ਹੈ ਉਹ ਆਪ ਸੁਖ ਸਾਗਰ ਜਾਂ ਚੰਗਿਆਈ ਹੀ ਚੰਗਿਆਈ ਹੈ। ਜਿਸ ਗੁਰਸਿੱਖ ਨੂੰ ਆਪਣੀ ਅਸਲੀਅਤ ਦਾ ਪਤਾ ਲਗ ਜਾਵੇ ਜਾਂ ਜੋ ਗੁਰਸਿੱਖ ਆਪਣਾ ਸਭ ਕੁਝ ਵਾਹਿਗੁਰੂ ਜੀ ਦਾ ਸਮਝੇ ਅਤੇ ਵਾਹਿਗੁਰੂ ਜੀ ਨੂੰ ਹਰ ਵੇਲੇ ਯਾਦ ਰਖੇ, ਉਸ ਦਾ ਸਿਮਰਨ ਕਰੇ, ਉਸ ਗੁਰਸਿੱਖ ਨੂੰ ਸੁਖ ਹੀ ਸੁਖ ਮਿਲੇਗਾ ਅਤੇ ਉਸ ਦੇ ਸਾਰੇ ਮਨੋਰਥ ਪੂਰੇ ਹੋਣਗੇ। ਉਸ ਨੂੰ ਹਉਮੈ ਦਾ ਰੋਗ ਕਦੀ ਤੰਗ ਨਹੀਂ ਕਰੇਗਾ, ਹੌਲੀ ਹੌਲੀ ਉਸ ਦੀ ਹਉਮੈ ਮਿਟ ਜਾਵੇਗੀ।

*ਸਿਮਰਿ ਸਿਮਰਿ ਨਾਨਕ ਸੁਖੁ ਪਾਇਆ ॥*
*ਆਠ ਪਹਰ ਤੇਰੇ ਗੁਣ ਗਾਇਆ ॥*
*ਸਗਲ ਮਨੋਰਥ ਪੂਰਨ ਹੋਏ*
*ਕਦੇ ਨ ਹੋਇ ਦੁਖਾਲਾ ਜੀਉ ॥* *ਅੰਗ - 106*

ਐਸਾ ਇਨਸਾਨ ਜਾਂ ਗੁਰਸਿੱਖ ਆਪਣੇ ਆਪ ਨੂੰ ਵਾਹਿਗੁਰੂ ਜੀ ਦਾ ਮਹਿਮਾਨ ਸਮਝਦਾ ਹੈ ਅਤੇ ਵਾਹਿਗੁਰੂ ਜੀ ਦੇ ਜਗਤ ਦੀ, ਵਾਹਿਗੁਰੂ ਜੀ ਦੇ ਆਸਰੇ ਸੈਰ ਕਰਦਾ ਹੈ ਅਤੇ ਇਸ ਸੈਰ ਦੇ ਤਜਰਬਿਆਂ ਤੋਂ ਗਿਆਨ ਪ੍ਰਾਪਤ ਕਰਦਾ ਹੈ। ਜਦ ਗੁਰਸਿੱਖ ਆਪਣੇ ਆਪ ਨੂੰ ਵਾਹਿਗੁਰੂ ਜੀ ਦਾ ਸਚੇ ਦਿਲੋਂ ਮਹਿਮਾਨ ਸਮਝੇ ਤਾਂ ਉਸ ਦੀਆਂ ਸਭ ਜ਼ਰੂਰਤਾਂ ਦੀ ਪੂਰਤੀ ਦਾ ਫਰਜ਼ ਫਿਰ ਵਾਹਿਗੁਰੂ ਜੀ ਆਪਣੇ ਜ਼ਿੰਮੇਂ ਲੈ ਲੈਂਦੇ ਹਨ। ਯਾਦ ਰਹੇ ਕਿ ਵਾਹਿਗੁਰੂ ਜੀ ਕਰਨ ਕਾਰਨ ਜਾਂ ਸਬੱਬਾਂ ਦੇ ਪੈਦਾ ਕਰਨ ਵਾਲੇ (Creator of causes) ਹਨ। ਇਸ ਕਰ ਕੇ ਵਾਹਿਗੁਰੂ ਜੀ ਦਾ ਮਹਿਮਾਨ, ਵਾਹਿਗੁਰੂ ਜੀ ਦਾ ਪਿਆਰਾ, ਜਿਹੜਾ ਕੰਮ ਕਾਰ ਵੀ

ਕਰਦਾ ਹੋਵੇ, ਜਿਸ ਕਿਸਮ ਦਾ ਜੀਵਨ ਬਤੀਤ ਕਰਦਾ ਹੋਵੇ ਉਸੇ ਵਿਚ ਵਾਹਿਗੁਰੂ ਜੀ ਐਸਾ ਹਾਲਾਤ ਪੈਦਾ ਕਰ ਦੇਂਦੇ ਹਨ ਜਿਨ੍ਹਾਂ ਤੋਂ ਵਾਹਿਗੁਰੂ ਜੀ ਦੇ ਮਹਿਮਾਨ ਦੀ ਕਿਰਤ ਵਿਚ ਬਰਕਤ, ਪਰਿਵਾਰ ਵਿਚ ਅਰੋਗਤਾ, ਸੁਖ ਤੇ ਸ਼ਾਂਤੀ ਅਤੇ ਸੁਸਾਇਟੀ ਵਿਚ ਸਤਿਕਾਰ ਹੋਣ ਲਗ ਜਾਂਦਾ ਹੈ।

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥*
*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥*

*ਅੰਗ - 403*

*ਜਿਨਾ ਅੰਦਰਿ ਨਾਮੁ ਨਿਧਾਨੁ ਹਰਿ*
*ਤਿਨ ਕੇ ਕਾਜ ਦਯਿ ਆਦੇ ਰਾਸਿ ॥*
*ਤਿਨ ਚੂਕੀ ਮੁਹਤਾਜੀ ਲੋਕਨ ਕੀ*
*ਹਰਿ ਪ੍ਰਭੁ ਅੰਗੁ ਕਰਿ ਬੈਠਾ ਪਾਸਿ ॥*
*ਜਾਂ ਕਰਤਾ ਵਲਿ ਤਾ ਸਭੁ ਕੋ ਵਲਿ*
*ਸਭਿ ਦਰਸਨੁ ਦੇਖਿ ਕਰਹਿ ਸਾਬਾਸਿ ॥*
*ਸਾਹੁ ਪਾਤਿਸਾਹੁ ਸਭੁ ਹਰਿ ਕਾ ਕੀਆ*
*ਸਭਿ ਜਨ ਕਉ ਆਇ ਕਰਹਿ ਰਹਰਾਸਿ ॥* *ਅੰਗ - 305*

# ਗੁਰਮਤਿ ਦਾ ਬੁਨਿਆਦੀ ਸਿਧਾਂਤ

ਸਾਥੋਂ ਕਈ ਗੁਰਸਿੱਖ ਪੁਛਦੇ ਰਹਿੰਦੇ ਹਨ ਕਿ ਉਹਨਾਂ ਨੂੰ ਗੁਰਮਤ (ਆਤਮ ਸਾਇੰਸ) ਦਾ ਉਹ ਬੁਨਿਆਦੀ ਸਿਧਾਂਤ ਦਸਿਆ ਜਾਵੇ ਜੋ ਕਿ ਸ੍ਰੀ ਗੁਰੂ ਗਰੰਥ ਸਾਹਿਬ ਦੇ ਪਵਿਤਰ ਉਪਦੇਸ਼ਾਂ ਦਾ ਸਾਰ ਜਾਂ ਨਿਚੋੜ ਕਿਹਾ ਜਾ ਸਕੇ। ਜਿਸ ਸਿਧਾਂਤ ਨੂੰ ਸਮਝ ਕੇ ਉਸ ਅਨੁਸਾਰ ਜੀਵਨ ਬਤੀਤ ਕਰਨ ਨਾਲ ਲੋਕ ਪਰਲੋਕ ਦੋਵੇਂ ਸੁਹੇਲੇ ਹੋ ਜਾਣ, ਜਿਸ ਸਿਧਾਂਤ ਨੂੰ ਸਮਝਣ ਵਿਚ ਵੀ ਕੋਈ ਮੁਸ਼ਕਿਲ ਪੇਸ਼ ਨਾ ਆਵੇ ਅਤੇ ਅਮਲੀ ਜੀਵਨ ਵਿਚ ਵੀ ਲਿਆਉਣ ਵਾਸਤੇ ਰੋਜ਼ਾਨਾ ਜ਼ਿੰਦਗੀ ਵਿਚ ਵਰਤਣ ਵਾਸਤੇ ਵੀ ਕੋਈ ਖਾਸ ਦਿਕਤ ਪੇਸ਼ ਨਾ ਆਵੇ। ਇਸ ਤੋਂ ਇਲਾਵਾ ਉਹ ਸਿਧਾਂਤ ਐਸਾ ਵਿਗਿਆਨਕ ਹੋਵੇ ਜਿਸ ਨੂੰ ਮੰਨਣ ਵਿਚ ਸਾਨੂੰ ਅੰਧ ਵਿਸ਼ਵਾਸ ਦਾ ਸਹਾਰਾ ਨਾ ਲੈਣਾ ਪਵੇ।

ਐਸੇ ਗੁਰਸਿੱਖਾਂ ਦੇ ਚਰਨਾਂ ਵਿਚ ਸਾਡੀ ਬੇਨਤੀ ਹੈ ਕਿ ਜੇਕਰ ਉਹਨਾਂ ਦੀ ਉਤੇ ਲਿਖੀ ਪੁਛ ਸਚੀ ਤੇ ਨਿਰਮਾਣ ਹੈ ਕਿ ਉਹਨਾਂ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਦਾ ਮੁਢਲਾ ਸਿਧਾਂਤ ਸਮਝ ਵਿਚ ਆ ਜਾਵੇ ਅਤੇ ਉਹ ਉਸ ਸਿਧਾਂਤ ਨੂੰ ਸਮਝ ਕੇ ਰੋਜ਼ਾਨਾ ਜ਼ਿੰਦਗੀ ਵਿਚ ਉਸ ਦੀ ਪੂਰੀ ਵਰਤੋਂ ਕਰਨ ਦੀ ਹਿੰਮਤ ਤੇ ਦਲੇਰੀ ਰਖਦੇ ਹੋਣ ਤਾਂ ਸਾਨੂੰ ਯਕੀਨ ਹੈ ਕਿ ਸ੍ਰੀ ਵਾਹਿਗੁਰੂ ਜੀ ਉਹਨਾਂ ਗੁਰਸਿੱਖਾਂ ਦੀ ਇਹ ਸ਼ੁਭ ਭਾਵਨਾ ਜ਼ਰੂਰ ਪੂਰੀ ਕਰਨਗੇ, ਅਸੀਂ ਸ੍ਰੀ

ਗੁਰੂ ਗਰੰਥ ਸਾਹਿਬ ਦੇ ਮੁਢਲੇ ਸਿਧਾਂਤ ਨੂੰ ਵਾਹਿਗੁਰੂ ਜੀ ਦੀ ਕਿਰਪਾ ਦਵਾਰਾ ਇਸ ਪਰਕਾਰ ਸਮਝਿਆ ਹੈ:

1) ਦਿਸਦੇ ਤੇ ਅਣ-ਦਿਸਦੇ ਸੰਸਾਰ ਵਿਚ ਵਾਹਿਗੁਰੂ ਹੈ, ਵਾਹਿਗੁਰੂ ਤੋਂ ਸਿਵਾ ਹੋਰ ਕੁਝ ਨਹੀਂ।

2) ਜਗਤ ਵਾਹਿਗੁਰੂ ਜੀ ਤੋਂ ਉਤਪੰਨ ਹੋਣ ਕਰ ਕੇ ਵਾਹਿਗੁਰੂ ਰੂਪ ਹੈ। ਵਾਹਿਗੁਰੂ ਜੀ ਆਤਮਾ ਹੋਣ ਕਰ ਕੇ ਜੜ੍ਹ (Material) ਨਹੀਂ ਸਗੋਂ ਚੇਤਨ ਮਹਾਂਸ਼ਕਤੀ ਹੈ। ਇਸ ਕਰ ਕੇ ਜਗਤ ਜ਼ੜ੍ਹ ਨਹੀਂ, ਸ਼ਕਤੀ ਰੂਪ ਜਾਂ ਖਿਆਲੀ ਹੈ। *'ਇਹ ਵਿਸ ਸੰਸਾਰ ਜੋ ਤੁਮ ਦੇਖਦੇ ਹਰਿ ਕਾ ਰੂਪ ਹੈ, ਹਰਿ ਰੂਪ ਨਦਰੀ ਆਇਆ।'* ਸਾਰੀ ਜਗਤ. ਰਚਨਾ ਸੁਫਨੇ ਦੇ ਜਗਤ ਵਾਂਗਰ, ਖਿਆਲੀ ਹੈ। ਸੁਫਨੇ ਦਾ ਜਗਤ ਵੀ ਸੁਫਨੇ ਦੀ ਹਾਲਤ ਵਿਚ ਸਚਾ ਤੇ ਠੋਸ ਮਲੂਮ ਹੁੰਦਾ ਹੈ, ਪਰ ਸੁਫਨੇ ਤੋਂ ਅਖ ਖੁਲ੍ਹਣ ਤੇ ਖਿਆਲੀ ਬਣ ਜਾਂਦਾ ਹੈ। ਇਸੇ ਤਰ੍ਹਾਂ ਇਹ ਜਾਗਰਤ ਅਵਸਥਾ ਦਾ ਜਗਤ ਵੀ ਪੂਰਾ ਖਿਆਲੀ ਹੈ, ਸਚਾ ਠੋਸ ਜਾਂ ਜੜ੍ਹ ਨਹੀਂ। ਇਸ ਤੋਂ ਇਨਸਾਨ ਦੀ ਅੱਖ, ਜਾਂ ਸਰੀਰ ਛਡਣ ਮਗਰੋਂ  ਜਾਂ ਆਤਮ ਗਿਆਨ ਨਾਲ ਖੁਲ੍ਹਦੀ ਹੈ। ਤਦ ਇਹ ਸਾਰਾ ਜਗਤ ਸਿਨਮੇ ਦੀ ਫਿਲਮ ਵਾਂਗਰ, ਖਿਆਲ ਜਾਂ ਸੁਫਨਾ ਹੋ ਜਾਂਦਾ ਹੈ। ਜਦ ਵੀ ਆਪਣੀ ਪਿਛਲੀ ਉਮਰ ਉਤੇ ਨਜ਼ਰ ਮਾਰੀਏ ਤਾਂ ਖਿਆਲੀ ਫਿਲਮ ਨਜ਼ਰ ਆਉਂਦੀ ਹੈ।

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥* *ਅੰਗ - 808*

3) ਜਗਤ ਰਚਨਾ ਵਿਚ ਆਦਮੀ ਸਭ ਜੂਨਾਂ ਦਾ ਸਰਦਾਰ ਹੈ ਕਿਉਂਕਿ ਇਸ ਨੂੰ ਸਮਝ ਵਿਚਾਰ ਤੇ ਗਿਆਨ ਦੀ ਦਾਤ ਮਿਲੀ ਹੈ। ਆਦਮੀ ਵਿਚ ਵਾਹਿਗੁਰੂ ਜੀ ਦਾ ਹੋਰ ਸਾਰੇ ਜਗਤ ਨਾਲੋਂ ਵਧੇਰੇ ਪ੍ਰਕਾਸ਼ ਹੈ। ਆਦਮੀ ਹੋਰ ਸਭ ਜਗਤ ਨਾਲੋਂ ਵਾਹਿਗੁਰੂ ਜੀ ਦੇ ਵਧੇਰੇ ਨਜ਼ਦੀਕ ਹੈ। ਸ੍ਰੀ ਗੁਰੂ ਗਰੰਥ ਸਾਹਿਬ ਵਿਚ ਆਦਮੀ

ਨੂੰ ਵਾਹਿਗੁਰੂ ਜੀ ਦਾ ਪੁਤਰ ਜਾਂ 'ਰਾਮ ਕੀ ਅੰਸ਼' ਮੰਨਿਆ ਹੈ। ਪੁਤਰ ਵਿਚ ਪਿਤਾ ਦੀ ਨੁਹਾਰ ਹੁੰਦੀ ਹੈ ਇਸ ਵਾਸਤੇ ਇਨਸਾਨ ਵਿਚ ਵਾਹਿਗੁਰੂ ਦੀ ਨੁਹਾਰ ਹੈ, ਜਾਂ ਇਨਸਾਨ ਵਿਚ ਛੋਟੇ ਪੈਮਾਨੇ ਉਤੇ ਵਾਹਿਗੁਰੂ ਜੀ ਦੀਆਂ ਸਿਫਤਾਂ ਮੌਜੂਦ ਹਨ।

4) ਜਿਸ ਆਦਮੀ ਨੂੰ ਇਹ ਪਤਾ ਲਗ ਜਾਵੇ ਕਿ ਮੈਂ ਵਾਹਿਗੁਰੂ ਜੀ ਦਾ ਪੁੱਤਰ ਹਾਂ, ਮੇਰੇ ਵਿਚ ਵਾਹਿਗੁਰੂ ਜੀ ਦੀਆਂ ਸਭ ਸਿਫਤਾਂ ਛੋਟੇ ਪੈਮਾਨੇ ਵਿਚ ਮੌਜੂਦ ਹਨ, ਉਹ ਆਦਮੀ ਨਿਰਭੈ ਤੇ ਨਿਰਵੈਰ ਹੋ ਜਾਂਦਾ ਹੈ। ਐਸੇ ਆਦਮੀ ਨੂੰ ਗੁਰੂ ਗਰੰਥ ਸਾਹਿਬ ਵਿਚ 'ਗੁਰਮੁਖ' ਆਖਿਆ ਹੈ। ਗੁਰਮੁਖ ਦੇ ਜੀਵਨ ਦਾ ਆਦਰਸ਼ ਆਪਣੇ ਅਤੇ ਆਪਣੇ ਪਿਤਾ ਵਾਹਿਗੁਰੂ ਜੀ ਦੇ ਅਟੱਲ ਰਿਸ਼ਤੇ ਨੂੰ ਸਮਝਣਾ, ਦਰਿੜ ਕਰਨਾ ਅਤੇ ਵਾਹਿਗੁਰੂ ਜੀ ਦੇ ਸੁਭਾਅ ਦੀ ਤਾਬਿਆਦਾਰੀ ਕਰ ਕੇ ਆਪਣੇ ਸਰਬ ਕਾਰਜ ਰਾਸ ਕਰਨੇ ਹਨ। ਗੁਰਮੁਖ ਵਾਹਿਗੁਰੂ ਜੀ ਦਾ ਰੂਪ ਬਣ ਕੇ ਜਗਤ ਵਿਚ ਵਿਚਰਦਾ ਹੈ। ਜਿਉਂ ਜਿਉਂ ਗੁਰਮੁਖ ਨੂੰ ਆਪਣੇ ਅਤੇ ਆਪਣੇ ਪਿਤਾ ਪਰਮੇਸ਼ਰ ਦੇ ਅੱਟਲ ਰਿਸ਼ਤੇ ਦਾ ਗਿਆਨ ਹੁੰਦਾ ਹੈ ਤਿਉਂ ਤਿਉਂ ਉਸ ਦੇ ਗਲਤ ਅਤੇ ਅਗਿਆਨ ਨਿਸ਼ਚੇ ਦਰੁਸਤ ਅਤੇ ਵਿਗਿਆਨਕ ਨਿਸਚਿਆਂ ਵਿਚ ਬਦਲਦੇ ਜਾਂਦੇ ਹਨ ਅਤੇ ਤਿਉਂ ਤਿਉਂ ਉਸ ਵਿਚ ਪਿਤਾ ਦੀਆਂ ਸ਼ਕਤੀਆਂ ਤੇ ਸਿਫਤਾਂ ਪਰਗਟ ਹੁੰਦੀਆਂ ਜਾਂਦੀਆਂ ਹਨ। ਪਿਤਾ ਦਾ ਰੂਪ ਬਣ ਕੇ ਜੀਵਨ ਬਤੀਤ ਕਰਨ ਵਾਲਾ ਗੁਰਮੁਖ ਕਿਸੇ ਵੇਲੇ ਐਸਾ ਮਹਿਸੂਸ ਕਰਨ ਲਗ ਜਾਂਦਾ ਹੈ ਕਿ:

*ਨਾ ਓਹੁ ਮਰਤਾ ਨਾ ਹਮ ਡਰਿਆ ॥*
*ਨਾ ਓਹੁ ਬਿਨਸੈ ਨਾ ਹਮ ਕੜਿਆ ॥*
*ਨਾ ਓਹੁ ਨਿਰਧਨੁ ਨਾ ਹਮ ਭੂਖੇ ॥*
*ਨਾ ਓਸੁ ਦੂਖੁ ਨ ਹਮ ਕਉ ਦੂਖੇ ॥*
*ਅਵਰੁ ਨ ਕੋਊ ਮਾਰਨਵਾਰਾ ॥*

*ਜੀਅਉ ਹਮਾਰਾ ਜੀਉ ਦੇਨਹਾਰਾ ॥*
*ਨਾ ਉਸੁ ਬੰਧਨ ਨਾ ਹਮ ਬਾਧੇ ॥*
*ਨਾ ਉਸੁ ਧੰਧਾ ਨਾ ਹਮ ਧਾਧੇ ॥*
*ਨਾ ਉਸੁ ਮੈਲੁ ਨ ਹਮ ਕਉ ਮੈਲਾ ॥*
*ਓਸੁ ਅਨੰਦੁ ਤ ਹਮ ਸਦ ਕੇਲਾ ॥*
*ਨਾ ਉਸੁ ਸੋਚੁ ਨ ਹਮ ਕਉ ਸੋਚਾ ॥*
*ਨਾ ਉਸੁ ਲੇਪੁ ਨ ਹਮ ਕਉ ਪੋਚਾ ॥*
*ਨਾ ਉਸੁ ਭੂਖ ਨ ਹਮ ਕਉ ਤ੍ਰਿਸਨਾ ॥*
*ਜਾ ਉਹੁ ਨਿਰਮਲੁ ਤਾਂ ਹਮ ਜਚਨਾ ॥*
*ਹਮ ਕਿਛੁ ਨਾਹੀ ਏਕੈ ਓਹੀ ॥*
*ਆਗੈ ਪਾਛੈ ਏਕੋ ਸੋਈ ॥*
*ਨਾਨਕ ਗੁਰਿ ਖੋਏ ਭ੍ਰਮ ਭੰਗਾ ॥*
*ਹਮ ਓਇ ਮਿਲਿ ਹੋਏ ਇਕ ਰੰਗਾ ॥* *ਅੰਗ - 391*

5) ਗੁਰਮੁਖ ਨੂੰ ਆਪਣੇ ਪਿਤਾ ਵਾਹਿਗੁਰੂ ਜੀ ਦਾ ਰੂਪ ਬਨਾਣ ਵਿਚ ਦੋ ਗਲਾਂ ਬੜੀਆਂ ਸਹਾਈ ਹੁੰਦੀਆਂ ਹਨ, ਗੁਰਬਾਣੀ ਦੀ ਸਮਝ ਅਤੇ ਨਾਮ ਦਾ ਜਾਪ। ਗੁਰਬਾਣੀ ਵਿਚ ਵਾਹਿਗੁਰੂ ਜੀ ਦੀ ਸਿਫਤ ਸਲਾਹ ਦੇ ਬਹੁਤ ਸ਼ਬਦ ਹਨ। ਉਹ ਗੁਰਮੁਖ ਨੂੰ ਵਾਹਿਗੁਰੂ ਜੀ ਦੇ ਸੁਭਾਉ ਤੋਂ ਜਾਣੂ ਕਰਵਾਂਦੇ ਹਨ ਅਤੇ ਵਾਹਿਗੁਰੂ ਜੀ ਦਾ ਠੀਕ ਅਤੇ ਵਿਗਿਆਨਕ ਤਸੱਵਰ (Scientific conception) ਗੁਰਮੁਖ ਦੇ ਮਨ ਦੇ ਸਾਹਮਣੇ ਪੈਦਾ ਕਰਦੇ ਹਨ।

ਵਾਹਿਗੁਰੂ ਜੀ ਦੇ ਨਾਮ ਨੂੰ ਹਰ ਵੇਲੇ ਜਪਣ ਨਾਲ, ਵਾਹਿਗੁਰੂ ਜੀ ਦਾ ਗੁਰਬਾਣੀ ਅਨੁਸਾਰ ਬਣਿਆ ਤਸੱਵਰ, ਗੁਰਮੁਖ ਦੇ ਹਿਰਦੇ ਵਿਚ ਪਰਪਕ ਨਿਵਾਸ ਕਰਨ ਲਗ ਜਾਂਦਾ ਹੈ ਅਤੇ ਸਹੀ ਅਰਥਾਂ ਵਿਚ ਗੁਰਮੁਖ ਵਾਹਿਗੁਰੂ ਜੀ ਦਾ ਰੂਪ ਬਣਦਾ ਜਾਂਦਾ ਹੈ। ਨਾਮ ਜਾਪ ਗੁਰਮੁਖ ਦੇ ਸਾਹਮਣੇ ਵਾਹਿਗੁਰੂ ਜੀ ਦਾ ਤਸੱਵਰ ਹਰ ਵੇਲੇ ਲਗਾਤਾਰ ਲਿਆਉਂਦਾ ਰਹਿੰਦਾ ਹੈ ਅਤੇ ਇਸ ਅਭਿਆਸ ਨਾਲ ਗੁਰਮੁਖ ਦੇ ਮਨ ਦੀ ਅਗਿਆਨਤਾ ਅਤੇ ਭਰਮਾਂ ਦੇ ਗਲਤ

ਨਿਸ਼ਚਿਆਂ ਦੀ ਮੈਲ ਉਤਰਦੀ ਅਤੇ ਗੁਰਬਾਣੀ ਦੇ ਵਿਗਿਆਨਕ ਤੇ ਸਚੇ ਨਿਸ਼ਚਿਆਂ ਦੀ ਰੰਗਣ ਸਦੀਵੀ ਤੌਰ ਤੇ ਚੜ੍ਹਦੀ ਰਹਿੰਦੀ ਹੈ।

*ਰਾਮ ਰੰਗੁ ਕਦੇ ਉਤਰਿ ਨ ਜਾਇ ॥*
*ਗੁਰੁ ਪੂਰਾ ਜਿਸੁ ਦੇਇ ਬੁਝਾਇ ॥*
*ਹਰਿ ਰੰਗਿ ਰਾਤਾ ਸੋ ਮਨੁ ਸਾਚਾ ॥*
*ਲਾਲ ਰੰਗ ਪੂਰਨ ਪੁਰਖੁ ਬਿਧਾਤਾ ॥*
*ਸੰਤਹ ਸੰਗਿ ਬੈਸਿ ਗੁਨ ਗਾਇ ॥*
*ਤਾ ਕਾ ਰੰਗੁ ਨ ਉਤਰੈ ਜਾਇ ॥*
*ਬਿਨੁ ਹਰਿ ਸਿਮਰਨ ਸੁਖੁ ਨਹੀ ਪਾਇਆ ॥*
*ਆਨ ਰੰਗ ਫੀਕੇ ਸਭ ਮਾਇਆ ॥*
*ਗੁਰਿ ਰੰਗੇ ਸੇ ਭਏ ਨਿਹਾਲ ॥*
*ਕਹੁ ਨਾਨਕ ਗੁਰ ਭਏ ਹੈ ਦਇਆਲ ॥* *ਅੰਗ - 194*

ਜਿਸ ਗੁਰਮੁਖ ਨੂੰ ਆਪਣੇ ਪੂਰਨ ਪਿਤਾ ਵਾਹਿਗੁਰੂ ਅਤੇ ਆਪਣੇ ਸਦੀਵੀ ਰਿਸ਼ਤੇ ਦਾ ਗਿਆਨ ਹੋ ਜਾਂਦਾ ਹੈ ਉਹ ਫਿਰ ਇਹ ਮਹਿਸੂਸ ਕਰਦਾ ਹੈ ਕਿ ਵਾਹਿਗੁਰੂ ਤੇ ਉਹ (ਗੁਰਮੁਖ) ਸਮੁੰਦਰ ਤੇ ਲਹਿਰ ਜਾਂ ਸੂਰਜ ਤੇ ਕਿਰਨ ਵਾਂਗਰ ਕਦੀ ਇਕ ਦੂਸਰੇ ਤੋਂ ਵਖ ਹੋ ਨਹੀਂ ਸਕਦੇ। ਐਸੀ ਕੋਈ ਸ਼ਕਤੀ ਨਹੀਂ ਜੋ ਗੁਰਮੁਖ ਨੂੰ ਆਪਣੇ ਸੋਮੇ ਸ੍ਰੀ ਵਾਹਿਗੁਰੂ ਜੀ ਤੋਂ ਇਕ ਛਿੰਨ ਲਈ ਵਿਛੋੜ ਸਕੇ।

*ਪ੍ਰੀਤਿ ਲਗੀ ਤਿਸੁ ਸਚ ਸਿਉ ਮਰੈ ਨ ਆਵੈ ਜਾਇ ॥*
*ਨਾ ਵੇਛੋੜਿਆ ਵਿਛੁੜੈ ਸਭ ਮਹਿ ਰਹਿਆ ਸਮਾਇ ॥*

*ਅੰਗ - 46*

ਗੁਰਮੁਖ ਜਗਤ ਅਤੇ ਜਗਤ ਸਬੰਧੀ ਆਪਣੇ ਸਭ ਫਰਜ਼ਾਂ ਨੂੰ ਤਿਆਗਦਾ ਨਹੀਂ। ਦੁਨੀਆਂ ਵਿਚ ਰਹਿੰਦਾ ਹੋਇਆ, ਗ੍ਰਿਹਸਤ ਵਿਚ ਵਿਚਰਦਾ ਹੋਇਆ, ਹਰ ਵਕਤ ਹਰ ਕੰਮ ਵਿਚ ਗੁਰਮਤਿ (ਆਤਮ ਸਾਇੰਸ) ਨੂੰ ਪ੍ਰਕਾਸ਼ਦਾ ਤੇ ਪ੍ਰਚਾਰਦਾ ਹੈ। ਵਾਹਿਗੁਰੂ ਜੀ ਦੇ ਸਪੁਤਰ ਹੋਣ ਦਾ ਗਿਆਨ ਗੁਰਮੁਖ ਦੇ ਹਰ ਕਰਮ, ਹਰ ਫਰਜ਼

ਨੂੰ ਸ਼ਾਨਦਾਰ ਤੇ ਰੰਗੀਨ ਬਣਾਉਂਦਾ ਹੈ। ਗੁਰਮੁਖ ਗੁਰਮਤਿ ਦਾ ਅਠੇ ਪਹਿਰ ਆਪਣੇ ਕਰਮਾਂ ਦਵਾਰਾ, ਆਪਣੀਆਂ ਸ਼ੁਭ ਭਾਵਨਾ ਦਵਾਰਾ ਖਾਮੋਸ਼ ਪ੍ਰਚਾਰ ਕਰਦਾ ਹੈ। ਗੁਰਮਤਿ ਅਤੇ ਨਾਮ ਦੇ ਆਸਰੇ ਆਪ ਹਰ ਪ੍ਰਕਾਰ ਦੇ ਦੁਖ ਚਿੰਤਾ ਫਿਕਰ ਰੋਗ ਨਾ-ਕਾਮਯਾਬੀ ਤੋਂ ਉਚੇ ਹੋ ਕੇ ਗੁਰਮੁਖ ਆਪਣੇ ਪਿਤਾ ਵਾਹਿਗੁਰੂ ਜੀ ਵਾਂਗਰ ਸਰਬੱਤ ਦਾ ਭਲਾ ਚਾਹੁੰਦਾ ਹੈ।

*ਤਾ ਕਾ ਦਰਸੁ ਪਾਈਐ ਵਡਭਾਗੀ ॥*
*ਜਾ ਕੀ ਰਾਮ ਨਾਮਿ ਲਿਵ ਲਾਗੀ ॥*
*ਜਾ ਕੈ ਹਰਿ ਵਸਿਆ ਮਨ ਮਾਹੀ ॥*
*ਤਾ ਕਉ ਦੁਖੁ ਸੁਪਨੈ ਭੀ ਨਾਹੀ ॥*
*ਸਰਬ ਨਿਧਾਨ ਰਾਖੇ ਜਨ ਮਾਹਿ ॥*
*ਤਾ ਕੈ ਸੰਗਿ ਕਿਲਵਿਖ ਦੁਖ ਜਾਹਿ ॥*
*ਜਨ ਕੀ ਮਹਿਮਾ ਕਥੀ ਨ ਜਾਇ ॥*
*ਪਾਰਬ੍ਰਹਮੁ ਜਨੁ ਰਹਿਆ ਸਮਾਇ ॥*
*ਕਰਿ ਕਿਰਪਾ ਪ੍ਰਭ ਬਿਨਉ ਸੁਨੀਜੈ ॥*
*ਦਾਸ ਕੀ ਧੂਰਿ ਨਾਨਕ ਕਉ ਦੀਜੈ ॥* *ਅੰਗ - 193*

ਸ੍ਰੀ ਗੁਰੂ ਗਰੰਥ ਸਾਹਿਬ ਦੇ ਪਵਿਤਰ ਉਪਦੇਸ਼ਾਂ ਅਨੁਸਾਰ ਮਾਇਆ ਅਤੇ ਜਗਤ ਰਚਨਾ ਵਿਚ ਮਾਇਆ ਤੋਂ ਪੈਦਾ ਹੋਇਆ ਸਭ ਫਤੂਰ ਅਗਿਆਨੀ ਪੁਰਸ਼ਾਂ ਨੂੰ ਭਾਸਦਾ ਹੈ ਪਰ ਅਸਲ ਵਿਚ ਇਸ ਦੀ ਹਸਤੀ ਕੁਝ ਨਹੀਂ। ਮਾਇਆ ਦੇ ਅਰਥ ਧੋਖਾ ਜਾਂ ਫਰੇਬ ਹਨ। ਮਾਇਆ ਦਾ ਫਤੂਰ ਜਗਤ ਵਿਚ ਪਾਪ, ਦੁਖ, ਬੀਮਾਰੀ ਅਤੇ ਮੌਤ ਦੀ ਸ਼ਕਲ ਵਿਚ ਜ਼ਾਹਿਰ ਹੋ ਰਿਹਾ ਹੈ। ਕਿਉਂਕਿ ਮਾਇਆ ਆਪ ਕੁਝ ਹਸਤੀ ਨਹੀਂ ਰਖਦੀ ਇਸ ਕਰ ਕੇ ਇਸ ਤੋਂ ਪੈਦਾ ਹੋਇਆ ਫਤੂਰ ਵੀ ਦਰਅਸਲ ਕੋਈ ਹਸਤੀ ਨਹੀਂ ਰਖਦਾ। ਇਹ ਭਾਸਦਾ ਹੈ ਪਰ ਹੁੰਦਾ ਕੁਝ ਨਹੀਂ (It is nothing appearing to be something).

ਮਾਇਆ ਅਤੇ ਮਾਇਆ ਦਾ ਫਤੂਰ ਕੇਵਲ ਅਗਿਆਨੀ ਮਨ ਵਿਚ ਪੈਦਾ ਹੁੰਦਾ ਹੈ ਅਤੇ ਜਦ ਤਕ ਅਗਿਆਨ ਮਨ ਵਿਚ ਕਾਇਮ ਰਹੇ, ਸਭ ਸੱਚ ਭਾਸਦਾ ਹੈ। ਪਰ ਜਿਉਂ ਜਿਉਂ ਮਨ ਵਿਚ ਅਗਿਆਨਤਾ ਦੀ ਜਗ੍ਹਾ ਗਿਆਨ (ਆਦਮੀ ਅਤੇ ਵਾਹਿਗੁਰੂ ਦਾ ਅਤੁਟ ਰਿਸ਼ਤਾ) ਆਉਂਦਾ ਜਾਂਦਾ ਹੈ ਤਿਉਂ ਤਿਉਂ ਅਗਿਆਨਤਾ ਦੂਰ ਹੁੰਦੀ ਜਾਂਦੀ ਹੈ। ਜਿਵੇਂ ਹਨੇਰੇ ਕਮਰੇ ਵਿਚ ਚਾਨਣ ਆਉਣ ਨਾਲ ਹਨੇਰਾ ਅਲੋਪ ਹੋ ਜਾਂਦਾ ਹੈ ਤਿਵੇਂ ਅਗਿਆਨੀ ਮਨ ਵਿਚ ਗਿਆਨ ਦੇ ਆਉਣ ਨਾਲ ਅਗਿਆਨਤਾ ਅਲੋਪ ਹੋ ਜਾਂਦੀ ਹੈ। ਮਾਇਆ ਇਨਸਾਨ ਦੇ ਮਨ ਉਤੇ ਗਲਤ ਨਿਸ਼ਚਿਆਂ ਦੀ ਸ਼ਕਲ ਵਿਚ ਛਾਈ ਰਹਿੰਦੀ ਹੈ ਅਤੇ ਜਿਉਂ-ਜਿਉਂ ਗਿਆਨ ਦੇ ਦਰੁਸਤ ਤੇ ਵਿਗਿਆਨਕ ਨਿਸ਼ਚੇ ਇਨਸਾਨ ਦੇ ਮਨ ਵਿਚ ਨਿਵਾਸ ਕਰਨ ਤਿਉਂ ਤਿਉਂ ਗਲਤ ਨਿਸ਼ਚੇ ਦੂਰ ਹੁੰਦੇ ਜਾਂਦੇ ਹਨ।

ਮਾਇਆ ਅਤੇ ਇਸ ਦੇ ਫਤੂਰ - ਪਾਪ ਦੁਖ ਰੋਗ ਅਤੇ ਮੌਤ ਸਬੰਧੀ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਇਸ ਪਰਕਾਰ ਲਿਖਿਆ ਹੈ -

*ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥*
*ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥*
*ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ ॥*
*ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵ ਲਾਇ ॥ ਅੰਗ - 510*

*ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ਰਾਮ ॥*
*ਅੰਗ - 570*

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥ ਅੰਗ - 135*

*ਦੂਖ ਦਰਦੁ ਭਰਮੁ ਭਉ ਨਸਿਆ ॥*
*ਕਰਣਹਾਰੁ ਨਾਨਕ ਮਨਿ ਬਸਿਆ ॥ ਅੰਗ - 189*

*ਸਰਬ ਕਲਿਆਣ ਸੂਖ ਸਹਜ ਨਿਧਾਨ ॥*

*ਜਾ ਕੈ ਰਿਦੈ ਵਸਹਿ ਭਗਵਾਨ ॥* *ਅੰਗ - 196*

*ਰੋਗ ਸੋਗ ਸਭਿ ਦੋਖ ਬਿਨਸਹਿ ਜਪਤ ਨਾਮੁ ਮੁਰਾਰੀ ॥*
*ਅੰਗ - 249*

*ਕਾਲੁ ਕੰਟਕੁ ਲੋਭੁ ਮੋਹੁ ਨਾਸੈ ਜੀਅ ਜਾ ਕੈ ਪ੍ਰਭੁ ਬਸੈ ॥*
*ਅੰਗ - 249*

ਉਕਤ ਲਿਖੇ ਗੁਰਮਤਿ ਦੇ ਮੁਢਲੇ ਸਿਧਾਂਤ ਸਨ। ਜੋ ਗੁਰਸਿੱਖ ਇਹਨਾਂ ਨੂੰ ਗਹੁ ਨਾਲ ਪੜ੍ਹ ਕੇ ਇਹਨਾਂ ਨੂੰ ਮਨ ਵਿਚ ਵਸਾਏ ਗਾ ਅਤੇ ਇਹਨਾਂ ਸਿਧਾਂਤਾਂ ਅਨੁਸਾਰ ਇਸ ਜਗਤ ਰਚਨਾ ਵਿਚ ਅਮਲੀ ਜੀਵਨ ਬਤੀਤ ਕਰੇਗਾ, ਉਸ ਦਾ ਲੋਕ ਅਤੇ ਪਰਲੋਕ ਦੋਵੇਂ ਸੁਹੇਲੇ ਹੋਣਗੇ। ਉਹ ਕੁਝ ਚਿਰ ਦੇ ਅਮਲੀ ਜੀਵਨ ਬਾਅਦ ਆਪਣੇ ਆਪ ਨੂੰ ਵਾਹਿਗੁਰੂ ਵਰਗਾ ਸੁਖੀ, ਬੇਪਰਵਾਹ, ਨਿਸ਼ਕਾਮ, ਨਿਰਵੈਰ, ਨਿਰਭੈ ਅਤੇ ਸ਼ਕਤੀਮਾਨ ਮਹਿਸੂਸ ਕਰੇਗਾ।

# ਪਾਪ ਪੁੰਨ ਜਾਂ ਨੇਕੀ ਬਦੀ

ਸਭ ਧਰਮ ਗਰੰਥਾਂ ਵਿਚ ਇਹ ਲਿਖਿਆ ਹੈ ਕਿ ਇਨਸਾਨ ਨੂੰ ਪਾਪ ਜਾਂ ਬਦੀ ਨਹੀਂ ਕਰਨੀ ਚਾਹੀਦੀ ਅਤੇ ਪੁੰਨ ਜਾਂ ਨੇਕ ਕੰਮ ਕਰਨੇ ਚਾਹੀਦੇ ਹਨ। ਸ੍ਰੀ ਗੁਰੂ ਗਰੰਥ ਸਾਹਿਬ ਵਿਖੇ ਤਾਂ ਏਥੋਂ ਤਕ ਲਿਖਿਆ ਹੈ:

*ਨਰ ਅਚੇਤ ਪਾਪ ਤੇ ਡਰੁ ਰੇ ॥* *ਅੰਗ - 220*

ਇਸ ਦਾ ਭਾਵ ਹੈ ਕਿ ਪਾਪ ਸੁਫਨੇ ਜਾਂ ਖਿਆਲ ਵਿਚ ਵੀ ਨਹੀਂ ਕਰਨੇ ਚਾਹੀਦੇ।

ਆਤਮ ਮਰਾਗ ਤੇ ਚਲਣ ਵਾਲੇ ਗੁਰਸਿੱਖ ਲਈ ਬਾਜੇ ਵੇਲੇ ਇਹ ਫੈਸਲਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਕਿਹੜੇ ਕਿਹੜੇ ਕਰਮ ਪਾਪ ਹਨ ਅਤੇ ਕਿਹੜੇ ਕਰਮ ਪੁੰਨ, ਉਸ ਨੂੰ ਕਿਹੜੇ ਕਰਮ ਕਰਨੇ ਅਤੇ ਕਿਹੜੇ ਕਰਮ ਨਹੀਂ ਕਰਨੇ ਚਾਹੀਦੇ। ਆਮ ਤੌਰ ਤੇ ਖੁਦਗਰਜ਼ੀ, ਝੂਠ ਬੋਲਣਾ, ਧੋਖਾ ਦੇਣਾ, ਬੇਇਨਸਾਫੀ ਕਰਨਾ, ਚੋਰੀ, ਡਾਕਾ, ਜ਼ਨ੍ਹਾ, ਖੂਨ, ਮੁੱਕਰ ਜਾਣਾ, ਨਫਰਤ ਕਰਨੀ, ਪਰਾਇਆ ਹਕ ਮਾਰਨਾ ਆਦਿ ਪਾਪ ਕਰਮ ਅਤੇ ਸਚ ਬੋਲਣਾ, ਪਿਆਰ ਕਰਨਾ, ਇਨਸਾਫ ਕਰਨਾ, ਕੌਲ ਕਰ ਕੇ ਨਿਭਾਣਾ, ਸੰਤੋਖ, ਦਇਆ, ਉਪਕਾਰ ਆਦਿ ਪੁੰਨ ਜਾਂ ਨੇਕੀ ਦੇ ਕਰਮ ਗਿਣੇ ਜਾਂਦੇ ਹਨ।

ਪਰ ਕਈ ਐਸਾ ਕਰਮ ਵੀ ਹੁੰਦੇ ਹਨ ਜਿਹੜੇ ਕਈਆਂ ਦੇ ਖਿਆਲ ਵਿਚ ਚੰਗੇ ਅਤੇ ਕਈਆਂ ਦੇ ਖਿਆਲ ਵਿਚ ਮਾੜੇ ਹੁੰਦੇ ਹਨ, ਜਿਹਾ ਕਿ ਗਾਏ ਦੀ ਕੁਰਬਾਨੀ ਮੁਸਲਮਾਨਾਂ ਦੇ ਖਿਆਲ ਵਿਚ ਸਵਾਬ (ਪੁੰਨ) ਹੈ ਅਤੇ ਹਿੰਦੂਆਂ ਦੇ ਖਿਆਲ ਵਿਚ ਪਾਪ ਹੈ, ਜਾਂ ਨੰਗੇ ਸਿਰ ਗੁਰਦੁਆਰੇ ਜਾਂ ਮੰਦਰ ਵਿਚ ਜਾਣਾ ਹਿੰਦੂ ਸਿੱਖਾਂ ਲਈ ਮਾੜਾ ਕਰਮ (ਪਾਪ) ਹੈ ਅਤੇ ਈਸਾਈਆਂ ਲਈ ਗਿਰਜੇ ਵਿਚ ਨੰਗੇ ਸਿਰ ਜਾਣਾ ਚੰਗਾ ਕਰਮ (ਪੁੰਨ) ਹੈ। ਇਸੇ ਤਰ੍ਹਾਂ ਕਈਆਂ ਦੇ ਖਿਆਲ ਵਿਚ ਕਿਸੇ ਇਕ ਆਦਮੀ ਨਾਲ ਵੀ ਕਦੀ ਬੇਇਨਸਾਫੀ ਨਹੀਂ ਕਰਨੀ ਚਾਹੀਦੀ ਪਰ ਕਈਆਂ ਦੇ ਨਿਸਚੇ ਅਨੁਸਾਰ ਬਹੁਤਿਆਂ ਦੀ ਭਲਾਈ ਵਾਸਤੇ ਕਿਸੇ ਇਕ ਆਦਮੀ ਨਾਲ ਬੇਇਨਸਾਫੀ ਕਰਨੀ, ਉਹਨੂੰ ਨੁਕਸਾਨ ਪਹੁੰਚਾਉਣਾ ਜਾਂ ਉਸ ਦੀ ਜਾਨ ਲੈ ਲੈਣੀ, ਕੋਈ ਮਾੜੀ ਗਲ ਨਹੀਂ। ਏਸੇ ਤਰ੍ਹਾਂ ਮਾਸ ਨਾ ਖਾਣ ਵਾਲੇ, ਮਾਸ ਖਾਣਾ ਬੜਾ ਪਾਪ ਸਮਝਦੇ ਹਨ ਅਤੇ ਮਾਸ ਖਾਣ ਵਾਲੇ ਮਾਸ ਖਾਣਾ ਕੋਈ ਮਾੜੀ ਗਲ ਨਹੀਂ ਸਮਝਦੇ। ਏਸੇ ਤਰ੍ਹਾਂ ਵੇਖ ਕੇ ਅਨਡਿਠ ਕਰਨਾ ਕਈਆਂ ਦੇ ਖਿਆਲ ਵਿਚ ਬੜਾ ਚੰਗਾ ਕਰਮ ਹੈ ਅਤੇ ਕਈਆਂ ਦੇ ਖਿਆਲ ਵਿਚ ਮਾੜਾ ਕਰਮ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਆਤਮ-ਸਾਇੰਸ ਵਿਚ ਕੋਈ ਐਸਾ ਅਸੂਲ ਜਾਂ ਗੁਰ (Formula) ਹੈ ਜਿਸ ਦੀ ਵਰਤੋਂ ਨਾਲ ਗੁਰਸਿੱਖ ਨੇਕੀ ਅਤੇ ਬਦੀ ਵਿਚ ਪੁੰਨ ਅਤੇ ਪਾਪ ਵਿਚ ਜਾਂ ਚੰਗੇ ਮੰਦੇ ਕਰਮਾਂ ਵਿਚ ਤਮੀਜ਼ ਜਾਂ ਨਖੇੜ ਕਰ ਸਕੇ ਅਤੇ ਉਸ ਨੂੰ ਸਫਲ ਜੀਵਨ ਬਤੀਤ ਕਰਨ ਵਿਚ ਸਹਾਇਤਾ ਮਿਲੇ।

ਸਭ ਤੋਂ ਪਹਿਲੀ ਯਾਦ ਰਖਣ ਵਾਲੀ ਗਲ ਇਹ ਹੈ ਕਿ ਕਰਮ ਕਰਨ ਦੇ ਪਿਛੇ ਜੋ ਕਰਮ ਕਰਨ ਵਾਲੇ ਦੀ ਨੀਅਤ ਹੁੰਦੀ ਹੈ, ਉਸ ਨੀਅਤ ਉਤੇ ਹੀ ਕਰਮ ਦੀ ਉਚਤਾ ਜਾਂ ਨੀਚਤਾ ਦਾ

ਫੈਸਲਾ ਹੁੰਦਾ ਹੈ। ਨੇਕਨੀਤੀ ਜਾਂ ਸ਼ੁਭ ਭਾਵਨਾ ਨਾਲ ਕੀਤਾ ਹਰ ਕਰਮ ਚੰਗਾ ਹੈ ਅਤੇ ਭੈੜੀ ਨੀਅਤ ਨਾਲ ਕੀਤਾ ਹਰ ਕਰਮ ਮਾੜਾ ਹੈ। ਜੇਕਰ ਡਾਕੂ ਛੁਰਾ ਮਾਰ ਕੇ ਕਿਸੇ ਆਦਮੀ ਨੂੰ ਜਖਮੀ ਕਰੇ ਤਾਂ ਉਹ ਬੜਾ ਮਾੜਾ ਕਰਮ ਹੈ। ਐਪਰ ਜੇਕਰ ਡਾਕਟਰ ਕਿਸੇ ਮਰੀਜ਼ ਨੂੰ ਬੇਹੋਸ਼ ਕਰ ਕੇ, ਉਪਰੇਸ਼ਨ ਵੇਲੇ ਤੇਜ਼ ਛੁਰਿਆਂ ਨਾਲ ਘੰਟਾ ਘੰਟਾ ਉਸ ਮਰੀਜ ਨੂੰ ਜ਼ਖਮੀ ਕਰਦਾ ਰਹੇ ਤਾਂ ਉਹ ਬੜਾ ਨੇਕ ਕਰਮ ਹੈ। ਕਿਉਂਕਿ ਡਾਕੂ ਦਾ ਮਨੋਰਥ ਛੁਰਾ ਮਾਰ ਕੇ ਆਦਮੀ ਨੂੰ ਲੁਟਣਾ ਹੈ ਐਪਰ ਡਾਕਟਰ ਦਾ ਮਨੋਰਥ ਛੁਰਾ ਮਾਰ ਕੇ ਆਦਮੀ ਨੂੰ ਰਾਜ਼ੀ ਕਰਨਾ ਹੈ। ਉਪਰੋਂ ਦੇਖਿਆਂ ਡਾਕੂ ਅਤੇ ਸਰਜਨ ਇਕੋ ਹੀ ਕਰਮ ਕਰਦੇ ਹਨ ਐਪਰ ਕਿਉਂਕਿ ਦੋਹਾਂ ਦੀ ਨੀਅਤ ਵਿਚ ਬੜਾ ਫਰਕ ਹੈ, ਇਸ ਲਈ ਇਕ ਦਾ ਕਰਮ ਅਤਿ ਮਲੀਨ ਤੇ ਪਾਪ ਹੈ ਅਤੇ ਦੂਸਰੇ ਦਾ ਕਰਮ ਅਤੀ ਉਚ ਤੇ ਪੁੰਨ ਹੈ।

ਆਤਮ ਸਾਇੰਸ ਜਾਂ ਗੁਰਮਤ ਗੁਰਸਿੱਖ ਲਈ ਪੁੰਨ ਪਾਪ ਵਿਚ ਫਰਕ ਦੇਖਣ ਲਈ ਇਕ ਹੋਰ ਸੁਨਹਿਰੀ ਅਸੂਲ ਕਾਇਮ ਕਰਦੀ ਹੈ। ਗੁਰਮਤ ਅਨੁਸਾਰ ਗੁਰਸਿੱਖ ਦਾ ਅੰਤਮ ਨਿਸ਼ਾਨਾ ਸ੍ਰੀ ਵਾਹਿਗੁਰੂ ਜੀ ਦਾ ਰੂਪ ਹੋਣਾ ਹੈ। ਦੂਸਰੇ ਅਰਥਾਂ ਵਿਚ ਗੁਰਸਿੱਖ ਨੇ ਆਪਣੇ ਅੰਦਰ ਕੇਵਲ ਉਹ ਗੁਣ ਜਾਂ ਸਿਫਤਾਂ ਪੈਦਾ ਕਰਨੀਆਂ ਹਨ ਜੋ ਗੁਣ ਜਾਂ ਸਿਫਤਾਂ ਵਾਹਿਗੁਰੂ ਜੀ ਵਿਚ ਹਨ। ਗੁਰਮਤ ਅਨੁਸਾਰ ਜਗਤ ਰਚਨਾ ਦੇ ਅੰਦਰ ਜਾਂ ਬਾਹਰ ਵਾਹਿਗੁਰੂ ਜੀ ਪੂਰਨ ਹਨ ਅਤੇ ਗੁਣੀ ਨਿਧਾਨ (ਗੁਣਾਂ ਦੀ ਕਾਨ) ਹਨ ਜਾਂ ਵਾਹਿਗੁਰੂ ਜੀ ਨਾਲ ਅਭੇਦ ਹੋਇਆ ਗੁਰ-ਆਤਮਾ ਪੂਰਨ ਹੈ।

*ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥ ਅੰਗ - 61*

ਇਸ ਕਰ ਕੇ ਗੁਰਸਿੱਖ ਦੇ ਜੀਵਨ ਦਾ ਆਦਰਸ਼ ਜਾਂ ਗੁਰੂ ਰੂਪ ਹੋਣਾ ਹੈ ਜਾਂ ਵਾਹਿਗੁਰੂ ਰੂਪ ਹੋਣਾ ਹੈ। ਕਿਉਂਕਿ ਗੁਰੂ ਵਾਹਿਗੁਰੂ

ਰੂਪ ਹੁੰਦਾ ਹੈ ਇਸ ਲਈ ਗੁਰਸਿੱਖ ਅਗਰ ਵਾਹਿਗੁਰੂ ਰੂਪ ਹੋ ਜਾਵੇ ਤਾਂ ਗੁਰੂ ਰੂਪ ਆਪੇ ਹੀ ਹੋ ਜਾਂਦਾ ਹੈ। ਸਿੱਖ, ਗੁਰੂ ਤੇ ਵਾਹਿਗੁਰੂ ਕਿਸੇ ਵੇਲੇ ਅੰਦਰੋਂ ਇਕ ਜਾਂ ਅਭੇਦ ਹੋ ਜਾਂਦੇ ਹਨ।

*ਆਤਮ ਰਸ ਜਿਨ ਜਾਨਿਆ ਸੋਈ ਖਾਲਸਾ ਦੇਵ।*
*ਮੋਹ ਮਹਿ ਪ੍ਰਭ ਮਹਿ ਤਾਸ ਮਹਿ ਰੰਚਕ ਨਾਹੀ ਭੇਵ।*

*(ਸ੍ਰੀ ਗੁਰੂ ਗੋਬਿੰਦ ਸਿੰਘ ਜੀ)*

ਗੁਰਸਿੱਖ ਲਈ ਵਾਹਿਗੁਰੂ ਰੂਪ ਬਣਨ ਵਾਸਤੇ ਜ਼ਰੂਰੀ ਹੈ ਕਿ ਐਸੇ ਕਰਮ ਕਰੇ ਜੋ ਵਾਹਿਗੁਰੂ ਜੀ ਦੇ ਸੁਭਾ (Nature) ਦੇ ਅਨੁਕੂਲ ਹੋਣ ਅਤੇ ਐਸੇ ਕਰਮ ਨਾ ਕਰੇ ਜੋ ਵਾਹਿਗੁਰੂ ਜੀ ਦੇ ਸੁਭਾ ਦੇ ਉਲਟ ਹੋਣ। ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਬਹੁਤ ਐਸੇ ਸ਼ਬਦ ਹਨ ਜੋ ਵਾਹਿਗੁਰ ਦਾ ਸੁਭਾ ਜਾਂ ਵਾਹਿਗੁਰੂ ਜੀ ਦੀਆਂ ਖੂਬੀਆਂ ਬਿਆਨ ਕਰਦੇ ਹਨ। ਇਹਨਾਂ ਸ਼ਬਦਾਂ ਤੋਂ ਗੁਰਸਿੱਖ ਨੂੰ ਵਾਹਿਗੁਰੂ ਜੀ ਦੀਆਂ ਸਿਫਤਾਂ ਦਾ ਪਤਾ ਲਗ ਜਾਂਦਾ ਹੈ ਅਤੇ ਆਪਣੇ ਕਰਮਾਂ ਦਾ ਰੁਖ ਮੋੜਨ ਲਈ ਰੌਸ਼ਨੀ ਮਿਲ ਜਾਂਦੀ ਹੈ। ਮਿਸਾਲ ਦੇ ਤੌਰ ਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਵਾਹਿਗੁਰੂ ਜੀ ਨੂੰ ਨਿਰਭੈ ਅਤੇ ਨਿਰਵੈਰ ਦਸਿਆ ਹੈ। ਬਸ, ਗੁਰਸਿੱਖ ਲਈ ਹਰ ਕਰਮ ਜੋ ਉਸ ਨੂੰ ਨਿਰਭੈਤਾ ਅਤੇ ਨਿਰਵੈਰਤਾ ਵਲ ਲੈ ਜਾਵੇ, ਪੁੰਨ ਹੈ ਅਤੇ ਹਰ ਕਰਮ ਜੋ ਭੈ ਅਤੇ ਵੈਰ ਵਲ ਲੈ ਜਾਵੇ, ਉਹ ਪਾਪ ਹੈ। ਏਸ ਤਰ੍ਹਾਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਸਦੇ ਹਨ ਕਿ ਵਾਹਿਗੁਰੂ ਜੀ ਅਕਾਲ ਹਨ ਅਤੇ ਜੀਵ ਵਾਹਿਗੁਰੂ ਜੀ ਤੋਂ ਉਤਪੰਨ ਹੋਣ ਕਰਕੇ ਆਤਮਾ ਹੈ, ਅਕਾਲ ਹੈ। ਇਸ ਲਈ ਗੁਰਸਿੱਖ ਨੂੰ ਉਹ ਕਰਮ ਕਰਨੇ ਚਾਹੀਦੇ ਹਨ ਜਿਹੜੇ ਇਸ ਵਿਚ ਸਦੀਵੀ ਜੀਵਨ ਦਾ ਨਿਸਚਾ ਦ੍ਰਿੜਾਣ ਅਤੇ ਮੌਤ ਦੇ ਭੈ ਤੋਂ ਆਜ਼ਾਦ ਕਰਨ। ਏਸੇ ਤਰ੍ਹਾਂ ਗੁਰਮਤ ਅਨੁਸਾਰ ਵਾਹਿਗੁਰੂ ਜੀ ਦਿਆਲੂ ਹਨ, ਸਰਬ ਸ਼ਕਤੀਮਾਨ ਹਨ, ਨਵਤਨ (Always fresh) ਹਨ, ਸਦਾ ਜਵਾਨ ਹਨ, ਜੈਸਾ ਕਿ:

*ਪੂਰਨ ਪੁਰਖੁ ਨਵਤਨੁ ਨਿਤ ਬਾਲਾ ॥*
*ਹਰਿ ਅੰਤਰਿ ਬਾਹਰਿ ਸੰਗਿ ਰਖਵਾਲਾ ॥* ਅੰਗ - 240

ਇਸ ਲਈ ਉਹ ਗੁਰਸਿੱਖ ਜਿਸ ਨੇ ਆਪਣੇ ਸਾਹਮਣੇ ਵਾਹਿਗੁਰੂ ਰੂਪ ਹੋਣਾ ਆਪਣਾ ਆਦਰਸ਼ ਰਖਿਆ ਹੈ, ਉਹ ਆਪਣੇ ਨਿਸ਼ਚਿਆਂ ਨੂੰ ਆਪਣੇ ਮੂਲ, ਆਪਣੇ ਆਪੇ, ਸ੍ਰੀ ਵਾਹਿਗੁਰੂ ਜੀ ਦੀ ਫਿਤਰਤ ਉਤੇ ਢਾਲਦਾ ਹੈ ਅਤੇ ਆਪਣੇ ਆਪ ਵਿਚ ਵਾਹਿਗੁਰੂ ਜੀ ਦੀ ਜੋਤ ਦੇਖ ਕੇ, ਸਦਾ ਜਵਾਨ ਤੇ ਹਰਿਆ ਰਹਿੰਦਾ ਹੈ। ਐਸੇ ਗੁਰਸਿੱਖ ਲਈ ਸਦਾ ਚੜ੍ਹਦੀਆਂ ਕਲਾਂ ਵਿਚ ਰਹਿਣਾ ਪੁੰਨ ਹੈ ਅਤੇ ਕਿਸੇ ਵੇਲੇ ਵੀ ਨਿਰਾਸਤਾ ਵਿਚ ਜਾਂ ਢਹਿੰਦੀਆਂ ਕਲਾਂ ਵਿਚ ਜਾਣਾ ਪਾਪ ਹੈ।

ਗੁਰਮਤ ਅਨੁਸਾਰ ਵਾਹਿਗੁਰੂ ਜੀ ਹਰ ਥਾਂ ਤੇ ਰਵੇ ਹੋਏ ਜਾਂ ਹਾਜ਼ਰਾ ਹਜ਼ੂਰ ਹੋਣ ਕਰ ਕੇ, ਬਦੀ ਵਾਸਤੇ ਰਹਿਣ ਦੀ ਕੋਈ ਥਾਂ ਨਹੀਂ ਜਾਂ ਬਦੀ ਕੋਈ ਸਤ ਵਸਤੂ ਨਹੀਂ। ਇਹ ਕੇਵਲ ਅਗਿਆਨੀ ਮਨ ਵਿਚ ਵਾਹਿਗੁਰੂ ਜੀ ਦੀ ਗੈਰ ਹਾਜ਼ਰੀ ਕਰ ਕੇ ਜੰਮਦੀ ਅਤੇ ਗੈਰ ਹਾਜ਼ਰੀ ਵਿਚ ਹੀ ਪਲਦੀ ਹੈ। ਜਿਵੇਂ ਰੋਸ਼ਨੀ ਦੀ ਗੈਰਹਾਜ਼ਰੀ ਵਿਚ ਹਨੇਰਾ ਪੈਦਾ ਹੁੰਦਾ ਹੈ ਤੇ ਭਿਆਨਕ ਲਗਦਾ ਹੈ ਅਤੇ ਰੋਸ਼ਨੀ ਦੀ ਹਾਜ਼ਰੀ ਵਿਚ ਹਨੇਰੇ ਲਈ ਕੋਈ ਥਾਂ ਹੀ ਨਹੀਂ ਰਹਿੰਦੀ, ਉਹ ਆਪ ਹੀ ਅਪਣੀ ਨੇਸਤੀ ਵਿਚ ਗਾਇਬ ਹੋ ਜਾਂਦਾ ਹੈ। ਇਸੇ ਤਰ੍ਹਾਂ ਗਿਆਨ ਵਿਹੂਣੇ ਮਨ ਵਿਚ ਵਾਹਿਗੁਰੂ ਜੀ ਦੀ ਗੈਰ-ਹਾਜ਼ਰੀ ਦੇ ਖਿਆਲ ਤੋਂ ਬਦੀ (ਮਾਇਆ ਪੈਦਾ ਹੁੰਦੀ ਹੈ ਅਤੇ ਕੇਵਲ ਉਤਨਾ ਚਿਰ ਹੀ ਕਾਇਮ ਰਹਿੰਦੀ ਹੈ ਜਿੰਨਾਂ ਚਿਰ ਵਾਹਿਗੁਰੂ ਜੀ ਦੀ ਗੈਰ-ਹਾਜ਼ਰੀ ਦਾ ਖਿਆਲ ਕਾਇਮ ਹੈ। ਜਦ ਮਨ ਗਿਆਨਵਾਨ ਹੋ ਜਾਵੇ ਜਾਂ ਜਦ ਮਨ ਨੂੰ ਪਤਾ ਲਗ ਜਾਵੇ ਕਿ ਵਾਹਿਗੁਰੂ ਜੀ ਮੇਰੇ ਅੰਦਰ ਬਾਹਰ ਹਰ ਪਾਸੇ ਰਵੇ ਹੋਏ ਹਨ, ਤਾਂ ਬਦੀ ਦੇ ਮਨ ਵਿਚ ਟਿਕਣ ਦੀ ਕੋਈ ਥਾਂ ਹੀ ਨਹੀਂ ਰਹਿੰਦੀ।

*ਹਰਿ ਬਿਸਰਤ ਸਦਾ ਖੁਆਰੀ ॥* *ਅੰਗ - 711*

ਗੁਰਮਤ ਅਨੁਸਾਰ ਚਿੰਤਾ, ਫਿਕਰ, ਡਰ, ਤ੍ਰਿਸ਼ਨਾ ਵੈਰ, ਵਿਰੋਧ, ਥੋੜ, ਦੁਖ, ਸੰਤਾਪ, ਬੀਮਾਰੀ ਅਤੇ ਮੌਤ ਆਦਿ ਸਭ ਅਗਿਆਨੀ ਮਨ ਵਿਚ ਰਹਿਣ ਵਾਲੇ ਦੁਸ਼ਮਣ ਹਨ। ਜਿਸ ਮਨ ਵਿਚ ਵਾਹਿਗੁਰੂ ਜੀ ਦੀ ਮੌਜੂਦਗੀ ਦਾ ਗਿਆਨ ਹੋ ਜਾਵੇ, ਉਸ ਮਨ ਵਿਚੋਂ ਉਤਲੇ ਸਭ ਦੁਸ਼ਮਨ ਖੁਦ ਬਖੁਦ ਸਦਾ ਲਈ ਨਿਕਲ ਜਾਂਦੇ ਹਨ ਅਤੇ ਵਾਹਿਗੁਰੂ ਜੀ ਦੇ ਗੁਣ (ਜੋ ਸਾਡੀ ਅਸਲੀਅਤ ਜਾਂ ਮੂਲ ਹੈ) ਖੁਦ ਬਖੁਦ ਪੈਦਾ ਹੋ ਜਾਂਦੇ ਹਨ।

*ਤਿਸੁ ਸਾਹਿਬ ਕੀ ਟੇਕ ਨਾਨਕ ਮਨੈ ਮਾਹਿ ॥*
*ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ ॥* *ਅੰਗ - 518*

ਉਕਤ ਵਿਚਾਰ ਸਾਨੂੰ ਇਹ ਸੁਨਹਿਰੀ ਅਸੂਲ ਦਰਸਾਂਦੀ ਹੈ ਕਿ ਵਾਹਿਗੁਰੂ ਜੀ ਦੇ ਸੁਭਾ ਦੇ ਉਲਟ ਕਰਮ ਕਰਨੇ ਪਾਪ ਜਾਂ ਬਦੀ ਹੈ ਅਤੇ ਵਾਹਿਗੁਰੂ ਜੀ ਦੇ ਸੁਭਾ ਦੇ ਅਨਕੂਲ ਕਰਮ ਕਰਨੇ ਪੁੰਨ ਜਾਂ ਨੇਕੀ ਹੈ। ਸਾਡੇ ਕਰਮਾਂ ਦੀ ਕਸਵਟੀ ਵਾਹਿਗੁਰੂ ਜੀ ਦਾ ਸੁਭਾਵ ਹੈ, ਵਾਹਿਗੁਰੂ ਜੀ ਦਾ ਗੁਣ ਜਾਂ ਸਿਫਤਾਂ ਹਨ।

# ਭਗਤੀ ਦੀ ਰੰਙਣ

*ਜਿਨ ਕਉ ਕਿਰਪਾ ਧਾਰੀਅਨੁ ਤਿਨਾ ਸਤਿਗੁਰੁ ਮਿਲਿਆ ਆਇ ॥*
*ਸਤਿਗੁਰਿ ਮਿਲੇ ਉਲਟੀ ਭਈ ਮਰਿ ਜੀਵਿਆ ਸਹਜਿ ਸੁਭਾਇ ॥*
*ਨਾਨਕ ਭਗਤੀ ਰਤਿਆ ਹਰਿ ਹਰਿ ਨਾਮਿ ਸਮਾਇ ॥*

*ਅੰਗ - 1414*

ਸ੍ਰੀ ਗੁਰੂ ਅਮਰਦਾਸ ਜੀ ਦੇ ਉਕਤ ਬਚਨ ਗੁਰਸਿੱਖ ਨੂੰ ਸਮਝਾਂਵਦੇ ਹਨ ਕਿ ਜਦ ਵਾਹਿਗੁਰੂ ਜੀ ਦੀ ਜੀਵ ਉਤੇ ਮਹਾਨ ਕਿਰਪਾ ਹੋਵੇ ਤਦ ਭਟਕਦੇ ਜੀਵ ਨੂੰ ਦੁਨੀਆਂ ਵਿਚ ਪੂਰੇ ਸਤਿਗੁਰੂ ਦਾ ਮਿਲਾਪ ਹੁੰਦਾ ਹੈ। ਦੂਸਰੇ ਅਖਰਾਂ ਵਿਚ ਪੂਰੇ ਸਤਿਗੁਰੂ ਦੇ ਹੁੰਦਿਆਂ ਹੋਇਆਂ ਵੀ ਇਹ ਜ਼ਰੂਰੀ ਨਹੀਂ ਕਿ ਹਰ ਕਿਸੇ ਨੂੰ ਪੂਰੇ ਸਤਿਗੁਰੂ ਦਾ ਮਿਲਾਪ ਹੋਵੇ। ਇਹ ਮਿਲਾਪ ਕੇਵਲ ਉਸ ਨੂੰ ਹੁੰਦਾ ਹੈ ਜਿਸ ਤੇ ਵਾਹਿਗੁਰੂ ਦੀ ਕਿਰਪਾ ਹੋਵੇ ਜਾਂ ਜਿਸ ਜੀਵ ਨੇ ਪਿਛਲੇ ਜਨਮ ਵਿਚ ਉਚ ਜੀਵਨ ਬਤੀਤ ਕਰ ਕੇ ਆਪਣੇ ਆਪ ਨੂੰ ਇਸ ਯੋਗ ਬਣਾ ਲਿਆ ਹੋਵੇ ਕਿ ਉਸ ਨੂੰ ਇਸ ਜਨਮ ਵਿਚ ਪੂਰੇ ਸਤਿਗੁਰੂ ਦੀ ਰਹਿਨੁਮਾਈ ਪਰਾਪਤ ਹੋਵੇ ਜਿਸ ਨਾਲ ਉਹ ਆਪਣਾ ਜਨਮ ਸੰਵਾਰ ਕੇ ਅਕਾਲ ਪੁਰਖ ਨਾਲ ਅਭੇਦਤਾ ਪਰਾਪਤ ਕਰੇ।

ਏਥੇ ਗੁਰੂ ਘਰ ਦੇ ਇਸ ਬੁਨਿਆਦੀ ਸਿਧਾਂਤ ਨੂੰ ਨੋਟ ਕਰਨ ਦੀ ਲੋੜ ਹੈ ਕਿ ਜੀਵ ਉਤੇ ਅਸਲ ਵਿਚ ਮੇਹਰਬਾਨ ਅਕਾਲ ਪੁਰਖ ਹੁੰਦਾ ਹੈ ਅਤੇ ਉਸ ਦੀ ਮੇਹਰਬਾਨੀ ਜਗਤ ਵਿਚ ਸਤਿਗੁਰੂ

ਦੀ ਸ਼ਕਲ ਵਿਚ ਜ਼ਾਹਿਰ ਹੁੰਦੀ ਹੈ। ਜੀਵ ਦਾ ਅਸਲ ਨਿਸ਼ਾਨਾ ਵਾਹਿਗੁਰੂ ਜੀ ਦੀ ਪਰਾਪਤੀ ਹੈ ਜੋ ਉਸ ਨੂੰ ਅਸਲ ਅਰਥਾਂ ਵਿਚ ਸ਼ਾਂਤੀ ਮਹਾਂ ਅਨੰਦ ਅਤੇ ਨਿਰਭੈਤਾ ਬਖਸ਼ਦੀ ਹੈ। ਵਾਹਿਗੁਰੂ ਮੇਹਰ ਵਿਚ ਆ ਕੇ ਜੀਵ ਨੂੰ ਸਤਿਗੁਰੂ ਦਾ ਸਤਸੰਗ ਅਤੇ ਉਪਦੇਸ਼ ਬਖਸ਼ਦਾ ਹੈ ਜਿਸ ਉਪਦੇਸ਼ ਨੂੰ ਕਮਾ ਕੇ ਜੀਵ ਉਚੇ ਤੋਂ ਉਚੇ ਆਤਮਕ ਦਰਜੇ ਤੇ ਪਹੁੰਚ ਕੇ ਅਕਾਲ ਪੁਰਖ ਨਾਲ ਅਭੇਦਤਾ ਦਾ ਰੰਗ ਮਾਣਦਾ ਹੈ।

ਗੁਰੂ ਘਰ ਦਾ ਦੂਸਰਾ ਬੁਨਿਆਦੀ ਸਿਧਾਂਤ ਇਹ ਹੈ ਕਿ ਸਤਿਗੁਰੂ ਅਸਲ ਵਿਚ ਸਤਿਗੁਰੂ ਦਾ ਬਚਨ ਜਾਂ ਉਪਦੇਸ਼ ਹੁੰਦਾ ਹੈ। ਸਤਿਗੁਰੂ ਦਾ ਸਰੀਰ ਕਦੀ ਵੀ ਸਤਿਗੁਰੂ ਨਹੀਂ ਹੁੰਦਾ। ਸਤਿਗੁਰੂ ਦਾ ਸਰੀਰ ਇਸ ਲਈ ਪਵਿਤਰ ਤੇ ਸਤਕਾਰ ਯੋਗ ਹੁੰਦਾ ਹੈ ਕਿ ਉਸ ਵਿਚੋਂ ਮਹਾਨ ਪਵਿਤਰ, ਮਾਨਸ ਤੋਂ ਦੇਵਤੇ ਬਨਾਣ ਵਾਲਾ, ਉਪਦੇਸ਼ ਪਰਗਟ ਹੁੰਦਾ ਹੈ।

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥*

*ਅੰਗ - 982*

ਸਤਿਗੁਰੂ ਦਾ ਮਿਲਾਪ ਗੁਰਸਿੱਖ ਜਾਂ ਜੀਵ ਵਿਚ ਕੀ ਤਬਦੀਲੀ ਪੈਦਾ ਕਰਦਾ ਹੈ, ਕਿਸ ਤਰ੍ਹਾਂ ਉਸ ਨੂੰ ਵਾਹਿਗੁਰੂ ਤਕ ਪੁਚਾਂਦਾ ਹੈ? ਇਸ ਬਾਤ ਨੂੰ ਬੜੀ ਚੰਗੀ ਤਰ੍ਹਾਂ ਸਮਝਣ ਦੀ ਜ਼ਰੂਰਤ ਹੈ।

## ਸਤਿਗੁਰੂ, ਸਿੱਖ ਦੇ ਨਿਸਚੇ ਦਬਦੀਲ ਕਰਦਾ ਹੈ

ਹਰ ਇਨਸਾਨ ਆਪਣੇ ਨਿਸਚਿਆਂ ਅਨੁਸਾਰ ਕਰਮ ਕਰਦਾ ਅਤੇ ਆਪਣੇ ਕੀਤੇ ਕਰਮਾਂ ਅਨੁਸਾਰ ਫਲ ਭੋਗਦਾ ਹੈ। ਕਰਮਾਂ ਦਾ

ਫਲ ਸੁਖ ਦੁਖ ਦੀ ਸ਼ਕਲ ਵਿਚ ਮਿਲਦਾ ਹੈ। ਚੰਗੇ ਨਿਸਚੇ ਚੰਗੇ ਕਰਮ ਕਰਵਾਂਦੇ ਹਨ ਅਤੇ ਚੰਗੇ ਕਰਮ ਦਾ ਫਲ 'ਸੁਖ' ਹੁੰਦਾ ਹੈ। ਏਸੇ ਤਰ੍ਹਾਂ ਮਾੜੇ ਨਿਸਚੇ ਮਾੜੇ ਕਰਮ ਕਰਵਾਂਦੇ ਅਤੇ ਮਾੜੇ ਕਰਮ ਇਨਸਾਨ ਨੂੰ ਦੁਖੀ ਬਣਾਂਦੇ ਹਨ।

ਦੁਨੀਆਂ ਤੇ ਆਮ ਲੋਕ ਨੇਕੀ ਅਤੇ ਬਦੀ (ਸਚ ਤੇ ਝੂਠ) ਦੋਹਾਂ ਵਿਚ ਯਕੀਨ ਰਖਦੇ ਹਨ। ਆਮ ਇਨਸਾਨਾਂ ਦਾ ਯਕੀਨ ਇਹ ਹੁੰਦਾ ਹੈ ਕਿ ਨੇਕੀ ਅਤੇ ਬਦੀ ਦੁਨੀਆਂ ਵਿਚ ਦੋ ਮਹਾਨ ਤਾਕਤਾਂ ਹਨ। ਇਹ ਦੋਵੇਂ ਤਾਕਤਾਂ ਆਪਸ ਵਿਚ ਭਿੜਦੀਆਂ ਰਹਿੰਦੀਆਂ ਹਨ ਅਤੇ ਕਦੀ ਇਕ ਦਾ ਕਦੀ ਦੂਸਰੀ ਦਾ ਪਲੜਾ ਭਾਰਾ ਹੁੰਦਾ ਰਹਿੰਦਾ ਹੈ। ਇਹਨਾਂ ਦੋਹਾਂ ਤਾਕਤਾਂ ਵਿਚ ਨਿਸਚਾ ਰਖਣ ਵਾਲੇ ਆਦਮੀ ਜਿਸ ਸ਼ਕਤੀ ਦਾ ਜਦ ਜ਼ੋਰ ਦੇਖਦੇ ਹਨ ਉਸ ਦੇ ਅਸਰ ਹੇਠ ਆ ਕੇ ਕਰਮ ਕਰਦੇ ਹਨ। ਨਤੀਜਾ ਇਹ ਹੁੰਦਾ ਹੈ ਕਿ ਜਗਤ ਦੇ ਆਮ ਆਦਮੀ ਕਦੀ ਚੰਗੇ ਤੇ ਕਦੀ ਮਾੜੇ ਕਰਮ ਕਰ ਕੇ ਕਦੀ ਸੁਖੀ ਕਦੀ ਦੁਖੀ ਹੁੰਦੇ ਰਹਿੰਦੇ ਹਨ।

ਸਤਿਗੁਰੂ ਸਿੱਖ ਨੂੰ ਇਹ ਦਸਦਾ ਹੈ ਕਿ ਜਗਤ ਦਾ ਮੂਲ, ਜਗਤ ਦਾ ਸਿਰਜਨਹਾਰ, ਵਾਹਿਗੁਰੂ ਨਿਰੀ ਚੰਗਿਆਈ ਹੀ ਚੰਗਿਆਈ, ਨਿਰੀ ਨੇਕੀ ਹੀ ਨੇਕੀ, ਨਿਰਾ ਸਚ ਹੀ ਸਚ ਹੈ। ਚੰਗੇ ਨੇਕ ਅਤੇ ਸਚੇ ਵਾਹਿਗੁਰੂ ਵਿਚੋਂ ਬੁਰਿਆਈ, ਬਦੀ ਅਤੇ ਝੂਠ ਕਦੀ ਪੈਦਾ ਨਹੀਂ ਹੋ ਸਕਦਾ। ਜੋ ਚੀਜ਼ਾਂ ਵਾਹਿਗੁਰੂ ਵਿਚ ਨਹੀਂ ਉਹ ਉਸ ਤੋਂ ਕਿਵੇਂ ਪੈਦਾ ਹੋ ਸਕਦੀਆਂ ਹਨ। ਇਸ ਲਈ ਬਦੀ (ਝੂਠ, ਬੁਰਿਆਈ) ਵਾਹਿਗੁਰੂ ਤੋਂ ਪੈਦਾ ਨਾ ਹੋਣ ਕਰਕੇ ਕੇਵਲ ਭਾਸਦੀ ਹੈ। ਅਸਲ ਵਿਚ ਕੁੱਝ ਨਹੀਂ। ਸ਼ਕਤੀਵਾਨ ਮਲੂਮ ਹੁੰਦੀ ਹੈ ਅਸਲ ਵਿਚ ਨਿਰਬਲ ਹੈ, ਧੂਏਂ ਦਾ ਪਹਾੜ ਹੈ। ਬਦੀ ਦਾ ਆਸਰਾ ਲੈਣ ਵਾਲਾ, ਬਦੀ ਦੇ ਆਸਰੇ ਉਤੇ ਜੀਵਨ ਖੇਡ ਖੇਡਣ ਵਾਲਾ, ਬਦੀ ਨੂੰ ਸ਼ਕਤੀਵਾਨ ਅਤੇ ਪਾਇਦਾਰ ਚੀਜ਼ ਮੰਨਣ ਵਾਲਾ ਇਨਸਾਨ

ਸਦਾ ਨਿਰਾਸ਼, ਪਰੇਸ਼ਾਨ ਅਤੇ ਦੁਖੀ ਹੋਵੇਗਾ।

*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥* *ਅੰਗ - 953*

*ਜੋ ਜੋ ਕਰਮ ਕੀਏ ਲਾਲਚ ਸਿਉ ਤੇ ਫਿਰਿ ਗਰਹਿ ਪਰਿਓ ॥*

*ਅੰਗ - 336*

ਸਤਿਗੁਰੂ ਸਿੱਖ ਨੂੰ ਇਕ ਹੋਰ ਜੀਵਨ ਭੇਤ ਦਸਦਾ ਹੈ। ਸਤਿਗੁਰੂ ਸਿੱਖ ਨੂੰ ਦਸਦਾ ਹੈ ਕਿ ਤੂੰ ਵਾਹਿਗੁਰੂ ਦਾ ਪੁਤਰ ਹੈਂ, ਵਾਹਿਗੁਰੂ ਜੀ ਵਰਗਾ ਹੈਂ, 'ਰਾਮ ਦੀ ਅੰਸ' ਹੈ। ਇਸ ਕਰਕੇ ਜਿਵੇਂ ਵਾਹਿਗੁਰੂ ਜੀ ਦਾ ਅਤੇ ਬਦੀ, ਝੂਠ ਬੁਰਿਆਈ, ਦਾ ਕੋਈ ਸਬੰਧ ਨਹੀਂ, ਇਸੇ ਤਰ੍ਹਾਂ ਵਾਹਿਗੁਰੂ ਜੀ ਦੇ ਰੂਪ, ਵਾਹਿਗੁਰੂ ਜੀ ਦੇ ਪੁਤਰ ਦਾ ਬਦੀ, ਝੂਠ, ਅਸੱਤ ਨਾਲ ਕੋਈ ਵਾਸਤਾ ਨਹੀਂ। ਜਿਵੇਂ ਅੱਗ ਅਤੇ ਪਾਣੀ ਇਕੱਠੇ ਨਹੀਂ ਰਹਿ ਸਕਦੇ, ਏਸੇ ਤਰ੍ਹਾਂ ਵਾਹਿਗੁਰੂ ਜੀ ਦਾ ਖਾਲਸਾ ਜਾਂ ਵਾਹਿਗੁਰੂ ਜੀ ਦਾ ਪੁਤਰ ਅਤੇ ਬਦੀ ਜਾਂ ਝੂਠ ਇਕੱਠੇ ਨਹੀਂ ਰਹਿ ਸਕਦੇ।

ਸਤਿਗੁਰੂ ਸਿੱਖ ਦੇ ਨਿਸਚਿਆਂ ਵਿਚ ਨੇਕੀ ਅਤੇ ਸਚ ਨੂੰ ਕੁਟ ਕੁਟ ਕੇ ਭਰਦਾ ਅਤੇ ਬਦੀ ਤੇ ਝੂਠ ਨੂੰ ਜੜੋਂ ਉਖੇੜਦਾ ਹੈ। ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਸਤਿਗੁਰੂ ਦੇ ਸਿੱਖ ਦੇ ਸਭ ਕਰਮ ਚੰਗੇ, ਨੇਕ, ਸਰਬੱਤ ਦੇ ਭਲੇ ਵਾਲੇ ਹੋ ਜਾਂਦੇ ਹਨ। ਨੇਕ ਕਰਮਾਂ ਦਾ ਫਲ ਜਾਂ ਨਤੀਜਾ ਇਹ ਹੁੰਦਾ ਹੈ ਕਿ ਸਿੱਖ ਆਪਣੇ ਜੀਵਨ ਵਿਚ ਸਰਬ ਪਰਕਾਰ ਦੇ ਸੁਖ ਤੇ ਸਫਲਤਾ ਦੇਖਦਾ ਹੈ।

ਸਤਿਗੁਰੂ ਸਿੱਖ ਦੇ ਨਿਸ਼ਚੇ ਵਿਚ ਇਹ ਸਚਾਈ ਭਰਦਾ ਹੈ ਕਿ ਸਿੱਖ ਕਿਉਂਕਿ ਵਾਹਿਗੁਰੂ ਜੀ ਦਾ ਰੂਪ ਜਾਂ ਪੁਤਰ ਹੈ (ਵਾਹਿਗੁਰੂ ਜੀ ਨਾਲ ਅੰਦਰੋਂ ਇਕ-ਮਿਕ ਹੈ) ਇਸ ਕਰਕੇ ਜੇਕਰ ਸਿੱਖ ਆਪਣੇ ਮਨ ਦੇ ਸਾਹਮਣੇ ਸਦਾ ਪੂਰਨ ਗੁਣਾਂ ਵਾਲੇ

ਵਾਹਿਗੁਰੂ ਜੀ ਨੂੰ ਮੌਡਲ ਜਾਂ ਆਦਰਸ਼ ਰਖੇ ਅਤੇ ਉਸ ਆਦਰਸ਼ ਨੂੰ ਰੋਜ਼ ਰੋਜ਼ ਹਜ਼ਾਰਾਂ ਵਾਰੀ ਆਪਣੇ ਮਨ ਵਿਚ ਦੋਹਰਾਏ ਜਾਂ ਉਸ ਮਾਡਲ ਨੂੰ ਯਾਦ ਕਰੇ ਤਾਂ ਸਿੱਖ ਦਾ ਜੀਵਨ ਵਾਹਿਗੁਰੂ ਜੀ ਵਰਗਾ, ਸਿਫਤਾਂ ਤੇ ਬਰਕਤਾਂ ਦਾ ਭੰਡਾਰਾ ਬਣ ਜਾਵੇਗਾ। ਸਿੱਖ ਜਗਤ ਰਚਨਾ ਵਿਚ ਸੁਖੀ ਅਤੇ ਸਫਲ ਜੀਵਨ ਬਤੀਤ ਕਰਦਾ ਹੋਇਆ, ਵਾਹਿਗੁਰੂ ਜੀ ਦੇ ਅਤਿ ਨਜ਼ਦੀਕ ਪਹੁੰਚਦਾ ਜਾਵੇਗਾ।

ਸਤਿਗੁਰੂ ਦੇ ਉਕਤ ਉਪਦੇਸ਼ ਨੂੰ ਸਮਝਣ ਤੇ ਕਮਾਉਣ ਵਾਲੇ ਸਿੱਖ ਦੇ ਨਿਸ਼ਚੇ ਆਮ ਦੁਨੀਆਂਦਾਰਾਂ ਦੇ ਨਿਸ਼ਚਿਆਂ ਦੇ ਬਿਲਕੁਲ ਉਲਟ ਹੋ ਜਾਂਦੇ ਹਨ। ਗੁਰਸਿੱਖ ਇਸ ਸਭ ਜਗਤ ਰਚਨਾ ਵਿਚ ਕੇਵਲ ਵਾਹਿਗੁਰੂ ਜੀ ਅਤੇ ਵਾਹਿਗੁਰੂ ਜੀ ਦੀ ਚੰਗਿਆਈ ਨੂੰ ਦੇਖਦਾ ਅਤੇ ਉਸ ਆਧਾਰ ਉਤੇ ਆਪਣੇ ਸਰਬ ਕਾਰਜ ਕਰਦਾ ਹੈ। ਉਹ ਹਵਾ ਅਤੇ ਪਾਣੀ ਦੀ ਤਰ੍ਹਾਂ ਦੌਲਤ ਨੂੰ ਇਕੱਠਿਆਂ ਨਹੀਂ ਕਰਦਾ, ਕਿਉਂਕਿ ਉਸ ਨੂੰ ਸਤਿਗੁਰੂ ਤੋਂ ਇਹ ਵਿਗਿਆਨਕ ਨਿਸ਼ਚਾ ਪਰਾਪਤ ਹੁੰਦਾ ਹੈ ਕਿ ਉਸ ਦੀਆਂ ਸਭ ਜ਼ਾਇਜ਼ ਜ਼ਰੂਰਤਾਂ ਉਸ ਦੇ ਜੀਵਨ ਨੂੰ ਸੁਖੀ ਅਤੇ ਸਫਲ ਬਨਾਉਣ ਵਾਲੇ ਸਭ ਵਸੀਲੇ, ਵਾਹਿਗੁਰੂ ਜੀ ਨੇ ਆਪਣੇ ਆਪ ਵੇਲੇ ਸਿਰ ਵਰਤਨੇ ਹਨ। ਜਿਵੇਂ ਹਵਾ ਦਾ ਜ਼ਖੀਰਾ ਕਦੀ ਨਹੀਂ ਮੁਕਦਾ ਅਤੇ ਸਭ ਜੀਵਾਂ ਨੂੰ ਜ਼ਰੂਰਤ ਅਨੁਸਾਰ ਹਵਾ ਮਿਲਦੀ ਹੀ ਰਹਿੰਦੀ ਹੈ। ਇਸ ਤਰ੍ਹਾਂ ਸਤਿਗੁਰੂ ਦੇ ਸਿੱਖ ਨੂੰ ਇਹ ਨਿਸ਼ਚਾ ਹੋ ਜਾਂਦਾ ਹੈ ਕਿ ਉਸਦੀਆਂ ਸਭ ਜ਼ਰੂਰਤਾਂ ਅਟਲ ਵਾਹਿਗੁਰੂ ਦੇ ਅਟਲ ਤੇ ਅਮੁਕ ਭੰਡਾਰੇ ਵਿਚੋਂ ਖੁਦ ਬਖੁਦ ਪੂਰੀਆਂ ਹੁੰਦੀਆਂ ਹਨ। ਜਗਤ ਰਚਨਾ ਵਿਚ ਉਹ ਆਪਣੇ ਪਿਤਾ ਵਾਹਿਗੁਰੂ ਦਾ ਮਹਿਮਾਨ ਹੈ ਜਿਸ ਦੀਆਂ ਸਭ ਜ਼ਰੂਰਤਾਂ ਵਾਹਿਗੁਰੂ ਜੀ ਆਪ ਪੂਰੀਆਂ ਕਰਨਗੇ।

ਏਸ ਤਰ੍ਹਾਂ ਸਤਿਗੁਰੂ ਦਾ ਸਿੱਖ ਬਦੀ ਨਾਲ ਕਿਸੇ ਹਾਲਤ ਵਿਚ ਵੀ ਮਿਲਵਰਤਨ ਨਹੀਂ ਕਰਦਾ। ਬਦੀ ਨੂੰ ਆਪਣੇ ਪਿਤਾ

ਵਾਹਿਗੁਰੂ ਜੀ ਤੋਂ ਉਲਟ ਜਾਣਦਾ ਹੈ ਅਤੇ ਉਸ ਦਾ ਮੁਕਾਬਲਾ ਕਰਨਾ, ਉਸ ਨੂੰ ਜਿੱਤਣਾ ਆਪਣਾ ਸ਼ੁਗਲ ਸਮਝਦਾ ਹੈ। ਗੁਰੂ ਦਾ ਸਿੱਖ ਜਦ ਬਦੀ ਤੇ ਜਿੱਤ ਪਰਾਪਤ ਕਰਦਾ ਹੈ ਤਾਂ ਉਸਨੂੰ ਵਾਹਿਗੁਰੂ ਜੀ ਦੀ ਫਤੇਹ ਸਮਝਦਾ ਤੇ ਆਖਦਾ ਹੈ।

ਜਿਸ ਗੁਰ ਸਿੱਖ ਦੇ ਨਿਸਚਿਆਂ ਵਿਚ ਬਦੀ ਲਈ ਕੋਈ ਥਾਂ ਨਾ ਰਹੇ, ਉਸ ਸਿੱਖ ਦੇ ਜੀਵਨ ਵਿਚ ਬਦੀ ਦੀ ਫੌਜ-ਪਾਪ, ਬੀਮਾਰੀ, ਦੁਖ, ਚਿੰਤਾ, ਥੋੜ, ਨਿਰਾਸਤਾ ਅਤੇ ਮੌਤ ਵਾਸਤੇ ਵੀ ਕੋਈ ਥਾਂ ਨਹੀਂ ਰਹਿੰਦੀ। ਇਹ ਸਭ ਚੀਜ਼ਾਂ ਬਦੀ ਵਿਚ ਨਿਸਚੇ ਤੋਂ ਪੈਦਾ ਹੁੰਦੀਆਂ ਅਤੇ ਬਦੀ ਵਿਚੋਂ ਨਿਸਚਾ ਹਟਾਣ ਨਾਲ ਖੁਦ ਬਖੁਦ ਹਟ ਜਾਂਦੀਆਂ ਹਨ। ਇਹ ਬੜੀ ਵਡੀ ਤੇ ਬੜੀ ਜ਼ਰੂਰੀ ਸਚਾਈ ਹੈ ਜੋ ਕਿ ਗੁਰਸਿੱਖ ਨੂੰ ਸਤਿਗੁਰੂ ਦੀ ਬਾਣੀ ਜਾਂ ਸ੍ਰੀ ਗੁਰੂ ਗਰੰਥ ਸਾਹਿਬ ਤੋਂ ਪਰਾਪਤ ਹੁੰਦੀ ਹੈ।

ਜਦ ਗੁਰਸਿੱਖ ਆਪਣੇ ਨਿਸਚਿਆਂ ਵਿਚ ਗੁਰ ਉਪਦੇਸ਼ ਨੂੰ ਵਸਾ ਲਵੇ ਅਤੇ ਉਸ ਦਾ ਜੀਵਨ ਹਰ ਪਾਸੇ ਤੋਂ ਸੁਖਾਂ ਦਾ ਗੁਲਦਸਤਾ ਬਣ ਜਾਵੇ ਤਾਂ ਫੇਰ ਉਹ ਸਵਾਸ ਸਵਾਸ ਵਾਹਿਗੁਰੂ ਪਿਤਾ ਦਾ ਨਾਮ ਜਪਦਾ ਅਤੇ ਦੁਨੀਆਂ ਨੂੰ ਵਾਹਿਗੁਰੂ ਜੀ ਦੇ ਅਸਚਰਜ ਆਤਮ-ਮਾਰਗ ਦਾ ਪਤਾ ਦਿੰਦਾ ਹੈ, ਅਤੇ ਅੰਤ ਵਿਚ ਵਾਹਿਗੁਰੂ ਜੀ ਦਾ ਰੂਪ ਬਣ ਕੇ ਵਾਹਿਗੁਰੂ ਜੀ ਵਿਚ ਸਦਾ ਲਈ ਆਪਣੀ ਖੁਸ਼ੀ ਅਤੇ ਮਰਜ਼ੀ ਨਾਲ ਸਮਾ ਜਾਂਦਾ ਹੈ।

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥* *ਅੰਗ - 846*

# ਹੁਕਮ ਅਤੇ ਉਦਮ

ਸ੍ਰੀ ਗੁਰੂ ਗਰੰਥ ਸਾਹਿਬ ਵਿਖੇ ਬਹੁਤ ਜਗ੍ਹਾ ਇਹ ਲਿਖਿਆ ਹੈ ਕਿ ਜੋ ਕੁਝ ਹੋ ਰਿਹਾ ਹੈ, ਵਾਹਿਗੁਰੂ ਜੀ ਦੇ ਹੁਕਮ ਵਿਚ ਹੋ ਰਿਹਾ ਹੈ, ਜੋ ਕੁਝ ਹੋਵੇਗਾ ਉਹ ਵੀ ਵਾਹਿਗੁਰੂ ਜੀ ਦੇ ਹੁਕਮ ਵਿਚ ਹੋਵੇਗਾ, ਅਤੇ ਜੋ ਕੁਝ ਪਿਛੇ ਹੋਇਆ ਹੈ ਉਹ ਵੀ ਵਾਹਿਗੁਰੂ ਜੀ ਦੇ ਹੁਕਮ ਵਿਚ ਹੋਇਆ ਹੈ। ਸਾਰੇ ਜਗਤ ਦੀ ਸਾਰੀ ਕਿਰਿਆ ਵਾਹਿਗੁਰੂ ਜੀ ਦੇ ਹੁਕਮ ਅੰਦਰ ਹੀ ਚਲਦੀ ਹੈ।

'ਗੁਰਮਤ ਚਾਨਣ' ਪੁਸਤਕ ਵਿਚ 'ਹੁਕਮ' ਦੇ ਕਾਂਡ ਅੰਦਰ ਅਸੀਂ ਵਿਚਾਰ ਦੁਆਰਾ ਇਸ ਸਿਟੇ ਤੇ ਪਹੁੰਚੇ ਹਾਂ ਕਿ ਗੁਰਬਾਣੀ ਵਿਚ 'ਹੁਕਮ' ਦੇ ਅਰਥ, ਕਾਨੂੰਨ ਜਾਂ ਨਿਯਮ ਦੇ ਹਨ। 'ਹੁਕਮ' ਦੇ ਅਰਥ, ਕਾਨੂੰਨ ਜਾਂ 'ਨਿਯਮ' ਲੀਤਿਆਂ ਗੁਰਬਾਣੀ ਦੇ ਭਾਵ ਵਿਗਿਆਨਕ ਤੌਰ ਤੇ ਸਾਫ ਹੋ ਜਾਂਦੇ ਹਨ।

ਵਾਹਿਗੁਰੂ ਦੇ ਬਣਾਏ ਨਿਯਮਾਂ ਤੇ ਕਾਨੂੰਨਾਂ ਦੇ ਦਾਇਰੇ ਦੇ ਵਿਚ ਹੀ ਸਭ ਖੰਡ ਬ੍ਰਹਮੰਡ ਧਰਤੀ ਅਤੇ ਇਸ ਉਤੇ ਰਹਿਣ ਵਾਲੇ ਜੀਵ ਜੰਤ ਕੰਮ ਕਰਦੇ ਹਨ।

*ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥* *ਅੰਗ - 134*

ਇਸ ਮਹਾਵਾਕ ਦਾ ਅਤੇ ਐਸੇ ਹੋਰ ਗੁਰਵਾਕਾਂ ਦਾ ਆਤਮ ਸਾਇੰਸ ਵਿਚ ਇਹ ਹੀ ਭਾਵ ਹੈ ਕਿ ਵਾਹਿਗੁਰੂ ਜੀ ਦੀ ਮਰਜ਼ੀ

ਵਾਹਿਗੁਰੂ ਜੀ ਦੇ ਬਣਾਏ ਨਿਯਮਾਂ ਜਾਂ ਕਾਨੂੰਨਾਂ ਰਾਹੀਂ ਪ੍ਰਗਟ ਹੁੰਦੀ ਹੈ ਅਤੇ ਵਾਹਿਗੁਰੂ ਜੀ ਦੇ ਨਿਯਮਾਂ ਅਨੁਸਾਰ ਸਭ ਜੀਵਾਂ ਨੂੰ ਅੰਦਰੋਂ ਪਰੇਰਣਾ ਹੁੰਦੀ ਹੈ ਅਤੇ ਉਸ ਪਰੇਰਨਾ ਅਨੁਸਾਰ ਸਭ ਜੀਵ ਕੰਮ ਕਰਦੇ ਹਨ।

ਵਾਹਿਗੁਰੂ ਜੀ ਦੇ ਸੁਭਾਵ ਸਬੰਧੀ ਸ੍ਰੀ ਗੁਰੂ ਗਰੰਥ ਸਾਹਿਬ ਵਿਖੇ ਲਿਖਿਆ ਹੈ ਕਿ ਉਸ ਦੀ ਮਰਜ਼ੀ ਜਾਂ ਉਸ ਦੇ ਨਿਯਮ ਜਾਂ ਹੁਕਮ ਸਦਾ ਸਦਾ ਜੀਵਾਂ ਦੀ ਭਲਾਈ ਵਾਸਤੇ ਹੁੰਦੇ ਹਨ। ਵਾਹਿਗੁਰੂ ਜੀ ਦੇ ਸੁਭਾਵ ਵਿਚ ਤਿਲ ਜਿੰਨਾ ਵੀ 'ਤਮ੍ਹਾ' ਜਾਂ ਖੁਦਗਰਜ਼ੀ ਨਹੀਂ। ਉਹ ਜੀਵ ਨੂੰ ਦੇਂਦਾ ਹੀ ਹੈ, ਇਸ ਤੋਂ ਲੈਂਦਾ ਕਦੀ ਕੁਝ ਵੀ ਨਹੀਂ। ਉਸ ਦੀ ਜ਼ਾਤ ਵਿਚ ਦੇਣ ਦੀ ਸਿਫਤ ਹੈ, ਪਰ ਆਪਣੇ ਦਿਤੇ ਦੇ ਇਵਜ਼ ਵਿਚ ਲੈਣ ਦੀ ਖਾਹਿਸ਼ ਨਹੀਂ। ਉਹ ਜੀਵ ਨੂੰ ਪਰੇਮ ਕਰਦਾ ਹੈ ਅਤੇ ਇਸ ਨੂੰ ਸਦੀਵੀ ਤੌਰ ਤੇ ਸੁਖੀ ਤੇ ਆਜ਼ਾਦ ਬਨਾਣਾ ਚਾਹੁੰਦਾ ਹੈ।

ਵਾਹਿਗੁਰੂ ਜੀ ਦਾ ਪਰੇਮ, ਵਾਹਿਗੁਰੂ ਜੀ ਦੇ ਸ਼ੁਭ ਨਿਯਮਾਂ ਜਾਂ ਸਭ ਹੁਕਮਾਂ ਦੀ ਤਹਿ ਵਿਚ ਮੌਜੂਦ ਹੁੰਦਾ ਹੈ। ਵਾਹਿਗੁਰੂ ਜੀ ਦੇ ਨਿਯਮ ਭਾਵੇਂ ਕਈ ਵਾਰੀ ਜੀਵ ਦੀ ਸਮਝ ਵਿਚ ਨਹੀਂ ਆਉਂਦੇ ਪਰ ਅਸਲ ਵਿਚ ਉਹ ਹੁੰਦੇ ਜੀਵ ਦੇ ਆਪਣੇ ਭਲੇ ਲਈ ਹੀ ਹਨ। ਮਿਸਾਲ ਦੇ ਤੌਰ ਉਤੇ ਵਾਹਿਗੁਰੂ ਜੀ ਦੀ ਰਚਨਾ ਵਿਚ ਇਕ ਇਹ ਬੜਾ ਜ਼ਬਰਦਸਤ ਨਿਯਮ ਕੰਮ ਕਰ ਰਿਹਾ ਹੈ ਕਿ ਜੀਵ ਕਰਮ ਕਰਨ ਵਿਚ ਸੁਤੰਤਰ ਜਾਂ ਆਜ਼ਾਦ ਹੈ ਪਰ ਕਰਮ ਦਾ ਫਲ ਭੁਗਤਣ ਵਿਚ ਸੁਤੰਤਰ ਨਹੀਂ। ਜੇ ਚਾਹੇ ਚੰਗਾ, ਜੇ ਚਾਹੇ ਮਾੜਾ ਕਰਮ ਕਰ ਸਕਦਾ ਹੈ, ਪਰ ਮਾੜਾ ਕਰਮ ਕਰਕੇ ਉਸ ਨੂੰ ਸਦਾ ਮਾੜਾ ਫਲ ਭੋਗਣਾ ਪਵੇਗਾ ਅਤੇ ਚੰਗੇ ਕਰਮਾਂ ਦਾ ਚੰਗਾ ਫਲ ਮਿਲੇਗਾ, ਜਿਥੇ ਜੀਵ ਨੂੰ ਕਰਮ ਕਰਨ ਦੀ ਆਜ਼ਾਦੀ ਹੈ ਉਥੇ ਉਸ ਨੂੰ ਇਹ ਆਜ਼ਾਦੀ ਨਹੀਂ ਕਿ ਕਰਮਾਂ ਦੇ ਫਲ ਨੂੰ ਟਾਲ ਸਕੇ।

ਕਰਮਾਂ ਦਾ ਫਲ ਉਸ ਨੂੰ ਅਵੱਸ਼ ਭੋਗਣਾ ਪੈਂਦਾ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਜੀਵ ਨੂੰ ਉਸ ਦਾ ਪਰੇਮੀ ਪਿਤਾ ਵਾਹਿਗੁਰੂ, ਕਿਉਂ ਮਾੜੇ ਕਰਮ ਕਰਨ ਦੀ ਸੁਤੰਤਰਤਾ ਦੇਂਦਾ ਹੈ? ਜੀਵ ਨੂੰ ਕਿਉਂ ਮਾੜੇ ਕਰਮ ਕਰਨ ਦੀ ਅੰਦਰੋਂ ਪਰੇਰਨਾ ਹੁੰਦੀ ਹੈ? ਕਿਉਂ ਮਾੜੇ ਕਰਮਾਂ ਜਾਂ ਪਾਪ ਵਿਚ ਖਿੱਚ ਤੇ ਸਵਾਦ ਰਖਿਆ ਗਿਆ ਹੈ? ਕਿਉਂ ਨਹੀਂ ਜੀਵ ਤੋਂ ਸਦਾ ਚੰਗੇ ਕਰਮ ਕਰਵਾਏ ਜਾਂਦੇ? ਕਿਉਂ ਨਹੀਂ ਜੀਵ ਨੂੰ ਪਾਪਾਂ ਤੋਂ ਨਫਰਤ ਕਰਵਾਈ ਜਾਂਦੀ? ਕਿਉਂ ਜੀਵ ਨੂੰ ਐਸੀ ਧਰਤੀ ਤੇ ਪੈਦਾ ਕੀਤਾ ਜਾਂਦਾ ਹੈ ਜਿਥੇ ਪਾਪਾਂ ਵਿਚ ਖਿੱਚ ਜਾਂ ਸਵਾਦ ਨਜ਼ਰ ਆਉਂਦਾ ਹੈ ਅਤੇ ਪਾਪ ਕਰਨ ਮਗਰੋਂ ਸਜ਼ਾ ਮਿਲਦੀ ਹੈ।

ਜ਼ਰਾ ਠੰਡੇ ਦਿਮਾਗ ਨਾਲ ਵਿਚਾਰੀਏ ਤਾਂ ਪਤਾ ਲਗੇਗਾ ਕਿ ਵਾਹਿਗੁਰੂ ਜੀ ਦਾ ਪਰੇਮ ਹੀ ਜੀਵ ਦੇ ਭਲੇ ਲਈ, ਜੀਵ ਨੂੰ ਪੂਰਨ ਬਨਾਣ ਲਈ, ਉਸਦੇ ਰਸਤੇ ਵਿਚ ਮਾਇਆ ਜਾਂ ਬਦੀ ਦੀ ਅੱਕੜ ਪੈਦਾ ਕਰਦਾ ਹੈ। ਇਹ ਅੱਕੜ ਜੀਵ ਨੂੰ ਹੁਸ਼ਿਆਰ ਤੇ ਚੌਕੰਨਾ ਕਰਦੀ ਹੈ ਤਾਕਿ ਬਦੀ ਜਾਂ ਮਾਇਆ ਤੋਂ ਬਚ ਕੇ ਉਹ ਕਿਸੇ ਦਿਨ ਪੂਰਨ ਤੇ ਸਦੀਵੀ ਸੁਖ ਤਕ ਪੁਹੰਚ ਸਕੇ। ਜੀਵ ਦੀ ਤਲਾਸ਼ ਪਰਮ ਸੁਖ ਤੇ ਸਦੀਵੀ ਸੁਖ ਹੈ। ਬਦੀ ਵੀ ਜੀਵ ਨੂੰ ਸੁਖ ਤੇ ਖੁਸ਼ੀ ਦਾ ਇਕਰਾਰ ਕਰਦੀ ਹੈ ਅਤੇ ਆਖਦੀ ਹੈ ਕਿ ਮੇਰੇ ਮਗਰ ਚਲ ਕੇ ਤੂੰ ਆਸਾਨੀ ਨਾਲ ਸੁਖੀ ਹੋ ਸਕਦਾ ਹੈ। ਅਨਜਾਣ ਜੀਵ ਬਦੀ ਦੇ ਇਸ ਲਾਰੇ ਵਿਚ ਔਂਦਾ ਹੈ ਅਤੇ ਪਾਪ ਕਰਨ ਮਗਰੋਂ ਦੇਖਦਾ ਹੈ ਕਿ ਕਿਸੇ ਛਿਨ ਮਾਤਰ ਸੁਖ ਦੇ ਪਰਦੇ ਪਿਛੇ ਉਸ ਨੂੰ ਦੁਖ, ਪਸਚਾਤਾਪ ਤੇ ਪਰੇਸ਼ਾਨੀ ਮਿਲੀ ਹੈ। ਜਦ ਜੀਵ ਨੂੰ ਮਾਇਆ ਜਾਂ ਬਦੀ ਦੇ ਲਾਰਿਆਂ ਦੀ ਅਸਲੀਅਤ ਦਾ ਗਿਆਨ ਹੋ ਜਾਵੇ ਤਾਂ ਬਦੀ ਦੇ ਫਰੇਬ ਤੋਂ ਬਚਣ ਦੀ ਕੋਸ਼ਸ਼ ਕਰਦਾ ਹੈ। ਬਦੀ ਅਤੇ ਦੁਖ ਵੀ ਜੀਵ ਨੂੰ ਪਰਮ ਸੁਖ ਦੀ ਪਰਾਪਤੀ ਵਿਚ ਇਸ ਤਰ੍ਹਾਂ ਸਹਾਇਤਾ

ਕਰਦੇ ਹਨ ਕਿ ਜੀਵ ਨੂੰ ਸਚੇ ਤੇ ਝੂਠੇ, ਪਕੇ ਅਤੇ ਆਰਜ਼ੀ ਸੁਖਾਂ ਨੂੰ ਨਿਖੇੜਨ ਦਾ ਅਤੇ ਝੂਠੇ ਸੁਖਾਂ ਦੀ ਖਿਚ ਤੋਂ ਬਚਣ ਦਾ ਹੁਨਰ ਜਾਂ ਵਲ ਆ ਜਾਂਦਾ ਹੈ। ਏਸੇ ਵਾਸਤੇ ਗੁਰਬਾਣੀ ਵਿਚ ਕਿਹਾ ਗਿਆ ਹੈ:

*ਕੇਤਿਆ ਦੂਖ ਭੂਖ ਸਦ ਮਾਰ ॥*
*ਏਹਿ ਭਿ ਦਾਤਿ ਤੇਰੀ ਦਾਤਾਰ ॥* *ਅੰਗ - 5*

ਦੁਖ ਤਕਲੀਫਾਂ, ਜੀਵ ਵਿਚ ਵਿਚਾਰ ਪੈਦਾ ਕਰਦੀਆਂ ਹਨ ਅਤੇ ਵਿਚਾਰ ਉਸ ਨੂੰ ਆਪਣੀਆਂ ਦੁਖ ਤਕਲੀਫਾਂ ਦਾ ਕਾਰਨ ਆਪਣੀ ਅਗਿਆਨਤਾ ਦਰਸਾਂਦੀ ਹੈ। ਫਿਰ ਜੀਵ ਆਪਣੀ ਅਗਿਆਨਤਾ ਨੂੰ ਗਿਆਨ ਨਾਲ ਜਿਤ ਕੇ ਮਾਇਆ ਜਾਂ ਬਦੀ ਦੇ ਲਾਰਿਆਂ ਵਿਚ ਨਹੀਂ ਫਸਦਾ। ਜੀਵ ਦਾ ਸਿਆਣੇ ਹੋ ਜਾਣਾ ਜਾਂ ਗਿਆਨਵਾਨ ਹੋ ਜਾਣਾ ਉਸ ਨੂੰ ਪਰਮ ਸੁਖ ਦੇ ਨੇੜੇ ਲੈ ਜਾਂਦਾ ਹੈ।

ਜੀਵ ਨੂੰ ਮਾਇਆ ਜਾਂ ਬਦੀ ਦੀ ਅਸਲੀਅਤ ਦਾ ਗਿਆਨ ਛੇਤੀ ਛੇਤੀ ਨਹੀਂ ਹੁੰਦਾ। ਜਨਮ ਜਨਮਾਂਤਰਾਂ ਤੋਂ ਮਾਇਆ ਦੇ ਜਾਲ ਵਿਚ ਫਸੇ ਜੀਵ ਨੂੰ ਮਾਇਆ ਦਾ ਜਾਲ ਹੀ ਸਤ ਪਰਤੀਤ ਹੋਣ ਲਗ ਜਾਂਦਾ ਹੈ। ਇਸ ਲਈ ਜੀਵ ਨੂੰ ਧਰਮ ਜਾਂ (Science of soul) ਦੀ ਮਦਦ ਬੜਾ ਲਾਭ ਪੁਚਾਂਦੀ ਹੈ। ਗੁਰਸਿੱਖ ਗੁਰਮਤ ਦੀ ਸਹਾਇਤਾ ਨਾਲ ਮਾਇਆ ਦੇ ਛਲ ਤੋਂ ਛੇਤੀ ਹੀ ਨਿਕਲ ਕੇ ਪੂਰਨਤਾ ਜਾਂ ਪਰਮ ਸੁਖ ਤਕ ਪਹੁੰਚ ਸਕਦੇ ਹਨ।

ਜਿਹੜੇ ਮਿਤਰ ਇਸ ਧੋਖੇ ਦਾ ਸ਼ਿਕਾਰ ਬਣੇ ਹੋਏ ਹਨ ਕਿ ਜੇ ਵਾਹਿਗੁਰੂ ਹੀ ਸਭ ਕੁਝ ਕਰਦਾ ਹੈ ਤਾਂ ਫਿਰ ਜਦ ਉਹ ਸਾਨੂੰ ਧਰਮ ਦੇ ਪਾਸੇ ਲਿਆਵੇਗਾ ਤਦੋਂ ਸਿਮਰਨ ਕਰਾਂਗੇ, ਤਦੋਂ ਗੁਰਮਤ ਜਾਂ ਗੁਰਬਾਣੀ ਨੂੰ ਸਮਝਣ ਦੀ ਕੋਸ਼ਸ਼ ਕਰਾਂਗੇ, ਆਪਣੇ ਸਦੀਵੀ ਸੁਖਾਂ ਦੇ ਰਸਤੇ ਵਿਚ ਰੁਕਾਵਟ ਪੈਦਾ ਕਰ ਰਹੇ ਹਨ।

ਗੁਰਮਤ ਵਿਚ ਜੋ ਇਹ ਗਲ ਮੰਨੀ ਗਈ ਹੈ ਕਿ ਸਭ ਕੁਝ ਵਾਹਿਗੁਰੂ ਜੀ ਦੇ ਹੁਕਮ ਜਾਂ ਕਾਨੂੰਨ ਵਿਚ ਹੁੰਦਾ ਹੈ, ਤਾਂ ਫਿਰ ਇਸ ਗਲ ਤੋਂ ਇਨਕਾਰ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ ਕਿ ਵਾਹਿਗੁਰੂ ਜੀ ਦੇ ਹੁਕਮ ਅਨੁਸਾਰ ਹੀ ਸਿੱਖ ਦਾ ਗੁਰਸਿੱਖਾਂ ਦੇ ਘਰ ਜਨਮ ਹੋਇਆ ਅਤੇ ਹੁਕਮ ਵਿਚ ਹੀ ਉਸ ਦੀ ਅਗਵਾਈ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਉਪਦੇਸ਼ਾਂ ਅਨੁਸਾਰ ਹੋਣੀ ਹੈ।

ਜੇ ਗੁਰਸਿੱਖ ਆਪਣੇ ਆਪ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਸਿੱਖ ਸਮਝਦਾ ਹੈ, ਉਸ ਨੂੰ ਗੁਰਬਾਣੀ ਵਿਚੋਂ ਉਹ ਉਪਦੇਸ਼ ਸਮਝ ਕੇ ਕਮਾਣੇ ਚਾਹੀਦੇ ਹਨ ਜੋ ਕਿ ਗੁਰਸਿੱਖਾਂ ਨੂੰ ਸੰਬੋਧਨ ਕਰ ਕੇ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਲਿਖੇ ਹਨ।

ਯਾਦ ਰੇਹ ਕਿ ਗੁਰਬਾਣੀ ਮਨਮੁਖਾਂ ਜਾਂ ਦੁਨਿਆਵੀ ਲੋਕਾਂ ਬਾਰੇ ਹੋਰ ਕੁਝ ਆਖਦੀ ਹੈ ਅਤੇ ਗੁਰਸਿੱਖਾਂ ਨੂੰ ਬਿਲਕੁਲ ਹੋਰ ਉਪਦੇਸ਼ ਦੇਂਦੀ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਵਿਖੇ ਗੁਰਸਿੱਖ ਨੂੰ ਸੰਬੋਧਨ ਕਰ ਕੇ, ਗੁਰਬਾਣੀ ਉਦਮ, ਉਤਸ਼ਾਹ, ਸਿਦਕ ਤੇ ਭਰੋਸੇ ਵਾਲਾ ਜੀਵਨ ਬਤਤੀ ਕਰਨ ਦੀ ਹਿਦਾਇਤ ਕਰਦੀ ਹੈ।

*ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥*
*ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥*

*ਅੰਗ - 522*

*ਉਦਮੁ ਕਰਤ ਹੋਵੈ ਮਨੁ ਨਿਰਮਲੁ ਨਾਚੈ ਆਪੁ ਨਿਵਾਰੇ ॥*

*ਅੰਗ - 381*

*ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ ॥*
*ਸੰਤਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ ॥*

*ਅੰਗ - 48*

*ਉਦਮੁ ਕਰਤ ਸੀਤਲ ਮਨ ਭਏ ॥*
*ਮਾਰਗਿ ਚਲਤ ਸਗਲ ਦੁਖ ਗਏ ॥* ਅੰਗ - 201

ਹੁਕਮ (ਕਾਨੂੰਨ ਨਿਯਮ) ਦੀ ਦੁਨੀਆਂ ਵਿਚ ਇਹ ਵੀ ਹੁਕਮ ਹੈ ਕਿ ਜੀਵ ਨੂੰ ਉਦਮ, ਉਤਸ਼ਾਹ ਤੇ ਮੇਹਨਤ ਨਾਲ ਆਪਣੇ ਕਰਮ ਉਚੇ ਤੋਂ ਉਚੇ ਤੇ ਚੰਗੇ ਤੋਂ ਚੰਗੇ ਕਰਨੇ ਚਾਹੀਦੇ ਹਨ, ਇਸ ਲਈ ਗੁਰਸਿੱਖ ਸ੍ਰੀ ਗੁਰੂ ਗਰੰਥ ਸਾਹਿਬ ਦੇ ਉਹ ਉਪਦੇਸ਼ ਆਪਣੇ ਸਾਹਮਣੇ ਸਦਾ ਰਖਦਾ ਹੈ ਜਿਹੜੇ ਸਾਫ ਤੌਰ ਤੇ ਗੁਰਸਿੱਖ ਨੂੰ ਦਸਣ ਕਿ ਉਸ ਨੇ ਆਪਣਾ ਜੀਵਨ ਕਿਸ ਤਰ੍ਹਾਂ ਗੁਜ਼ਾਰਨਾ ਹੈ। ਮਿਸਾਲ ਦੇ ਤੌਰ ਤੇ ਇਥੇ ਇਕ ਦੋ ਐਸੇ ਸ਼ਬਦ ਦਿਤੇ ਜਾਂਦੇ ਹਨ:

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥* ਅੰਗ - 306

*ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥*
*ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥*
*ਇਨ੍ ਬਿਧਿ ਪਾਸਾ ਢਾਲਹੁ ਬੀਰ ॥*
*ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ ॥*
*ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ ॥*

*ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥*
*ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥*
*ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ॥*
*ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ ॥*
*ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ ਸੋ ਜਿਣਿ ਬਾਜੀ ਘਰਿ ਆਇਆ॥*
*ਅੰਗ - 1185*

*ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ ॥*
*ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ ਦੂਖੁ ਦਰਦੁ ਭ੍ਰਮੁ ਜਾਇ ॥*
*ਅੰਗ - 456*

ਉਦਮ ਕਰ ਕੇ ਬਦੀ ਨੂੰ ਜਿੱਤਣ ਵਾਲੇ ਅਤੇ ਸਿਮਰਨ ਕਰ ਕੇ ਸੁਖਾਂ ਦੇ ਸਾਗਰ ਵਾਹਿਗੁਰੂ ਜੀ ਤਕ ਪਹੁੰਚਣ ਵਾਲੇ ਗੁਰਸਿੱਖਾਂ ਨੂੰ ਗੁਰੂ ਸਾਹਿਬ ਵਡਿਆਂ ਭਾਗਾਂ ਵਾਲੇ ਆਖਦੇ ਹਨ।

ਇਸ ਲੇਖ ਦੀ ਵਿਚਾਰ ਦਾ ਸਿਟਾ ਇਹ ਹੈ ਕਿ "ਹੁਕਮ" ਜਾਂ ਨਿਯਮਾਂ ਦੀ ਬੱਧੀ ਹੋਈ ਜਗਤ ਰਚਨਾ ਅੰਦਰ ਏਹ ਵੀ 'ਹੁਕਮ' ਜਾਂ ਨਿਯਮ ਹੈ ਕਿ ਜੀਵ ਸੁਸਤੀ ਤੇ ਅਗਿਆਨਤਾ ਵਿਚ ਬਦੀ ਜਾਂ ਮਾਇਆ ਦਾ ਸ਼ਿਕਾਰ ਬਣ ਕੇ, ਅਤੀ ਦੁਖੀ ਤੇ ਪਰੇਸ਼ਾਨ ਹੋ ਸਕਦਾ ਹੈ।

ਗੁਰਮੁਖ ਲੋਕ ਹਿੰਮਤ, ਉੱਦਮ, ਉਤਸ਼ਾਹ ਤੇ ਭਰੋਸੇ ਨਾਲ ਗੁਰ ਉਪਦੇਸ਼ ਦੀ ਕਮਾਈ ਕਰ ਕੇ ਪਾਤਸ਼ਾਹਾਂ ਦੇ ਪਾਤਸ਼ਾਹ ਬਣ ਕੇ ਜਗਤ ਰਚਨਾ ਦੀ ਸੈਰ ਕਰਦੇ ਅਤੇ ਅੰਤ ਵਿਚ ਵਾਹਿਗੁਰੂ ਅਕਾਲ ਪੁਰਖ ਦਾ ਰੂਪ ਹੋ ਕੇ ਉਸ ਵਿਚ ਸਮਾ ਜਾਂਦੇ ਹਨ।

*ਗੁਰਮੁਖਿ ਜਿਤਾ ਮਨਮੁਖਿ ਹਾਰਿਆ ॥* *ਅੰਗ - 310*

# ਹੁਕਮ ਅਤੇ ਉਦਮ

ਸ੍ਰੀ ਗੁਰੂ ਗਰੰਥ ਸਾਹਿਬ ਵਿਖੇ ਬਹੁਤ ਜਗ੍ਹਾ ਇਹ ਲਿਖਿਆ ਹੈ ਕਿ ਜੋ ਕੁਝ ਹੋ ਰਿਹਾ ਹੈ, ਵਾਹਿਗੁਰੂ ਜੀ ਦੇ ਹੁਕਮ ਵਿਚ ਹੋ ਰਿਹਾ ਹੈ, ਜੋ ਕੁਝ ਹੋਵੇਗਾ ਉਹ ਵੀ ਵਾਹਿਗੁਰੂ ਜੀ ਦੇ ਹੁਕਮ ਵਿਚ ਹੋਵੇਗਾ, ਅਤੇ ਜੋ ਕੁਝ ਪਿਛੇ ਹੋਇਆ ਹੈ ਉਹ ਵੀ ਵਾਹਿਗੁਰੂ ਜੀ ਦੇ ਹੁਕਮ ਵਿਚ ਹੋਇਆ ਹੈ। ਸਾਰੇ ਜਗਤ ਦੀ ਸਾਰੀ ਕਿਰਿਆ ਵਾਹਿਗੁਰੂ ਜੀ ਦੇ ਹੁਕਮ ਅੰਦਰ ਹੀ ਚਲਦੀ ਹੈ।

'ਗੁਰਮਤ ਚਾਨਣ' ਪੁਸਤਕ ਵਿਚ 'ਹੁਕਮ' ਦੇ ਕਾਂਡ ਅੰਦਰ ਅਸੀਂ ਵਿਚਾਰ ਦੁਆਰਾ ਇਸ ਸਿਟੇ ਤੇ ਪਹੁੰਚੇ ਹਾਂ ਕਿ ਗੁਰਬਾਣੀ ਵਿਚ 'ਹੁਕਮ' ਦੇ ਅਰਥ, ਕਾਨੂੰਨ ਜਾਂ ਨਿਯਮ ਦੇ ਹਨ। 'ਹੁਕਮ' ਦੇ ਅਰਥ, ਕਾਨੂੰਨ ਜਾਂ 'ਨਿਯਮ' ਲੀਤਿਆਂ ਗੁਰਬਾਣੀ ਦੇ ਭਾਵ ਵਿਗਿਆਨਕ ਤੌਰ ਤੇ ਸਾਫ ਹੋ ਜਾਂਦੇ ਹਨ।

ਵਾਹਿਗੁਰੂ ਦੇ ਬਣਾਏ ਨਿਯਮਾਂ ਤੇ ਕਾਨੂੰਨਾਂ ਦੇ ਦਾਇਰੇ ਦੇ ਵਿਚ ਹੀ ਸਭ ਖੰਡ ਬ੍ਰਹਮੰਡ ਧਰਤੀ ਅਤੇ ਇਸ ਉਤੇ ਰਹਿਣ ਵਾਲੇ ਜੀਵ ਜੰਤ ਕੰਮ ਕਰਦੇ ਹਨ।

*ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥* *ਅੰਗ - 134*

ਇਸ ਮਹਾਵਾਕ ਦਾ ਅਤੇ ਐਸੇ ਹੋਰ ਗੁਰਵਾਕਾਂ ਦਾ ਆਤਮ ਸਾਇੰਸ ਵਿਚ ਇਹ ਹੀ ਭਾਵ ਹੈ ਕਿ ਵਾਹਿਗੁਰੂ ਜੀ ਦੀ ਮਰਜ਼ੀ

ਵਾਹਿਗੁਰੂ ਜੀ ਦੇ ਬਣਾਏ ਨਿਯਮਾਂ ਜਾਂ ਕਾਨੂੰਨਾਂ ਰਾਹੀਂ ਪ੍ਰਗਟ ਹੁੰਦੀ ਹੈ ਅਤੇ ਵਾਹਿਗੁਰੂ ਜੀ ਦੇ ਨਿਯਮਾਂ ਅਨੁਸਾਰ ਸਭ ਜੀਵਾਂ ਨੂੰ ਅੰਦਰੋਂ ਪਰੇਰਣਾ ਹੁੰਦੀ ਹੈ ਅਤੇ ਉਸ ਪਰੇਰਨਾ ਅਨੁਸਾਰ ਸਭ ਜੀਵ ਕੰਮ ਕਰਦੇ ਹਨ।

ਵਾਹਿਗੁਰੂ ਜੀ ਦੇ ਸੁਭਾਵ ਸਬੰਧੀ ਸ੍ਰੀ ਗੁਰੂ ਗਰੰਥ ਸਾਹਿਬ ਵਿਖੇ ਲਿਖਿਆ ਹੈ ਕਿ ਉਸ ਦੀ ਮਰਜ਼ੀ ਜਾਂ ਉਸ ਦੇ ਨਿਯਮ ਜਾਂ ਹੁਕਮ ਸਦਾ ਸਦਾ ਜੀਵਾਂ ਦੀ ਭਲਾਈ ਵਾਸਤੇ ਹੁੰਦੇ ਹਨ। ਵਾਹਿਗੁਰੂ ਜੀ ਦੇ ਸੁਭਾਵ ਵਿਚ ਤਿਲ ਜਿੰਨਾ ਵੀ 'ਤਮ੍ਹਾ' ਜਾਂ ਖੁਦਗਰਜ਼ੀ ਨਹੀਂ। ਉਹ ਜੀਵ ਨੂੰ ਦੇਂਦਾ ਹੀ ਹੈ, ਇਸ ਤੋਂ ਲੈਂਦਾ ਕਦੀ ਕੁਝ ਵੀ ਨਹੀਂ। ਉਸ ਦੀ ਜ਼ਾਤ ਵਿਚ ਦੇਣ ਦੀ ਸਿਫਤ ਹੈ, ਪਰ ਆਪਣੇ ਦਿਤੇ ਦੇ ਇਵਜ਼ ਵਿਚ ਲੈਣ ਦੀ ਖਾਹਿਸ਼ ਨਹੀਂ। ਉਹ ਜੀਵ ਨੂੰ ਪਰੇਮ ਕਰਦਾ ਹੈ ਅਤੇ ਇਸ ਨੂੰ ਸਦੀਵੀ ਤੌਰ ਤੇ ਸੁਖੀ ਤੇ ਆਜ਼ਾਦ ਬਨਾਣਾ ਚਾਹੁੰਦਾ ਹੈ।

ਵਾਹਿਗੁਰੂ ਜੀ ਦਾ ਪਰੇਮ, ਵਾਹਿਗੁਰੂ ਜੀ ਦੇ ਸ਼ੁਭ ਨਿਯਮਾਂ ਜਾਂ ਸਭ ਹੁਕਮਾਂ ਦੀ ਤਹਿ ਵਿਚ ਮੌਜੂਦ ਹੁੰਦਾ ਹੈ। ਵਾਹਿਗੁਰੂ ਜੀ ਦੇ ਨਿਯਮ ਭਾਵੇਂ ਕਈ ਵਾਰੀ ਜੀਵ ਦੀ ਸਮਝ ਵਿਚ ਨਹੀਂ ਆਉਂਦੇ ਪਰ ਅਸਲ ਵਿਚ ਉਹ ਹੁੰਦੇ ਜੀਵ ਦੇ ਆਪਣੇ ਭਲੇ ਲਈ ਹੀ ਹਨ। ਮਿਸਾਲ ਦੇ ਤੌਰ ਉਤੇ ਵਾਹਿਗੁਰੂ ਜੀ ਦੀ ਰਚਨਾ ਵਿਚ ਇਕ ਇਹ ਬੜਾ ਜ਼ਬਰਦਸਤ ਨਿਯਮ ਕੰਮ ਕਰ ਰਿਹਾ ਹੈ ਕਿ ਜੀਵ ਕਰਮ ਕਰਨ ਵਿਚ ਸੁਤੰਤਰ ਜਾਂ ਆਜ਼ਾਦ ਹੈ ਪਰ ਕਰਮ ਦਾ ਫਲ ਭੁਗਤਣ ਵਿਚ ਸੁਤੰਤਰ ਨਹੀਂ। ਜੇ ਚਾਹੇ ਚੰਗਾ, ਜੇ ਚਾਹੇ ਮਾੜਾ ਕਰਮ ਕਰ ਸਕਦਾ ਹੈ, ਪਰ ਮਾੜਾ ਕਰਮ ਕਰਕੇ ਉਸ ਨੂੰ ਸਦਾ ਮਾੜਾ ਫਲ ਭੋਗਣਾ ਪਵੇਗਾ ਅਤੇ ਚੰਗੇ ਕਰਮਾਂ ਦਾ ਚੰਗਾ ਫਲ ਮਿਲੇਗਾ, ਜਿਥੇ ਜੀਵ ਨੂੰ ਕਰਮ ਕਰਨ ਦੀ ਆਜ਼ਾਦੀ ਹੈ ਉਥੇ ਉਸ

ਨੂੰ ਇਹ ਆਜ਼ਾਦੀ ਨਹੀਂ ਕਿ ਕਰਮਾਂ ਦੇ ਫਲ ਨੂੰ ਟਾਲ ਸਕੇ। ਕਰਮਾਂ ਦਾ ਫਲ ਉਸ ਨੂੰ ਅਵੱਸ਼ ਭੋਗਣਾ ਪੈਂਦਾ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਜੀਵ ਨੂੰ ਉਸ ਦਾ ਪਰੇਮੀ ਪਿਤਾ ਵਾਹਿਗੁਰੂ, ਕਿਉਂ ਮਾੜੇ ਕਰਮ ਕਰਨ ਦੀ ਸੁਤੰਤਰਤਾ ਦੇਂਦਾ ਹੈ? ਜੀਵ ਨੂੰ ਕਿਉਂ ਮਾੜੇ ਕਰਮ ਕਰਨ ਦੀ ਅੰਦਰੋਂ ਪਰੇਰਨਾ ਹੁੰਦੀ ਹੈ? ਕਿਉਂ ਮਾੜੇ ਕਰਮਾਂ ਜਾਂ ਪਾਪ ਵਿਚ ਖਿੱਚ ਤੇ ਸਵਾਦ ਰਖਿਆ ਗਿਆ ਹੈ? ਕਿਉਂ ਨਹੀਂ ਜੀਵ ਤੋਂ ਸਦਾ ਚੰਗੇ ਕਰਮ ਕਰਵਾਏ ਜਾਂਦੇ? ਕਿਉਂ ਨਹੀਂ ਜੀਵ ਨੂੰ ਪਾਪਾਂ ਤੋਂ ਨਫਰਤ ਕਰਵਾਈ ਜਾਂਦੀ? ਕਿਉਂ ਜੀਵ ਨੂੰ ਐਸੀ ਧਰਤੀ ਤੇ ਪੈਦਾ ਕੀਤਾ ਜਾਂਦਾ ਹੈ ਜਿਥੇ ਪਾਪਾਂ ਵਿਚ ਖਿੱਚ ਜਾਂ ਸਵਾਦ ਨਜ਼ਰ ਆਉਂਦਾ ਹੈ ਅਤੇ ਪਾਪ ਕਰਨ ਮਗਰੋਂ ਸਜ਼ਾ ਮਿਲਦੀ ਹੈ।

ਜ਼ਰਾ ਠੰਡੇ ਦਿਮਾਗ ਨਾਲ ਵਿਚਾਰੀਏ ਤਾਂ ਪਤਾ ਲਗੇਗਾ ਕਿ ਵਾਹਿਗੁਰੂ ਜੀ ਦਾ ਪਰੇਮ ਹੀ ਜੀਵ ਦੇ ਭਲੇ ਲਈ, ਜੀਵ ਨੂੰ ਪੂਰਨ ਬਨਾਣ ਲਈ, ਉਸਦੇ ਰਸਤੇ ਵਿਚ ਮਾਇਆ ਜਾਂ ਬਦੀ ਦੀ ਅੰਕੜ ਪੈਦਾ ਕਰਦਾ ਹੈ। ਇਹ ਅੰਕੜ ਜੀਵ ਨੂੰ ਹੁਸ਼ਿਆਰ ਤੇ ਚੌਕੰਨਾ ਕਰਦੀ ਹੈ ਤਾਕਿ ਬਦੀ ਜਾਂ ਮਾਇਆ ਤੋਂ ਬਚ ਕੇ ਉਹ ਕਿਸੇ ਦਿਨ ਪੂਰਨ ਤੇ ਸਦੀਵੀ ਸੁਖ ਤਕ ਪੁਹੰਚ ਸਕੇ। ਜੀਵ ਦੀ ਤਲਾਸ਼ ਪਰਮ ਸੁਖ ਤੇ ਸਦੀਵੀ ਸੁਖ ਹੈ। ਬਦੀ ਵੀ ਜੀਵ ਨੂੰ ਸੁਖ ਤੇ ਖੁਸ਼ੀ ਦਾ ਇਕਰਾਰ ਕਰਦੀ ਹੈ ਅਤੇ ਆਖਦੀ ਹੈ ਕਿ ਮੇਰੇ ਮਗਰ ਚਲ ਕੇ ਤੂੰ ਆਸਾਨੀ ਨਾਲ ਸੁਖੀ ਹੋ ਸਕਦਾ ਹੈ। ਅਨਜਾਣ ਜੀਵ ਬਦੀ ਦੇ ਇਸ ਲਾਰੇ ਵਿਚ ਔਂਦਾ ਹੈ ਅਤੇ ਪਾਪ ਕਰਨ ਮਗਰੋਂ ਦੇਖਦਾ ਹੈ ਕਿ ਕਿਸੇ ਛਿਨ ਮਾਤਰ ਸੁਖ ਦੇ ਪਰਦੇ ਪਿਛੇ ਉਸ ਨੂੰ ਦੁਖ, ਪਸਚਾਤਾਪ ਤੇ ਪਰੇਸ਼ਾਨੀ ਮਿਲੀ ਹੈ। ਜਦ ਜੀਵ ਨੂੰ ਮਾਇਆ ਜਾਂ ਬਦੀ ਦੇ ਲਾਰਿਆਂ ਦੀ ਅਸਲੀਅਤ ਦਾ ਗਿਆਨ ਹੋ ਜਾਵੇ ਤਾਂ

ਬਦੀ ਦੇ ਫਰੇਬ ਤੋਂ ਬਚਣ ਦੀ ਕੋਸ਼ਸ਼ ਕਰਦਾ ਹੈ। ਬਦੀ ਅਤੇ ਦੁਖ ਵੀ ਜੀਵ ਨੂੰ ਪਰਮ ਸੁਖ ਦੀ ਪਰਾਪਤੀ ਵਿਚ ਇਸ ਤਰ੍ਹਾਂ ਸਹਾਇਤਾ ਕਰਦੇ ਹਨ ਕਿ ਜੀਵ ਨੂੰ ਸਚੇ ਤੇ ਝੂਠੇ, ਪਕੇ ਅਤੇ ਆਰਜ਼ੀ ਸੁਖਾਂ ਨੂੰ ਨਿਖੇੜਨ ਦਾ ਅਤੇ ਝੂਠੇ ਸੁਖਾਂ ਦੀ ਖਿਚ ਤੋਂ ਬਚਣ ਦਾ ਹੁਨਰ ਜਾਂ ਵਲ ਆ ਜਾਂਦਾ ਹੈ। ਏਸੇ ਵਾਸਤੇ ਗੁਰਬਾਣੀ ਵਿਚ ਕਿਹਾ ਗਿਆ ਹੈ:

*ਕੇਤਿਆ ਦੂਖ ਭੂਖ ਸਦ ਮਾਰ ॥*
*ਏਹਿ ਭਿ ਦਾਤਿ ਤੇਰੀ ਦਾਤਾਰ ॥* *ਅੰਗ - 5*

ਦੁਖ ਤਕਲੀਫਾਂ, ਜੀਵ ਵਿਚ ਵਿਚਾਰ ਪੈਦਾ ਕਰਦੀਆਂ ਹਨ ਅਤੇ ਵਿਚਾਰ ਉਸ ਨੂੰ ਆਪਣੀਆਂ ਦੁਖ ਤਕਲੀਫਾਂ ਦਾ ਕਾਰਨ ਆਪਣੀ ਅਗਿਆਨਤਾ ਦਰਸਾਂਦੀ ਹੈ। ਫਿਰ ਜੀਵ ਆਪਣੀ ਅਗਿਆਨਤਾ ਨੂੰ ਗਿਆਨ ਨਾਲ ਜਿਤ ਕੇ ਮਾਇਆ ਜਾਂ ਬਦੀ ਦੇ ਲਾਰਿਆਂ ਵਿਚ ਨਹੀਂ ਫਸਦਾ। ਜੀਵ ਦਾ ਸਿਆਣੇ ਹੋ ਜਾਣਾ ਜਾਂ ਗਿਆਨਵਾਨ ਹੋ ਜਾਣਾ ਉਸ ਨੂੰ ਪਰਮ ਸੁਖ ਦੇ ਨੇੜੇ ਲੈ ਜਾਂਦਾ ਹੈ।

ਜੀਵ ਨੂੰ ਮਾਇਆ ਜਾਂ ਬਦੀ ਦੀ ਅਸਲੀਅਤ ਦਾ ਗਿਆਨ ਛੇਤੀ ਛੇਤੀ ਨਹੀਂ ਹੁੰਦਾ। ਜਨਮ ਜਨਮਾਂਤਰਾਂ ਤੋਂ ਮਾਇਆ ਦੇ ਜਾਲ ਵਿਚ ਫਸੇ ਜੀਵ ਨੂੰ ਮਾਇਆ ਦਾ ਜਾਲ ਹੀ ਸਤ ਪਰਤੀਤ ਹੋਣ ਲਗ ਜਾਂਦਾ ਹੈ। ਇਸ ਲਈ ਜੀਵ ਨੂੰ ਧਰਮ ਜਾਂ (Science of soul) ਦੀ ਮਦਦ ਬੜਾ ਲਾਭ ਪੁਚਾਂਦੀ ਹੈ। ਗੁਰਸਿੱਖ ਗੁਰਮਤ ਦੀ ਸਹਾਇਤਾ ਨਾਲ ਮਾਇਆ ਦੇ ਛਲ ਤੋਂ ਛੇਤੀ ਹੀ ਨਿਕਲ ਕੇ ਪੂਰਨਤਾ ਜਾਂ ਪਰਮ ਸੁਖ ਤਕ ਪਹੁੰਚ ਸਕਦੇ ਹਨ।

ਜਿਹੜੇ ਮਿਤਰ ਇਸ ਧੋਖੇ ਦਾ ਸ਼ਿਕਾਰ ਬਣੇ ਹੋਏ ਹਨ ਕਿ ਜੇ ਵਾਹਿਗੁਰੂ ਹੀ ਸਭ ਕੁਝ ਕਰਦਾ ਹੈ ਤਾਂ ਫਿਰ ਜਦ ਉਹ ਸਾਨੂੰ

ਧਰਮ ਦੇ ਪਾਸੇ ਲਿਆਵੇਗਾ ਤਦੋਂ ਸਿਮਰਨ ਕਰਾਂਗੇ, ਤਦੋਂ ਗੁਰਮਤ ਜਾਂ ਗੁਰਬਾਣੀ ਨੂੰ ਸਮਝਣ ਦੀ ਕੋਸ਼ਸ਼ ਕਰਾਂਗੇ, ਆਪਣੇ ਸਦੀਵੀ ਸੁਖਾਂ ਦੇ ਰਸਤੇ ਵਿਚ ਰੁਕਾਵਟ ਪੈਦਾ ਕਰ ਰਹੇ ਹਨ।

ਗੁਰਮਤ ਵਿਚ ਜੋ ਇਹ ਗਲ ਮੰਨੀ ਗਈ ਹੈ ਕਿ ਸਭ ਕੁਝ ਵਾਹਿਗੁਰੂ ਜੀ ਦੇ ਹੁਕਮ ਜਾਂ ਕਾਨੂੰਨ ਵਿਚ ਹੁੰਦਾ ਹੈ, ਤਾਂ ਫਿਰ ਇਸ ਗਲ ਤੋਂ ਇਨਕਾਰ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ ਕਿ ਵਾਹਿਗੁਰੂ ਜੀ ਦੇ ਹੁਕਮ ਅਨੁਸਾਰ ਹੀ ਸਿੱਖ ਦਾ ਗੁਰਸਿੱਖਾਂ ਦੇ ਘਰ ਜਨਮ ਹੋਇਆ ਅਤੇ ਹੁਕਮ ਵਿਚ ਹੀ ਉਸ ਦੀ ਅਗਵਾਈ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਉਪਦੇਸ਼ਾਂ ਅਨੁਸਾਰ ਹੋਣੀ ਹੈ।

ਜੋ ਗੁਰਸਿੱਖ ਆਪਣੇ ਆਪ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਸਿੱਖ ਸਮਝਦਾ ਹੈ, ਉਸ ਨੂੰ ਗੁਰਬਾਣੀ ਵਿਚੋਂ ਉਹ ਉਪਦੇਸ਼ ਸਮਝ ਕੇ ਕਮਾਣੇ ਚਾਹੀਦੇ ਹਨ ਜੋ ਕਿ ਗੁਰਸਿੱਖਾਂ ਨੂੰ ਸੰਬੋਧਨ ਕਰ ਕੇ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਲਿਖੇ ਹਨ।

ਯਾਦ ਰੇਹ ਕਿ ਗੁਰਬਾਣੀ ਮਨਮੁਖਾਂ ਜਾਂ ਦੁਨਿਆਵੀ ਲੋਕਾਂ ਬਾਰੇ ਹੋਰ ਕੁਝ ਆਖਦੀ ਹੈ ਅਤੇ ਗੁਰਸਿੱਖਾਂ ਨੂੰ ਬਿਲਕੁਲ ਹੋਰ ਉਪਦੇਸ਼ ਦੇਂਦੀ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਵਿਖੇ ਗੁਰਸਿੱਖ ਨੂੰ ਸੰਬੋਧਨ ਕਰ ਕੇ, ਗੁਰਬਾਣੀ ਉਦਮ, ਉਤਸ਼ਾਹ, ਸਿਦਕ ਤੇ ਭਰੋਸੇ ਵਾਲਾ ਜੀਵਨ ਬਤਤੀ ਕਰਨ ਦੀ ਹਿਦਾਇਤ ਕਰਦੀ ਹੈ।

*ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥*
*ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥*

*ਅੰਗ - 522*

*ਉਦਮੁ ਕਰਤ ਹੋਵੈ ਮਨੁ ਨਿਰਮਲੁ ਨਾਚੈ ਆਪੁ ਨਿਵਾਰੇ ॥ ਅੰਗ-381*

*ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ ॥*
*ਸੰਤਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ ॥*
*ਅੰਗ - 48*

*ਉਦਮੁ ਕਰਤ ਸੀਤਲ ਮਨ ਭਏ ॥*
*ਮਾਰਗਿ ਚਲਤ ਸਗਲ ਦੁਖ ਗਏ ॥* *ਅੰਗ - 201*

ਹੁਕਮ (ਕਾਨੂੰਨ ਨਿਯਮ) ਦੀ ਦੁਨੀਆਂ ਵਿਚ ਇਹ ਵੀ ਹੁਕਮ ਹੈ ਕਿ ਜੀਵ ਨੂੰ ਉਦਮ, ਉਤਸ਼ਾਹ ਤੇ ਮੇਹਨਤ ਨਾਲ ਆਪਣੇ ਕਰਮ ਉਚੇ ਤੋਂ ਉਚੇ ਤੇ ਚੰਗੇ ਤੋਂ ਚੰਗੇ ਕਰਨੇ ਚਾਹੀਦੇ ਹਨ, ਇਸ ਲਈ ਗੁਰਸਿੱਖ ਸ੍ਰੀ ਗੁਰੂ ਗਰੰਥ ਸਾਹਿਬ ਦੇ ਉਹ ਉਪਦੇਸ਼ ਆਪਣੇ ਸਾਹਮਣੇ ਸਦਾ ਰਖਦਾ ਹੈ ਜਿਹੜੇ ਸਾਫ ਤੋਰ ਤੇ ਗੁਰਸਿੱਖ ਨੂੰ ਦਸਣ ਕਿ ਉਸ ਨੇ ਆਪਣਾ ਜੀਵਨ ਕਿਸ ਤਰ੍ਹਾਂ ਗੁਜ਼ਾਰਨਾ ਹੈ। ਮਿਸਾਲ ਦੇ ਤੌਰ ਤੇ ਇਥੇ ਇਕ ਦੋ ਐਸੇ ਸ਼ਬਦ ਦਿਤੇ ਜਾਂਦੇ ਹਨ:

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥* *ਅੰਗ - 306*

ਹੋਇ ਇਕਤ੍ਰ ਮਿਲਹੁ ਮੇਰੇ ਭਾਈ
ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ
ਗੁਰਮੁਖਿ ਬੈਸਹੁ ਸਫਾ ਵਿਛਾਇ ॥
ਇਨੑ ਬਿਧਿ ਪਾਸਾ ਢਾਲਹੁ ਬੀਰ ॥
ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ
ਅੰਤ ਕਾਲਿ ਨਹ ਲਾਗੈ ਪੀਰ ॥
ਕਰਮ ਧਰਮ ਤੁਮੑ ਚਉਪੜਿ
ਸਾਜਹੁ ਸਤੁ ਕਰਹੁ ਤੁਮੑ ਸਾਰੀ ॥
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ
ਐਸੀ ਖੇਲ ਹਰਿ ਪਿਆਰੀ ॥
ਉਠਿ ਇਸਨਾਨੁ ਕਰਹੁ ਪਰਭਾਤੇ
ਸੋਏ ਹਰਿ ਆਰਾਧੇ ॥
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ
ਸੁਖ ਸਹਜ ਸੇਤੀ ਘਰਿ ਜਾਤੇ ॥
ਹਰਿ ਆਪੇ ਖੇਲੈ ਆਪੇ ਦੇਖੈ
ਹਰਿ ਆਪੇ ਰਚਨੁ ਰਚਾਇਆ ॥
ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ
ਸੋ ਜਿਣਿ ਬਾਜੀ ਘਰਿ ਆਇਆ ॥ *ਅੰਗ - 1185*

ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ ॥
ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ ਦੂਖੁ ਦਰਦੁ ਭ੍ਰਮੁ ਜਾਇ ॥
*ਅੰਗ - 456*

ਉਦਮ ਕਰ ਕੇ ਬਦੀ ਨੂੰ ਜਿੱਤਣ ਵਾਲੇ ਅਤੇ ਸਿਮਰਨ ਕਰ ਕੇ ਸੁਖਾਂ ਦੇ ਸਾਗਰ ਵਾਹਿਗੁਰੂ ਜੀ ਤਕ ਪਹੁੰਚਣ ਵਾਲੇ ਗੁਰਸਿੱਖਾਂ ਨੂੰ ਗੁਰੂ ਸਾਹਿਬ ਵਡਿਆਂ ਭਾਗਾਂ ਵਾਲੇ ਆਖਦੇ ਹਨ।

ਇਸ ਲੇਖ ਦੀ ਵਿਚਾਰ ਦਾ ਸਿਟਾ ਇਹ ਹੈ ਕਿ "ਹੁਕਮ"

ਜਾਂ ਨਿਯਮਾਂ ਦੀ ਬੱਧੀ ਹੋਈ ਜਗਤ ਰਚਨਾ ਅੰਦਰ ਏਹ ਵੀ 'ਹੁਕਮ' ਜਾਂ ਨਿਯਮ ਹੈ ਕਿ ਜੀਵ ਸੁਸਤੀ ਤੇ ਅਗਿਆਨਤਾ ਵਿਚ ਬਦੀ ਜਾਂ ਮਾਇਆ ਦਾ ਸ਼ਿਕਾਰ ਬਣ ਕੇ, ਅਤੀ ਦੁਖੀ ਤੇ ਪਰੇਸ਼ਾਨ ਹੋ ਸਕਦਾ ਹੈ।

ਗੁਰਮੁਖ ਲੋਕ ਹਿਮਤ, ਉੱਦਮ, ਉਤਸ਼ਾਹ ਤੇ ਭਰੋਸੇ ਨਾਲ ਗੁਰ ਉਪਦੇਸ਼ ਦੀ ਕਮਾਈ ਕਰ ਕੇ ਪਾਤਸ਼ਾਹਾਂ ਦੇ ਪਾਤਸ਼ਾਹ ਬਣ ਕੇ ਜਗਤ ਰਚਨਾ ਦੀ ਸੈਰ ਕਰਦੇ ਅਤੇ ਅੰਤ ਵਿਚ ਵਾਹਿਗੁਰੂ ਅਕਾਲ ਪੁਰਖ ਦਾ ਰੂਪ ਹੋ ਕੇ ਉਸ ਵਿਚ ਸਮਾ ਜਾਂਦੇ ਹਨ।

*ਗੁਰਮੁਖਿ ਜਿਤਾ ਮਨਮੁਖਿ ਹਾਰਿਆ ॥* *ਅੰਗ - 310*

# ਦੁਬਿਧਾ

ਦੁਬਿਧਾ ਮਨ ਦਾ ਇਕ ਰੋਗ ਹੈ। ਦੁਬਿਧਾ ਵਾਲਾ ਮਨ ਕੋਈ ਪੱਕਾ ਫੈਸਲਾ ਨਹੀਂ ਕਰ ਸਕਦਾ, ਨਾਹੀ ਕਿਸੇ ਫੈਸਲੇ ਤੇ ਦਰਿੜ੍ਹਤਾ ਨਾਲ ਅਮਲ ਕਰ ਸਕਦਾ ਹੈ। ਇਸ ਰੋਗ ਵਾਲੇ ਮਨ ਦੀ ਸਾਰੀ ਸੋਚ, ਸਖਤੀ ਤੇ ਸਮਾਂ ਅਜਾਈਂ ਜਾਂਦੇ ਹਨ, ਉਹ ਸਫਲਤਾ ਤਕ ਪਹੁੰਚ ਹੀ ਨਹੀਂ ਸਕਦਾ। ਦੁਬਿਦਾ ਵਾਲੇ ਮਨ ਦਾ ਸ਼ਾਂਤ ਤੇ ਸੰਤੁਸ਼ਟ ਹੋਣਾ ਅਸੰਭਵ ਹੈ।

ਦੁਬਿਧਾ ਦੇ ਅਰਥ ਕੋਸ਼ ਵਿਚ ਇਸ ਪਰਕਾਰ ਲਿਖੇ ਹਨ। 'ਦੋਹਾਂ ਗਲਾਂ ਜਾਂ ਤਰਕੀਬਾਂ ਵਿਚ ਹੋਣਾ, ਦੋਹਾਂ ਵਿਹੋਂ ਕਿਸੇ ਇਕ ਤੇ ਮਨ ਦਾ ਨਾ ਟਿਕਣਾ - ਦੁਬਿਧਾ ਹੈ।' ਆਤਮ ਸਾਇੰਸ ਵਿਚ ਦੁਬਿਧਾ ਦਾ ਭਾਵ ਹੈ ਕਿ ਕਦੇ ਸਾਂਈ ਵਲੇ, ਕਦੀ ਮਾਇਆ ਵਲੇ, ਮਨ ਦੇ ਦੋਵੇਂ ਝੁਕਾਓ ਤੇ ਵਰਤਾਰੇ ਰਖਣੇ। ਵਾਹਿਗੁਰੂ ਜੀ ਅਤੇ ਮਾਇਆ ਦੋਹਾਂ ਨੂੰ ਸ਼ਕਤੀਵਾਨ ਮੰਨਣਾ, ਨੇਕੀ ਅਤੇ ਬਦੀ ਦੋਹਾਂ ਤਾਕਤਾਂ ਦੀ ਹਸਤੀ ਨੂੰ ਮੰਨਣਾ ਤੇ ਉਹਨਾਂ ਅਗੇ ਝੁਕਣਾ।

ਜਦ ਅਸੀਂ ਇਨਸਾਨ ਦੇ ਜੀਵਨ ਉਤੇ ਨਜ਼ਰ ਮਾਰੀਏ ਤਾਂ ਦੇਖਾਂਗੇ ਕਿ ਦੁਬਿਧਾ ਜਾਂ 'ਦੋ ਚਿਤੀ' ਦਾ ਰੋਗ ਇਸ ਦੇ ਜੀਵਨ ਨੂੰ ਘੁਣ ਦੀ ਤਰ੍ਹਾਂ ਬਰਬਾਦ ਕਰ ਰਿਹਾ ਹੈ। ਜਿਸ ਮਨ ਵਿਚ ਦੁਬਿਧਾ ਹੋਵੇ ਉਹ ਭਾਵੇਂ ਕੰਮ ਹੋਰਨਾਂ ਨਾਲੋਂ ਬਹੁਤਾ ਕਰੇ, ਸੋਚਾਂ

ਤੇ ਪਰੇਸ਼ਾਨੀ ਵਿਚ ਦਿਨ ਰਾਤ ਡੁਬਾ ਰਹੇ, ਉਸ ਦੀ ਮਿਹਨਤ ਉਸ ਦੇ ਉਦਮ ਤੇ ਹੀਲਿਆਂ ਦਾ ਸਿਟਾ ਕੁਝ ਨਹੀਂ ਨਿਕਲਦਾ। ਇਨਸਾਨ ਅਤੇ ਉਸ ਦੀ ਖੁਸ਼ੀ ਤੇ ਸੁਖ ਦੇ ਵਿਚਕਾਰ 'ਦੁਬਿਧਾ' ਇਕ ਦੀਵਾਰ ਹੈ ਜੋ ਉਸ ਨੂੰ ਆਪਣੇ ਆਦਰਸ਼ ਤਕ ਪਹੁਚੰਣ ਨਹੀਂ ਦਿੰਦੀ।

ਇਸ ਵਾਸਤੇ ਆਤਮ ਸਾਇੰਸ ਦੇ ਵਿਦਿਆਰਥੀ ਨੂੰ ਦੁਬਿਧਾ ਜਿਹੇ ਸ਼ਤਰੂ ਤੋਂ ਖਬਰਦਾਰ ਰਹਿਣਾ ਚਾਹੀਦਾ ਹੈ ਅਤੇ ਜਲਦੀ ਤੋਂ ਜਲਦੀ ਇਸ ਦੀਆਂ ਜੜ੍ਹਾਂ ਨੂੰ ਆਪਣੇ ਮਨ ਵਿਚੋਂ ਸਦਾ ਲਈ ਪੁਟ ਸੁਟਣਾ ਚਾਹੀਦਾ ਹੈ। ਸ੍ਰੀ ਗੁਰੂ ਗਰੰਥ ਸਾਹਿਬ ਵਿਚੋਂ 'ਦੁਬਿਧਾ' ਦੇ ਰੋਗ ਜਾਂ ਦੁਬਿਧਾ ਦੇ ਸ਼ਤਰੂ ਬਾਰੇ ਇਸ ਤਰ੍ਹਾਂ ਲਿਖਆ ਹੈ:

*ਜੋ ਇਸੁ ਮਾਰੇ ਸੋਈ ਪੂਰਾ ॥*
*ਜੋ ਇਸੁ ਮਾਰੇ ਤਿਸਹਿ ਵਡਿਆਈ ॥*
*ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥*
*ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥*
*ਇਸਹਿ ਮਾਰਿ ਰਾਜ ਜੋਗੁ ਕਮਾਵੈ ॥*
*ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥*
*ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥*
*ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ ॥*
*ਜੋ ਇਸੁ ਮਾਰੇ ਸੁ ਦਰਗਹ ਸਿਝੈ ॥*
*ਜੋ ਇਸੁ ਮਾਰੇ ਸੋ ਧਨਵੰਤਾ ॥*
*ਜੋ ਇਸੁ ਮਾਰੇ ਸੋ ਪਤਿਵੰਤਾ ॥*
*ਜੋ ਇਸੁ ਮਾਰੇ ਸੋਈ ਜਤੀ ॥*
*ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥*
*ਜੋ ਇਸੁ ਮਾਰੇ ਤਿਸ ਕਾ ਆਇਆ ਗਨੀ ॥*
*ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥*
*ਜੋ ਇਸੁ ਮਾਰੇ ਸੋ ਵਡਭਾਗਾ ॥*

ਜੋ ਇਸੁ ਮਾਰੇ ਸੁ ਅਨਦਿਨੁ ਜਾਗਾ ॥
ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥
ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥
ਜੋ ਇਸੁ ਮਾਰੇ ਸੋਈ ਸੁਗਿਆਨੀ ॥
ਜੋ ਇਸੁ ਮਾਰੇ ਸੁ ਸਹਜ ਧਿਆਨੀ ॥
ਇਸੁ ਮਾਰੀ ਬਿਨੁ ਥਾਇ ਨ ਪਰੈ ॥
ਕੋਟਿ ਕਰਮ ਜਾਪ ਤਪ ਕਰੈ ॥
ਇਸੁ ਮਾਰੀ ਬਿਨੁ ਜਨਮੁ ਨ ਮਿਟੈ ॥
ਇਸੁ ਮਾਰੀ ਬਿਨੁ ਜਮ ਤੇ ਨਹੀ ਛੂਟੈ ॥
ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥
ਇਸੁ ਮਾਰੀ ਬਿਨੁ ਜੂਠਿ ਨ ਧੋਈ ॥
ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥
ਇਸ ਮਾਰੀ ਬਿਨੁ ਸਭੁ ਕਿਛੁ ਜਉਲਾ ॥
ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥
ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥
ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥
ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥ ਅੰਗ - 238

ਅੰਮ੍ਰਿਤ ਛਕਾਣ ਤੋਂ ਪਹਿਲੇ ਹੀ ਸਿੱਖਾਂ ਤੋਂ ਸਿਰ ਦੀ ਭੇਟ ਲੈਣ ਦਾ ਕਲਗੀਧਰ ਜੀ ਦਾ ਅਸਲ ਮਤਲਬ, ਸਿੱਖਾਂ ਦੇ ਗਲਤ ਨਿਸ਼ਚੇ ਅਤੇ ਉਹਨਾਂ ਦੇ ਮਨ ਦੀ ਦੁਬਿਧਾ ਲੈਣ ਦਾ ਸੀ। ਗਲਤ ਨਿਸ਼ਚੇ ਅਤੇ ਦੁਬਿਧਾ ਦੇਣ ਦੇ ਇਵਜ਼ ਵਿਚ ਸਿੱਖ ਨੂੰ ਗੁਰੂ ਘਰ ਤੋਂ ਅੰਮ੍ਰਿਤ ਦੀ ਦਾਤ ਮਿਲੀ ਸੀ। ਅੰਮ੍ਰਿਤ ਛਕਣ ਮਗਰੋਂ ਸਿੱਖ ਦਾ ਨਾਮ ਬਦਲ ਜਾਂਦਾ ਹੈ, ਸਿੱਖ ਦੇ ਪਿਤਾ ਅਤੇ ਮਾਤਾ ਦਾ ਨਾਮ ਬਦਲ ਜਾਂਦਾ ਹੈ ਅਤੇ ਸਿੱਖਾਂ ਦੀ ਜਨਮ ਭੂਮੀ ਬਦਲ ਜਾਂਦੀ ਹੈ। ਸਿੱਖ ਤੋਂ ਸਿੰਘ ਬਣ ਕੇ, ਉਸ ਦਾ ਪਿਤਾ ਸਾਹਿਬ ਗੁਰੂ ਗੋਬਿੰਦ ਸਿੰਘ ਬਣ ਜਾਂਦੇ ਹਨ ਅਤੇ ਮਾਤਾ ਸਾਹਿਬ ਦੇਵਾਂ ਜੀ ਬਣ ਜਾਂਦੇ

ਹਨ ਅਤੇ ਜਨਮ ਭੂਮੀ, ਅਨੰਦਪੁਰ ਸਾਹਿਬ ਬਣ ਜਾਂਦੀ ਹੈ। ਇਸ ਦਾ ਕੀ ਅਰਥ ਹੈ? ਸਿੱਖ ਦਾ ਨਵਾਂ ਜਨਮ ਹੁੰਦਾ ਹੈ, ਸਿੱਖ ਦਾ ਜਨਮ ਸਬੰਧੀ ਸਾਰਾ ਦਰਿਸ਼ਟੀਕੋਣ ਬਦਲ ਜਾਂਦਾ ਹੈ। ਸਿੱਖ ਤੋਂ ਖਾਲਸਾ ਬਨਣ ਦਾ ਅਰਥ ਇਹ ਹੈ ਕਿ ਉਹ ਅੰਮ੍ਰਿਤ ਛਕਣ ਮਗਰੋਂ ਸਦਾ ਅਨੰਦਪੁਰ ਦਾ ਵਾਸੀ ਹੈ ਜਿਥੇ ਸਿਵਾਏ ਅਨੰਦ ਦੇ, ਚੈਨ ਦੇ, ਸੁਖ ਤੇ ਖੁਸ਼ੀ ਦੇ ਹੋਰ ਕੁਝ ਨਹੀਂ। ਇਸ ਅਨੰਦਪੁਰ ਸਾਹਿਬ ਵਿਖੇ ਚਿੰਤਾ ਨਹੀਂ, ਫਿਕਰ ਨਹੀਂ, ਬੀਮਾਰੀ ਨਹੀਂ, ਬੁੜ੍ਹਾਪਾ ਨਹੀਂ, ਮੌਤ ਨਹੀਂ।

ਇਹ ਅਨੰਦਪੁਰ ਖਾਲਸੇ ਦੇ ਮਨ ਦੀ ਉਸ ਉਚੀ ਅਵਸਥਾ ਦਾ ਨਾਮ ਹੈ ਜੋ ਕਿ ਖਾਲਸੇ ਨੂੰ ਸ੍ਰੀ ਵਾਹਿਗੁਰੂ ਜੀ ਦਾ ਹੋਣ ਜਾਂ ਬਨਣ ਕਰ ਕੇ ਮਿਲਦੀ ਹੈ। ਜਦ ਖਾਲਸੇ ਨੂੰ ਗੁਰਬਾਣੀ ਦੀ ਵਿਚਾਰ ਤੋਂ ਪਕਾ ਯਕੀਨ ਆ ਜਾਵੇ ਕਿ ਉਹ ਸ੍ਰੀ ਵਾਹਿਗੁਰੂ ਜੀ ਦਾ ਖਾਲਸਾ ਹੈ, ਉਸ ਦਾ ਪਿਤਾ-ਮਾਤਾ ਸ੍ਰੀ ਵਾਹਿਗੁਰੂ ਜੀ ਹਨ ਤਾਂ ਫਿਰ ਉਸ ਵਿਚ ਇਹ ਵਿਚਾਰ ਸੁਤੇ ਸਿਧ ਪਰਗਟ ਹੁੰਦੀ ਹੈ ਕਿ ਜੇਕਰ ਮੇਰਾ ਪਿਤਾ ਸ੍ਰੀ ਵਾਹਿਗੁਰੂ ਜੀ ਹਨ ਤਾਂ ਮੈਂ ਸ੍ਰੀ ਵਾਹਿਗੁਰੂ ਜੀ ਦਾ ਪੁਤਰ ਹਾਂ ਤੇ ਸ੍ਰੀ ਵਾਹਿਗੁਰੂ ਜੀ ਦੀਆਂ ਸਭ ਸਿਫਤਾਂ ਦਾ ਵਾਰਿਸ ਹਾਂ। ਜੋ ਸਿਫਤ ਸ੍ਰੀ ਵਾਹਿਗੁਰੂ ਵਿਚ ਹੈ ਉਹ ਮੇਰੇ ਵਿਚ ਸੁਤੇ ਸਿਧ ਸਦਾ ਤੋਂ ਹੈ। ਖਾਲਸੇ ਨੂੰ ਗੁਰਬਾਣੀ ਦਸ ਦਿੰਦੀ ਹੈ ਕਿ ਉਹ ਪੁਤਰ ਤਾਂ ਸ੍ਰੀ ਵਾਹਿਗੁਰੂ ਜੀ ਦਾ ਸਦਾ ਤੋਂ ਸੀ ਪਰ ਆਪਣੇ ਰਿਸ਼ਤੇ ਨੂੰ ਭੁਲ ਚੁਕਾ ਸੀ, ਹੁਣ ਅੰਮ੍ਰਿਤ ਛਕ ਕੇ ਉਸ ਨੂੰ ਵਾਹਿਗੁਰੂ ਦੇ ਪੁਤਰ ਹੋਣ ਦਾ ਰਿਸ਼ਤਾ ਫਿਰ ਦ੍ਰਿੜਾਇਆ ਗਿਆ ਹੈ। ਫਿਰ ਖਾਲਸੇ ਨੂੰ ਪਤਾ ਲਗ ਗਿਆ ਹੈ ਕਿ ਜਿਵੇਂ ਸਾਗਰ ਤੇ ਉਸ ਦੀ ਲਹਿਰ ਕਦੇ ਵਖਰੇ ਨਹੀਂ ਹੋ ਸਕਦੇ, ਜਿਵੇਂ ਸੂਰਜ ਤੇ ਉਸ ਦੀ ਕਿਰਨ ਕਦੇ ਅਲਹਿਦਾ ਨਹੀਂ ਕੀਤੇ ਜਾ ਸਕਦੇ,

ਉਸੇ ਤਰ੍ਹਾਂ ਖਾਲਸਾ ਸ੍ਰੀ ਵਾਹਿਗੁਰੂ ਜੀ ਤੋਂ ਕਦੀ ਨਖੇੜਿਆ ਨਹੀਂ ਜਾ ਸਕਦਾ, ਖਾਲਸਾ ਸਦਾ ਵਾਹਿਗੁਰੂ ਜੀ ਕਾ ਹੈ ਅਤੇ ਇਸ ਰਿਸ਼ਤੇ ਦੇ ਪ੍ਰਤਾਪ ਨਾਲ ਖਾਲਸੇ ਦੀ ਹਰ ਮੈਦਾਨ ਫਤਹਿ ਹੈ।

ਜਦ ਖਾਲਸਾ ਆਪਣੇ ਅਤੇ ਸ੍ਰੀ ਵਾਹਿਗੁਰੂ ਜੀ ਦੇ ਅਤੁਟ ਰਿਸ਼ਤੇ ਉਤੇ ਦਰਿੜ੍ਹਤਾ ਨਾਲ ਡਟ ਜਾਵੇ ਤਾਂ ਫਿਰ ਉਸ ਦੇ ਫੌਲਾਦੀ ਮਨ ਵਿਚੋਂ ਦੁਬਿਧਾ, ਦੋਚਿਤੀ, ਸੰਸਾ, ਭਰਮ, ਡਰ, ਸ਼ਕ, ਪਾਪ, ਰੋਗ ਤੇ ਮੌਤ ਖੁਦ ਬਖੁਦ ਅਲੋਪ ਹੋ ਜਾਂਦੀਆਂ ਹਨ। ਬਦੀ ਤੇ ਮਾਇਆ ਦੀ ਹਸਤੀ ਵਾਹਿਗੁਰੂ ਜੀ ਦੀ ਗੈਰ ਹਾਜ਼ਰੀ ਵਿਚ ਪਲਦੀ ਤੇ ਜਵਾਨ ਹੁੰਦੀ ਹੈ। ਪਰ ਜਦ ਖਾਲਸੇ ਦੇ ਮਨ ਵਿਚ ਪੱਕਾ ਵਿਸ਼ਵਾਸ ਆ ਜਾਵੇ ਕਿ ਸ੍ਰੀ ਵਾਹਿਗੁਰੂ ਜੀ ਸਰਬ ਸ਼ਕਤੀਮਾਨ, ਸਰਬ ਵਿਆਪਕ ਤੇ ਖਾਲਸੇ ਦੇ ਹਰ ਵਕਤ, ਹਰ ਹਾਲਤ ਵਿਚ ਅੰਗ ਸੰਗ ਉਸ ਦੇ ਰਾਖੇ ਤੇ ਪਰਿਤਪਾਲਕ ਹਨ ਤਾਂ ਫਿਰ ਦੁਬਿਧਾ, ਭਰਮ, ਡਰ, ਸ਼ਕ, ਬੇਵਿਸ਼ਵਾਸੀ, ਆਦਿ ਵਾਸਤੇ ਖਾਲਸੇ ਦੇ ਮਨ ਵਿਚ ਖਲੋਣ ਦੀ ਥਾਂ ਹੀ ਨਹੀਂ ਰਹਿੰਦੀ। ਖਾਲਸਾ ਦਰਿੜ੍ਹਤਾ ਦੀ ਇਕ ਜੀਉਂਦੀ ਜਾਗਦੀ ਚਲਦੀ ਫਿਰਦੀ ਤਸਵੀਰ ਬਣ ਜਾਂਦਾ ਹੈ।

ਦੁਬਿਧਾ ਮਾਰਨ ਦਾ ਮਤਲਬ ਹੈ, ਮਾਇਆ ਅਤੇ ਬਦੀ ਨੂੰ ਸ੍ਰੀ ਵਾਹਿਗੁਰੂ ਜੀ ਦੀ ਗ਼ੈਰ ਹਾਜ਼ਰੀ ਜਾਣ ਕੇ ਸਦਾ ਲਈ ਮਾਇਆ ਜਾਂ ਬਦੀ ਵਲੋਂ ਮੂੰਹ ਮੋੜ ਲੈਣਾ ਸਦਾ ਹਰ ਹਾਲਤ ਵਿਚ ਵਾਹਿਗੁਰੂ ਉਤੇ ਭਰੋਸਾ ਰਖਣਾ ਅਰ ਸਦਾ ਚੜ੍ਹਦੀਆਂ ਕਲਾ ਵਿਚ ਰਹਿਣਾ ਅਤੇ ਸਦਾ ਨੇਕੀ ਅਤੇ ਉਪਕਾਰ ਦਾ ਜੀਵਨ ਬਤੀਤ ਕਰਨਾ।

ਦੁਬਿਧਾ ਤੋਂ ਛੁਟਕਾਰਾ ਪਾ ਕੇ ਵਾਹਿਗੁਰੂ ਜੀ ਦੀ ਸ਼ਰਨ ਵਿਚ ਆਏ ਗੁਰਸਿੱਖ ਦੇ ਮਜ਼ਬੂਤ ਮਨ ਦੀ ਆਖਰੀ ਤਸਵੀਰ ਸ੍ਰੀ ਗੁਰੂ ਗਰੰਥ ਸਾਹਿਬ ਵਿਖੇ ਇਸ ਪਰਕਾਰ ਹੈ:

ਹਰਿ ਇਕਸੈ ਨਾਲਿ ਮੈ ਦੋਸਤੀ ਹਰਿ ਇਕਸੈ ਨਾਲਿ ਮੈ ਰੰਗੁ ॥
ਹਰਿ ਇਕੋ ਮੇਰਾ ਸਜਣੋ ਹਰਿ ਇਕਸੈ ਨਾਲਿ ਮੈ ਸੰਗੁ ॥
ਹਰਿ ਇਕਸੈ ਨਾਲਿ ਮੈ ਗੋਸਟੇ ਮੁਹੁ ਮੈਲਾ ਕਰੈ ਨ ਭੰਗੁ ॥
ਜਾਣੈ ਬਿਰਥਾ ਜੀਅ ਕੀ ਕਦੇ ਨ ਮੋੜੈ ਰੰਗੁ ॥
ਹਰਿ ਇਕੋ ਮੇਰਾ ਮਸਲਤੀ ਭੰਨਣ ਘੜਨ ਸਮਰਥੁ ॥
ਹਰਿ ਇਕੋ ਮੇਰਾ ਦਾਤਾਰੁ ਹੈ ਸਿਰਿ ਦਾਤਿਆ ਜਗ ਹਥੁ ॥
ਹਰਿ ਇਕਸੈ ਦੀ ਮੈ ਟੇਕ ਹੈ ਜੋ ਸਿਰਿ ਸਭਨਾ ਸਮਰਥੁ ॥
ਸਤਿਗੁਰਿ ਸੰਤੁ ਮਿਲਾਇਆ ਮਸਤਕਿ ਧਰਿ ਕੈ ਹਥੁ ॥
ਵਡਾ ਸਾਹਿਬੁ ਗੁਰੂ ਮਿਲਾਇਆ ਜਿਨਿ ਤਾਰਿਆ ਸਗਲ ਜਗਤੁ ॥
ਮਨ ਕੀਆ ਇਛਾ ਪੂਰੀਆ ਪਾਇਆ ਧੁਰਿ ਸੰਜੋਗ ॥
ਨਾਨਕ ਪਾਇਆ ਸਚੁ ਨਾਮੁ ਸਦ ਹੀ ਭੋਗੇ ਭੋਗ ॥ ਅੰਗ - 959

# ਮੁਕਤੀ ਦਾ ਸਾਧਨ

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥*
*ਅੰਗ - 522*

ਗੁਰਬਾਣੀ ਦਾ ਉਕਤ ਮਹਾਂਵਾਕ ਗੁਰਸਿੱਖ ਦੁਨੀਆਂ ਵਿਚ ਬੜਾ ਪ੍ਰਸਿੱਧ ਹੈ। ਪ੍ਰਚਾਰਕ ਤੇ ਗਿਆਨੀ, ਲੈਕਚਰਾਂ ਤੇ ਭਾਸ਼ਨਾਂ ਵਿਚ ਗੁਰੂ ਘਰ ਦੀ ਵਡਿਆਈ ਨੂੰ ਸਾਬਤ ਕਰਨ ਲਈ ਉਕਤ ਮਹਾਂਵਾਕ ਨੂੰ ਬੜੀ ਵਾਰ ਦੁਹਰਾਂਦੇ ਅਤੇ ਸੰਗਤਾਂ ਦੇ ਦਿਲ ਤੇ ਇਹ ਅਸਰ ਪਾਣ ਦੀ ਕੋਸ਼ਿਸ਼ ਕਰਦੇ ਹਨ ਕਿ ਗੁਰਸਿੱਖਾਂ ਨੂੰ ਮੁਕਤੀ ਜਾਂ ਮੋਖਸ਼ ਪ੍ਰਾਪਤ ਕਰਨ ਲਈ ਕੋਈ ਮੁਸ਼ਕਲ ਸਾਧਨ ਨਹੀਂ ਵਰਤਣੇ ਪੈਂਦੇ। ਉਹ ਦੁਨੀਆਂ ਵਿਚ ਹੀ ਰਹਿੰਦਾ ਹੋਇਆ ਦੁਨੀਆਂ ਦੇ ਸਾਰੇ ਫਰਜ਼ ਪੂਰੇ ਕਰਦਾ ਹੋਇਆ ਖਾਂਦਾ, ਪੀਂਦਾ, ਹਸਦਾ, ਖੇਡਦਾ, ਆਪਣੇ ਪੂਰੇ ਸਤਿਗੁਰੂ ਦੀ ਜੁਗਤੀ ਅਨੁਸਾਰ ਮੋਖਸ਼ ਪਰਾਪਤ ਕਰਦਾ ਹੈ।

ਇਸ ਦਾ ਭਾਵ ਅਜ ਕਲ ਆਮ ਕਰ ਕੇ ਇਹੀ ਸਮਝਿਆ ਜਾਣ ਲਗ ਪਿਆ ਹੈ ਕਿ ਗੁਰਸਿੱਖ ਦਾ ਜੀਵਨ ਮਨੋਰਥ ਖੂਬ ਖਾਣਾ ਪੀਣਾ, ਹਸਣਾ ਤੇ ਖੇਡਣਾ ਹੈ ਅਤੇ ਗੁਰਸਿੱਖ ਨੂੰ ਮੋਖਸ਼ ਕੇਵਲ ਇਸ ਵਾਸਤੇ ਪ੍ਰਾਪਤ ਹੋ ਜਾਵੇਗੀ, ਕਿਉਂਕਿ ਉਸ ਦਾ ਸਤਿਗੁਰ ਪੂਰਾ ਸਤਿਗੁਰੂ ਹੈ।

ਇਹ ਗਲਤੀ ਉਸੇ ਤਰ੍ਹਾਂ ਦੀ ਭਿਆਨਕ ਗਲਤੀ ਹੈ ਜਿਹੜੀ ਕੀ ਕਈ ਮਜ਼੍ਹਬਾਂ ਵਿਚ ਇਹ ਵਡਾ ਸਿਧਾਂਤ ਮੰਨਿਆ ਜਾਂਦਾ ਹੈ ਕਿ ਕਿਸੇ ਮਹਾਂਪੁਰਖ, ਰਸੂਲ ਜਾਂ ਖੁਦਾ ਦੇ ਪਿਆਰੇ ਉਤੇ ਕੇਵਲ ਈਮਾਨ ਲੈ ਆਉਣ, ਉਸ ਨੂੰ ਕੇਵਲ ਆਪਣਾ ਸਤਿਗੁਰੂ ਮੰਨ ਲੈਣ ਨਾਲ ਹੀ ਮੋਖਸ਼ ਜਾਂ ਨਜਾਤ ਮਿਲ ਜਾਂਦੀ ਹੈ। ਗੁਰਸਿੱਖਾਂ ਦੇ ਕਿਸੇ ਤਬਕੇ ਵਿਚ ਜੇਕਰ ਇਹ ਖਿਆਲ ਕੰਮ ਕਰ ਰਿਹਾ ਹੈ ਕਿ ਕਿਉਂਕਿ ਉਹ ਸਤਿਗੁਰੂ ਨਾਨਕ ਦੇਵ, ਗੁਰੂ ਅਰਜਨ ਦੇਵ ਤੇ ਗੁਰੂ ਗੋਬਿੰਦ ਸਾਹਿਬ ਦੇ ਸਿੱਖ ਹਨ, ਉਹਨਾਂ ਨੂੰ ਆਪਣੀ ਮੋਖਸ਼ ਜਾਂ ਮੁਕਤੀ ਵਾਸਤੇ ਖਾਣ ਪੀਣ, ਪਹਿਨਣ ਹਸਣ ਤੋਂ ਸਿਵਾ ਹੋਰ ਕੁਝ ਕਰਨ ਦੀ ਲੋੜ ਨਹੀਂ ਤਾਂ ਇਹ ਡਾਢਾ ਖਤਰਨਾਕ ਭੁਲੇਖਾ ਹੈ, ਜਿਸ ਤੋਂ ਉਹ ਗੁਰਸਿੱਖ ਜਿਤਨੀ ਜਲਦੀ ਛੁਟਕਾਰਾ ਪਾ ਜਾਣ ਉਤਨਾ ਹੀ ਚੰਗਾ ਹੈ।

ਗੁਰਮਤ ਅਨੁਸਾਰ ਮੋਖਸ਼ ਜਾਂ ਮੁਕਤੀ ਉਹ ਪਾਤਸ਼ਾਹੀ ਆਤਮਕ ਮੰਜ਼ਲ ਹੈ, ਜਿਸ ਤਕ ਪਹੁੰਚਣ ਲਈ ਗੁਰਸਿੱਖ ਦੀ ਸੁਰਤ ਨੂੰ ਹਰ ਇਕ ਕਦਮ, ਹਰ ਕਦਮ ਦੀ ਇਕ ਇਕ ਇੰਚ ਆਪ ਤੁਰਨੀ ਪੈਂਦੀ ਹੈ। ਮੋਖਸ਼ ਜਾਂ ਮੁਕਤੀ ਗੁਰਸਿੱਖ ਨੂੰ ਤਦ ਨਸੀਬ ਹੁੰਦੀ ਹੈ ਜਦ ਕਿ ਉਸ ਦਾ ਜੀਵਨ ਤਜਰਬਾ ਪੂਰਨ ਹੋ ਜਾਵੇ ਅਤੇ ਉਸ ਨੂੰ ਅਟੱਲ ਪਾਤਸ਼ਾਹੀ ਇੰਦਰਿਆਂ ਦੇ ਦਰਿਸ਼ਟਮਾਨ ਜਗਤ ਵਿਚ ਕਿਤੇ ਨਜ਼ਰ ਨਾ ਆਵੇ। ਜਦ ਉਸ ਨੂੰ ਯਕੀਨ ਆ ਜਾਵੇ ਕਿ ਇੰਦਰਿਆਂ ਦੇ ਜਗਤ ਵਿਚ ਸੁਖ ਦੇ ਕੇਵਲ ਪਰਛਾਵੇਂ ਹਨ, ਆਪ ਸੁਖ ਨਹੀਂ। ਜਦ ਉਸ ਨੂੰ ਯਕੀਨ ਹੋ ਜਾਵੇ ਕਿ ਦੀਨ ਦੁਨੀਆਂ ਦੀ ਸਦੀਵੀ ਪਾਤਸ਼ਾਹੀ ਉਸ ਦੇ ਆਪਣੇ ਅੰਦਰ ਹੈ ਅਤੇ ਜਦ ਉਹ ਨਾਮ ਦੇ ਆਸਰੇ ਆਪਣੇ ਅੰਦਰੋਂ ਇਸ ਅਟੱਲ ਪਾਤਸ਼ਾਹੀ ਨੂੰ ਗੁਰਪਰਸਾਦਿ ਪਰਾਪਤ ਕਰ ਲਵੇ। ਅਮਰ ਅਤੇ ਅੱਟਲ ਪਾਤਸ਼ਾਹੀ ਆਪਣੇ ਅੰਦਰੋਂ ਪਰਾਪਤ ਕਰ ਕੇ ਜਦ ਗੁਰਸਿੱਖ

ਨੂੰ ਕਿਆਸ ਵਿਚ ਆ ਸਕਣ ਵਾਲੇ ਸਾਰੇ ਸੁਖ ਆਪਣੇ ਕੇਵਲ ਇਕ ਫੁਰਨੇ ਨਾਲ ਚਰਨਾਂ ਵਿਚ ਡਿਗੇ ਪਏ ਦਿਸਣ, ਤਦ ਉਸ ਨੂੰ ਕਿਸੇ ਨਾਸਵੰਦ ਪਦਾਰਥ, ਕਿਸੇ ਆਰਜ਼ੀ ਸੁਖ ਦੀ ਖਾਹਿਸ਼ ਨਹੀਂ ਰਹਿੰਦੀ। ਇਸ ਅਵਸਥਾ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਵਿਚ 'ਨਿਹਚਲ' ਰਾਜ ਕਮਾਨਾ ਜਾਂ 'ਬੇਗਮਪੁਰੇ ਵਿਚ ਵਸਣਾ' ਲਿਖਿਆ ਹੈ।

ਇਹ ਅਵਸਥਾ ਗੁਰਮਤ ਅਨੁਸਾਰ ਸਾਰਾ ਜੀਵਨ ਨਾਮ ਕਮਾਈ ਅਤੇ ਸਰਬੱਤ ਦੇ ਭਲੇ ਵਿਚ ਗੁਜ਼ਾਰਨ ਨਾਲ ਵੀ ਜੇਕਰ ਨਸੀਬ ਹੋ ਜਾਵੇ ਤਾਂ ਗੁਰਸਿੱਖ ਨੂੰ ਆਪਣੇ ਧੰਨ ਭਾਗ ਸਮਝਣੇ ਚਾਹੀਦੇ ਹਨ।

ਗੁਰੂ ਘਰ ਵਿਚ ਜਿਥੇ ਸਭ ਕੁਝ ਤਿਆਗ ਕੇ ਜੰਗਲਾਂ ਵਿਚ ਜਾਣਾ ਵਿਵਰਜਤ ਹੈ ਉਥੇ ਘਰਾਂ ਵਿਚ ਰਹਿੰਦੇ ਹੋਏ, ਘਰਾਂ ਨੂੰ ਮਹਿਲ ਮਾੜੀਆਂ ਜੰਗਲ ਸਮਾਨ ਸਮਝਣ ਦੀ ਵੀ ਸਖਤ ਤਾਕੀਦ ਹੈ। ਮੋਤੀਆਂ ਦੇ ਮੰਦਰ ਜੇਕਰ ਤਿਆਗਨਾ ਮਨ੍ਹਾਂ ਹੈ ਤਾਂ ਗੁਰਮਤ ਵਿਚ ਮੋਤੀਆਂ ਦੇ ਮੰਦਰਾਂ ਵਿਚ ਰਹਿੰਦਿਆਂ "ਮਨ ਹੀ ਮਾਹਿ ਉਦਾਸ" ਰਹਿਣ ਦੀ ਸਖਤ ਤਾਕੀਦ ਹੈ। ਗੁਰੂ ਘਰ ਵਿਚ ਜੇਕਰ ਗ੍ਰਹਿਸਤ ਤਿਆਗ ਕੇ ਜਟਾਂ ਰਖਣ ਦੀ ਮਨਾਹੀ ਹੈ ਤਾਂ ਗ੍ਰਸਿਤ ਵਿਚ "ਜਤ ਕੀ ਜਟਾ" ਰਖਣ ਉਤੇ ਬੜਾ ਜੋਰ ਹੈ।

ਘਰਾਂ ਵਿਚ, ਕੋਠੀਆਂ ਵਿਚ, ਮਹਿਲ ਮਾੜੀਆਂ ਵਿਚ ਰਹਿ ਕੇ 'ਮਨ ਹੀ ਮਾਹਿ ਉਦਾਸ' ਰਹਿ ਸਕਣਾ, ਜੰਗਲ ਵਿਚ ਜਾ ਕੇ ਉਦਾਸੀ ਧਾਰਨ ਨਾਲੋਂ ਕਿਤੇ ਔਖਾ ਤੇ ਮੁਸ਼ਕਲ ਕੰਮ ਹੈ। ਜੰਗਲ ਵਿਚ ਜਾ ਕੇ ਜਟਾਂ ਰਖਣ ਨਾਲੋਂ ਗ੍ਰਹਿਸਤ ਵਿਚ ਰਹਿ ਕੇ "ਜਤ ਦੀਆਂ ਜਟਾਂ" ਰਖ ਸਕਣੀਆਂ ਬਹੁਤ ਮੁਸ਼ਕਿਲ ਹਨ। ਜੰਗਲਾਂ ਵਿਚ ਜਾ ਕੇ ਤਪ ਕਰਨ ਨਾਲੋਂ, ਭੁਖੇ ਰਹਿਣ ਨਾਲੋਂ, ਉਲਟੇ ਲਟਕਣ ਨਾਲੋਂ, ਪਰਿਵਾਰ ਵਿਚ ਰਹਿ ਕੇ ਗ੍ਰਹਿਸਤ ਦੇ ਸਭ ਫਰਜ਼ ਪੂਰੇ

ਕਰਦਿਆਂ ਹੋਇਆਂ, 'ਮਨ ਹੀ ਮਾਹਿ ਉਦਾਸ' ਰਹਿ ਕੇ 'ਊਠਤ ਬੈਠਤ ਸੋਵਤ ਜਾਗਤ' ਸਿਮਰਨ ਕਰਨਾ, ਸਵਾਸ ਸਵਾਸ ਨਾਮ ਜਪਨਾ, ਕਿਤੇ ਮੁਸ਼ਕਲ ਤੇ ਔਖਾ ਕੰਮ ਨਹੀਂ।

ਗੁਰਮਤ ਵਿਚ ਉਹ ਹਸਣਾ ਖੇਡਣਾ, ਖਾਣਾ ਪਹਿਨਣਾ, ਜਿਹੜਾ ਗੁਰਸਿੱਖ ਦੀ ਬਿਰਤੀ ਨੂੰ ਬਾਹਰਮੁਖੀ ਕਰ ਅਤੇ ਖਿੰਡਾਓ ਵਿਚ ਲਿਆਵੇ, ਸਖਤ ਵਿਵਰਜਤ ਹੈ।

*ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ ॥* *ਅੰਗ - 16*

*ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥*
*ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥*
*ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥*
*ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ ॥*
*ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥*
*ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥*
*ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥*

*ਅੰਗ - 16*

*ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥*

*ਅੰਗ - 790*

*ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥*
*ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ ॥*

*ਅੰਗ - 1254*

*ਖਾਣਾ ਪੀਣਾ ਹਸਣਾ ਬਾਦਿ ॥*
*ਜਬ ਲਗੁ ਰਿਦੈ ਨ ਆਵਹਿ ਯਾਦਿ ॥* *ਅੰਗ - 351*

*ਧ੍ਰਿਗੁ ਖਾਣਾ ਧ੍ਰਿਗੁ ਪੈਨਣਾ ਜਿਨਾ ਦੂਜੈ ਭਾਇ ਪਿਆਰੁ ॥*
*ਬਿਸਟਾ ਕੇ ਕੀੜੇ ਬਿਸਟਾ ਰਾਤੇ ਮਰਿ ਜੰਮਹਿ ਹੋਹਿ ਖੁਆਰੁ ॥*

*ਅੰਗ - 1347*

ਇਸ ਲੇਖ ਦੇ ਸਿਰਲੇਖ ਵਿਚ ਇਹ ਸਮਝਣਾ ਨਿਹਾਇਤ ਜ਼ਰੂਰੀ ਹੈ ਕਿ ਪੂਰੇ ਸਤਿਗੁਰੂ ਦੀ ਪੂਰੀ ਜੁਗਤੀ ਕੀ ਹੈ? ਜਿਸ ਜੁਗਤੀ ਅਨੁਸਾਰ ਜੀਵਨ ਬਤੀਤ ਕਰ ਕੇ ਗੁਰਸਿਖ ਹਸਦਾ, ਖੇਡਦਾ, ਖਾਂਦਾ, ਪਹਿਨਦਾ ਵੀ ਮੁਕਤੀ ਦਾ ਦਰਜਾ ਪਰਾਪਤ ਕਰ ਸਕਦਾ ਹੈ।

ਇਹ ਜੁਗਤੀ ਸ੍ਰੀ ਗੁਰੂ ਗਰੰਥ ਸਾਹਿਬ ਦੇ ਪਰੇਮ, ਸ਼ਰਧਾ ਤੇ ਧਿਆਨ ਨਾਲ ਪਾਠ ਕੀਤਿਆਂ ਸਮਝ ਵਿਚ ਆ ਸਕਦੀ ਹੈ। ਸ੍ਰੀ ਗੁਰੂ ਗਰੰਥ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਜਗਤ ਰਚਨਾ ਜੀਵ ਦਾ ਇਕ ਸਫਰ ਹੈ। ਜੀਵ ਨੂੰ ਮੁਸਾਫਰ ਭਾਵਨਾ ਰਖ ਕੇ ਜੀਵਨ ਦਾ ਸਫਰ ਸਤਿਗੁਰੂ ਦੇ ਉਪਦੇਸ਼ ਅਨੁਸਾਰ ਤੈਹ ਕਰਨਾ ਚਾਹੀਏ। ਜੀਵ ਨੂੰ ਸਫਰ ਦੀ ਕਿਸੇ ਚੀਜ਼ ਨੂੰ ਨਾ ਆਪਣਾ ਸਮਝਣਾ ਚਾਹੀਏ ਤੇ ਨਾ ਕਿਸੇ ਚੀਜ਼ ਨਾਲ ਪਿਆਰ ਪਾਣਾ ਚਾਹੀਏ। ਸਫਰ ਨੂੰ ਹਾਲਾਤ ਅਨੁਸਾਰ ਆਰਾਮ ਵਾਲਾ ਬਨਾਉਣ ਵਿਚ ਹਰਜ ਨਹੀਂ ਪਰ ਸਫਰ ਦੀ ਜੋ ਚੀਜ਼ ਵਾਹਿਗੁਰੂ ਦੀ ਯਾਦ ਦਿਲਾਵੇ ਉਸ ਨੂੰ ਚੰਗਾ ਅਤੇ ਜੋ ਚੀਜ਼ ਵਾਹਿਗੁਰੂ ਤੋਂ ਬੇਮੁਖ ਕਰੇ ਉਸ ਨੂੰ ਮਾੜਾ ਅਤੇ ਆਪਣਾ ਦੁਸ਼ਮਣ ਸਮਝਣਾ ਚਾਹੀਏ। ਬਾਹਰ ਮੁਖੀ ਸੁਰਤ ਨੂੰ ਨਾਮ ਆਸਰੇ ਅੰਦਰ ਮੁਖੀ ਬਣਾ ਕੇ ਆਪਣੇ ਅੰਦਰੋਂ ਸਚੀ ਤੇ ਸਦੀਵੀ ਪਾਤਸ਼ਾਹੀ ਲਭ ਲੈਣੀ ਜੀਵਨ ਦਾ ਮਨੋਰਥ ਹੈ। ਨਾਮ ਕਮਾਈ ਕਰਨ ਵਾਲੇ ਗੁਰਸਿੱਖ ਨੂੰ ਬਾਹਰ ਦੀ ਜਗਤ ਰਚਨਾ ਦੀ ਸੁਖਦਾਈ ਅਤੇ ਲਾਭਦਾਇਕ ਲਗਦੀ ਹੈ। ਉਹ ਗ੍ਰਹਿਸਤ ਵਿਚ ਰਹਿੰਦਾ ਤਾਂ ਹੈ, ਪਰ ਗ੍ਰਹਿਸਤ ਦੀ ਹਰ ਚੀਜ਼ ਉਸ ਨੂੰ ਵਾਹਿਗੁਰੂ ਜੀ ਵਲ ਮੋੜਦੀ ਅਤੇ ਨਾਮ ਕਮਾਈ ਵਿਚ ਸਹਾਇਤਾ ਕਰਦੀ ਹੈ। ਉਹ ਆਪਣੇ ਪਰਿਵਾਰ ਨੂੰ, ਧਨ ਨੂੰ, ਰਸੂਖ ਨੂੰ, ਅਕਲ ਨੂੰ ਕਰਤਾਰ ਦੀਆਂ ਦਾਤਾਂ ਸਮਝਦਾ ਹੋਇਆ, ਦੁਨਿਆਵੀ ਸੁਖਾਂ ਨੂੰ ਅਕਾਲ ਪੁਰਖ ਦੀ ਮਿਹਰ ਜਾਣਦਾ ਹੋਇਆ ਅੰਦਰੋਂ ਨਾਮ ਜਪ ਕੇ ਅਕਾਲ

ਪੁਰਖ ਨਾਲ ਅਭੇਦ ਹੁੰਦਾ ਰਹਿੰਦਾ ਹੈ। 'ਮਨ ਹੀ ਮਾਹਿ ਉਦਾਸ' ਰਹਿਣ ਵਾਲੇ ਅਤੇ ਘਰਾਂ ਕੋਠੀਆਂ ਨੂੰ ਜੰਗਲ ਸਮਾਨ ਸਮਝਣ ਵਾਲੇ ਗੁਰਸਿੱਖਾਂ ਦਾ ਖਾਣਾ, ਪਹਿਨਣਾ, ਹਸਣਾ ਵੀ ਮੁਬਾਰਿਕ ਹੈ। ਕਿਉਂਕਿ ਉਹਨਾਂ ਦੇ ਹਿਰਦਿਆਂ ਨੂੰ ਦੁਨਿਆਵੀ ਦਾਤਾਂ ਸ਼ੁਕਰ ਨਾਲ ਭਰਪੂਰ ਕਰ ਕੇ ਨਾਮ ਕਮਾਈ ਵਿਚ ਹੋਰ ਪਰਪੱਕ ਕਰਦੀਆਂ ਅਤੇ ਮੁਕਤੀ ਦਾ ਵਧੇਰੇ ਪਾਤਰ ਬਣਾਂਦੀਆਂ ਹਨ।

*ਗੁਰਮੁਖਿ ਸਭ ਪਵਿਤੁ ਹੈ ਧਨੁ ਸੰਪੈ ਮਾਇਆ ॥*
*ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ ॥*
*ਜੋ ਹਰਿ ਨਾਮੁ ਧਿਆਇਦੇ ਤਿਨ ਤੋਟਿ ਨ ਆਇਆ ॥ ਗੁਰਮੁਖਾਂ ਨਦਰੀ ਆਵਦਾ ਮਾਇਆ ਸੁਟਿ ਪਾਇਆ ॥ ਨਾਨਕ ਭਗਤਾਂ ਹੋਰੁ ਚਿਤਿ ਨ ਆਵਈ ਹਰਿ ਨਾਮਿ ਸਮਾਇਆ ॥* *ਅੰਗ - 1246*

# ਜੀਉ ਏਕੁ ਅਰੁ ਸਗਲ ਸਰੀਰਾ॥ (330)

ਗੁਰਬਾਣੀ ਦੇ ਉਕਤ ਮਹਾਂਵਾਕ ਵਿਚ ਸਾਨੂੰ ਆਪਣੀ ਅਸਲੀਅਤ ਬਾਬਤ ਦਸਿਆ ਹੈ ਕਿ ਇਸ ਜਗਤ ਰਚਨਾ ਅੰਦਰ, ਜਿਥੇ ਜਿਥੇ ਵੀ ਜ਼ਿੰਦਗੀ ਜਾਂ ਜੀਵਨ ਹੈ, ਉਥੇ ਉਥੇ ਹੀ ਜੀਵ ਹੈ ਅਤੇ ਇਹ ਸਭ ਵਿਚ ਇਕੋ ਹੈ। ਇਕੋ ਜੀਵ ਹੀ ਸਭ ਸਰੀਰਾਂ ਵਿਚ ਵਿਚਰ ਰਿਹਾ ਹੈ। ਦੂਸਰੇ ਅੱਖਰਾਂ ਵਿਚ ਸਭ ਜਾਨਦਾਰਾਂ ਅੰਦਰ ਜਾਨ ਜਾਂ ਜੀਵ ਇਕੋ ਹੀ ਹੈ।

ਜਗਤ ਰਚਨਾ ਵਿਚ ਜੋ ਵਖੇਵਾਂ, ਵਖਰਾਪਨ ਇਕ ਦੂਸਰੇ ਵਰਗਿਆਂ ਨਾ ਹੋਣਾ ਨਜ਼ਰ ਪਿਆ ਆਉਂਦਾ ਹੈ, ਉਹ ਸਰੀਰਾਂ ਮਨ ਤੇ ਬੁਧੀ ਦੇ ਵਖਰਿਆਂ ਵਖਰਿਆਂ ਹੋਣ ਕਰ ਕੇ ਹੈ। ਕੀੜੀ, ਹਾਥੀ ਘੋੜੇ ਅਤੇ ਇਨਸਾਨ ਦੇ ਸ਼ਰੀਰ ਵਖੋ ਵਖਰੇ ਹਨ। ਇਹਨਾਂ ਸਰੀਰਾਂ ਵਿਚ ਮਨ ਤੇ ਬੁਧੀ ਵੀ ਵਖੋ ਵਖਰੇ ਹਨ, ਜੋ ਕੀੜੀ ਨੂੰ ਕੀੜੀ ਦਾ ਜਗਤ, ਹਾਥੀ ਨੂੰ ਹਾਥੀ ਦਾ ਜਗਤ, ਘੋੜੇ ਨੂੰ ਘੋੜੇ ਦਾ ਜਗਤ ਅਤੇ ਇਨਸਾਨ ਨੂੰ ਇਨਸਾਨ ਦਾ ਜਗਤ ਪਏ ਦਿਖਲਾਂਦੇ ਹਨ, ਜਗਤ ਭਾਵੇਂ ਇਕੋ ਹੀ ਹੈ ਪਰ ਕੀੜੀ ਨੂੰ ਇਹ ਜਗਤ ਜਿਵੇਂ ਪਿਆ ਦਿਸਦਾ ਹੈ, ਉਹ ਹਾਥੀ ਤੋਂ ਵਖਰਾ ਹੈ ਤੇ ਹਾਥੀ ਨੂੰ ਜੋ ਜਗਤ ਪਿਆ ਦਿਸਦਾ ਹੈ ਉਹ ਆਦਮੀ ਨੂੰ ਦਿਸ ਰਹੇ ਜਗਤ ਕੋਲੋਂ ਵਖਰਾ ਹੈ।

ਮਨ ਤੇ ਬੁਧੀ ਨੂੰ ਐਨਕ ਸਮਝੋ, ਜੋ ਕੀੜੀ ਦੀ ਵਖਰੀ, ਘੋੜੇ

ਦੀ ਵਖਰੀ ਅਤੇ ਇਨਸਾਨ ਦੀ ਵਖਰੀ ਹੈ। ਜਿਵੇਂ ਵਖਰੇ ਵਖਰੇ ਰੰਗਾਂ ਦੀਆਂ ਐਨਕਾਂ ਲਗਾਇਆਂ ਸਾਨੂੰ ਸਾਰਾ ਜਗਤ ਹਰਾ, ਪੀਲਾ, ਲਾਲ ਤੇ ਕਾਲਾ ਦਿਸਣ ਲਗ ਜਾਂਦਾ ਹੈ, ਇਸੇ ਤਰ੍ਹਾਂ ਕੀੜੀ ਦੇ ਮਨ ਬੁਧ ਦੀ ਐਨਕ ਅਤੇ ਇਨਸਾਨ ਦੇ ਮਨ ਬੁਧ ਦੀ ਐਨਕ ਵਖੋ ਵ੍ਖਰੀਆਂ ਹੋਣ ਕਰ ਕੇ, ਕੀੜੀ, ਘੋੜੇ ਤੇ ਇਨਸਾਨ ਨੂੰ ਜਗਤ ਰਚਨਾ ਵਖੋ ਵਖਰੀ ਪਈ ਭਾਸਦੀ ਹੈ।

ਸਾਰਿਆਂ ਇਨਸਾਨਾਂ ਦੀ ਵੀ ਦੁਨੀਆਂ ਵਖੋ ਵਖਰੀ ਹੈ। ਚੋਰ ਦੀ ਦੁਨੀਆਂ ਡਾਕਟਰ ਦੀ ਦੁਨੀਆਂ ਤੋਂ ਵਖਰੀ ਹੈ ਅਤੇ ਵਪਾਰੀ ਦੀ ਦੁਨੀਆਂ ਸਿਪਾਹੀ ਦੀ ਦੁਨੀਆਂ ਤੋਂ ਵਖਰੀ ਹੈ। ਇਹ ਵਖਰਾਪਨ ਵੀ ਇਸੇ ਕਰ ਕੇ ਹੈ ਕਿ ਚੋਰ, ਡਾਕਟਰ, ਵਪਾਰੀ, ਅਤੇ ਸਿਪਾਹੀ ਦੇ ਮਨ ਤੇ ਬੁਧੀ ਵਖੋ ਵਖਰੇ ਹਨ। ਇਸੇ ਤਰ੍ਹਾਂ ਔਰਤ ਦੀ ਦੁਨੀਆਂ ਮਰਦ ਦੀ ਦੁਨੀਆਂ ਨਾਲੋਂ ਵਖਰੀ ਇਸ ਕਰ ਕੇ ਹੈ ਕਿ ਔਰਤ ਦਾ ਮਨ ਬੁਧੀ ਹੋਰ ਅਤੇ ਮਰਦ ਦਾ ਮਨ ਬੁਧੀ ਹੋਰ ਹੈ।

ਇਸ ਤਰ੍ਹਾਂ ਬੱਚੇ ਦੀ, ਜਵਾਨ ਦੀ ਅਤੇ ਬੁਢੇ ਦੀ ਦੁਨੀਆਂ ਵਖੋ ਵਖਰੀ ਹੈ ਅਤੇ ਇਹ ਵਖਰਾਪਨ ਵੀ ਬੱਚੇ, ਜਵਾਨ ਅਤੇ ਬੁਢੇ ਦੇ ਮਨ ਵਖੋ ਵਖਰਿਆਂ ਹੋਣ ਕਰ ਕੇ ਹੈ।

ਜਗਤ ਰਚਨਾ ਦੇ ਸਿਨਮੇ ਦੇ ਤਿੰਨ ਹਿਸੇ ਕੀਤੇ ਜਾ ਸਕਦੇ ਹਨ। ਜਗਤ ਸਾਰਾ ਇਕ ਪੜਦਾ ਸਮਝੋ, ਮਨ ਇਕ ਫਿਲਮ ਸਮਝੋ ਤੇ ਜੀਵ ਉਹ ਰੋਸ਼ਨੀ ਸਮਝੋ ਜਿਹੜੀ ਕਿ ਸਿਨਮੇ ਵਿਚ ਫਿਲਮ ਦੇ ਪਿਛੇ ਹੁੰਦੀ ਹੈ। ਜਿਵੇਂ ਸਿਨਮੇਂ ਵਿਚ ਫਿਲਮਾਂ ਦੇ ਪਿਛੇ ਰੋਸ਼ਨੀ ਸਦਾ ਇਕੋ ਹੀ ਹੁੰਦੀ ਹੈ ਅਤੇ ਪੜਦਾ ਵੀ ਸਦਾ ਇਕੋ ਹੀ ਹੁੰਦਾ ਹੈ ਪਰ ਫਿਲਮਾਂ ਦੇ ਵਖੋ ਵਖਰਿਆਂ ਹੋਣ ਕਰ ਕੇ ਪੜਦੇ ਉਤੇ ਵਖੋ ਵਖਰੇ ਦ੍ਰਿਸ਼ ਜਾਂ ਨਜ਼ਾਰੇ ਦੇਖੀਦੇ ਹਨ। ਇਸੇ ਤਰ੍ਹਾਂ ਜੀਵ ਸਭ ਵਿਚ ਹੋਣ ਕਰ ਕੇ ਇਕੋ ਹੈ ਅਤੇ ਜਗਤ ਦਾ ਪਰਦਾ ਵੀ ਇਕੋ ਹੈ ਪਰ ਮਨ ਵਖੋ ਵਖਰੇ ਹੋਣ ਕਰਕੇ ਜਗਤ ਦੇ ਪੜਦੇ ਉਤੇ ਵਖੋ ਵਖਰੀਆਂ

ਤਸਵੀਰਾਂ ਦਿਸਦੀਆਂ ਹਨ।

ਸਿਨਮੇ ਵਿਚ ਜੇਕਰ ਡਾਕੂਆਂ ਦੀ ਫਿਲਮ ਲਗਾ ਦਿਉ ਤਾਂ ਪਰਦੇ ਉਤੇ ਡਾਕੂਆਂ ਦੀ ਕਹਾਣੀ ਤਸਵੀਰਾਂ ਦੀ ਸ਼ਕਲ ਵਿਚ ਨਜ਼ਰ ਆਵੇਗੀ, ਜੇਕਰ ਸਿਨਮੇ ਵਿਚ ਲੜਾਈਆਂ ਯੁਧਾਂ ਦੀ ਫਿਲਮ ਲਗ ਜਾਵੇ ਤਾਂ ਪਰਦੇ ਉਤੇ ਲੜਾਈਆਂ ਯੁਧ ਹੁੰਦੇ ਦਿਸਣਗੇ ਅਤੇ ਜੇਕਰ ਫਿਲਮ ਬਾਦਸ਼ਾਹਾਂ ਦੀ ਸ਼ਾਨ ਸ਼ੌਕਤ ਦੀ ਲਗਾਈ ਜਾਵੇ ਤਾਂ ਪਰਦੇ ਉਤੇ ਬਾਦਸ਼ਾਹਾਂ ਦੇ ਸ਼ਹਾਨਾ ਜੀਵਨ, ਸਜੇ ਹੋਏ ਦਰਬਾਰ ਅਤੇ ਆਲੀਸ਼ਾਨ ਮਹਿਲ ਮਾੜੀਆਂ ਨਜ਼ਰ ਆਉਣਗੀਆਂ।

ਫਿਲਮਾਂ ਭਾਵੇਂ ਵਖੋ ਵਖਰੀਆਂ ਹੁੰਦੀਆਂ ਹਨ ਅਤੇ ਪੜਦੇ ਉਤੇ ਵਖੋ ਵਖਰੇ ਸੀਨ ਜਾਂ ਦ੍ਰਿਸ਼ ਦਿਖਾਂਦੀਆਂ ਹਨ ਪਰ ਫਿਲਮਾਂ ਦੇ ਪਿਛੋਂ ਰੌਸ਼ਨੀ ਜਾਂ ਲਾਈਟ ਸਦਾ ਇਕੋ ਹੀ ਹੁੰਦੀ ਹੈ। ਇਸੇ ਤਰ੍ਹਾਂ ਮਨ ਤੇ ਬੁਧੀ ਹਰ ਇਕ ਜਾਨਦਾਰ ਦੀ ਵਖੋ ਵਖਰੀ ਹੋਣ ਕਰ ਕੇ ਭਾਵੇਂ ਹਰ ਜਾਨਦਾਰ ਨੂੰ ਜਗਤ ਰਚਨਾ ਵਖੋ ਵਖਰੀ ਪਈ ਪਰਤੀਤ ਹੁੰਦੀ ਹੈ ਪਰ ਮਨ ਤੇ ਬੁਧੀ ਨੂੰ ਪਿਛੋਂ ਸਤਿਆ ਜਾਂ ਰੌਸ਼ਨੀ ਦੇਣ ਵਾਲਾ ਜੀਵਨ ਕੇਵਲ ਇਕੋ ਹੀ ਹੈ।

ਜਿਵੇਂ ਮੀਂਹ ਦੀਆਂ ਬੇਅੰਤ ਕਣੀਆਂ ਜਾਂ ਬੂੰਦਾਂ ਵਿਚ ਪਾਣੀ ਇਕੋ ਹੀ ਹੁੰਦਾ ਹੈ, ਜਿਵੇਂ ਮਕਾਨਾਂ ਦੇ ਸਭ ਕਮਰਿਆਂ ਵਿਚ ਹਵਾ ਇਕੋ ਹੀ ਹੁੰਦੀ ਹੈ, ਇਸੇ ਤਰ੍ਹਾਂ ਸਭ ਜਾਨਦਾਰਾਂ ਜਾਂ ਜਿਉਣ ਵਾਲਿਆਂ ਦੇ ਸਰੀਰਾਂ ਵਿਚ ਮਨ ਬੁਧੀ ਦੇ ਪਿਛੇ ਜੀਵ ਕੇਵਲ ਇਕੋ ਹੀ ਹੈ।

ਜੀਵ ਤੋਂ ਮੁਰਾਦ ਆਤਮਾ ਜਾਂ ਸਾਡੇ ਆਪੇ ਦੀ ਹੈ। ਸਾਡੇ ਸਭ ਦਾ ਆਪਾ ਜਾਂ ਆਤਮਾ ਇਕੋ ਪਰਮ ਆਤਮਾ ਹੈ।

*ਰਵਿ ਰਹਿਆ ਸਰਬਤ ਸੁਆਮੀ ॥* *ਅੰਗ - 192*

# ਮੇਰੈ ਮਨਿ ਤਨਿ ਲੋਚਾ .........(770)

ਗੁਰੂ ਰਾਮਦਾਸ ਦਾ ਉਕਤ ਮਹਾਂਵਾਕ ਵਿਚਾਰ ਕਰਨ ਉਤੇ ਬੜਾ ਹੀ ਵਿਗਿਆਨਕ ਸਾਬਤ ਹੁੰਦਾ ਹੈ। ਇਹ ਗੁਰੂ ਸਾਹਿਬ ਦੇ ਮਨ ਦੀ ਅਵਸਥਾ ਹੀ ਨਹੀਂ ਜ਼ਾਹਿਰ ਕਰਦਾ ਬਲਕਿ ਵਿਚਾਰ ਕਰਨ ਤੇ ਸਾਬਤ ਕਰਦਾ ਹੈ ਕਿ ਹਰ ਪ੍ਰਾਣੀ, ਹਰ ਜੀਵ ਦੇ ਤਨ ਮਨ ਵਿਚ ਵਾਹਿਗੁਰੂ ਜੀ ਨੂੰ ਮਿਲਣ ਦੀ ਲੋਚਨਾ, ਤਮੱਨਾ, ਜਾਂ ਰੀਝ ਭਰੀ ਹੋਈ ਹੈ। ਸਿਰਫ ਰੀਝ ਭਰੀ ਹੋਈ ਹੀ ਨਹੀਂ ਬਲਕਿ ਹਰ ਪ੍ਰਾਣੀ ਮਾਤਰ, ਹਰ ਜੀਵ ਦਿਨ ਰਾਤ ਵਾਹਿਗੁਰੂ ਜੀ ਨੂੰ ਮਿਲਣ ਦੀ ਧੁਨ ਵਿਚ ਲਗਾ ਹੋਇਆ ਹੈ।

ਹਰ ਜੀਵ ਜਾਂ ਹਰ ਪ੍ਰਾਨੀ ਭਾਵੇਂ ਇਹ ਜਾਣਦਾ ਨਹੀਂ ਕਿ ਵਾਹਿਗੁਰੂ ਜੀ ਕੀ ਹਨ, ਪਰ ਉਸ ਦੀਆਂ ਅੰਦਰਲੀਆਂ ਖਾਹਿਸ਼ਾਂ ਨੂੰ, ਰੁਚੀਆਂ ਨੂੰ ਗੌਹ ਨਾਲ ਵਿਚਾਰਿਆ ਜਾਵੇ ਤਾਂ ਪਤਾ ਲਗੇ ਗਾ ਕਿ ਹਰ ਇਨਸਾਨ ਹਰ ਜੀਵ ਜਾਣਦਾ, ਨਾ ਜਾਣਦਾ, ਵਾਹਿਗੁਰੂ ਜੀ ਨੂੰ ਭਾਲ ਰਿਹਾ ਹੈ।

ਹਰ ਜੀਵ ਦੇ ਦਿਲ ਵਿਚ ਲੁਕੀ ਹੋਈ ਰੀਝ ਜਾਂ ਤਮੰਨਾ ਇਹ ਹੈ ਕਿ ਉਹ ਦੁਖੀ ਨਾ ਹੋਵੇ ਸਗੋਂ ਸਦਾ ਲਈ ਸੁਖੀ ਹੋ ਜਾਵੇ। ਪਰ ਜੀਵ ਦੀ ਖਾਹਿਸ਼ ਹੈ ਕਿ ਉਹ ਬੀਮਾਰ ਨਾ ਹੋਵੇ ਸਗੋਂ ਸਦਾ ਹੀ ਅਰੋਗ ਰਹੇ, ਹਰ ਜੀਵ ਦੀ ਖਾਹਿਸ਼ ਹੈ ਕਿ ਉਸ ਦੀ ਬੇਇਜ਼ਤੀ ਨਾ ਹੋਵੇ ਸਗੋਂ ਉਸ ਦਾ ਸਤਿਕਾਰ ਹੋਵੇ, ਹਰ ਜੀਵ ਇਹ ਚਾਹੁੰਦਾ

ਹੈ ਕਿ ਉਹ ਕਮਜ਼ੋਰ ਤੇ ਮੁਥਾਜ ਨਾ ਰਹੇ, ਸਗੋਂ ਸ਼ਕਤੀਵਾਨ ਤੇ ਪ੍ਰਬਲ ਹੋਵੇ, ਹਰ ਜੀਵ ਚਾਹੁੰਦਾ ਹੈ ਕਿ ਉਸ ਨੂੰ ਕਿਸੇ ਦਾ ਡਰ ਨਾ ਰਹੇ, ਕਿਸੇ ਗਲ ਦੀ ਚਿੰਤਾ ਨਾ ਰਹੇ ਅਤੇ ਉਹ ਸਦਾ ਲਈ ਨਿਰਭੈ ਤੇ ਨਿਸਚਿੰਤ ਹੋ ਜਾਵੇ, ਹਰ ਜੀਵ ਚਾਹੁੰਦਾ ਹੈ ਕਿ ਉਸ ਨੂੰ ਮੌਤ ਨਾ ਆਵੇ ਅਤੇ ਉਹ ਸਦਾ ਲਈ ਜੀਉਂਦਾ ਰਹੇ, ਹਰ ਜੀਵ ਚਾਹੁੰਦਾ ਹੈ ਕਿ ਉਸ ਦੇ ਜੀਵਨ ਵਿਚ ਉਦਾਸੀ, ਥੋੜ ਤੇ ਗਮੀ ਨਾ ਰਹੇ ਸਗੋਂ ਉਹ ਸਦਾ ਹੀ ਖੁਸ਼ ਪ੍ਰਸੰਨ ਚੜ੍ਹਦੀਆਂ ਕਲਾਂ ਵਿਚ ਰਹੇ। ਹਰ ਪ੍ਰਾਣੀ, ਹਰ ਜਾਨਵਰ, ਹਰ ਪੰਛੀ, ਹਰ ਮਨੁੱਖ ਆਪਣਾ ਵਧ ਤੋਂ ਵਧ ਭਲਾ ਚਾਹੁੰਦਾ ਹੈ ਅਤੇ ਆਪਣਾ ਬੁਰਾ ਨਹੀਂ ਚਾਹੁੰਦਾ। ਹਰ ਜੀਵ ਦੇ ਸਦਾ ਸੁਖੀ ਹੋਣ ਦੀ ਸਦਾ ਆਪਣਾ ਭਲਾ ਚਾਹੁਣ ਦੀ ਰੁਚੀ ਤੋਂ ਜੀਵ ਦਾ ਸੁਭਾਅ, ਜੀਵ ਦੀ ਫਿਤਰਤ, ਜੀਵ ਦੀ ਅੰਤਰੀਵ ਰੀਝ ਜਾਂ ਲੋਚਨਾ ਪ੍ਰਗਟ ਹੋ ਰਹੀ ਹੈ। ਹਰ ਜੀਵ ਸਦਾ ਲਈ ਸੁਖੀ, ਸਦਾ ਲਈ ਅਰੋਗ, ਸਦਾ ਲਈ ਕਾਮਯਾਬ, ਤੇ ਸਦਾ ਲਈ ਚੜ੍ਹਦੀਆਂ ਕਲਾਂ ਵਿਚ ਰਹਿਣਾ ਅਤੇ ਸਦਾ ਲਈ ਜੀਉਣਾ ਚਾਹੁੰਦਾ ਹੈ। ਹਰ ਜੀਵ ਦੀ ਕੋਸ਼ਿਸ਼ ਇਹ ਹੈ ਕਿ ਉਸ ਦਾ ਵਧ ਤੋਂ ਵਧ ਭਲਾ ਹੋਵੇ, ਉਸ ਦੇ ਜੀਵਨ ਵਿਚ ਮਾੜੀਆਂ ਸਭ ਘਟਨਾਵਾਂ ਖਤਮ ਹੋ ਜਾਣ, ਅਤੇ ਚੰਗੀਆਂ ਸਭ ਘਟਨਾਵਾਂ ਹਮੇਸ਼ਾਂ ਲਈ ਪ੍ਰਗਟ ਹੁੰਦੀਆਂ ਰਹਿਣ, ਇਥੋਂ ਤਕ ਕਿ ਮਾੜੀ ਘਟਨਾ ਦੇ ਮੁੜ ਕਦੀ ਆਉਮ ਦਾ ਚਾਨਸ ਜਾਂ ਮੌਕਾ ਹੀ ਨਾ ਰਹੇ, ਹਰ ਜੀਵ ਬਦੀ (ਪਾਪ, ਦੁਖ, ਚਿੰਤਾ ਅਤੇ ਮੌਤ) ਤੋਂ ਸਦਾ ਲਈ ਬਚਣਾ ਚਾਹੁੰਦਾ ਹੈ ਤੇ ਸਦਾ ਸੁਖੀ ਤੇ ਪੂਰਨ ਚੜ੍ਹਦੀਆਂ ਕਲਾਂ ਵਾਲਾ ਜੀਵਨ ਲੋੜਦਾ ਹੈ।

ਜਦ ਜੀਵ ਦੇ ਮਨ ਦੀਆਂ ਸਦਾ ਸੁਖੀ ਹੋਣ ਵਾਲੀਆਂ ਰੀਝਾਂ ਨੂੰ ਇਕੱਠਾ ਕਰੇ ਤਾਂ ਅਸੀਂ ਵੇਖ ਕੇ ਹੈਰਾਨ ਹੋ ਜਾਵਾਂਗੇ ਕਿ ਜੀਵ ਤਾਂ ਜਾਣਦਾ ਨਾ ਜਾਣਦਾ ਈਸ਼ਵਰ ਰੂਪ ਬਨਣਾ ਚਾਹੁੰਦਾ ਹੈ, ਹਰ

ਜੀਵ ਦੇ ਅੰਦਰ ਅਬਿਨਾਸ਼ੀ ਤੇ ਪਰਮ ਸੁੱਖ ਦੀ ਇਛਿਆ ਲੁਕੀ ਹੋਈ ਹੈ। ਇਹ ਇਛਿਆ ਜੀਵ ਵਿਚ ਇਤਨੀ ਪਰਬਲ ਹੈ ਕਿ ਜਾਣਦਾ, ਨਾ ਜਾਣਦਾ ਹਰ ਜੀਵ ਪਰਮ ਸੁਖ ਨੂੰ ਤੇ ਅਬਿਨਾਸ਼ੀ ਜੀਵਨ ਨੂੰ ਹਰ ਵੇਲੇ ਲਭ ਰਿਹਾ ਹੈ।

ਜੀਵ ਦਾ ਪਰਮ ਸੁਖ ਤੇ ਅਬਿਨਾਸ਼ੀ ਜੀਵਨ ਨੂੰ ਜਾਣਦਿਆਂ ਅਣ-ਜਾਣਦਿਆਂ ਲਭਣਾ ਸਾਬਤ ਕਰਦਾ ਹੈ ਕਿ ਇਸ ਨੂੰ ਕਦੀ ਇਹ ਪ੍ਰਾਪਤ ਸੀ ਅਤੇ ਹੁਣ ਇਸ ਪਾਸੋਂ ਇਹ ਗਵਾਚ ਗਿਆ ਹੈ। ਕਿਸੇ ਚੀਜ਼ ਦੀ ਖਾਹਿਸ਼ ਸਾਡੇ ਅੰਦਰ ਤਦ ਹੀ ਪੈਦਾ ਹੋ ਸਕਦੀ ਹੈ ਜੇਕਰ ਸਾਨੂੰ ਪਤਾ ਹੋਵੇ ਕਿ ਉਹ ਚੀਜ਼ ਹੈ ਅਤੇ ਅਸੀਂ ਉਸ ਨੂੰ ਅਗੇ ਹੀ ਜਾਣਦੇ ਹਾਂ। ਜੇ ਚੀਜ਼ ਸਾਡੇ ਨਿਸਚੇ ਅਨੁਸਾਰ ਹੋਵੇ ਵੀ ਨਾ ਅਤੇ ਸਾਨੂੰ ਉਸ ਬਾਬਤ ਕੋਈ ਪਤਾ ਹੀ ਨਾ ਹੋਵੇ, ਉਸ ਚੀਜ਼ ਦੀ ਅਸੀਂ ਕਦੀ ਖਾਹਿਸ਼ ਹੀ ਨਹੀਂ ਕਰ ਸਕਦੇ, ਉਸ ਚੀਜ਼ ਦੀ ਕਦੀ ਸਿੱਕ ਜਾਂ ਤਮੰਨਾ ਸਾਡੇ ਅੰਦਰ ਪੈਦਾ ਹੀ ਨਹੀਂ ਹੋ ਸਕਦੀ। ਇਸ ਸਿਧਾਂਤ ਅਨੁਸਾਰ ਇਹ ਸਿਧ ਹੁੰਦਾ ਹੈ ਕਿ ਜੀਵ ਨੂੰ ਕਦੀ ਅਟੱਲ ਸੁਖੀ ਤੇ ਅਬਿਨਾਸੀ ਜੀਵਨ ਹਾਸਲ ਸੀ ਪਰ ਕਿਸੇ ਕਾਰਨ ਇਸ ਤੋਂ ਉਹ ਜੀਵਨ ਖੁਸ ਗਿਆ ਹੈ ਜਾਂ ਇਹ ਕਿਸੇ ਕਾਰਨ ਉਸ ਜੀਵਨ ਨੂੰ ਗਵਾ ਬੈਠਾ ਹੈ।

ਏਸੇ ਲਈ ਸਭ ਧਾਰਮਕ, ਗਰੰਥ, ਸਭ ਆਤਮਕ ਸਾਇੰਸਦਾਨ, ਪੈਗੰਬਰ, ਅਵਤਾਰ, ਗੁਰੂ, ਮਹਾਤਮਾ ਸਾਨੂੰ ਸਦਾ ਦਸਦੇ ਆਏ ਹਨ ਕਿ ਜੀਵ ਈਸ਼ਵਰ ਤੋਂ ਪੈਦਾ ਹੁੰਦਾ ਹੈ, ਜੀਵ ਬ੍ਰਹਮ ਤੋਂ ਪੈਦਾ ਹੁੰਦਾ ਹੈ, ਸੰਸਾਰ ਵਾਹਿਗੁਰੂ ਤੋਂ ਉਤਪੰਨ ਹੁੰਦਾ ਹੈ। ਵਾਹਿਗੁਰੂ ਜੀ ਨੂੰ ਏਸੇ ਲਈ ਮਾਤਾ ਪਿਤਾ ਮੰਨਿਆ ਜਾਂਦਾ ਹੈ ਅਤੇ ਦਸਿਆ ਜਾਂਦਾ ਹੈ ਕਿ ਜਿਵੇਂ ਕਿਰਨਾਂ ਸੂਰਜ ਤੋਂ ਪੈਦਾ ਹੁੰਦੀਆਂ ਹਨ ਅਤੇ ਲਹਿਰਾਂ ਸਾਗਰ ਤੋਂ ਪੈਦਾ ਹੁੰਦੀਆਂ ਹਨ, ਉਵੇਂ ਹੀ ਜੀਵ ਪਰਮ ਈਸ਼ਵਰ ਜਾਂ ਪਰਮ-ਆਤਮਾ ਤੋਂ ਪੈਦਾ ਹੁੰਦੇ ਹਨ। ਇਸ ਦਾ

ਇਹ ਮਤਲਬ ਹੋਇਆ ਕਿ ਪੈਦਾ ਹੋਣ ਤੋਂ ਪਹਿਲਾਂ ਕਿਰਣਾਂ ਸੂਰਜ ਵਿਚ ਸਨ, ਹਵਾ ਵਗਣ ਤੋਂ ਪਹਿਲੇ ਲਹਿਰਾਂ ਜਿਵੇਂ ਸਾਗਰ ਵਿਚ ਹੀ ਰਹਿੰਦੀਆਂ ਸਨ, ਇਸੇ ਤਰ੍ਹਾਂ ਜਗਤ ਰਚਨਾ ਤੋਂ ਪਹਿਲੇ ਜੀਵ, ਬ੍ਰਹਮ ਜਾਂ ਪਰਮ ਈਸ਼ਵਰ ਜਾਂ ਵਾਹਿਗੁਰੂ ਜੀ ਵਿਚ ਰਹਿੰਦੇ ਸਨ। ਜਿਥੇ ਇਹਨਾਂ ਨੂੰ ਸਦੀਵੀ ਸੁਖ ਤੇ ਅਬਿਨਾਸੀ ਜੀਵਨ ਪ੍ਰਾਪਤ ਸਨ।

*ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥*
*ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥*

*ਅੰਗ - 658*

ਜਿਵੇਂ ਕੋਈ ਰਾਜਾ ਰਾਜ ਕਰਦਾ ਹੋਇਆ, ਸੁਫਨੇ ਵਿਚ ਭਿਖਾਰੀ ਬਣ ਜਾਂਦਾ ਤੇ ਰਾਜ ਗਵਾ ਬਹਿੰਦਾ ਹੈ, ਏਸੇ ਤਰ੍ਹਾਂ ਜੀਵ ਦਾ ਜੀਵਨ ਵੀ ਇਸ ਨੂੰ ਇਕ ਸੁਫਨਾ ਆ ਰਿਹਾ ਹੈ, ਜਿਸ ਸੁਪਨੇ ਨੇ ਇਸ ਨੂੰ ਆਪਣੀ ਅਸਲੀਅਤ ਤੋਂ ਦੂਰ ਕਰ ਦਿਤਾ ਹੈ ਅਤੇ ਇਹ ਸੁਫਨੇ ਵਿਚ ਭਿਖਾਰੀ ਬਣ ਕੇ ਮੁੜ ਰਾਜਾ ਬਨਣ ਦੀਆਂ ਜਾਣਦਾ, ਨਾ ਜਾਣਦਾ ਕੋਸ਼ਿਸ਼ਾਂ ਕਰ ਰਿਹਾ ਹੈ।

ਭਿਖਾਰੀ ਜੀਵ ਦੀ ਇੰਦਰਿਆਂ ਦੇ ਨਾਸ਼ਵੰਦ ਜਗਤ ਵਿਚੋਂ ਅਟਲ ਸੁਖੀ ਜੀਵਨ ਦੀ ਭਾਲ ਇਸ ਲਈ ਕਦੀ ਕਾਮਯਾਬ ਨਹੀਂ ਹੋ ਸਕਦੀ ਕਿਉਂਕਿ ਨਾਸ਼ਵੰਦ, ਹਰ ਘੜੀ ਬਦਲ ਰਹੇ ਜਗਤ ਵਿਚ ਸਦੀਵੀ ਤੇ ਅਟੱਲ ਚੀਜ਼ ਕੋਈ ਹੈ ਹੀ ਨਹੀਂ। ਜਿਥੇ ਅਟਲਤਾ, ਪੂਰਨਤਾ ਅਤੇ ਸਦੀਵੀਪਨ ਹੈ ਹੀ ਨਹੀਂ ਉਥੋਂ ਲਭੇ ਕਿਸ ਤਰ੍ਹਾਂ? ਚੀਜ਼ ਤਾਂ ਉਥੋਂ ਹੀ ਲਭ ਸਕਦੀ ਹੈ ਜਿਥੇ ਹੋਵੇ, ਪਰ ਜਿਥੇ ਚੀਜ਼ ਹੈ ਹੀ ਨਹੀਂ ਉਥੋਂ ਲਭੇ ਕਿਵੇਂ? ਜੇਕਰ ਇਕ ਆਦਮੀ ਆਪਣਾ ਬਟੂਆ ਘਰ ਹੀ ਭੁਲ ਜਾਵੇ, ਉਸ ਨੂੰ ਉਹ ਬਟੂਆ ਬਾਜ਼ਾਰ ਵਿਚੋਂ ਕਿਵੇਂ ਮਿਲ ਸਕਦਾ ਹੈ? ਉਸ ਨੂੰ ਬਟੂਆ ਕੇਵਲ ਘਰੋਂ ਹੀ ਲਭ ਸਕਦਾ ਹੈ। ਜੇਕਰ ਬਟੂਆ ਗਵਾ ਕੇ ਕੋਈ ਸਾਰੀ

ਉਮਰ ਬਟੂਏ ਨੂੰ ਘਰੋਂ ਬਾਹਰ ਜਾ ਕੇ ਲਭਦਾ ਰਹੇ ਤਾਂ ਉਸ ਨੂੰ ਬਾਹਰੋਂ ਇਸ ਵਾਸਤੇ ਕਦੀ ਬਟੂਆ ਨਹੀਂ ਲਭ ਸਕਦਾ ਕਿਉਂਕਿ ਉਹ ਗਵਾਚਾ ਤਾਂ ਘਰ ਵਿਚ ਸੀ। ਇਸ ਤੋਂ ਸਾਬਤ ਹੁੰਦਾ ਹੈ ਕਿ ਜੀਵ ਨੂੰ ਵਾਹਿਗੁਰੂ ਜੀ ਦੀ ਪਰਾਪਤੀ ਬਾਹਰੋਂ ਇੰਦਰਿਆਂ ਦੇ ਜਗਤ ਵਿਚੋਂ ਕਦੀ ਹੋ ਹੀ ਨਹੀਂ ਸਕਦੀ। ਕਿਉਂਕਿ ਇਹ ਵਾਹਿਗੁਰੂ ਜੀ ਨੂੰ (ਅੱਟਲ ਸੁਖੀ ਅਤੇ ਅਬਿਨਾਸ਼ੀ ਜੀਵਨ) ਜਗਤ ਵਿਚ ਆਉਣ ਤੋਂ ਪਹਿਲਾਂ ਹੀ ਕਿਤੇ ਗਵਾ ਬੈਠਾ ਹੈ। ਜੀਵ ਨੂੰ ਵਾਹਿਗੁਰੂ ਜੀ ਦੀ ਪਰਾਪਤੀ ਕੇਵਲ ਸੰਸਾਰ ਵਲੋਂ ਮੂੰਹ ਮੋੜ ਕੇ ਵਾਹਿਗੁਰੂ ਜੀ ਵਲ ਮੂੰਹ ਮੋੜਨ ਉਪਰੰਤ ਹੋ ਸਕਦੀ ਹੈ। ਸੰਸਾਰ ਤੋਂ ਮੂੰਹ ਮੋੜਨ ਅਤੇ ਵਾਹਿਗੁਰੂ ਜੀ ਵਲ ਮੂੰਹ ਕਰਨ ਨੂੰ ਗੁਰਮਤ ਵਿਚ ਮਨਮੁਖ ਤੋਂ ਗੁਰਮੁਖ ਬਨਣਾ ਆਖਦੇ ਹਨ, ਦੂਸਰੇ ਅੱਖਰਾਂ ਵਿਚ ਵਾਹਿਗੁਰੂ ਜੀ ਜਾਂ ਅਟਲ ਪੂਰਨ ਪਾਤਸ਼ਾਹੀ ਜੀਵ ਨੂੰ ਬਾਹਰਮੁਖੀ ਤੋਂ ਅੰਤਰਮੁਖੀ ਹੋ ਕੇ ਹੀ ਪਰਾਪਤ ਹੋ ਸਕੇਗੀ।

ਬਾਹਰ ਮੁਖੀ ਤੋਂ ਅੰਤਰ ਮੁਖੀ ਹੋਣ ਵਾਸਤੇ ਗੁਰਬਾਣੀ ਤੇ ਨਾਮ ਦੀ ਸਰਨ ਲੈਣੀ ਹੀ ਪਵੇਗੀ। ਆਪਣੇ ਸਰੂਪ ਤੋਂ ਡਿਗੇ ਜੀਵ ਨੂੰ ਨਾਮ ਮੁੜ ਆਪਣੇ ਸਰੂਪ ਜਾਂ ਨਿਜ ਘਰ ਤਕ ਲੈ ਜਾਵੇਗਾ ਅਤੇ ਇਸ ਦਾ ਗਵਾਚਾ ਅਬਿਨਾਸ਼ੀ ਜੀਵਨ ਜੀਵ ਨੂੰ ਮੁੜ ਲਭਾ ਦੇਵੇਗਾ।



# ਆਤਮ ਸਾਇੰਸ ਟ੍ਰਸਟ

A/1 ਕਾਲਿੰਦੀ ਕਾਲੋਨੀ, ਨਵੀਂ ਦਿੱਲੀ-110065

ਸ: ਰਘਬੀਰ ਸਿੰਘ ਜੀ 'ਬੀਰ' ਦੀਆਂ ਮਨ ਨੂੰ ਸ਼ਾਂਤੀ ਤੇ ਆਤਮਾ ਦਾ ਗਿਆਨ ਦੇਣ ਵਾਲੀਆਂ ਮਹਾਨ ਰਚਨਾਵਾਂ ਨੇ ਅਨੇਕਾਂ ਜੀਵਨ ਬਦਲ ਦਿਤੇ ਹਨ। ਆਪ ਜੀ ਵੀ ਮੰਗਵਾ ਕੇ ਲਾਭ ਪ੍ਰਾਪਤ ਕਰੋ।

1. ਅਰਦਾਸ ਸ਼ਕਤੀ
2. ਬੰਦਗੀ ਨਾਮਾ
3. ਬੀਰ ਦੇ ਤੀਰ
4. ਚੜ੍ਹਦੀ ਕਲਾ
5. ਗੁਰਮਤ ਚਾਨਣ
6. ਖਾਲਸਈ ਸ਼ਾਨ
7. ਰਮਜ਼ੀ ਕਹਾਣੀਆਂ
8. ਰਮਜ਼ਾਂ
9. ਸਰਬ ਰੋਗ ਕਾ ਔਖਧ ਨਾ
10. ਸਾਡੇ ਵਿਚਾਰ
11. ਸਾਡੀ ਵਰਤਮਾਨ ਦਸ਼ਾ
12. ਸਫਲ ਜੀਵਨ
13. ਸਿਮਰਨ ਮਹਿਮਾ
14. ਅਨੁਭਵ ਪ੍ਰਕਾਸ਼
15. ਗੁਰਮੁਖ ਜੀਵਨ-ਸ੍ਰ: ਲਹਿਣਾ ਸਿੰਘ
16. ਸਦੀਵੀ ਖੇੜੇ ਸੁਰਜੀਤ ਜੇ ਸਿੰਘ
17. ਵਿਸਮਾਦੀ ਦਸ਼ਾ-ਪ੍ਰੋ: ਬਲਵੰਤ ਸਿੰਘ
18. ਸ਼ੁਕਰਾਨੇ ਸੁਰਜੀਤ ਜੇ ਸਿੰਘ
19. ਸਫਲ ਭਈ ਜਾਤ੍ਰਾ
(ਜੀਵਨੀ ਸ੍ਰ: ਰੁਘਬੀਰ ਸਿੰਘ 'ਬੀਰ'
20. Bandgi Nama-English

## ਪੁਸਤਕਾਂ ਮੰਗਾਉਣ ਦੇ ਹੋਰ ਪਤੇ

- **ਸਿੰਘ ਬ੍ਰਦਰਜ਼**, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ
- **ਭਾਈ ਚਤਰ ਸਿੰਘ ਜੀਵਨ ਸਿੰਘ**, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ
- **ਨਿਊ ਬੁੱਕ ਕੰਪਨੀ**, ਮਾਈ ਹੀਰਾਂ ਗੇਟ, ਜਲੰਧਰ
- **ਲਾਹੌਰ ਬੁਕ ਸ਼ਾਪ**, 2, ਲਾਜਪਤ ਰਾਇ ਮਾਰਕਿਟ, ਲੁਧਿਆਣਾ
- **ਪੰਜਾਬੀ ਪ੍ਰਕਾਸ਼ਕ**, J6/85, ਰਾਜੌਰੀ ਗਾਰਡਨ, ਨਵੀਂ ਦਿੱਲੀ
- **ਭਾਈ ਚਤਰ ਸਿੰਘ ਐਂਡ ਕੰਪਨੀ**, ਕੂਚਾ ਜਟਮਲ, ਦਰੀਬਾ, ਦਿੱਲੀ
- **ਨੈਸ਼ਨਲ ਬੁਕ ਸ਼ਾਪ**, 32-B ਪਲੱਈਅਰ ਗਾਰਡਨ ਮਾਰਕਿਟ, ਚਾਂਦਨੀ ਚੌਕ, ਦਿੱਲੀ
- **ਭਾਟੀਆ ਬ੍ਰਦਰਜ਼**, ਗੁਰਦੁਆਰਾ ਬੰਗਲਾ ਸਾਹਿਬ, ਨਵੀਂ ਦਿੱਲੀ